PANJAB TIMES
£2
# ਪੰਜਾਬ ਟਾਈਮਜ਼
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
25th June - 2nd July 2026 • Issue No. 3136 Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

S.S.Rai
Immigration Advice Bureau
Tel: 020 8571 6680
www.iabl.co.uk

# ਸਿੱਖ ਸੰਸਥਾਵਾਂ ਵਿੱਚ ਏਕਤਾ ਤੇ ਆਪਸੀ ਮਿਲਵਰਤਣ ਨਾਲ ਹੀ ਪੰਥ ਦੀ ਚੜ੍ਹਦੀ ਕਲਾ ਅਤੇ ਜਿੱਤ ਸੰਭਵ ਹੈ ਹਲੇਮੀ ਰਾਜ ਦੀ ਸਿਰਜਣਾ ਲਈ 'ਸਿੱਖ ਮਿਸਲਾਂ' ਵਾਂਗ ਪੰਥਕ ਜਥੇਬੰਦੀਆਂ ਨੂੰ ਇੱਕ ਝੰਡੇ ਹੇਠ ਇਕੱਠੇ ਹੋਣਾ ਪੈਣਾ

## ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 29 ਜੂਨ ਨੂੰ ਬਰਸੀ 'ਤੇ ਵਿਸ਼ੇਸ਼



## ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਜੇ ਦੀ ਬਰਸੀ ਮਨਾਉਣ ਲਈ ਜਥਾ ਪਾਕਿਸਤਾਨ ਭੇਜਿਆ ਗਿਆ

ਇਹਨੀਂ ਦਿਨੀਂ ਦਮਦਮੀ ਟਕਸਾਲ ਚੌਂਕ ਮਹਿਤਾ ਦੇ ਮੁਖੀ ਭਾਈ ਹਰਨਾਮ ਸਿੰਘ ਧੁੰਮਾ ਯੂ ਕੇ ਦੇ ਦੌਰੇ 'ਤੇ ਆਏ ਹੋਏ ਹਨ। ਉਹਨਾਂ ਦੇ ਭਾਰਤ ਦੀਆਂ ਕੇਂਦਰੀ ਪਾਰਟੀਆਂ/ ਸੰਸਥਾਵਾਂ ਜਿਵੇਂ ਕਿ ਭਾਜਪਾ ਅਤੇ ਆਰ ਐਸ ਐਸ ਨਾਲ ਮਿਲਵਰਤਣ ਨੂੰ ਲੈ ਕੇ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਵੱਲੋਂ ਸੋਸ਼ਲ ਮੀਡੀਆ ਰਾਹੀਂ ਕਾਫ਼ੀ ਵਿਰੋਧ ਕੀਤਾ ਜਾਂਦਾ ਹੈ। ਯੂ ਕੇ ਪਹੁੰਚਣ ਤੇ ਬਾਬਾ ਹਰਨਾਮ ਸਿੰਘ ਧੁੰਮਾ ਦੇ ਸਮਰਥਕਾਂ ਵੱਲੋਂ ਤਾਂ ਸਵਾਗਤ ਕੀਤਾ ਗਿਆ ਜਦ ਕਿ ਦੂਜੇ ਪਾਸੇ ਉਹਨਾਂ ਦੀਆਂ ਕੇਂਦਰ ਨਾਲ ਮਿਲਵਰਤਣ ਵਾਲੀਆਂ ਨੀਤੀਆਂ ਕਾਰਨ ਵਿਰੋਧ ਵੀ ਚੱਲ ਰਿਹਾ ਹੈ। ਯੂ ਕੇ ਦੀਆਂ ਲੱਗਭੱਗ ਸਾਰੀਆਂ ਹੀ ਸੰਸਥਾਵਾਂ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਹੁਣਾਂ ਦੇ ਵੇਲੇ ਤੋਂ ਦਮਦਮੀ ਟਕਸਾਲ ਦਾ ਬਹੁਤ ਸਤਿਕਾਰ ਕਰਦੀਆਂ ਸਨ, ਪਰ ਜਦੋਂ ਤੋਂ ਬਾਬਾ ਹਰਨਾਮ ਸਿੰਘ ਖਾਲਸਾ (ਧੁੰਮਾ) ਇਸ ਸੇਵਾ ਵਿੱਚ ਆਏ ਹਨ ਤਾਂ ਉਹਨਾਂ ਦੇ ਨਾਲ ਕਾਫ਼ੀ ਸਾਰੀਆਂ ਸੰਸਥਾਵਾਂ ਵੱਲੋਂ ਨਾਰਾਜਗੀ ਜ਼ਾਹਿਰ ਕੀਤੀ ਜਾ ਰਹੀ ਹੈ।

ਇਰਾਨ ਅਤੇ ਇਜ਼ਰਾਈਲ/ਅਮਰੀਕਾ ਦੀ ਜੰਗ ਤੋਂ ਸਬਕ ਸਿੱਖਣਾ ਚਾਹੀਦਾ ਹੈ। ਕਿੱਥੇ ਇੱਕ ਦੂਜੇ ਤੇ ਬੰਬ ਸੁੱਟੇ ਜਾ ਰਹੇ ਹਨ। ਹਜ਼ਾਰਾਂ ਜਾਨਾਂ ਚਲੇ ਗਈਆਂ ਹਨ ਤੇ ਮਾਲੀ ਨੁਕਸਾਨ ਦਾ ਕੋਈ ਅੰਤ ਨਹੀਂ ਕਿੰਨਾ ਹੋ ਗਿਆ ਹੈ। ਫਿਰ ਵੀ ਮਸਲਾ ਹੱਲ ਕਰਨ ਲਈ ਲੀਡਰਾਂ ਦੀ ਦੁਵੱਲੀ ਗੱਲਬਾਤ ਚੱਲ ਰਹੀ ਹੈ। ਕੋਈ ਵੀ ਮਸਲਾ ਬੈਠ ਕੇ ਹੀ ਹੱਲ ਹੋਣਾ ਹੈ। ਕੀ ਸਿੱਖ ਅਜਿਹਾ ਨਹੀਂ ਕਰ ਸਕਦੇ ਤੁਹਾਡੀ ਤਾਂ ਆਪਸ ਵਿੱਚ ਇਸ ਪੱਧਰ ਦੀ ਕੋਈ ਲੜਾਈ ਵੀ ਨਹੀਂ ਹੋਈ।

ਸੋ ਸਿੱਖਾਂ ਨੂੰ ਵੀ ਪਹਿਲਾਂ ਆਪਸ ਵਿੱਚ ਗੱਲਬਾਤੀ ਢੰਗ ਅਪਨਾਉਣਾ ਚਾਹੀਦਾ ਹੈ ਨਾ ਕਿ ਸੋਸ਼ਲ ਮੀਡੀਆ ਰਾਹੀਂ ਇੱਕ ਦੂਜੇ ਨੂੰ ਭੰਡਿਆ ਜਾਵੇ। ਪਹਿਲਾਂ ਆਪ ਤਾਂ ਇਕੱਠੇ ਹੋਣ। ਬਾਬਾ ਹਰਨਾਮ ਸਿੰਘ ਧੁੰਮਾ ਦੇ ਨਾਲ ਯੂ ਕੇ ਦੀਆਂ ਸਿੱਖ ਸੰਸਥਾਵਾਂ ਨੂੰ ਅੰਦਰ ਬੈਠ ਕੇ ਗੱਲਬਾਤ ਕਰਨੀ ਚਾਹੀਦੀ ਹੈ, ਉਹ ਪੰਥ ਲਈ ਕੀ ਕਰ ਰਹੇ ਹਨ, ਉਹਨਾਂ ਦੀਆਂ ਨੀਤੀਆਂ ਨਾਲ ਪੰਥ ਨੂੰ ਕੀ ਲਾਭ ਹੋ ਰਿਹਾ ਹੈ। ਸਹਿਮਤੀ ਅਸਹਿਮਤੀ ਵੀ ਸੁਲਝੇ ਹੋਏ ਸਤਿਕਾਰਤ ਸ਼ਬਦਾਂ ਨਾਲ ਪ੍ਰਗਟ ਕਰਨੀ ਚਾਹੀਦੀ ਹੈ ਨਾ ਕਿ ਇੱਕ ਦੂਜੇ ਉਤੇ ਘਟੀਆ ਤੁਹਮਤਾਂ ਕੱਸੀਆਂ ਜਾਣ। ਪੰਥਕ ਵਿਦਵਾਨਾਂ ਦਾ ਕੋਈ ਸਾਂਝਾ ਪੈਨਲ ਬਣਾਇਆ ਜਾਵੇ, ਜੋ ਵੀ ਉਹ ਰਾਇ ਦੇਵੇ, ਸਾਰੇ ਉਸ ਬਾਰੇ ਵਿਚਾਰ ਕਰਨ ਤੇ ਅਗਲੇ ਕਦਮ ਉਠਾਏ ਜਾਣ। ਪੰਥ ਦੀ ਗੱਲ ਅੱਗੇ ਤੋਰਨ ਵਾਸਤੇ ਕਿਤੇ ਨਾ ਕਿਤੇ ਸਾਰਿਆਂ ਨੂੰ ਵਿਚਕਾਰਲੇ ਰਾਹ ਤੇ ਆਉਣਾ ਪੈਣਾ ਹੈ। ਆਪਸ ਵਿੱਚ ਬੈਠ ਕੇ ਗੱਲਬਾਤ ਕੀਤੀ ਜਾਵੇ। ਉਸ ਵਕਤ ਕੌਣ ਕੀ ਭੂਮਿਕਾ ਨਿਭਾਉਂਦਾ ਹੈ, ਕੀ ਨਤੀਜਾ ਨਿੱਕਲਦਾ ਹੈ ਉਸ ਬਾਰੇ ਆਪੋ ਆਪਣੇ ਬਿਆਨ ਮੀਡੀਆ ਵਿੱਚ ਦਿੱਤੇ ਜਾ ਸਕਦੇ ਹਨ। ਵਾਰਤਾਲਾਪ ਦਾ ਢੰਗ ਤਾਂ ਗੁਰੂ ਸਾਹਿਬਾਨ ਵੱਲੋਂ ਵੀ ਅਪਣਾਇਆ ਗਿਆ, ਜਿੱਥੇ ਜੰਗਾਂ ਲੜੀਆਂ ਗਈਆਂ, ਉਥੇ ਬਾਅਦ 'ਚ ਗੱਲਬਾਤ ਰਾਹੀਂ ਸਮਝੌਤੇ ਵੀ ਹੋਏ। ਦਸਵੇਂ ਪਾਤਿਸ਼ਾਹ ਵੇਲੇ ਦੀ ਇੱਕ ਸਾਖੀ ਕਈ ਪ੍ਰਚਾਰਕਾਂ ਪਾਸੋਂ ਸੁਣੀ ਹੈ ਕਿ ਜੇ ਹਿਰਨਾਂ ਵਾਂਗ ਆਪਸੀ ਸਹਿਯੋਗ ਨਾਲ ਰਹੋਂਗੇ ਤਾਂ ਤੁਹਾਡੀ ਜਿੱਤ ਮੋਹਰੇ ਪਈ ਹੈ। ਦੂਜੇ ਪਾਸੇ ਆਪੋ-ਧਾਪ ਵਾਲਾ ਮਾਹੌਲ ਸਭ ਕੁੱਝ ਵਿਗਾੜ ਦਿੰਦਾ ਹੈ, ਕੁੱਝ ਵੀ ਹਾਸਲ ਨਹੀਂ ਹੁੰਦਾ।

ਇਹ ਤਾਂ ਸਪੱਸ਼ਟ ਹੀ ਹੈ ਕਿ 1947 ਤੋਂ ਹੀ ਕੇਂਦਰੀ ਪਾਰਟੀਆਂ ਤੇ ਏਜੰਸੀਆਂ ਸਿੱਖਾਂ ਦੀ ਕਿਸੇ ਸੰਸਥਾ ਜਾਂ ਆਗੂ ਨਾਲ ਨੇੜਤਾ ਦਿਖਾ ਕੇ ਸਿੱਖਾਂ ਨੂੰ ਪਾੜਨ ਦੀ ਚਾਲ ਵਿੱਚ ਰਹਿੰਦੀਆਂ ਹਨ, ਜਿਸ ਨਾਲ ਸਿੱਖਾਂ ਦੀ ਤਾਕਤ ਖੇਰੂੰ-ਖੇਰੂੰ ਹੋ ਜਾਵੇ। ਉਹਨਾਂ ਦਾ ਸਿੱਧਾ ਮਕਸਦ ਹੁੰਦਾ ਹੈ ਕਿ ਸਿੱਖਾਂ ਨੂੰ ਕਿਸੇ ਵੀ ਤਰ੍ਹਾਂ ਇਕੱਠੇ ਨਹੀਂ ਹੋਣ ਦੇਣਾ। ਇਸ ਵਿੱਚ ਕੋਈ ਸ਼ੱਕ ਨਹੀਂ ਅਜਿਹਾ ਹੁਣ ਤੱਕ ਵਾਪਰਦਾ ਆਇਆ ਹੈ।

ਪੰਥ ਵਿੱਚ ਅਜਿਹੀ ਸਥਿਤੀ ਨੂੰ ਲੈ ਕੇ ਦੋ ਵੱਖ-ਵੱਖ ਰਾਵਾਂ ਪ੍ਰਗਟ ਕੀਤੀਆਂ ਜਾਂਦੀਆਂ ਹਨ। ਇਕ ਮਿਲਵਰਤਣ ਅਤੇ ਦੂਜੀ ਬਿਲਕੁੱਲ ਨਾ-ਮਿਲਵਰਤਣ ਸਿੱਧਾ ਵਿਰੋਧ। ਬਾਬਾ ਧੁੰਮਾ ਜੀ ਜੇ ਕੇਂਦਰ ਨਾਲ ਮਿਲਵਰਤਣ ਵਾਲਾ ਰਵੱਈਆ ਰੱਖ ਰਹੇ ਹਨ ਤੇ ਉਹ ਇਹ ਵੀ ਆਖ ਰਹੇ ਨੇ ਕਿ ਉਹ ਇੰਜ ਕਰਕੇ ਸਿੱਖਾਂ ਦੇ ਕੰਮ ਕਰਵਾਉਣ ਲਈ ਅਜਿਹਾ ਕਰ ਰਹੇ ਹਨ। ਜੇ ਅਜਿਹਾ ਹੈ ਤਾਂ ਉਹਨਾਂ ਨੂੰ ਚਾਹੀਦਾ ਹੈ ਕਿ ਬੰਦੀ ਸਿੰਘਾਂ ਦਾ ਮਾਮਲਾ ਕੇਂਦਰ ਕੋਲ ਉਠਾਉਣ ਤੇ ਉਹਨਾਂ ਦੀ ਰਿਹਾਈ ਯਕੀਨੀ ਬਨਾਉਣ। ਦੂਜੇ ਪਾਸੇ ਭਾਰਤ ਦੇ ਕਈ ਰਾਜਾਂ ਵਿੱਚ ਸਿੱਖ ਧਾਰਮਿਕ ਯਾਤਰੀਆਂ ਨਾਲ ਕਈ ਥਾਂਈਂ ਕੁੱਟ ਮਾਰ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉਹਨਾਂ ਨੂੰ ਇਹ ਮਾਮਲੇ ਵੀ ਕੇਂਦਰ ਕੋਲ ਉਠਾਣੇ ਚਾਹੀਦੇ ਹਨ। ਕਾਫ਼ੀ ਸਿੱਖ ਸੰਗਤਾਂ ਦਾ ਵਿਚਾਰ ਇਹ ਵੀ ਹੈ ਕਿ ਬਾਬਾ ਜੀ ਚੰਗੇ ਕੰਮ ਕਰ ਰਹੇ ਹਨ।

ਕੁੱਝ ਆਗੂਆਂ ਤੇ ਸਿੱਖ ਵਿਦਵਾਨਾਂ ਦਾ ਇਹ ਵੀ ਮੰਨਣਾ ਹੈ ਕਿ ਸਿੱਖਾਂ ਨੂੰ ਵੀ ਏਕਤਾ ਕਰਕੇ ਆਪਣਾ ਇਕੱਠ ਦਿਖਾਉਣਾ ਚਾਹੀਦਾ ਹੈ। ਸਿੱਖ ਸੰਗਤ ਵੀ ਇਹੀ ਚਾਹੁੰਦੀ ਹੈ, ਕਿ ਸਾਡੇ ਆਗੂ ਇਕੱਠੇ ਹੋ ਕੇ ਕੌਮ ਦੀ ਅਗਵਾਈ ਕਰਨ। ਪਰ ਅਜਿਹਾ ਕਹਿਣ ਜਾਂ ਲਿਖਣ ਨੂੰ ਕੋਈ ਤਿਆਰ ਨਹੀਂ ਹੈ। ਕੋਈ ਵੀ ਕਿਸੇ ਅੱਗੇ ਮਾੜਾ ਨਹੀਂ ਬਣਨਾ ਚਾਹੁੰਦਾ। ਹੁਣ ਤੱਕ ਪੰਜਾਬ ਦਾ ਨੁਕਸਾਨ ਬਹੁਤ ਹੋਇਆ ਹੈ, ਬੇਸ਼ੁਮਾਰ ਸਿੱਖ ਜਵਾਨੀ ਦਾ ਘਾਣ ਹੋ ਚੁੱਕਾ ਹੈ । ਸਾਰੇ ਵਿਚਾਰਾਂ ਵਾਲੀਆਂ ਸੰਸਥਾਵਾਂ ਦੀ ਆਪਸ ਵਿੱਚ ਪੰਥਕ ਮੁੱਦਿਆਂ ਬਾਰੇ ਗੱਲਬਾਤ ਹੋਣੀ ਚਾਹੀਦੀ ਹੈ। ਆਪਸੀ ਵਿਰੋਧ ਨਾਲ ਕੌਮ ਦਾ ਨੁਕਸਾਨ ਹੀ ਹੋਇਆ ਹੈ। ਏਕੇ ਤੋਂ ਬਿਨਾ ਕੋਈ ਵੀ ਪ੍ਰਾਪਤੀ ਸੰਭਵ ਨਹੀਂ ਹੈ। ਸਿੱਖ ਧਰਮ ਦਾ ਤਾਂ ਆਗਾਜ਼ ਹੀ ਇੱਕ (1) ਤੋਂ ਸ਼ੁਰੂ ਹੁੰਦਾ ਹੈ, ਫਿਰ ਸਿੱਖ ਇਸ (ਏਕੇ) ਨੂੰ ਭੁੱਲ ਕਿਉਂ ਜਾਂਦੇ ਹਨ।

ਸ਼ੋਸ਼ਲ ਮੀਡੀਆ ਰਾਹੀਂ ਘਟੀਆ ਤੇ ਨੀਵੀਂ ਪੱਧਰ ਦੀ ਅਲੋਚਨਾ ਤੇ ਕੁਮੈਂਟ ਨਹੀਂ ਹੋਣੇ ਚਾਹੀਦੇ, ਜਿਸ ਨਾਲ ਦੂਰੀ ਏਨੀ ਵਧ ਸਕਦੀ ਹੈ ਕਿ ਮੁੜ ਇਕੱਠੇ ਬੈਠ ਕੇ ਗੱਲਬਾਤ ਕਰਨ ਵੇਲੇ ਵੀ ਸ਼ਰਮ ਆਵੇ । ਹੋ ਸਕਦਾ ਹੈ ਕਿ ਅਜਿਹਾ ਸਿੱਖ ਵਿਰੋਧੀ ਏਜੰਸੀਆਂ ਹੀ ਕਰਦੀਆਂ ਹੋਣ। ਪਰ ਉਹਨਾਂ ਨੂੰ ਮੌਕਾ ਉਦੋਂ ਹੀ ਮਿਲਦਾ ਹੈ ਜਦੋਂ ਸਿੱਖ ਆਪਸ ਵਿੱਚ ਇੱਕ ਦੂਜੇ ਦਾ ਵਿਰੋਧ ਕਰਦੇ ਹਨ। ਇਹ ਤਾਂ ਸਭ ਨੂੰ ਪਤਾ ਹੈ ਕਿ ਇਕੱਠ ਨਾਲ ਹੀ ਸਭ ਕੁੱਝ ਹਾਸਲ ਹੋ ਸਕਦਾ ਹੈ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਸਬਕ ਤੇ ਸੇਧ ਲੈ ਕੇ ਸਾਰੀਆਂ ਮਿਸਲਾਂ ਦੀ ਏਕਤਾ ਕਰਕੇ ਆਓ ਉਸ ਨਾਲੋਂ ਵੀ ਵਧੀਆ ਹਲੇਮੀ ਰਾਜ ਸਥਾਪਤ ਕਰਨ ਦੇ ਯਤਨ ਕਰੀਏ । "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।" ਕੇਵਲ ਪੜ੍ਹਨ ਨਾਲ ਨਹੀਂ ਆਪਸੀ ਏਕਤਾ ਕਰਕੇ ਅੱਗੇ ਵਧਣ ਨਾਲ ਕਾਇਮ ਹੋਵੇਗਾ ਖਾਲਸਾ ਰਾਜ। ਇਹ ਰਾਇ ਅਦਾਰਾ ਪੰਜਾਬ ਟਾਈਮਜ਼ ਦੀ ਹੈ। ਸਬੰਧਿਤ ਧਿਰਾਂ ਅਤੇ ਸਾਡੇ ਪਾਠਕ ਵੀ ਇਸ ਮੁੱਦੇ ਬਾਰੇ ਆਪਣੇ ਵਿਚਾਰ ਲਿਖ ਕੇ ਭੇਜ ਸਕਦੇ ਹਨ ਕਿ ਸਿੱਖਾਂ ਦੀ ਅੱਜ ਦੀ ਸਥਿਤੀ ਵਿੱਚ ਸੁਧਾਰ ਕਿਵੇਂ ਆ ਸਕਦਾ ਹੈ ? ਸਿੱਖ ਸੰਸਥਾਵਾਂ ਦੇ ਆਗੂਆਂ ਨੂੰ ਕੀ ਕਰਨਾ ਚਾਹੀਦਾ ਹੈ।

ਅਦਾਰਾ ਪੰਜਾਬ ਟਾਈਮਜ਼ ਯੂ ਕੇ
Email: panjabtimes@aol.com

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਜੂਨ 1984 ਘੱਲੂਘਾਰੇ ਦੀ ਯਾਦਗਾਰ ਸਥਾਪਤ

## ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਸੰਤ ਅਵਤਾਰ ਸਿੰਘ ਬੱਧਨੀ ਕਲਾਂ ਵਾਲੇ ਉਚੇਚੇ ਤੌਰ 'ਤੇ ਪਹੁੰਚੇ


























ਬੇਨਤੀ ਕਰਤਾ – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪ੍ਰਬੰਧਕ ਕਮੇਟੀ, ਟਰੱਸਟੀ ਅਤੇ ਸਮੂਹ ਸਾਧ ਸੰਗਤ

**GURDWARA SRI GURU SINGH SABHA SOUTHALL**

2-8 Park Avenue, Southall, Middlesex, UB1 3AG
Tel: 020 8574 8901 Fax: 020 8574 8902

Guru Nanak Road, Southall, Middlesex, UB2 4NP
Tel: 020 8574 4311 Fax: 020 8574 8902

# ਸੀਐੱਮ ਮਾਨ ਦੀ ਕਥਿਤ ਵੀਡੀਓ ਮਾਮਲੇ ਵਿਚ ਵੱਡਾ ਧਮਾਕਾ

**✪ ਫਰਜ਼ੀ ਫੋਰੈਂਸਿਕ ਰਿਪੋਰਟ ਬਣਾਉਣ ਦੇ ਇਲਜ਼ਾਮ ਹੇਠ ਗੁਰੂਗ੍ਰਾਮ ਤੋਂ 2 ਗ੍ਰਿਫ਼ਤਾਰ, ਪੰਜਾਬ ਦੀ ਸਿਆਸਤ ਗਰਮਾਈ ✪ 10 ਲੱਖ ਦੀ ਰਿਸ਼ਵਤ ਦੇ ਕੇ ਬਣਵਾਈ 'ਫਰਜ਼ੀ ਕਲੀਨ ਚਿੱਟ'? ✪ ਸੀਐੱਮ ਮਾਨ ਦੀ ਵੀਡੀਓ ਵਿਵਾਦ ਵਿਚ ਗੁਰੂਗ੍ਰਾਮ ਪੁਲਿਸ ਦੀ ਕਾਰਵਾਈ ਨੇ ਹਿਲਾਈ ਪੰਜਾਬ ਸਰਕਾਰ ✪ ਅਕਾਲ ਤਖ਼ਤ ਸਾਹਿਬ ਦਾ ਸਖ਼ਤ ਰੁਖ਼ ਕਿ ਪੰਜਾਬ ਸਰਕਾਰ ਨੇ ਸਿੱਖ ਸੰਗਤ ਨਾਲ ਕੀਤਾ ਧੋਖਾ**













**ਜਸਪ੍ਰੀਤ ਸਿੰਘ ਜੱਸੀ ਦੀ ਸ਼ਿਕਾਇਤ 'ਤੇ ਦਰਜ ਹੋਈ ਐਫ. ਆਈ. ਆਰ.**



6. Complainant / Informant (शिकायतकर्ता / सूचनाकर्ता):
(a) Name (नाम): जसप्रीत उर्फ जस्सी
(b) Father's/Husband's Name (पिता/पति का नाम):
(c) Date/Year of Birth (जन्म तिथि / वर्ष): 1995 (d) Nationality (राष्ट्रीयता): INDIA
(e) UID No. (यूआईडी सं.):
(f) Passport No. (पासपोर्ट सं.):
Date of Issue (जारी करने की दिनांक): Place of Issue (जारी करने का स्थान):
(g) ID Details (Ration Card, Voter ID Card, Passport, UID No., Driving License, PAN) (पहचान विवरण (राशन कार्ड, मतदाता कार्ड, पासपोर्ट, यूआईडी सं., ड्राइविंग लाइसेंस, पैन कार्ड))

| S. No. (क्र.सं.) | ID Type (पहचान पत्र का प्रकार) | ID Number (पहचान संख्या) |
|---|---|---|

(h) Occupation (व्यवसाय):
(i) Address (पता):

| S.No. (क्र.सं.) | Address Type (पता का प्रकार) | Address (पता) |
|---|---|---|
| 1 | Present Address | SANT NAGAR COLONY SIRSA, SIRSA, HARYANA, INDIA |
| 2 | Permanent Address | SANT NAGAR COLONY SIRSA, SIRSA, HARYANA, INDIA |

(j) Phone number (दूरभाष सं.): Mobile (मोबाइल सं.): 91-9555698800

7. Details of known / suspected / unknown accused with full particulars (ज्ञात / संदिग्ध / अज्ञात अभियुक्त का पूरे विवरण सहित वर्णन):

| S. No. (क्र.सं.) | Name (नाम) | Alias (उपनाम) | Relative's Name (रिश्तेदार का नाम) | Present Address(वर्तमान पता) |
|---|---|---|---|---|
| 1 | अरुण महेन्द्रु | | Father's Name: अशोक महेन्द्रु | 1. निवासी सिरसा SIRSA,SIRSA,HARYANA,INDIA |
| 2 | अंकित | | Father's Name: [illegible] शर्मा | 1. निवासी जींद JIND,JIND,HARYANA,INDIA |

8. Reasons for delay in reporting by the complainant / informant (शिकायतकर्ता / सूचनाकर्ता द्वारा रिपोर्ट देरी से दर्ज

ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਅਜਿਹੇ ਨਾਜ਼ੁਕ ਮੋੜ 'ਤੇ ਖੜ੍ਹੀ ਹੈ, ਜਿੱਥੇ ਧਾਰਮਿਕ ਆਸਥਾ, ਨੈਤਿਕਤਾ ਅਤੇ ਸਿਆਸੀ ਹੋਂਦ ਦੀ ਲੜਾਈ ਨੇ ਸੂਬੇ ਦੇ ਸਮਾਜਿਕ ਤਾਣੇ-ਬਾਣੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਇੱਕ ਕਥਿਤ ਇਤਰਾਜ਼ਯੋਗ ਵੀਡੀਓ ਨੂੰ ਲੈ ਕੇ ਸ਼ੁਰੂ ਹੋਇਆ ਵਿਵਾਦ ਹੁਣ ਗੁਰੂਗ੍ਰਾਮ ਵਿੱਚ ਦੋ ਵਿਅਕਤੀਆਂ ਦੀ ਗ੍ਰਿਫ਼ਤਾਰੀ ਅਤੇ 10 ਲੱਖ ਰੁਪਏ ਦੀ ਰਿਸ਼ਵਤ ਦੇ ਕੇ 'ਫਰਜ਼ੀ ਫੋਰੈਂਸਿਕ ਰਿਪੋਰਟ' ਤਿਆਰ ਕਰਵਾਉਣ ਦੇ ਸੰਗੀਨ ਇਲਜ਼ਾਮਾਂ ਤੱਕ ਪਹੁੰਚ ਗਿਆ ਹੈ। ਗੁਰੂਗ੍ਰਾਮ ਪੁਲਿਸ ਨੇ ਅਰੁਣ ਮਹੇਂਦਰੂ ਤੇ ਅੰਕਿਤ ਨਾਮ ਦੇ ਦੋ ਡਿਜ਼ੀਟਲ ਮਾਹਰਾਂ ਨੂੰ ਹਿਰਾਸਤ ਵਿੱਚ ਲਿਆ ਹੈ। ਇਨ੍ਹਾਂ ਦੀ ਗ੍ਰਿਫ਼ਤਾਰੀ ਜਸਪ੍ਰੀਤ ਸਿੰਘ ਜੱਸੀ ਦੀ ਸ਼ਿਕਾਇਤ 'ਤੇ ਦਰਜ ਹੋਈ ਐਫ. ਆਈ. ਆਰ. ਦੇ ਆਧਾਰ 'ਤੇ ਕੀਤੀ ਗਈ ਹੈ। ਉਨ੍ਹਾਂ 'ਤੇ ਅਸਲ ਡਿਜ਼ੀਟਲ ਸਬੂਤਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਦੋਸ਼ ਹਨ।

ਗੈਰ-ਮਾਨਤਾ ਪ੍ਰਾਪਤ ਲੈਬ: ਪੁਲਿਸ ਮੁਤਾਬਕ ਇਹ ਲੋਕ ਕੋਈ ਸਰਕਾਰ ਤੋਂ ਮਾਨਤਾ ਪ੍ਰਾਪਤ ਲੈਬ ਨਹੀਂ ਚਲਾਉਂਦੇ ਸਨ, ਬਲਕਿ ਸਿਰਫ਼ ਡਿਜ਼ੀਟਲ ਮਾਹਰ ਸਨ ਅਤੇ ਦਬਾਅ ਹੇਠ ਰਿਪੋਰਟ ਤਿਆਰ ਕਰ ਰਹੇ ਸਨ। ਸ਼ਿਕਾਇਤਕਰਤਾ ਜਸਪ੍ਰੀਤ ਮੁਤਾਬਕ, ਉਸ ਨੂੰ ਇਹ ਫਰਜ਼ੀ ਰਿਪੋਰਟ ਤਿਆਰ ਕਰਨ ਲਈ 10 ਲੱਖ ਰੁਪਏ ਦੀ ਰਿਸ਼ਵਤ ਦਿੱਤੀ ਗਈ ਸੀ ਅਤੇ ਇਨਕਾਰ ਕਰਨ 'ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪ੍ਰੈਸ ਕਾਨਫਰੰਸ ਕਰਕੇ ਦਾਅਵਾ ਕੀਤਾ ਸੀ ਕਿ ਮੁੱਖ ਮੰਤਰੀ ਨੂੰ ਕਲੀਨ ਚਿੱਟ ਦੇਣ ਵਾਲੀ ਇਹ ਫਰਜ਼ੀ ਰਿਪੋਰਟ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ 10 ਲੱਖ ਰੁਪਏ ਦੇ ਕੇ ਤਿਆਰ ਕਰਵਾਈ ਸੀ। ਉਨ੍ਹਾਂ ਕਿਹਾ ਕਿ ਇਹ ਪੈਸਾ ਇੱਕ ਸਰਕਾਰੀ ਗੱਡੀ ਵਿੱਚੋਂ ਕੱਢ ਕੇ ਜਸਪ੍ਰੀਤ ਜੱਸੀ ਨੂੰ ਗੁਰੂਗ੍ਰਾਮ ਦੇ ਕ੍ਰਾਉਨ ਪਲਾਜ਼ਾ ਹੋਟਲ ਵਿੱਚ ਦਿੱਤਾ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਵਿੱਤ ਮੰਤਰੀ ਹਰਪਾਲ ਚੀਮਾ ਅਤੇ 'ਆਪ' ਆਗੂ ਬਲਤੇਜ ਪੰਨੂ ਵੱਲੋਂ ਜਿਸ ਫੋਰੈਂਸਿਕ ਲੈਬ ਦਾ ਹਵਾਲਾ ਦਿੱਤਾ ਜਾ ਰਿਹਾ ਸੀ, ਉਹ ਅਸਲ ਵਿੱਚ ਮੌਜੂਦ ਹੀ ਨਹੀਂ ਹੈ। ਰਿਪੋਰਟ ਬਣਾਉਣ ਵਾਲੇ ਨਾ ਤਾਂ ਆਡੀਓ ਮਾਹਿਰ ਸਨ ਅਤੇ ਨਾ ਹੀ ਵੀਡੀਓ ਮਾਹਿਰ। ਮਜੀਠੀਆ ਨੇ ਉਨ੍ਹਾਂ ਸਰਕਾਰੀ ਗੱਡੀਆਂ ਦੇ ਰਜਿਸਟ੍ਰੇਸ਼ਨ ਨੰਬਰ ਅਤੇ ਇੱਕ ਵੀਡੀਓ ਕਬੂਲਨਾਮਾ ਵੀ ਜਾਰੀ ਕੀਤਾ, ਜਿਸ ਵਿੱਚ ਲੈਬ ਮਾਲਕਾਂ ਤੇ ਪੁਲਿਸ ਅਧਿਕਾਰੀਆਂ ਵਿਚਕਾਰ ਹੋਈ ਮੀਟਿੰਗ ਦਾ ਦਾਅਵਾ ਕੀਤਾ ਗਿਆ ਹੈ। ਉਨ੍ਹਾਂ ਖ਼ਦਸ਼ਾ ਪ੍ਰਗਟਾਇਆ ਕਿ ਹੁਣ ਸ਼ਿਕਾਇਤਕਰਤਾ ਜਸਪ੍ਰੀਤ ਦੀ ਜਾਨ ਨੂੰ ਖ਼ਤਰਾ ਹੈ, ਉਸ ਨੂੰ ਖ਼ਤਮ ਕੀਤਾ ਜਾ ਸਕਦਾ ਹੈ ਜਾਂ ਉਸ ਦੇ ਪਰਿਵਾਰ ਨੂੰ ਝੂਠੇ ਕੇਸ ਵਿੱਚ ਫਸਾਇਆ ਜਾ ਸਕਦਾ ਹੈ। ਮਜੀਠੀਆ ਨੇ ਸਵਾਲ ਚੁੱਕਿਆ ਕਿ ਜੇਕਰ ਸਰਕਾਰ ਸੱਚੀ ਸੀ ਤਾਂ ਚੰਡੀਗੜ੍ਹ ਜਾਂ ਦਿੱਲੀ ਦੀਆਂ ਸਰਕਾਰੀ CFSL ਲੈਬਾਂ ਤੋਂ ਜਾਂਚ ਕਿਉਂ ਨਹੀਂ ਕਰਵਾਈ ਗਈ?

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਗੁਰੂਗ੍ਰਾਮ ਪੁਲਿਸ ਦੀ ਕਾਰਵਾਈ ਅਤੇ ਐਫ. ਆਈ. ਆਰ. ਨੇ ਝੂਠੀਆਂ ਲੈਬ ਰਿਪੋਰਟਾਂ ਦੇ ਪਿੱਛੇ ਦੀ ਸੱਚਾਈ ਨੂੰ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ ਹੈ।

**ਬਾਕੀ ਹਿਸਾ ਸਫਾ 45 ਤੇ ਪੜ੍ਹੋ**

# ਰੁਦਰਪ੍ਰਯਾਗ : 4 ਦਿਨਾਂ ਬਾਅਦ ਗੁਰਦੁਆਰਾ ਦਮਦਮਾ ਸਾਹਿਬ ਨਿਹੰਗ ਸਿੰਘਾਂ ਦੇ ਕਬਜ਼ੇ 'ਚੋਂ ਮੁਕਤ, ਪੰਜਾਬ ਪਰਤੇ

ਰੁਦਰਪ੍ਰਯਾਗ (ਉੱਤਰਾਖੰਡ)-ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲ੍ਹੇ ਵਿੱਚ ਸਥਿਤ ਗੁਰਦੁਆਰਾ ਦਮਦਮਾ ਸਾਹਿਬ (ਨਗਰਾਸੂ) ਵਿਖੇ ਪਿਛਲੇ ਚਾਰ ਦਿਨਾਂ ਤੋਂ ਚੱਲ ਰਿਹਾ ਗਤੀਰੋਧ ਆਖਰਕਾਰ ਖ਼ਤਮ ਹੋ ਗਿਆ ਹੈ। ਪ੍ਰਸ਼ਾਸਨ, ਪੁਲਿਸ ਅਤੇ ਪੰਜਾਬ ਤੋਂ ਆਏ ਇੱਕ ਉੱਚ ਪੱਧਰੀ ਵਫ਼ਦ ਦੀ ਵਿਚੋਲਗੀ ਅਤੇ ਸਫ਼ਲ ਗੱਲਬਾਤ ਤੋਂ ਬਾਅਦ, ਮੰਗਲਵਾਰ ਦੁਪਹਿਰ ਨੂੰ ਨਿਹੰਗ ਸਿੰਘ ਗੁਰਦੁਆਰਾ ਸਾਹਿਬ ਦੇ ਅੰਦਰੋਂ ਬਾਹਰ ਆ ਗਏ। ਪ੍ਰਸ਼ਾਸਨਿਕ ਅਧਿਕਾਰੀਆਂ ਮੁਤਾਬਕ ਹੁਣ ਗੁਰਦੁਆਰੇ ਵਿੱਚ ਸਥਿਤੀ ਪੂਰੀ ਤਰ੍ਹਾਂ ਆਮ ਹੈ ਅਤੇ ਸਾਰੇ ਨਿਹੰਗ ਸਿੰਘ ਪੰਜਾਬ ਪਰਤ ਗਏ ਹਨ।

### ਕੀ ਸੀ ਪੂਰਾ ਮਾਮਲਾ?

ਇਸ ਵਿਵਾਦ ਦੀ ਸ਼ੁਰੂਆਤ ਲੰਘੀ 16 ਜੂਨ ਨੂੰ ਚਮੋਲੀ ਦੇ ਕਰਨਪ੍ਰਯਾਗ ਵਿੱਚ ਪਾਰਕਿੰਗ ਨੂੰ ਲੈ ਕੇ ਸਥਾਨਕ ਨਿਵਾਸੀਆਂ ਅਤੇ ਨਿਹੰਗ ਸਿੰਘਾਂ ਵਿਚਾਲੇ ਹੋਈ ਇੱਕ ਝੜਪ ਨਾਲ ਹੋਈ ਸੀ। ਇਸ ਘਟਨਾ ਤੋਂ ਨਾਰਾਜ਼ ਨਿਹੰਗ ਸਿੰਘਾਂ ਦਾ ਦੋਸ਼ ਸੀ ਕਿ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਉਸ ਔਖੇ ਸਮੇਂ ਉਨ੍ਹਾਂ ਦੀ ਮਦਦ ਨਹੀਂ ਕੀਤੀ। ਇਸੇ ਰੋਸ ਦੇ ਚਲਦਿਆਂ, ਪਿਛਲੇ ਸ਼ਨਿੱਚਰਵਾਰ ਨੂੰ ਨਿਹੰਗ ਸਿੰਘਾਂ ਨੇ ਗੁਰਦੁਆਰਾ ਦਮਦਮਾ ਸਾਹਿਬ ਦੀ ਚੌਥੀ ਮੰਜ਼ਿਲ ਅਤੇ ਛੱਤ 'ਤੇ ਕਬਜ਼ਾ ਕਰ ਲਿਆ ਸੀ। ਪਿਛਲੇ ਚਾਰ ਦਿਨਾਂ ਤੋਂ ਉਹ ਉੱਥੇ ਹੀ ਡਟੇ ਹੋਏ ਸਨ, ਜੋ ਸਥਾਨਕ ਪ੍ਰਸ਼ਾਸਨ ਲਈ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਸੀ।

### ਪੰਜਾਬ ਤੋਂ ਆਏ ਵਫ਼ਦ ਨੇ ਸੁਲਝਾਇਆ ਮਾਮਲਾ

ਸਥਿਤੀ ਨੂੰ ਸ਼ਾਂਤ ਕਰਨ ਲਈ ਮੰਗਲਵਾਰ ਨੂੰ ਪੰਜਾਬ ਤੋਂ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਅਤੇ ਜਥੇਦਾਰ ਬਾਬਾ ਅਜੀਤ ਸਿੰਘ ਦੀ ਅਗਵਾਈ ਹੇਠ 8 ਮੈਂਬਰੀ ਵਫ਼ਦ ਨਗਰਾਸੂ ਪਹੁੰਚਿਆ। ਵਫ਼ਦ ਨੇ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਨਿਹੰਗ ਸਿੰਘਾਂ ਨਾਲ ਤਕਰੀਬਨ ਤਿੰਨ ਘੰਟੇ ਲੰਮੀ ਗੱਲਬਾਤ ਕੀਤੀ। ਦੁਪਹਿਰ 2 ਵਜੇ ਦੇ ਕਰੀਬ ਦੋਵੇਂ ਪੱਖ ਕਿਸੇ ਸਹਿਮਤੀ 'ਤੇ ਪਹੁੰਚੇ, ਜਿਸ ਤੋਂ ਬਾਅਦ ਨਿਹੰਗ ਸਿੰਘ ਗੁਰਦੁਆਰਾ ਛੱਡਣ ਲਈ ਤਿਆਰ ਹੋ ਗਏ।

"ਕਰਨਪ੍ਰਯਾਗ ਦੀ ਘਟਨਾ ਕਾਰਨ ਨਿਹੰਗ ਸਿੰਘਾਂ ਵਿੱਚ ਭਾਰੀ ਗੁੱਸਾ ਸੀ ਅਤੇ ਉਹ ਸਿਰਫ਼ ਆਪਣੀ ਭਾਵਨਾ ਦਾ ਪ੍ਰਗਟਾਵਾ ਕਰ ਰਹੇ ਸਨ। ਗੁਰਦੁਆਰੇ 'ਤੇ ਕਬਜ਼ੇ ਦੀਆਂ ਗੱਲਾਂ ਬੇਬੁਨਿਆਦ ਹਨ, ਪਰ ਕਾਨੂੰਨ ਤੋਂ ਉੱਪਰ ਕੋਈ ਨਹੀਂ ਹੈ।'

- ਜਥੇਦਾਰ ਬਾਬਾ ਅਜੀਤ ਸਿੰਘ

### ਮੌਜੂਦਾ ਸਥਿਤੀ ਅਤੇ ਪ੍ਰਸ਼ਾਸਨਿਕ ਕਾਰਵਾਈ

ਸ਼ਾਮ ਨੂੰ ਕਰੀਬ ਸਾਢੇ ਚਾਰ ਵਜੇ ਪੰਜੇ ਨਿਹੰਗ ਸਿੰਘ (ਜਿਨ੍ਹਾਂ ਵਿੱਚ ਸੋਮਵਾਰ ਨੂੰ ਹਿਰਾਸਤ ਵਿੱਚ ਲਿਆ ਗਿਆ ਨਿਹੰਗ ਸਿੰਘ ਵੀ ਸ਼ਾਮਲ ਸੀ) ਦੋ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਪੰਜਾਬ ਲਈ ਰਵਾਨਾ ਹੋ ਗਏ। ਦਮਦਮਾ ਸਾਹਿਬ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਬੰਧਕ ਬੇਅੰਤ ਸਿੰਘ ਨੇ ਪੁਸ਼ਟੀ ਕੀਤੀ ਹੈ ਕਿ ਮੰਗਲਵਾਰ ਸ਼ਾਮ ਤੋਂ ਗੁਰਦੁਆਰੇ ਦੀਆਂ ਸਾਰੀਆਂ ਗਤੀਵਿਧੀਆਂ ਪਹਿਲਾਂ ਵਾਂਗ ਆਮ ਵਾਂਗ ਹੋ ਗਈਆਂ ਹਨ।

ਦੂਜੇ ਪਾਸੇ, ਰੁਦਰਪ੍ਰਯਾਗ ਦੇ ਡੀ.ਐੱਮ. ਵਿਸ਼ਾਲ ਮਿਸ਼ਰਾ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਪੂਰੇ ਘਟਨਾਚੱਕਰ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਤੱਥਾਂ ਦੇ ਆਧਾਰ 'ਤੇ ਅਗਲੇਰੀ ਜ਼ਰੂਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਅਕਾਲ ਤਖ਼ਤ ਸਾਹਿਬ ਦੇ ਸੈਕਟਰੀਏਟ ਤੋਂ ਮੰਗਲਵਾਰ ਮੀਡੀਆ ਨੂੰ ਪੰਜਾਬ ਦੇ ਮੁੱਖ ਮੰਤਰੀ ਬਾਰੇ ਪ੍ਰੈੱਸ ਨੋਟ ਭੇਜਿਆ ਗਿਆ ਸੀ ਪਰ ਬਹੁਤੀਆਂ ਅਖ਼ਬਾਰਾਂ ਨੇ ਪੰਜਾਬ ਵਿੱਚ ਇਸ ਨੂੰ ਨਹੀਂ ਛਾਪਿਆ। ਕੀ ਮੀਡੀਆ ਵੀ ਪੰਜਾਬ ਸਰਕਾਰ ਨਾਲ ਰਲ ਗਿਆ ਹੈ ਜਾਂ ਡਰਦਾ ਹੈ?



ਸਕੱਤਰੇਤ
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ
Secretariat
Sri Akal Takhat Sahib, Sri Amritsar Sahib

ਨੰਬਰ ਅ:ਤ/੨੬/੧੬੮ ਮਿਤੀ ੨੪-੦੬-੨੦੨੬

ਮੀਡੀਆ ਬਲੈਕਆਊਟ ਸਬੰਧੀ

- ਚੰਡੀਗੜ੍ਹ ਪ੍ਰੈੱਸ ਕਲੱਬ।
- ਪ੍ਰੈੱਸ ਕਲੱਬ, ਅੰਮ੍ਰਿਤਸਰ।
- ਪੰਜਾਬ ਪ੍ਰੈੱਸ ਕਲੱਬ, ਜਲੰਧਰ।
- ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ, ਚੰਡੀਗੜ੍ਹ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਦੀ ਇਤਰਾਜ਼ਯੋਗ ਵੀਡੀਓ ਦੇ ਮਾਮਲੇ ਵਿਚ ਸਰਕਾਰ ਵੱਲੋਂ ਜਾਅਲੀ ਫੋਰੈਂਸਿਕ ਰਿਪੋਰਟਾਂ ਤਿਆਰ ਕਰਵਾ ਕੇ ਸਿੱਖ ਸੰਗਤ ਨਾਲ ਧੋਖਾ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਝੂਠਾ ਸਾਬਤ ਕਰਨ ਦੀ ਕੋਸ਼ਿਸ਼ ਦੇ ਮਾਮਲੇ ਵਿਚ ਜੋ ਬੀਤੇ ਕੱਲ੍ਹ ਹਰਿਆਣਾ ਦੀ ਕੁਰਕਸ਼ੇਤਰ ਪੁਲਿਸ ਨੇ ਪਰਚਾ ਦਰਜ ਕੀਤਾ ਹੈ, ਇਸ ਨਾਲ ਸਬੰਧਤ ਖ਼ਬਰ ਨੂੰ ਮੀਡੀਆ ਦੇ ਵੱਡੇ ਹਿੱਸੇ ਨੇ ਪ੍ਰਕਾਸ਼ਿਤ ਨਹੀਂ ਕੀਤਾ ਹੈ। ਮੀਡੀਆ ਖ਼ਾਸਕਰ ਪੰਜਾਬੀ ਮੀਡੀਆ ਅਤੇ ਡਿਜੀਟਲ ਮੀਡੀਆ ਵੱਲੋਂ ਇਸ ਖ਼ਬਰ ਨੂੰ ਬਲੈਕਆਊਟ ਕਰਨ ਦਾ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਹਿਰਾ ਖੇਦ ਪ੍ਰਗਟ ਕੀਤਾ ਜਾਂਦਾ ਹੈ। ਦੇਸ਼ ਵਿਦੇਸ਼ ਦੇ ਚੱਲਦੇ ਸਿੱਖ ਮਸਲਿਆਂ ਬਾਰੇ ਸਮੇਂ-ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ, ਕਾਰਵਾਈਆਂ ਅਤੇ ਪ੍ਰਤੀਕਰਮ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਆਪ ਨਾਲ ਸਬੰਧਤ ਪੱਤਰਕਾਰਾਂ ਅਤੇ ਮੀਡੀਆ ਕਰਮੀਆਂ ਨੂੰ ਮੀਡੀਆ ਗਰੁੱਪ ਰਾਹੀਂ ਅਧਿਕਾਰਤ ਰੂਪ ਵਿਚ ਸਾਂਝੇ ਕੀਤੇ ਜਾਂਦੇ ਹਨ ਅਤੇ ਇਸੇ ਤਰ੍ਹਾਂ ਹੀ ਮੁੱਖ ਮੰਤਰੀ ਦੀ ਵੀਡੀਓ ਨਾਲ ਸਬੰਧਤ ਮਾਮਲੇ ਉੱਤੇ ਵੀ ਬੀਤੇ ਕੱਲ੍ਹ ਅਧਿਕਾਰਤ ਬਿਆਨ ਜਾਰੀ ਕੀਤਾ ਗਿਆ ਸੀ। ਪਰੰਤੂ ਬਹੁਤ ਖੇਦ ਦੀ ਗੱਲ ਹੈ ਕਿ ਮੀਡੀਆ ਦੇ ਵੱਡੇ ਹਿੱਸੇ ਨੇ ਇਸ ਗੰਭੀਰ ਮਾਮਲੇ 'ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰਤ ਪੱਖ ਨੂੰ ਪ੍ਰਕਾਸ਼ਿਤ ਨਹੀਂ ਕੀਤਾ।

ਲੋਕਤੰਤਰ ਅੰਦਰ ਮੀਡੀਆ ਚੌਥੇ ਥੰਮ੍ਹ ਦੀ ਭੂਮਿਕਾ ਅਦਾ ਕਰਦਾ ਹੈ ਅਤੇ ਇਸ ਤਰ੍ਹਾਂ ਲੋਕ ਪੱਖੀ ਜ਼ਰੂਰੀ ਘਟਨਾਵਾਂ ਤੇ ਖ਼ਬਰਾਂ ਨੂੰ ਜੇਕਰ ਮੀਡੀਆ ਕਿਸੇ ਦਬਾਅ ਹੇਠ ਪ੍ਰਕਾਸ਼ਿਤ ਨਹੀਂ ਕਰਦਾ ਤਾਂ ਇਹ ਜ਼ਿੰਮੇਵਾਰੀ ਦਾ ਸਹੀ ਨਿਰਬਾਹ ਨਹੀਂ ਹੈ, ਇਸ ਨਾਲ ਸਮੂਹ ਮੀਡੀਆ ਅਦਾਰਿਆਂ ਦੀ ਭਰੋਸੇਯੋਗਤਾ ਉੱਤੇ ਵੀ ਸਵਾਲ ਖੜ੍ਹੇ ਹੋਣੇ ਸੁਭਾਵਿਕ ਹਨ।

ਧੰਨਵਾਦ ਸਹਿਤ

ਸਤਿਕਾਰ ਸਹਿਤ,
(ਬਗੀਚਾ ਸਿੰਘ)
ਇੰਚਾਰਜ,
ਸਕੱਤਰੇਤ, ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।

# ਜਲੰਧਰ ਵਿਚ ਧੜੱਲੇ ਨਾਲ ਚੱਲ ਰਿਹੈ 'ਵਿਦੇਸ਼ੀ ਸੁਫ਼ਨਿਆਂ' ਦਾ ਨਜਾਇਜ਼ ਕਾਰੋਬਾਰ

### ○ ਵਿਦੇਸ਼ ਯਾਤਰਾ ਕੰਸਲਟੈਂਟਸ' 'ਤੇ ਲੱਗੇ ਗੰਭੀਰ ਦੋਸ਼, ਪ੍ਰਸ਼ਾਸਨ 'ਤੇ ਉੱਠੇ ਸਵਾਲ

ਜਲੰਧਰ-ਪੰਜਾਬ ਦੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੇ ਕ੍ਰੇਜ਼ ਦਾ ਫ਼ਾਇਦਾ ਚੁੱਕ ਕੇ ਕਰੋੜਾਂ ਰੁਪਏ ਦਾ ਨਜਾਇਜ਼ ਕਾਰੋਬਾਰ ਚਲਾਉਣ ਵਾਲੇ ਫਰਜ਼ੀ ਇਮੀਗ੍ਰੇਸ਼ਨ ਏਜੰਟਾਂ ਦਾ ਜਾਲ ਲਗਾਤਾਰ ਫੈਲ ਰਿਹਾ ਹੈ। ਤਾਜ਼ਾ ਮਾਮਲਾ ਜਲੰਧਰ ਸ਼ਹਿਰ ਤੋਂ ਸਾਹਮਣੇ ਆਇਆ ਹੈ, ਜਿੱਥੇ ਬਿਨਾਂ ਕਿਸੇ ਜਾਇਜ਼ ਲਾਇਸੈਂਸ ਦੇ ਇਮੀਗ੍ਰੇਸ਼ਨ ਅਤੇ ਵੀਜ਼ਾ ਕੰਸਲਟੈਂਸੀ ਦਾ ਕਾਰੋਬਾਰ ਚਲਾਏ ਜਾਣ ਦੇ ਹੈਰਾਨੀਜਨਕ ਖ਼ੁਲਾਸੇ ਹੋਏ ਹਨ। ਇਸ ਮਾਮਲੇ ਨੇ ਸਥਾਨਕ ਪ੍ਰਸ਼ਾਸਨਿਕ ਨਿਗਰਾਨੀ ਅਤੇ ਕਾਨੂੰਨੀ ਕਾਰਵਾਈ ਦੀ ਮੁਸਤੈਦੀ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਸੋਸ਼ਲ ਮੀਡੀਆ ਰਾਹੀਂ ਭੋਲੇ-ਭਾਲੇ ਲੋਕਾਂ ਨੂੰ ਫਸਾਉਣ ਦਾ ਜਾਲ-ਜਾਣਕਾਰੀ ਮੁਤਾਬਕ ਜਲੰਧਰ ਵਿੱਚ 'ਵਿਦੇਸ਼ ਯਾਤਰਾ ਕੰਸਲਟੈਂਟਸ' ਦੇ ਨਾਂ ਹੇਠ ਚਲਾਈ ਜਾ ਰਹੀ ਇੱਕ ਸੰਸਥਾ 'ਤੇ ਨਿਯਮਾਂ ਦੀਆਂ ਧੱਜੀਆਂ ਉਡਾਉਣ ਦੇ ਗੰਭੀਰ ਦੋਸ਼ ਲੱਗੇ ਹਨ।

ਲੋਭੀ ਦਾਅਵੇ: ਇਹ ਸੰਸਥਾ ਸੋਸ਼ਲ ਮੀਡੀਆ (ਫੇਸਬੁੱਕ, ਇੰਸਟਾਗ੍ਰਾਮ ਆਦਿ) ਜ਼ਰੀਏ ਘੱਟ ਖ਼ਰਚੇ ਵਿੱਚ ਵਿਦੇਸ਼ ਭੇਜਣ ਅਤੇ ਬਹੁਤ ਜਲਦੀ ਵੀਜ਼ਾ ਲਆਉਣ ਦੇ ਵੱਡੇ-ਵੱਡੇ ਦਾਅਵੇ ਕਰਕੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਰਹੀ ਹੈ। ਦੋਸ਼ ਹੈ ਕਿ ਇਸ ਸੰਸਥਾ ਕੋਲ ਇਮੀਗ੍ਰੇਸ਼ਨ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੋਈ ਲੋੜੀਂਦਾ ਜਾਇਜ਼ ਲਾਇਸੈਂਸ ਜਾਂ ਸਰਕਾਰੀ ਕਾਨੂੰਨੀ ਇਜਾਜ਼ਤ ਨਹੀਂ ਹੈ, ਜਿਸ ਕਾਰਨ ਕਈ ਪਰਿਵਾਰ ਵੱਡੀ ਆਰਥਿਕ ਠੱਗੀ ਦਾ ਸ਼ਿਕਾਰ ਹੋ ਸਕਦੇ ਹਨ।

ਕੀ ਕਹਿੰਦਾ ਹੈ ਪੰਜਾਬ ਸਰਕਾਰ ਦਾ ਕਾਨੂੰਨ?-ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ ਦੇ ਤਹਿਤ ਕਿਸੇ ਵੀ ਵਿਅਕਤੀ ਜਾਂ ਸੰਸਥਾ ਲਈ ਵਿਦੇਸ਼ ਭੇਜਣ, ਵੀਜ਼ਾ ਸਲਾਹ ਦੇਣ ਜਾਂ ਇਮੀਗ੍ਰੇਸ਼ਨ ਸੇਵਾਵਾਂ ਚਲਾਉਣ ਲਈ ਸਰਕਾਰ ਤੋਂ ਮਾਨਤਾ ਪ੍ਰਾਪਤ ਜਾਇਜ਼ ਲਾਇਸੈਂਸ ਲੈਣਾ ਬੇਹੱਦ ਲਾਜ਼ਮੀ ਹੈ। ਬਿਨਾਂ ਲਾਇਸੈਂਸ ਅਜਿਹਾ ਕਾਰੋਬਾਰ ਕਰਨਾ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਅਤੇ ਸਜ਼ਾਯੋਗ ਅਪਰਾਧ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੌਰਾਨ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਫਰਜ਼ੀ ਅਤੇ ਬਿਨਾਂ ਲਾਇਸੈਂਸ ਵਾਲੇ ਇਮੀਗ੍ਰੇਸ਼ਨ ਏਜੰਟਾਂ ਖ਼ਿਲਾਫ਼ ਇੱਕ ਵੱਡੀ ਮੁਹਿੰਮ ਚਲਾ ਕੇ ਕਈ ਦਫ਼ਤਰਾਂ ਨੂੰ ਸੀਲ ਕੀਤਾ ਸੀ। ਇਸ ਦੇ ਬਾਵਜੂਦ 'ਵਿਦੇਸ਼ ਯਾਤਰਾ ਕੰਸਲਟੈਂਟਸ' ਵਰਗੀਆਂ ਸੰਸਥਾਵਾਂ ਵੱਲੋਂ ਨਿਯਮਾਂ ਨੂੰ ਅੰਗੂਠਾ ਦਿਖਾ ਕੇ ਦਫ਼ਤਰ ਚਲਾਉਣਾ ਸਬੰਧਤ ਵਿਭਾਗਾਂ ਅਤੇ ਪੁਲਿਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸ਼ੱਕ ਦੀ ਉਂਗਲ ਉਠਾਉਂਦਾ ਹੈ। ਨਾਗਰਿਕਾਂ ਦਾ ਪੁੱਛਣਾ ਹੈ ਕਿ ਅਜਿਹੇ ਝੂਠੇ ਪ੍ਰਚਾਰ ਨੂੰ ਦੇਖ ਕੇ ਵੀ ਅਧਿਕਾਰੀ ਅੱਖਾਂ ਕਿਉਂ ਬੰਦ ਕਰੀ ਬੈਠੇ ਹਨ? ਸ਼ਹਿਰ ਦੀਆਂ ਵੱਖ-ਵੱਖ ਸਮਾਜਿਕ ਜਥੇਬੰਦੀਆਂ ਅਤੇ ਜਾਗਰੂਕ ਨਾਗਰਿਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਤੁਰੰਤ ਉੱਚ ਪੱਧਰੀ ਜਾਂਚ ਕੀਤੀ ਜਾਵੇ ਅਤੇ ਸੰਸਥਾ ਦੇ ਲਾਇਸੈਂਸ ਦੀ ਸੱਚਾਈ ਜਨਤਕ ਕੀਤੀ ਜਾਵੇ।

# ਫੁਟਬਾਲ ਵਿਸ਼ਵ ਕੱਪ ਫਾਈਨਲ ਵਿੱਚ ਸ਼ਾਮਲ ਹੋਣਗੇ ਟਰੰਪ, ਜੇਤੂ ਟੀਮ ਨੂੰ ਕੀਤਾ ਜਾਵੇਗਾ ਸਨਮਾਨਿਤ

ਨਿਊਯਾਰਕ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ 19 ਜੁਲਾਈ ਨੂੰ ਨਿਊ ਜਰਸੀ ਵਿੱਚ ਹੋਣ ਵਾਲੇ ਫੁਟਬਾਲ ਵਿਸ਼ਵ ਕੱਪ ਦੇ ਫਾਈਨਲ ਮੁਕਾਬਲੇ ਦੌਰਾਨ ਮੌਜੂਦ ਰਹਿਣਗੇ। ਇਹ ਜਾਣਕਾਰੀ ਵਿਸ਼ਵ ਫੁਟਬਾਲ ਸੰਸਥਾ ਦੇ ਪ੍ਰਧਾਨ ਗਿਆਨੀ ਇਨਫਾਂਟੀਨੋ ਵੱਲੋਂ ਦਿੱਤੀ ਗਈ ਹੈ। ਇਨਫਾਂਟੀਨੋ ਨੇ ਇੱਕ ਗੱਲਬਾਤ ਦੌਰਾਨ ਦੱਸਿਆ ਕਿ ਉਹ ਫਾਈਨਲ ਮੁਕਾਬਲੇ ਦੌਰਾਨ ਰਾਸ਼ਟਰਪਤੀ ਟਰੰਪ ਦੇ ਨਾਲ ਮੌਜੂਦ ਰਹਿਣਗੇ ਅਤੇ ਜੇਤੂ ਟੀਮ ਨੂੰ ਟਰਾਫ਼ੀ ਪ੍ਰਦਾਨ ਕਰਨ ਦੇ ਸਮਾਰੋਹ ਵਿੱਚ ਵੀ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਫੁਟਬਾਲ ਦੇ ਇਸ ਮਹਾਂਕੁੰਭ ਦਾ ਸਮਾਪਤੀ ਸਮਾਰੋਹ ਦੁਨੀਆ ਭਰ ਦੇ ਦਰਸ਼ਕਾਂ ਲਈ ਖ਼ਾਸ ਆਕਰਸ਼ਣ ਦਾ ਕੇਂਦਰ ਹੋਵੇਗਾ।

## ਤਖ਼ਤ ਸ੍ਰੀ ਹਜ਼ੂਰ ਸਾਹਿਬ ਐਕਟ ’ਚ ਬਦਲਾਅ ਦੀ ਤਜਵੀਜ਼ :

# ਪੰਜਾਬ ਵਿੱਚ ਸਿਆਸੀ ਉਬਾਲ, ਸਿੱਖ ਸੰਸਥਾਵਾਂ ’ਤੇ ਸਰਕਾਰੀ ਕਬਜ਼ੇ ਦੇ ਲੱਗੇ ਦੋਸ਼

ਚੰਡੀਗੜ੍ਹ-ਮਹਾਰਾਸ਼ਟਰ ਦੀ ਭਾਜਪਾ ਅਗਵਾਈ ਵਾਲੀ ਸਰਕਾਰ ਵੱਲੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਨ ਨਾਲ ਸਬੰਧਤ 70 ਸਾਲ ਪੁਰਾਣੇ ਕਾਨੂੰਨ ਨੂੰ ਬਦਲਣ ਦੀ ਤਜਵੀਜ਼ ਨੇ ਪੰਜਾਬ ਦੀ ਸਿਆਸਤ ਵਿੱਚ ਇੱਕ ਨਵਾਂ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਵਾਲੀ ਕੈਬਨਿਟ ਵੱਲੋਂ ‘ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ ਸਾਹਿਬ ਐਕਟ 1956’ ਨੂੰ ਰੱਦ ਕਰਕੇ ਨਵਾਂ ਕਾਨੂੰਨ ਲਿਆਉਣ ਦੀ ਪ੍ਰਵਾਨਗੀ ਦਿੱਤੇ ਜਾਣ ਤੋਂ ਬਾਅਦ, ਪੰਜਾਬ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਨੇ ਇਸ ਨੂੰ ਸਿੱਖ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਸਰਕਾਰੀ ਦਖਲਅੰਦਾਜ਼ੀ ਅਤੇ ਕਬਜ਼ੇ ਦੀ ਕੋਸ਼ਿਸ਼ ਕਰਾਰ ਦਿੱਤਾ ਹੈ।

ਕੀ ਹੈ ਪੂਰਾ ਮਾਮਲਾ ਅਤੇ ਕਿਉਂ ਹੋ ਰਹੀ ਹੈ ਤਬਦੀਲੀ ?-ਮਹਾਰਾਸ਼ਟਰ ਕੈਬਨਿਟ ਨੇ ਸੋਮਵਾਰ ਨੂੰ 1956 ਦੇ ਇਤਿਹਾਸਕ ‘ਨਾਂਦੇੜ ਐਕਟ’ ਨੂੰ ਖ਼ਤਮ ਕਰਕੇ ਉਸ ਦੀ ਥਾਂ ‘ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਗੁਰਦੁਆਰਾ ਐਕਟ’ ਨਾਮ ਦਾ ਨਵਾਂ ਕਾਨੂੰਨ ਲਿਆਉਣ ਦੇ ਖਰੜੇ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਵਿਰੋਧ ਕਰ ਰਹੀਆਂ ਸਿਆਸੀ ਧਿਰਾਂ ਦਾ ਦੋਸ਼ ਹੈ ਕਿ ਇਸ ਨਵੇਂ ਕਾਨੂੰਨ ਦੇ ਜ਼ਰੀਏ ਸਰਕਾਰ ਬੋਰਡ ਦੇ ਪ੍ਰਬੰਧਨ ਵਿੱਚ ਆਪਣੇ ਹੱਥ-ਠੋਕੇ 12 ਮੈਂਬਰਾਂ ਨੂੰ ਨਾਮਜ਼ਦ ਕਰਨਾ ਚਾਹੁੰਦੀ ਹੈ। ਇਸ ਬਦਲਾਅ ਨਾਲ ਗੁਰਦੁਆਰਾ ਬੋਰਡ ਉੱਤੇ ਲੋਕਤੰਤਰੀ ਜਾਂ ਪੰਥਕ ਨੁਮਾਇੰਦਿਆਂ ਦੀ ਬਜਾਏ ਸਿੱਧਾ ਸਰਕਾਰ ਦਾ ਕੰਟਰੋਲ ਵਧ ਜਾਵੇਗਾ, ਜਿਸ ਕਾਰਨ ਇਸ ਨੂੰ ‘ਸਰਕਾਰੀ ਕਬਜ਼ੇ’ ਵਜੋਂ ਦੇਖਿਆ ਜਾ ਰਿਹਾ ਹੈ।

‘ਆਪ’ ਦੀ ਤਿੱਖੀ ਪ੍ਰਤੀਕਿਰਿਆ: “ਇਹ ਸਿੱਖ ਪੰਥ ਵਿਰੁੱਧ ਸਾਜ਼ਿਸ਼”-ਆਮ ਆਦਮੀ ਪਾਰਟੀ ਦੇ ਨਵੇਂ ਚੁਣੇ ਗਏ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਮਹਾਰਾਸ਼ਟਰ ਸਰਕਾਰ ਦੇ ਇਸ ਕਦਮ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਇਸ ਨੂੰ ਇੱਕ “ਕੋਝੀ ਸਾਜ਼ਿਸ਼” ਦੱਸਦਿਆਂ ਕਿਹਾ:

“ਭਾਜਪਾ ਸਰਕਾਰ ਪੁਰਾਣੇ ਐਕਟ ਨੂੰ ਖ਼ਤਮ ਕਰਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣਾ ਚਾਹੁੰਦੀ ਹੈ। ਸਿੱਖ ਪੰਥ ਆਪਣੇ ਪਵਿੱਤਰ ਤਖ਼ਤਾਂ ਨੂੰ ਸਰਕਾਰੀ ਜਾਇਦਾਦ ਬਣਨ ਦੇਣ ਦੀ ਅਜਿਹੀ ਕਿਸੇ ਵੀ ਭੜਕਾਊ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕਰੇਗਾ। ਇਨ੍ਹਾਂ ਧਾਰਮਿਕ ਸੰਸਥਾਵਾਂ ਦੀ ਆਜ਼ਾਦੀ ਨੂੰ ਬਚਾਉਣ ਲਈ ਡਟ ਕੇ ਮੁਕਾਬਲਾ ਕੀਤਾ ਜਾਵੇਗਾ।”

ਕੰਗ ਨੇ ਮਹਾਰਾਸ਼ਟਰ ਸਰਕਾਰ ਨੂੰ ਇਸ ਗੈਰ-ਜ਼ਰੂਰੀ ਅਤੇ ਵਿਵਾਦਪੂਰਨ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।

ਕਾਂਗਰਸ ਵੱਲੋਂ ਪ੍ਰਧਾਨ ਮੰਤਰੀ ਨੂੰ ਦਖਲ ਦੇਣ ਦੀ ਅਪੀਲ-ਦੂਜੇ ਪਾਸੇ, ਗੁਰਦਾਸਪੁਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਇਸ ਫੈਸਲੇ ’ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਰੰਧਾਵਾ ਨੇ ਕਿਹਾ ਕਿ ਇਹ ਸਿੱਖ ਤਖ਼ਤਾਂ ਅਤੇ ਧਾਰਮਿਕ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ ’ਤੇ ਸਿੱਧਾ ਹਮਲਾ ਹੈ। ਉਨ੍ਹਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਸੰਵੇਦਨਸ਼ੀਲ ਮਾਮਲੇ ਵਿੱਚ ਫ਼ੌਰੀ ਦਖਲ ਦੇਣ




ਦੀ ਅਪੀਲ ਕੀਤੀ ਹੈ ਤਾਂ ਜੋ ਮਹਾਰਾਸ਼ਟਰ ਸਰਕਾਰ ਦੀ ਇਸ ਤਜਵੀਜ਼ ਨੂੰ ਰੋਕਿਆ ਜਾ ਸਕੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਧਾਰਮਿਕ ਮਾਮਲਿਆਂ ਵਿੱਚ ਸਰਕਾਰ ਦਾ ਸਿੱਧਾ ਕੰਟਰੋਲ ਵਧਣਾ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ।

ਪੰਜਾਬ ’ਚ ਕਿਉਂ ਉੱਠਿਆ ਸਿਆਸੀ ਉਬਾਲ ?-ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ, ਮਹਾਰਾਸ਼ਟਰ) ਸਿੱਖ ਕੌਮ ਦੇ ਪੰਜ ਪਵਿੱਤਰ ਤਖ਼ਤਾਂ ਵਿੱਚੋਂ ਇੱਕ ਹੈ, ਜਿੱਥੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਸਮਾਏ ਸਨ। ਇਸ ਸਥਾਨ ਦਾ ਪ੍ਰਬੰਧਕੀ ਬੋਰਡ ਹਮੇਸ਼ਾ ਪੰਥਕ ਰਵਾਇਤਾਂ ਅਤੇ ਕਾਨੂੰਨੀ ਦਾਇਰੇ ਅੰਦਰ ਖ਼ੁਦਮੁਖ਼ਤਿਆਰ ਰਿਹਾ ਹੈ। ਪੰਜਾਬ ਦੀਆਂ ਸਾਰੀਆਂ ਸਿਆਸੀ ਅਤੇ ਧਾਰਮਿਕ ਧਿਰਾਂ ਦਾ ਮੰਨਣਾ ਹੈ ਕਿ ਬੋਰਡ ਦੇ ਗਠਨ ਦੇ ਨਿਯਮਾਂ ਵਿੱਚ ਫੇਰਬਦਲ ਕਰਕੇ ਸਰਕਾਰੀ ਨਾਮਜ਼ਦਗੀਆਂ ਵਧਾਉਣਾ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਸਿੱਧੀ ਘੁਸਪੈਠ ਹੈ, ਜਿਸ ਕਾਰਨ ਪੰਜਾਬ ਭਰ ਵਿੱਚ ਇਸ ਦਾ ਤਿੱਖਾ ਵਿਰੋਧ ਸ਼ੁਰੂ ਹੋ ਗਿਆ ਹੈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਇਸ ਫੈਸਲੇ ’ਤੇ ਡੂੰਘੀ ਚਿੰਤਾ ਅਤੇ ਤਿੱਖਾ ਵਿਰੋਧ ਕਰਦਿਆਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਇਹ ਤਬਦੀਲੀ ਸਿੱਖ ਗੁਰਧਾਮਾਂ ਦੇ ਪ੍ਰਬੰਧਾਂ ਵਿੱਚ ਸਰਕਾਰੀ ਦਖਲਅੰਦਾਜ਼ੀ ਅਤੇ ਪ੍ਰਭਾਵ ਨੂੰ ਵਧਾਉਣ ਦੀ ਕਾਰਵਾਈ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਪੁਰਾਣਾ ਇਤਿਹਾਸ: ਉਨ੍ਹਾਂ ਯਾਦ ਕਰਵਾਉਂਦਿਆਂ ਕਿਹਾਕਿ ਇਸ ਤੋਂ ਪਹਿਲਾਂ 2024 ਵਿੱਚ ਵੀ ਮਹਾਰਾਸ਼ਟਰ ਸਰਕਾਰ ਨੇ ਗੁਰਦੁਆਰਾ ਬੋਰਡ ਵਿੱਚ ਸਰਕਾਰੀ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਅਤੇ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਸੀ। ਉਦੋਂ ਵੀ ਸਿੱਖ ਸੰਗਤ ਦੇ ਭਾਰੀ ਵਿਰੋਧ ਕਾਰਨ ਸਰਕਾਰ ਨੂੰ ਪਿੱਛੇ ਹਟਣਾ ਪਿਆ ਸੀ।

ਮੁੱਖ ਮੰਤਰੀ ਨੂੰ ਅਪੀਲ: ਐਡਵੋਕੇਟ ਧਾਮੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਦੇ 1956 ਵਾਲੇ ਕਾਨੂੰਨ ਨੂੰ ਤੋੜਨ ਦੀ ਕਾਰਵਾਈ ਨੂੰ ਤੁਰੰਤ ਰੋਕਣ ਅਤੇ ਅਜਿਹੇ ਫੈਸਲਿਆਂ ਤੋਂ ਗੁਰੇਜ਼ ਕਰਨ।

# ਸਰਕਾਰਾਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਕਰ ਰਹੀਆਂ ਹਨ ਕੋਝੇ ਯਤਨ- ਐਡਵੋਕੇਟ ਧਾਮੀ

## ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਸਬੰਧੀ 1956 ਐਕਟ ਨੂੰ ਰੱਦ ਕਰਕੇ ਨਵਾਂ ਕਾਨੂੰਨ ਬਨਾਉਣ ਸਬੰਧੀ ਫੈਸਲੇ ’ਤੇ ਪ੍ਰਗਟਾਈ ਚਿੰਤਾ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ ਨਾਂਦੇੜ ਦੇ ਪ੍ਰਬੰਧ ਸਬੰਧੀ 1956 ਦੇ ਕਾਨੂੰਨ ਨੂੰ ਰੱਦ ਕਰਕੇ ਨਵਾਂ ਕਾਨੂੰਨ ਬਣਾਏ ਜਾਣ ਸਬੰਧੀ ਫੈਸਲੇ ’ਤੇ ਗਹਿਰੀ ਚਿੰਤਾ ਪ੍ਰਗਟਾਈ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖ ਕੌਮ ਦੇ ਪੰਜ ਤਖ਼ਤਾਂ ਵਿੱਚੋਂ ਇਕ ਮਹਾਨ ਪਾਵਨ ਅਸਥਾਨ ਹੈ, ਜਿਸ ਦੀ ਮਰਯਾਦਾ, ਪ੍ਰਬੰਧ ਅਤੇ ਧਾਰਮਿਕ ਖ਼ੁਦਮੁਖਤਾਰੀ ਨਾਲ ਜੁੜੇ ਕਿਸੇ ਵੀ ਫੈਸਲੇ ਤੋਂ ਪਹਿਲਾਂ ਸਿੱਖ ਸੰਸਥਾਵਾਂ, ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ, ਸਿੱਖਾਂ ਦੀ ਨੁਮਾਇੰਦੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਅਜਿਹੇ ਕੋਝੇ ਯਤਨ ਕਰਨ ਰਹੀਆਂ ਹਨ, ਜਿਸ ਨੂੰ ਸਿੱਖ ਸੰਗਤਾਂ ਕਦੇ ਪ੍ਰਵਾਨ ਨਹੀਂ ਕਰਨਗੀਆਂ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਮਹਾਰਾਸ਼ਟਰ ਸਰਕਾਰ ਦੇ ਮੰਤਰੀ ਮੰਡਲ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਸਬੰਧੀ ਕਾਨੂੰਨ ਪੁਰਾਣਾ ਹੋਣ ਦਾ ਹਵਾਲਾ ਦੇ ਕੇ ਮਨਮਰਜ਼ੀ ਦੀ ਸੋਧ ਕਰਨ ਦਾ ਯਤਨ ਹੋ ਰਿਹਾ ਹੈ, ਜੋ ਗੁਰਦੁਆਰਾ ਪ੍ਰਬੰਧ ਵਿਚ ਸਰਕਾਰ ਦੀ ਸਿੱਧੀ ਦਖ਼ਲਅੰਦਾਜ਼ੀ ਹੈ।



ਉਨ੍ਹਾਂ ਕਿਹਾ ਕਿ 2024 ਵਿਚ ਵੀ ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਬੋਰਡ ਵਿਚ ਸਰਕਾਰੀ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਅਤੇ ਸਿੱਖ ਸੰਸਥਾਵਾਂ ਦੇ ਮੈਂਬਰਾਂ ਨੂੰ ਘਟਾਉਣ ਦਾ ਫੈਸਲਾ ਕਰਨ ਦਾ ਯਤਨ ਕੀਤਾ ਗਿਆ ਸੀ, ਜਿਸ ’ਤੇ ਸਿੱਖ ਸੰਗਤਾਂ ਵੱਲੋਂ ਵੱਡਾ ਵਿਰੋਧ ਕਰਨ ਮਗਰੋਂ ਸਰਕਾਰ ਪਿੱਛੇ ਹਟੀ ਸੀ। ਐਡਵੋਕੇਟ ਧਾਮੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਸਿੱਖ ਗੁਰਧਾਮਾਂ ਦੇ ਪ੍ਰਬੰਧਾਂ ਵਿੱਚ ਸਰਕਾਰੀ ਪ੍ਰਭਾਵ ਵਧਾਉਣ ਵਾਲੀਆਂ ਕਾਰਵਾਈਆਂ ਨੂੰ ਤੁਰੰਤ ਬੰਦ ਕਰਨ ਅਤੇ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਨਾਲ ਸਬੰਧਤ ਐਕਟ 1956 ਨੂੰ ਤੋੜਨ ਦੀ ਕਾਰਵਾਈ ਨੂੰ ਤੁਰੰਤ ਰੋਕਣ।

# ਬ੍ਰਿਟੇਨ ਵਿੱਚ ਸੱਤਾ ਪਰਿਵਰਤਨ: ਕੀਅਰ ਸਟਾਰਮਰ ਦੀ ਹੋਈ ਵਿਦਾਈ

## ✪ ਲੇਬਰ ਪਾਰਟੀ ਦੇ ਸਾਹਮਣੇ ਨਵੀਆਂ ਚੁਣੌਤੀਆਂ ਖੜੀਆਂ ਹੋਈਆਂ ✪ ਕੀ ਐਂਡੀ ਬਰਨਹੈਮ ਬਣਨਗੇ ਬ੍ਰਿਟੇਨ ਦੇ ਅਗਲੇ ਪ੍ਰਧਾਨ ਮੰਤਰੀ?



ਬ੍ਰਿਟੇਨ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਵੱਡਾ ਫੇਰਬਦਲ ਦੇਖਣ ਨੂੰ ਮਿਲ ਰਿਹਾ ਹੈ। ਜੁਲਾਈ 2024 ਵਿੱਚ ਲੇਬਰ ਪਾਰਟੀ ਨੂੰ 14 ਸਾਲਾਂ ਬਾਅਦ ਇਤਿਹਾਸਕ ਜਿੱਤ ਦਿਵਾ ਕੇ ਸੱਤਾ ਵਿੱਚ ਲਿਆਉਣ ਵਾਲੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਵੱਲੋਂ ਅਚਾਨਕ ਅਸਤੀਫ਼ੇ ਦਾ ਐਲਾਨ ਕਰਨਾ ਨਾ ਸਿਰਫ਼ ਯੂਕੇ, ਬਲਕਿ ਵਿਸ਼ਵ ਸਿਆਸਤ ਲਈ ਇਹ ਧਮਾਕੇਦਾਰ ਖ਼ਬਰ ਹੈ। 10 ਡਾਊਨਿੰਗ ਸਟ੍ਰੀਟ ਦੇ ਬਾਹਰ ਭਾਵੁਕ ਹੁੰਦਿਆਂ ਸਟਾਰਮਰ ਨੇ ਦੇਸ਼ ਦੀ ਸੇਵਾ ਨੂੰ ਮਾਣਮੱਤਾ ਦੱਸਿਆ, ਪਰ ਨਾਲ ਹੀ ਇਹ ਸਪਸ਼ਟ ਕਰ ਦਿੱਤਾ ਕਿ ਲੋਕਤੰਤਰ ਅਤੇ ਪਾਰਟੀ ਦੇ ਅੰਦਰੂਨੀ ਵਿਸ਼ਵਾਸ ਤੋਂ ਉੱਪਰ ਕੁਝ ਵੀ ਨਹੀਂ ਹੈ।

ਕੀਅਰ ਸਟਾਰਮਰ ਦੇ ਅਸਤੀਫ਼ੇ ਦਾ ਸਭ ਤੋਂ ਵੱਡਾ ਕਾਰਨ ਲੇਬਰ ਪਾਰਟੀ ਦੇ ਅੰਦਰੋਂ ਹੀ ਉਨ੍ਹਾਂ ਦੀ ਲੀਡਰਸ਼ਿਪ 'ਤੇ ਉੱਠ ਰਹੇ ਸਵਾਲ ਸਨ। ਸੱਤਾ ਸੰਭਾਲਣ ਤੋਂ ਬਾਅਦ ਜਨਤਾ ਨਾਲ ਕੀਤੇ ਵਾਅਦੇ-ਜਿਵੇਂ ਕਿ ਹੈਲਥ ਸਰਵਿਸ ਦੀ ਵੇਟਿੰਗ ਲਿਸਟ ਘਟਾਉਣਾ, 15 ਲੱਖ ਨਵੇਂ ਘਰ ਬਣਾਉਣਾ, ਅਤੇ ਗੈਰ-ਕਾਨੂੰਨੀ ਪ੍ਰਵਾਸ 'ਤੇ ਨਕੇਲ ਕੱਸਣਾ-ਵਰਗੇ ਵੱਡੇ ਮੁੱਦਿਆਂ 'ਤੇ ਉਮੀਦ ਮੁਤਾਬਕ ਤੇਜ਼ੀ ਨਾਲ ਕੰਮ ਨਾ ਹੋਣ ਕਾਰਨ ਪਾਰਟੀ ਦੇ ਅੰਦਰ ਦਬਾਅ ਲਗਾਤਾਰ ਵਧ ਰਿਹਾ ਸੀ।

ਸਟਾਰਮਰ ਨੇ ਖੁਦ ਸਵੀਕਾਰ ਕੀਤਾ ਕਿ ਪਾਰਟੀ ਇਹ ਸਵਾਲ ਕਰ ਰਹੀ ਸੀ ਕਿ ਕੀ ਉਹ ਅਗਲੀਆਂ ਚੋਣਾਂ ਵਿੱਚ ਪਾਰਟੀ ਦੀ ਅਗਵਾਈ ਕਰਨ ਦੇ ਯੋਗ ਹਨ ਜਾਂ ਨਹੀਂ। ਇੱਕ ਸੁਲਝੇ ਹੋਏ ਸਿਆਸਤਦਾਨ ਵਾਂਗ, ਉਨ੍ਹਾਂ ਨੇ ਇਸ ਸੁਨੇਹੇ ਨੂੰ "ਪੂਰੀ ਨਿਮਰਤਾ ਨਾਲ ਸਵੀਕਾਰ" ਕਰਦੇ ਹੋਏ ਅਹੁਦੇ ਤੋਂ ਲਾਂਭੇ ਹੋਣ ਦਾ ਫੈਸਲਾ ਕੀਤਾ, ਜੋ ਕਿ ਬ੍ਰਿਟਿਸ਼ ਸਿਆਸੀ ਪਰੰਪਰਾਵਾਂ ਦੀ ਜਵਾਬਦੇਹੀ ਨੂੰ ਦਰਸਾਉਂਦਾ ਹੈ।

### ਕੌਣ ਹਨ ਐਂਡੀ ਬਰਨਹੈਮ: ਨਵੇਂ ਲੀਡਰ ਦੀ ਦੌੜ ਵਿੱਚ ਸਭ ਤੋਂ ਅੱਗੇ

ਕੀਅਰ ਸਟਾਰਮਰ ਤੋਂ ਬਾਅਦ ਹੁਣ ਐਂਡੀ ਬਰਨਹੈਮ ਦਾ ਅਗਲਾ ਪ੍ਰਧਾਨ ਮੰਤਰੀ ਬਣਨਾ ਲਗਭਗ ਤੈਅ ਮੰਨਿਆ ਜਾ ਰਿਹਾ ਹੈ। ਬਰਨਹੈਮ ਕੋਈ ਨਵਾਂ ਚਿਹਰਾ ਨਹੀਂ ਹਨ, ਬਲਕਿ ਬ੍ਰਿਟਿਸ਼ ਰਾਜਨੀਤੀ ਦੇ ਇੱਕ ਤਜ਼ਰਬੇਕਾਰ ਥੰਮ੍ਹ ਹਨ:

ਸਿਆਸੀ ਪਿਛੋਕੜ: 1970 ਵਿੱਚ ਜਨਮੇ ਬਰਨਹੈਮ ਟੋਨੀ ਬਲੇਅਰ ਅਤੇ ਗੋਰਡਨ ਬ੍ਰਾਊਨ ਦੀਆਂ ਸਰਕਾਰਾਂ ਵਿੱਚ ਸੱਭਿਆਚਾਰ ਅਤੇ ਸਿਹਤ ਮੰਤਰੀ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ।

ਜ਼ਮੀਨੀ ਪਕੜ: ਉਹ 2017 ਤੋਂ 2024 ਤੱਕ ਗ੍ਰੇਟਰ ਮੈਨਚੈਸਟਰ ਦੇ ਮੇਅਰ ਰਹੇ, ਜਿੱਥੇ ਉਨ੍ਹਾਂ ਨੇ ਲੋਕਾਂ ਵਿੱਚ ਬਹੁਤ ਪ੍ਰਸਿੱਧੀ ਹਾਸਲ ਕੀਤੀ। ਹਾਲ ਹੀ ਵਿੱਚ ਮੇਕਰਫੀਲਡ ਜ਼ਿਮਨੀ ਚੋਣ ਵਿੱਚ 55 ਫੀਸਦੀ ਵੋਟਾਂ ਲੈ ਕੇ ਉਨ੍ਹਾਂ ਨੇ ਸੰਸਦ ਵਿੱਚ ਸ਼ਾਨਦਾਰ ਵਾਪਸੀ ਕੀਤੀ ਹੈ, ਜਿਸ ਨੇ ਉਨ੍ਹਾਂ ਲਈ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦਾਅਵੇਦਾਰੀ ਦਾ ਰਸਤਾ ਸਾਫ਼ ਕਰ ਦਿੱਤਾ। ਬਰਨਹੈਮ ਪਹਿਲਾਂ ਵੀ 2010 ਅਤੇ 2015 ਵਿੱਚ ਪਾਰਟੀ ਲੀਡਰਸ਼ਿਪ ਦੀ ਚੋਣ ਲੜ ਚੁੱਕੇ ਹਨ, ਪਰ ਇਸ ਵਾਰ ਸਟਾਰਮਰ ਦੇ ਇਸ਼ਾਰਿਆਂ ਮੁਤਾਬਕ ਉਹ 9 ਜੁਲਾਈ ਨੂੰ ਸ਼ੁਰੂ ਹੋਣ ਵਾਲੀ ਨਾਮਜ਼ਦਗੀ ਪ੍ਰਕਿਰਿਆ ਦੌਰਾਨ ਨਿਰਵਿਰੋਧ ਚੁਣੇ ਜਾ ਸਕਦੇ ਹਨ।

### ਕੀ ਹੈ ਲੇਬਰ ਪਾਰਟੀ ਦਾ ਭਵਿੱਖ?

ਸਟਾਰਮਰ ਦਾ ਜਾਣਾ ਅਤੇ ਬਰਨਹੈਮ ਦਾ ਆਉਣਾ ਲੇਬਰ ਪਾਰਟੀ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ। ਬਰਨਹੈਮ ਨੇ ਖੁਦ ਵਾਅਦਾ ਕੀਤਾ ਹੈ ਕਿ ਉਹ "ਬ੍ਰਿਟੇਨ ਲਈ ਇੱਕ ਨਵਾਂ ਰਾਹ" ਤੈਅ ਕਰਨਗੇ ਅਤੇ ਵੋਟਰਾਂ ਵੱਲੋਂ ਮੰਗੇ ਗਏ ਬਦਲਾਅ ਨੂੰ ਹਕੀਕਤ ਵਿੱਚ ਬਦਲਣਗੇ।

ਲੇਬਰ ਪਾਰਟੀ ਲਈ ਆਉਣ ਵਾਲਾ ਸਮਾਂ ਬੇਹੱਦ ਚੁਣੌਤੀਪੂਰਨ ਹੈ। ਪਾਰਟੀ ਨੂੰ ਸਤੰਬਰ ਵਿੱਚ ਸੰਸਦ ਦੇ ਮੁੜ ਬੈਠਣ ਤੋਂ ਪਹਿਲਾਂ ਨਵੇਂ ਨੇਤਾ ਦੀ ਚੋਣ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨਾ ਪਵੇਗਾ ਤਾਂ ਜੋ ਦੇਸ਼ ਵਿੱਚ ਅਸਥਿਰਤਾ ਦਾ ਮਾਹੌਲ ਨਾ ਬਣੇ। ਨਵੇਂ ਪ੍ਰਧਾਨ ਮੰਤਰੀ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨਾ ਅਤੇ ਆਰਥਿਕ ਮੋਰਚੇ 'ਤੇ ਦੇਸ਼ ਨੂੰ ਮਜ਼ਬੂਤ ਕਰਨਾ ਹੋਵੇਗੀ। ਕੀ ਬਰਨਹੈਮ ਲੇਬਰ ਪਾਰਟੀ ਦੇ ਅੰਦਰੂਨੀ ਸਥਿਤੀ ਨੂੰ ਸ਼ਾਂਤ ਕਰਕੇ ਬ੍ਰਿਟੇਨ ਨੂੰ ਇੱਕ ਸਥਿਰ ਲੀਡਰਸ਼ਿਪ ਦੇ ਸਕਣਗੇ? ਇਹ ਦੇਖਣਾ ਅਹਿਮ ਹੋਵੇਗਾ।

## ਯੂਕੇ 'ਚ ਲੇਬਰ ਸਰਕਾਰ ਤੋਂ ਜਨਤਕ ਮੋਹ-ਭੰਗ ਅਤੇ ਸਿੱਖ ਭਾਈਚਾਰਾ ਸਿਆਸੀ ਦੁਵਿਧਾ ਵਿਚ

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਦਾ ਅਸਤੀਫ਼ਾ ਸਿਰਫ਼ ਇੱਕ ਨੇਤਾ ਦੀ ਵਿਦਾਈ ਨਹੀਂ ਹੈ, ਬਲਕਿ ਇਹ ਲੇਬਰ ਪਾਰਟੀ ਦੀਆਂ ਨੀਤੀਆਂ ਅਤੇ ਦੋ ਸਾਲਾਂ ਦੇ ਸ਼ਾਸਨ ਤੋਂ ਜਨਤਾ ਵਿੱਚ ਪੈਦਾ ਹੋਈ ਡੂੰਘੀ ਨਿਰਾਸ਼ਾ ਦਾ ਸਿੱਟਾ ਹੈ। ਜੁਲਾਈ 2024 ਵਿੱਚ ਜਿਸ ਲੇਬਰ ਪਾਰਟੀ ਨੂੰ ਬ੍ਰਿਟਿਸ਼ ਜਨਤਾ ਨੇ ਵੱਡੇ ਬਹੁਮਤ ਨਾਲ ਸੱਤਾ ਸੌਂਪੀ ਸੀ, ਅੱਜ ਉਹੀ ਜਨਤਾ ਖੁਦ ਨੂੰ ਠੱਗੀ ਮਹਿਸੂਸ ਕਰ ਰਹੀ ਹੈ। ਵਾਅਦਿਆਂ ਦੇ ਉਲਟ ਨੈਸ਼ਨਲ ਹੈਲਥ ਸਰਵਿਸ ਦੀ ਬਦਹਾਲੀ, ਟੈਕਸਾਂ ਦਾ ਬੋਝ, ਅਤੇ ਪ੍ਰਵਾਸ ਦੇ ਮੁੱਦੇ 'ਤੇ ਸਰਕਾਰ ਦੀ ਨਾਕਾਮੀ ਨੇ ਜਨਤਾ ਨੂੰ ਲੇਬਰ ਪਾਰਟੀ ਤੋਂ ਦੂਰ ਕਰ ਦਿੱਤਾ ਹੈ। ਹਾਲ ਹੀ ਦੇ ਯੂਗੋਵ ਸਰਵੇਖਣ ਮੁਤਾਬਕ 62 ਫੀਸਦੀ ਬ੍ਰਿਟਿਸ਼ ਲੋਕ ਸਟਾਰਮਰ ਦੇ ਅਸਤੀਫ਼ੇ ਨੂੰ ਸਹੀ ਮੰਨ ਰਹੇ ਹਨ, ਜੋ ਸਪਸ਼ਟ ਕਰਦਾ ਹੈ ਕਿ ਜਨਤਾ ਲੇਬਰ ਸਰਕਾਰ ਦੇ ਕੰਮਕਾਜ ਤੋਂ ਬਿਲਕੁਲ ਖੁਸ਼ ਨਹੀਂ ਹੈ।

### ਸਿੱਖ ਭਾਈਚਾਰੇ ਦੀ ਨਾਰਾਜ਼ਗੀ ਦੇ ਮੁੱਖ ਕਾਰਨ

ਬ੍ਰਿਟੇਨ ਦੀ ਰਾਜਨੀਤੀ ਵਿੱਚ ਸਿੱਖ ਭਾਈਚਾਰਾ ਰਵਾਇਤੀ ਤੌਰ 'ਤੇ ਲੇਬਰ ਪਾਰਟੀ ਦਾ ਪੱਕਾ ਵੋਟ ਬੈਂਕ ਮੰਨਿਆ ਜਾਂਦਾ ਰਿਹਾ ਹੈ, ਪਰ ਪਿਛਲੇ ਕੁਝ ਸਮੇਂ ਤੋਂ ਇਹ ਰਿਸ਼ਤਾ ਬੁਰੀ ਤਰ੍ਹਾਂ ਤਿੜਕ ਚੁੱਕਾ ਹੈ। ਸਿੱਖਾਂ ਦੇ ਲੇਬਰ ਪਾਰਟੀ ਤੋਂ ਦੂਰ ਹੋਣ ਅਤੇ ਵਿਰੋਧ ਦੇ ਮੁੱਖ ਕਾਰਨ ਹੇਠ ਲਿਖੇ ਹਨ:

ਬ੍ਰਿਟੇਨ ਵਿੱਚ ਪਿਛਲੇ ਸਮੇਂ ਦੌਰਾਨ ਸਿੱਖਾਂ 'ਤੇ ਹੋਏ ਨਸਲੀ ਅਤੇ ਸਰੀਰਕ ਹਮਲਿਆਂ ਦੇ ਮਾਮਲਿਆਂ ਵਿੱਚ ਲੇਬਰ ਸਰਕਾਰ ਦੀ ਕਾਰਵਾਈ ਤੋਂ ਸਿੱਖ ਜਥੇਬੰਦੀਆਂ ਅਸੰਤੁਸ਼ਟ ਹਨ। ਭਾਈਚਾਰੇ ਦਾ ਦੋਸ਼ ਹੈ ਕਿ ਸਰਕਾਰ ਸਿੱਖਾਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਨਹੀਂ ਹੈ।

ਲੇਬਰ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਸੱਜੇ-ਪੱਖੀ ਵੋਟਰਾਂ ਨੂੰ ਖੁਸ਼ ਕਰਨ ਲਈ ਇਮੀਗ੍ਰੇਸ਼ਨ ਰੇਡਾਂ ਅਤੇ ਬਾਰਡਰ ਚੈਕਿੰਗ ਵਿੱਚ ਬਹੁਤ ਜ਼ਿਆਦਾ ਸਖ਼ਤੀ ਕਰ ਦਿੱਤੀ ਹੈ। ਇਸ ਸਖ਼ਤ ਰੁਖ ਕਾਰਨ ਬ੍ਰਿਟੇਨ ਵਿੱਚ ਵਸਦੇ ਭਾਰਤੀ ਅਤੇ ਖ਼ਾਸਕਰ ਸਿੱਖ ਪਰਿਵਾਰਾਂ ਦੇ ਸੈਟਲਮੈਂਟ ਅਧਿਕਾਰਾਂ ਅਤੇ ਰਿਸ਼ਤੇਦਾਰਾਂ ਦੇ ਵੀਜ਼ਾ ਮਾਮਲਿਆਂ 'ਤੇ ਮਾੜਾ ਅਸਰ ਪਿਆ ਹੈ।

'ਬ੍ਰਿਟਿਸ਼ ਸਿੱਖ ਰਿਪੋਰਟ' ਮੁਤਾਬਕ ਸਿੱਖਾਂ ਦੀ ਲੇਬਰ ਪਾਰਟੀ ਲਈ ਹਮਾਇਤ ਜੋ ਕਦੇ 40 ਫੀਸਦੀ ਹੁੰਦੀ ਸੀ, ਉਹ ਘਟ ਕੇ ਮਹਿਜ਼ 18 ਫੀਸਦੀ ਰਹਿ ਗਈ ਹੈ। ਹਾਲਾਂਕਿ ਹਾਊਸ ਆਫ਼ ਕਾਮਨਜ਼ ਵਿੱਚ ਮੌਜੂਦ ਸਾਰੇ 11 ਸਿੱਖ ਸੰਸਦ ਮੈਂਬਰ ਲੇਬਰ ਪਾਰਟੀ ਦੇ ਹੀ ਹਨ, ਫਿਰ ਵੀ ਜ਼ਮੀਨੀ ਪੱਧਰ 'ਤੇ ਆਮ ਸਿੱਖ ਵੋਟਰ ਲੇਬਰ ਦੀ 'ਪਛਾਣ ਦੀ ਰਾਜਨੀਤੀ' ਤੋਂ ਦੂਰ ਹੋ ਰਿਹਾ ਹੈ।

### ਸਿੱਖ ਵੋਟਰ ਹੁਣ ਕਿਧਰ ਝੁਕੇਗਾ?

ਲੇਬਰ ਪਾਰਟੀ ਤੋਂ ਨਾਰਾਜ਼ ਹੋ ਕੇ ਵੱਡੀ ਗਿਣਤੀ ਵਿੱਚ ਸਿੱਖ ਵੋਟਰ, ਖ਼ਾਸ ਕਰਕੇ ਨੌਜਵਾਨ ਅਤੇ ਪੁਰਸ਼, ਨਾਈਜਲ ਫ਼ਰਾਜ ਦੀ ਸੱਜੇ-ਪੱਖੀ ਪਾਰਟੀ 'ਰਿਫਾਰਮ ਯੂਕੇ' ਵੱਲ ਝੁਕ ਰਹੇ ਸਨ। ਸਿੱਖਾਂ ਦਾ ਰਿਫਾਰਮ ਪਾਰਟੀ ਵੱਲ ਜਾਣ ਦਾ ਕਾਰਨ ਇਹ ਸੀ ਕਿ ਉਹ ਖੁਦ ਨੂੰ ਸਥਾਪਿਤ ਬ੍ਰਿਟਿਸ਼ ਨਾਗਰਿਕ ਮੰਨਦੇ ਹਨ ਅਤੇ ਨਵੇਂ ਆ ਰਹੇ ਪ੍ਰਵਾਸੀਆਂ ਦੇ ਵਿਰੋਧ ਵਾਲੀ ਨੀਤੀ ਨਾਲ ਸਹਿਮਤ ਸਨ। ਪਰ ਹਾਲ ਹੀ ਵਿੱਚ ਹਾਲਾਤ ਬਦਲ ਗਏ ਹਨ।

## ਕਰਨਪ੍ਰਯਾਗ ਮਾਮਲਾ : ਧਾਮੀ ਨੂੰ ਮਿਲਿਆ ਦਿੱਲੀ ਗੁਰਦੁਆਰਾ ਕਮੇਟੀ ਦਾ ਵਫ਼ਦ; ਪੱਖਪਾਤ ਕਰਨ ਵਾਲੇ ਪੁਲਿਸ ਮੁਲਾਜ਼ਮਾਂ 'ਤੇ ਡਿੱਗੇਗੀ ਗਾਜ਼

ਅੰਮ੍ਰਿਤਸਰ-ਉੱਤਰਾਖੰਡ ਦੇ ਕਰਨਪ੍ਰਯਾਗ ਵਿੱਚ ਸਿੱਖ ਸ਼ਰਧਾਲੂਆਂ ਨਾਲ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਹੁਣ ਸਿਆਸੀ ਅਤੇ ਪ੍ਰਸ਼ਾਸਨਿਕ ਹਲਚਲ ਤੇਜ਼ ਹੋ ਗਈ ਹੈ। ਇਸ ਮਾਮਲੇ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੀ ਅਗਵਾਈ ਵਿੱਚ ਇੱਕ ਉੱਚ-ਪੱਧਰੀ ਵਫ਼ਦ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ। ਮੁੱਖ ਮੰਤਰੀ ਧਾਮੀ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇਗੀ ਅਤੇ ਡਿਊਟੀ ਵਿੱਚ ਕੋਤਾਹੀ ਤੇ ਪੱਖਪਾਤ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਬਖਸ਼ਿਆ ਨਹੀਂ ਜਾਵੇਗਾ, ਸਗੋਂ ਉਨ੍ਹਾਂ ਨੂੰ ਤੁਰੰਤ ਮੁਅੱਤਲ ਕੀਤਾ ਜਾਵੇਗਾ।

ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਅਤੇ ਸਨਮਾਨ ਦਾ ਚੁੱਕਿਆ ਮੁੱਦਾ-ਮੁਲਾਕਾਤ ਦੌਰਾਨ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਮੁੱਖ ਮੰਤਰੀ ਦੇ ਸਾਹਮਣੇ ਸਿੱਖ ਭਾਈਚਾਰੇ ਦੀਆਂ ਗੰਭੀਰ ਚਿੰਤਾਵਾਂ ਨੂੰ ਰੱਖਿਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਕਰਨਪ੍ਰਯਾਗ ਘਟਨਾ ਦੀ ਜਾਂਚ ਪੂਰੀ ਤਰ੍ਹਾਂ ਨਿਰਪੱਖ ਅਤੇ ਪਾਰਦਰਸ਼ੀ ਹੋਣੀ ਚਾਹੀਦੀ ਹੈ। ਸੂਬੇ ਵਿੱਚ ਆਉਣ ਵਾਲੇ ਸਾਰੇ ਸ਼ਰਧਾਲੂਆਂ ਦੇ ਅਧਿਕਾਰਾਂ, ਸੁਰੱਖਿਆ ਅਤੇ ਮਾਣ-ਸਨਮਾਨ ਦੀ ਰੱਖਿਆ ਯਕੀਨੀ ਬਣਾਈ ਜਾਵੇ। ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਜਵਾਬਦੇਹੀ ਤੈਅ ਕੀਤੀ ਜਾਵੇ।

ਮੁਖ ਮੰਤਰੀ ਧਾਮੀ ਦੇ ਰਵੱਈਏ ਦੀ ਸ਼ਲਾਘਾ-ਮੀਟਿੰਗ ਤੋਂ ਬਾਅਦ ਹਰਮੀਤ ਸਿੰਘ ਕਾਲਕਾ ਨੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੇ ਸਕਾਰਾਤਮਕ ਰਵੱਈਏ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, "ਉਨ੍ਹਾਂ ਨੇ ਸਾਨੂੰ ਪੂਰਾ ਵਿਸ਼ਵਾਸ ਦਿਵਾਇਆ ਹੈ ਕਿ ਇੱਕ ਨਿਰਪੱਖ ਜਾਂਚ ਰਾਹੀਂ ਸੱਚਾਈ ਸਭ ਦੇ ਸਾਹਮਣੇ ਲਿਆਂਦੀ ਜਾਵੇਗੀ।" ਇਸ ਘਟਨਾ ਦੌਰਾਨ ਜਿਨ੍ਹਾਂ ਪੁਲਿਸ ਮੁਲਾਜ਼ਮਾਂ 'ਤੇ ਪੱਖਪਾਤ ਕਰਨ ਜਾਂ ਅਣਗਹਿਲੀ ਵਰਤਣ ਦੇ ਦੋਸ਼ ਲੱਗੇ ਹਨ, ਉਨ੍ਹਾਂ ਖ਼ਿਲਾਫ਼ ਮੁੱਖ ਮੰਤਰੀ ਨੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਵਫ਼ਦ ਨੂੰ ਮਿਲੇ ਭਰੋਸੇ ਮੁਤਾਬਕ, ਜਾਂਚ ਵਿੱਚ ਦੋਸ਼ੀ ਪਾਏ ਜਾਣ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਜਾਵੇਗਾ, ਤਾਂ ਜੋ ਕਾਨੂੰਨ ਵਿਵਸਥਾ ਅਤੇ ਇਨਸਾਫ਼ 'ਤੇ ਲੋਕਾਂ ਦਾ ਭਰੋਸਾ ਬਣਿਆ ਰਹੇ।

# ਇੱਕੋ ਇਤਿਹਾਸਕ ਦਿਹਾੜਾ, ਦੋ ਵੱਖ-ਵੱਖ ਤਰੀਕਾਂ: ਕੀ ਨਾਨਕਸ਼ਾਹੀ ਕਲੰਡਰ ਦਾ ਵਿਵਾਦ ਕੌਮੀ ਅਕਸ ਨੂੰ ਲਾ ਰਿਹਾ ਹੈ ਢਾਹ ?

## ✪ ਸਿੱਖ ਲੀਡਰਸ਼ਿਪ 'ਤੇ ਸਵਾਲੀਆ ਨਿਸ਼ਾਨ ਲਗੇ, ਸ਼੍ਰੋਮਣੀ ਕਮੇਟੀ ਨੇ ਜ਼ਿੰਮੇਵਾਰੀ ਨਹੀਂ ਨਿਭਾਈ ✪ ਵਿਸ਼ਵ ਸਿੱਖ ਸੰਮੇਲਨ ਅਤੇ ਨਿਊਟ੍ਰਲ ਕਮੇਟੀ: ਇਸ ਵਿਵਾਦ ਨੂੰ ਹਮੇਸ਼ਾ ਲਈ ਖ਼ਤਮ ਕਰਨ ਦਾ ਇੱਕੋ-ਇੱਕ ਰਾਹ

ਪਾਕਿਸਤਾਨ ਦੇ ਇਤਿਹਾਸਕ ਗੁਰਦੁਆਰਾ ਡੇਰਾ ਸਾਹਿਬ ਵਿਖੇ ਹਾਲ ਹੀ ਵਿੱਚ ਜੋ ਕੁਝ ਦੇਖਣ ਨੂੰ ਮਿਲਿਆ, ਉਹ ਵਿਸ਼ਵ ਭਰ ਵਿੱਚ ਬੈਠੀ ਸਿੱਖ ਕੌਮ ਲਈ ਜਿੰਨਾ ਹੈਰਾਨੀਜਨਕ ਹੈ, ਉਨਾ ਹੀ ਚਿੰਤਾਜਨਕ ਵੀ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੁਨੀਆ ਭਰ ਤੋਂ ਆਏ ਸਿੱਖਾਂ ਨੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 16 ਜੂਨ ਨੂੰ ਮਨਾਇਆ ਸੀ, ਜਦੋਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ. ਜੀ. ਪੀ. ਸੀ.) ਵੱਲੋਂ ਪੰਜਾਬ ਤੋਂ ਗਏ ਸ਼ਰਧਾਲੂਆਂ ਨੇ 18 ਜੂਨ ਨੂੰ ਉਸੇ ਅਸਥਾਨ 'ਤੇ ਦੁਬਾਰਾ ਉਹੀ ਗੁਰਪੁਰਬ ਮਨਾਇਆ ਸੀ। ਇੱਕੋ ਸ਼ਹੀਦੀ ਦਿਹਾੜੇ ਨੂੰ ਇੱਕੋ ਜਗ੍ਹਾ 'ਤੇ ਦੋ ਵੱਖ-ਵੱਖ ਦਿਨਾਂ 'ਤੇ ਮਨਾਉਣਾ ਕੌਮ ਦੀ ਅੰਦਰੂਨੀ ਵੰਡ ਅਤੇ ਸੰਸਥਾਗਤ ਕਮਜ਼ੋਰੀ ਨੂੰ ਦੁਨੀਆ ਦੇ ਸਾਹਮਣੇ ਨੰਗਾ ਕਰਦਾ ਹੈ। ਹਾਲਾਂਕਿ, ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਯਤਨਾਂ ਸਦਕਾ 14 ਸਾਲ ਬਾਅਦ ਸ਼੍ਰੋਮਣੀ ਕਮੇਟੀ ਦੇ ਜਥੇ ਦਾ ਇਸ ਦਿਹਾੜੇ 'ਤੇ ਪਾਕਿਸਤਾਨ ਜਾਣਾ ਇੱਕ ਹਾਂ-ਪੱਖੀ ਕਦਮ ਹੈ, ਪਰ ਇਹ ਵੱਡਾ ਸਵਾਲ ਅਜੇ ਵੀ ਖੜ੍ਹਾ ਹੈ: ਨਾਨਕਸ਼ਾਹੀ ਕੈਲੰਡਰ ਦਾ ਮਸਲਾ ਹੱਲ ਕਿਉਂ ਨਹੀਂ ਹੋ ਰਿਹਾ, ਇਸ ਵਿੱਚ ਅੜਿੱਕਾ ਕੌਣ ਹੈ, ਅਤੇ ਸਾਡੀ ਸਰਵਉੱਚ ਲੀਡਰਸ਼ਿਪ ਇਸ 'ਤੇ ਚੁੱਪ ਕਿਉਂ ਹੈ ?

ਨਾਨਕਸ਼ਾਹੀ ਕੈਲੰਡਰ (ਮੂਲ 2003) ਸਿੱਖ ਕੌਮ ਦੀ ਵੱਖਰੀ ਪਛਾਣ ਅਤੇ ਵਿਗਿਆਨਕ ਸੋਚ ਦਾ ਪ੍ਰਤੀਕ ਸੀ, ਜਿਸ ਨੂੰ ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤਾ ਗਿਆ ਸੀ ਤਾਂ ਜੋ ਸਿੱਖ ਇਤਿਹਾਸ ਦੀਆਂ ਦਿਹਾੜੀਆਂ ਚੰਦਰਮਾ ਦੀ ਬਜਾਏ ਸੂਰਜੀ ਕੈਲੰਡਰ ਮੁਤਾਬਕ ਪੱਕੀਆਂ ਹੋ ਸਕਣ। ਪਰ ਇਸ ਦੀ ਆਮਦ ਤੋਂ ਹੀ ਵਿਵਾਦ ਸ਼ੁਰੂ ਹੋ ਗਏ ਸਨ।

ਪੁਰਾਤਨ ਪੰਥਕ ਜਥੇਬੰਦੀਆਂ ਅਤੇ ਸੰਪਰਦਾਵਾਂ ਦਾ ਵਿਰੋਧ: ਬਹੁਤ ਸਾਰੀਆਂ ਰਵਾਇਤੀ ਸੰਪਰਦਾਵਾਂ (ਜਿਵੇਂ ਦਮਦਮੀ ਟਕਸਾਲ ਅਤੇ ਕੁਝ ਨਿਹੰਗ ਜਥੇਬੰਦੀਆਂ) ਬਿਕ੍ਰਮੀ ਕੈਲੰਡਰ ਨੂੰ ਤਿਆਗਣ ਲਈ ਤਿਆਰ ਨਹੀਂ ਹਨ। ਉਹ ਇਤਿਹਾਸਕ ਗ੍ਰੰਥਾਂ ਅਤੇ ਮਰਯਾਦਾ ਦਾ ਹਵਾਲਾ ਦੇ ਕੇ ਪੁਰਾਣੇ ਤਰੀਕੇ ਨਾਲ ਹੀ ਦਿਹਾੜੇ ਮਨਾਉਣਾ ਚਾਹੁੰਦੀਆਂ ਹਨ।

ਸਾਲ 2010 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੈਲੰਡਰ ਵਿੱਚ ਕੁਝ ਸੋਧਾਂ ਕੀਤੀਆਂ ਗਈਆਂ, ਜਿਸ ਨੇ ਇਸ ਨੂੰ ਮੁੜ ਬਿਕ੍ਰਮੀ ਕੈਲੰਡਰ ਦੇ ਨੇੜੇ ਕਰ ਦਿੱਤਾ। ਇਸ ਨਾਲ ਸਿੱਖ ਜਗਤ ਦੋ ਹਿੱਸਿਆਂ ਵਿੱਚ ਵੰਡਿਆ ਗਿਆ-ਇੱਕ ਹਿੱਸਾ 'ਮੂਲ ਨਾਨਕਸ਼ਾਹੀ ਕੈਲੰਡਰ (2003)' ਨੂੰ ਮੰਨਦਾ ਹੈ (ਜਿਸ 'ਤੇ ਪਾਕਿਸਤਾਨ ਕਮੇਟੀ ਅਤੇ ਬਹੁਤੀਆਂ ਵਿਦੇਸ਼ੀ ਕਮੇਟੀਆਂ ਕਾਇਮ ਹਨ) ਅਤੇ ਦੂਜਾ ਹਿੱਸਾ ਸ਼੍ਰੋਮਣੀ ਕਮੇਟੀ ਦੇ 'ਸੋਧੇ ਹੋਏ ਕੈਲੰਡਰ' ਨੂੰ ਮੰਨਦਾ ਹੈ।

ਦੋਵਾਂ ਧਿਰਾਂ ਵੱਲੋਂ ਆਪਣੀ ਗੱਲ 'ਤੇ ਅੜੇ ਰਹਿਣ ਅਤੇ ਵਿਚਕਾਰਲਾ ਕੋਈ ਸਰਬ-ਪ੍ਰਵਾਨਿਤ ਰਾਹ ਨਾ ਲੱਭਣ ਦੀ ਜ਼ਿੱਦ ਨੇ ਇਸ ਮਸਲੇ ਨੂੰ ਹੋਰ ਉਲਝਾ ਦਿੱਤਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸੰਕਟ 'ਤੇ ਲੋੜੀਂਦੀ ਸਰਗਰਮੀ ਦਿਖਾਉਣ ਵਿੱਚ ਨਾਕਾਮ ਰਹੇ ਹਨ।

ਸ਼੍ਰੋਮਣੀ ਕਮੇਟੀ ਦੀ ਚੁੱਪ ਪਿੱਛੇ ਵੱਡਾ ਕਾਰਨ ਪੰਥਕ ਸਿਆਸਤ ਅਤੇ ਵੋਟ ਬੈਂਕ ਦਾ ਸੰਤੁਲਨ ਬਣਾ ਕੇ ਰੱਖਣ ਦੀ ਮਜਬੂਰੀ ਜਾਪਦੀ ਹੈ। ਉਹ ਕਿਸੇ ਵੀ ਰਵਾਇਤੀ ਸੰਪਰਦਾ, ਦਮਦਮੀ ਟਕਸਾਲ ਜਾਂ ਡੇਰੇ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ, ਜਿਸ ਕਾਰਨ ਠੋਸ ਫੈਸਲਾ ਲੈਣ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ। ਪਰ ਇਹ ਚੁੱਪ ਕੌਮ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਹਾਸੋਹੀਣੀ ਸਥਿਤੀ ਵਿੱਚ ਖੜ੍ਹਾ ਕਰ ਰਹੀ ਹੈ। ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਇਸ ਮਸਲੇ 'ਤੇ ਦ੍ਰਿੜਤਾ ਅਤੇ ਨਿਰਪੱਖਤਾ ਨਾਲ ਅਗਵਾਈ ਨਹੀਂ ਕਰਨਗੇ, ਤਾਂ ਕੌਮ ਵਿੱਚ ਦੁਵਿਧਾ ਹੋਰ ਵਧੇਗੀ।

ਸਿੱਖ ਬੁੱਧੀਜੀਵੀ, ਇਤਿਹਾਸਕਾਰ ਅਤੇ ਵਿਗਿਆਨਕ ਸੋਚ ਰੱਖਣ ਵਾਲੇ ਵਿਦਵਾਨ ਇਸ ਸਥਿਤੀ ਤੋਂ ਬੇਹੱਦ ਚਿੰਤਤ ਹਨ। ਉਹਨਾਂ ਦਾ ਕਹਿਣਾ ਹੈ:

ਸਰਦਾਰ ਗੁਰਤੇਜ ਸਿੰਘ ਆਈਏਐਸ ਮੁਤਾਬਕ ਨਾਨਕਸ਼ਾਹੀ ਕੈਲੰਡਰ ਸਿਰਫ਼ ਤਾਰੀਖ਼ਾਂ ਦਾ ਹਿਸਾਬ ਨਹੀਂ, ਬਲਕਿ ਸਿੱਖ ਕੌਮ ਦੀ ਸੁਤੰਤਰ ਅਤੇ ਵੱਖਰੀ ਹੋਂਦ ਦਾ ਪ੍ਰਤੀਕ ਹੈ। ਬਿਕ੍ਰਮੀ ਕੈਲੰਡਰ 'ਤੇ ਨਿਰਭਰਤਾ ਸਿੱਖ ਇਤਿਹਾਸ ਨੂੰ ਸਨਾਤਨੀ ਦੇ ਪ੍ਰਭਾਵ ਹੇਠ ਲਿਆਉਂਦੀ ਹੈ।ਉਨ੍ਹਾਂ ਦਾ ਤਰਕ ਹੈ ਕਿ 21ਵੀਂ ਸਦੀ ਵਿੱਚ ਜਦੋਂ ਦੁਨੀਆ ਸੂਰਜੀ ਕੈਲੰਡਰ ਮੁਤਾਬਕ ਚੱਲ ਰਹੀ ਹੈ, ਤਾਂ ਸਿੱਖ ਕੌਮ ਨੂੰ ਆਪਣੇ ਗੁਰਪੁਰਬਾਂ ਦੀਆਂ ਤਾਰੀਖ਼ਾਂ ਹਰ ਸਾਲ ਬਦਲਣ ਦੀ ਬਜਾਏ ਪੱਕੀਆਂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਵਿਦੇਸ਼ਾਂ ਵਿੱਚ ਬੈਠੀ ਨਵੀਂ ਪੀੜ੍ਹੀ ਅਤੇ ਸਕੂਲਾਂ/ਦਫ਼ਤਰਾਂ ਵਿੱਚ ਛੁੱਟੀਆਂ ਦਾ ਪ੍ਰਬੰਧ ਸਹੀ ਤਰੀਕੇ ਨਾਲ ਹੋ ਸਕੇ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਦੇਸ਼-ਵਿਦੇਸ਼ ਦੇ ਪ੍ਰਮੁੱਖ ਵਿਦਵਾਨਾਂ, ਖਗੋਲ-ਵਿਗਿਆਨੀਆਂ, ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਦੇ ਨੁਮਾਇੰਦਿਆਂ, ਅਤੇ ਸਮੂਹ ਸੰਪਰਦਾਵਾਂ ਦੀ ਇੱਕ ਉੱਚ-ਪੱਧਰੀ ਕਮੇਟੀ ਬਣਾਈ ਜਾਵੇ, ਜੋ ਸਿਆਸਤ ਤੋਂ ਉੱਪਰ ਉੱਠ ਕੇ ਇੱਕ 'ਸਰਬ-ਪ੍ਰਵਾਨਿਤ ਕੈਲੰਡਰ' ਤਿਆਰ ਕਰੇ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇੱਕੋ ਗੁਰਪੁਰਬ ਨੂੰ ਦੋ-ਦੋ ਵਾਰ ਮਨਾਉਣਾ ਸਿੱਖ ਰਹਿਤ ਮਰਯਾਦਾ ਅਤੇ ਏਕਤਾ ਦੇ ਸਿਧਾਂਤ ਦੇ ਉਲਟ ਹੈ। ਜੇਕਰ ਅੱਜ ਇਸ ਮਸਲੇ ਨੂੰ ਹੱਲ ਨਾ ਕੀਤਾ ਗਿਆ, ਤਾਂ ਭਵਿੱਖ ਵਿੱਚ ਅਜਿਹੇ ਕਈ ਹੋਰ ਵਿਵਾਦ ਕੌਮੀ ਪਲੇਟਫਾਰਮਾਂ 'ਤੇ ਦੇਖਣ ਨੂੰ ਮਿਲਣਗੇ, ਜੋ ਸਿੱਖ ਸੰਸਥਾਵਾਂ ਦੀ ਸਾਖ ਨੂੰ ਢਾਹ ਲਾਉਣਗੇ।

ਹੁਣ ਸਮਾਂ ਆ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਬਾਕੀ ਸਿੰਘ ਸਾਹਿਬਾਨ ਅੱਗੇ ਆਉਣ, ਨਿੱਜੀ ਅਤੇ ਸਿਆਸੀ ਹਿੱਤਾਂ ਨੂੰ ਲਾਂਭੇ ਰੱਖ ਕੇ ਪਹਿਲਕਦਮੀ ਕਰਨ, ਅਤੇ ਕੌਮ ਨੂੰ ਇੱਕੋ ਸਰਬ-ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਦੇ ਕੇ ਇਸ ਨਮੋਸ਼ੀ ਭਰੇ ਦੌਰ ਵਿੱਚੋਂ ਬਾਹਰ ਕੱਢਣ। ਕੌਮ ਦੀ ਏਕਤਾ ਹੀ ਸਭ ਤੋਂ ਵੱਡਾ ਸਰਮਾਇਆ ਹੈ, ਅਤੇ ਇਸ ਨੂੰ ਬਚਾਉਣਾ ਅੱਜ ਦੀ ਸਭ ਤੋਂ ਮੁੱਖ ਲੋੜ ਹੈ।

## ਜਥੇਦਾਰ ਮਾਮਲਾ ਹੱਲ ਕਰੇ



ਨਾਨਕਸ਼ਾਹੀ ਕਲੰਡਰ ਦੇ ਇਸ ਗੰਭੀਰ ਵਿਵਾਦ ਨੂੰ ਸੁਲਝਾਉਣ ਅਤੇ ਵਿਸ਼ਵ ਭਰ ਦੀ ਸਿੱਖ ਸੰਗਤ ਨੂੰ ਇੱਕੋ ਪਲੇਟਫਾਰਮ 'ਤੇ ਲਿਆਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਵੱਲੋਂ ਨਿਮਨਲਿਖਤ ਠੋਸ ਅਤੇ ਦਲੇਰਾਨਾ ਕਦਮ ਚੁੱਕੇ ਜਾ ਸਕਦੇ ਹਨ:

ਸਭ ਤੋਂ ਪਹਿਲਾਂ ਸਿਆਸੀ ਅਤੇ ਧੜੇਬੰਦਕ ਹਿੱਤਾਂ ਤੋਂ ਉੱਪਰ ਉੱਠ ਕੇ ਇੱਕ ਅਜਿਹੀ ਕਮੇਟੀ ਬਣਾਈ ਜਾਵੇ ਜਿਸ ਵਿੱਚ:

ਵਿਸ਼ਵ ਭਰ ਦੇ ਸਿੱਖ ਕਲੰਡਰ ਵਿਗਿਆਨੀ ਅਤੇ ਖਗੋਲ ਵਿਗਿਆਨੀ ਸ਼ਾਮਲ ਹੋਣ।

ਮੂਲ ਨਾਨਕਸ਼ਾਹੀ ਕਲੰਡਰ (2003) ਅਤੇ ਸੋਧੇ ਹੋਏ ਕਲੰਡਰ (2010) ਦੇ ਸਮਰਥਕਾਂ ਦੇ ਨੁਮਾਇੰਦੇ ਹੋਣ।

ਦੇਸ਼-ਵਿਦੇਸ਼ ਦੀਆਂ ਪ੍ਰਮੁੱਖ ਸੰਸਥਾਵਾਂ (ਜਿਵੇਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਕਮੇਟੀ, ਅਤੇ ਅਮਰੀਕਾ-ਕੈਨੇਡਾ ਦੀਆਂ ਮੁੱਖ ਜਥੇਬੰਦੀਆਂ) ਦੇ ਆਗੂ ਸ਼ਾਮਲ ਕੀਤੇ ਜਾਣ।


ਇਸ ਕਮੇਟੀ ਨੂੰ ਤਕਨੀਕੀ ਅਤੇ ਇਤਿਹਾਸਕ ਤੱਥਾਂ ਦੇ ਅਧਾਰ 'ਤੇ ਇੱਕ ਸਰਬ-ਪ੍ਰਵਾਨਿਤ ਖਰੜਾ ਤਿਆਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਵੇ।

ਮਸਲੇ ਦੇ ਹੱਲ ਲਈ ਦੋਵਾਂ ਪੱਖਾਂ ਨੂੰ ਮਿਲ ਬੈਠਣਾ ਪਵੇਗਾ। ਮੂਲ ਕਲੰਡਰ (2003) ਪੂਰੀ ਤਰ੍ਹਾਂ ਵਿਗਿਆਨਕ ਹੈ ਕਿਉਂਕਿ ਇਹ ਸੂਰਜੀ ਸਾਲ 'ਤੇ ਅਧਾਰਿਤ ਹੈ ਅਤੇ ਤਰੀਕਾਂ ਨੂੰ ਪੱਕਾ ਰੱਖਦਾ ਹੈ। ਜਥੇਦਾਰ ਸਾਹਿਬ ਰੂੜੀਵਾਦੀ ਧੜਿਆਂ (ਜਿਵੇਂ ਸੰਤ ਸਮਾਜ ਜਾਂ ਕੁਝ ਡੇਰੇ) ਨੂੰ ਇਹ ਗੱਲ ਸਮਝਾਉਣ ਵਿੱਚ ਅਗਵਾਈ ਕਰ ਸਕਦੇ ਹਨ ਕਿ ਵਿਗਿਆਨਕ ਕਲੰਡਰ ਅਪਣਾਉਣ ਨਾਲ ਸਿੱਖ ਇਤਿਹਾਸ ਦੀਆਂ ਤਰੀਕਾਂ ਸਦੀਆਂ ਤੱਕ ਬਦਲਣਗੀਆਂ ਨਹੀਂ। ਦੂਜੇ ਪਾਸੇ, ਜੇਕਰ ਰਵਾਇਤ ਮੁਤਾਬਕ 1-2 ਬਹੁਤ ਅਹਿਮ ਦਿਹਾੜਿਆਂ (ਜਿਵੇਂ ਦੀਵਾਲੀ/ਬੰਦੀ ਛੋੜ ਦਿਵਸ ਜਾਂ ਹੋਲਾ ਮਹੱਲਾ) ਨੂੰ ਲੈ ਕੇ ਕੋਈ ਵੱਡਾ ਮਤਭੇਦ ਹੈ, ਤਾਂ ਉਸ ਲਈ ਕੋਈ ਵਿਚਕਾਰਲਾ ਰਾਹ ਲੱਭਿਆ ਜਾ ਸਕਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਸ਼ਵ ਭਰ ਦੇ ਸਿੱਖ ਪ੍ਰਤੀਨਿਧਾਂ ਦਾ ਇੱਕ ਵਿਸ਼ੇਸ਼ ਸੰਮੇਲਨ ਬੁਲਾਇਆ ਜਾਵੇ। ਜਦੋਂ ਸਾਰੀਆਂ ਧਿਰਾਂ ਅਕਾਲ ਤਖ਼ਤ ਸਾਹਿਬ ਦੀ ਛੱਤਰ-ਛਾਇਆ ਹੇਠ ਬੈਠਣਗੀਆਂ, ਤਾਂ ਬਾਹਰੀ ਸਿਆਸੀ ਤਾਕਤਾਂ ਜਾਂ ਸੰਘ ਪਰਿਵਾਰ ਵਰਗੇ ਅੜਿੱਕਿਆਂ ਦਾ ਪ੍ਰਭਾਵ ਆਪਣੇ ਆਪ ਖ਼ਤਮ ਹੋ ਜਾਵੇਗਾ। ਇਸ ਸੰਮੇਲਨ ਵਿੱਚ ਹਰ ਪੱਖ ਨੂੰ ਖੁੱਲ੍ਹ ਕੇ ਆਪਣੀ ਗੱਲ ਰੱਖਣ ਦਾ ਮੌਕਾ ਮਿਲੇ ਅਤੇ ਆਖਰ ਵਿੱਚ ਸਾਂਝੀ ਰਾਏ ਬਣਾਈ ਜਾਵੇ।

ਸਭ ਤੋਂ ਮਹੱਤਵਪੂਰਨ ਕਦਮ ਇਹ ਹੈ ਕਿ ਜਥੇਦਾਰ ਸਾਹਿਬਾਨ ਕਿਸੇ ਖ਼ਾਸ ਸਿਆਸੀ ਪਾਰਟੀ ਜਾਂ ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਦਬਾਅ ਤੋਂ ਮੁਕਤ ਹੋ ਕੇ ਫੈਸਲਾ ਲੈਣ। ਜਦੋਂ ਕਮੇਟੀ ਅਤੇ ਸੰਮੇਲਨ ਰਾਹੀਂ ਇੱਕ ਸਰਬ-ਪ੍ਰਵਾਨਿਤ ਕਲੰਡਰ ਫਾਈਨਲ ਹੋ ਜਾਵੇ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇੱਕ ਅਜਿਹਾ 'ਹੁਕਮਨਾਮਾ' ਜਾਂ 'ਸੰਦੇਸ਼' ਜਾਰੀ ਹੋਵੇ ਜੋ ਪੂਰੀ ਦੁਨੀਆ ਦੇ ਸਿੱਖਾਂ ਲਈ ਮੰਨਣਾ ਲਾਜ਼ਮੀ ਹੋਵੇ।

ਸਾਰ-ਅੰਸ਼: ਅੜਿੱਕਾ ਤਾਰੀਖਾਂ ਦਾ ਨਹੀਂ, ਸੰਵਾਦ ਦੀ ਕਮੀ ਦਾ ਹੈ। ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦ੍ਰਿੜ੍ਹ ਇਰਾਦਾ ਦਿਖਾਉਣ, ਤਾਂ ਉਹ ਸਾਰੀ ਕੌਮ ਨੂੰ ਇੱਕੋ ਮੇਜ਼ 'ਤੇ ਬਿਠਾ ਕੇ ਇਸ 23 ਸਾਲ ਪੁਰਾਣੇ ਵਿਵਾਦ ਨੂੰ ਹਮੇਸ਼ਾ ਲਈ ਖ਼ਤਮ ਕਰ ਸਕਦੇ ਹਨ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਅਮੀਰੀ : ਇਕ ਗੁਨਾਹ, ਜਿਸਦੀ ਸ਼ਕਲ ਪੁੰਨ ਵਰਗੀ ਹੈ ਤੇ ਜਿਸਦਾ ਫਲ ਪਹਿਲਾਂ ਮਿਲਦਾ ਹੈ ਤੇ ਸਜਾ ਬਾਅਦ ਵਿਚ।

# ਅਮਰੀਕੀ ਸੈਨੇਟ ਦਾ ਫੈਸਲਾ ਅਤੇ ਟਰੰਪ ਦੀਆਂ ਜੰਗੀ ਸ਼ਕਤੀਆਂ ਉਪਰ ਲਗਾਮ

ਅਮਰੀਕੀ ਸੈਨੇਟ ਵੱਲੋਂ ਇਰਾਨ ਵਿਰੁੱਧ ਜੰਗੀ ਕਾਰਵਾਈਆਂ ਨੂੰ ਲੈ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸ਼ਕਤੀਆਂ ਨੂੰ ਸੀਮਤ ਕਰਨ ਵਾਲਾ ਪ੍ਰਸਤਾਵ ਪਾਸ ਕਰਨਾ ਵਿਸ਼ਵ ਰਾਜਨੀਤੀ ਅਤੇ ਅਮਰੀਕਾ ਦੇ ਅੰਦਰੂਨੀ ਲੋਕਤੰਤਰ ਲਈ ਇੱਕ ਬਹੁਤ ਵੱਡਾ ਸੰਕੇਤ ਹੈ। 50-48 ਦੇ ਬਹੁਮਤ ਨਾਲ ਪਾਸ ਹੋਏ ਇਸ ਪ੍ਰਸਤਾਵ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਭਾਵੇਂ ਕੋਈ ਦੇਸ਼ ਕਿੰਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਉੱਥੋਂ ਦੀ ਸੰਸਦ (ਕਾਂਗਰਸ) ਇੱਕਪਾਸੜ ਫੈਸਲਿਆਂ ਅਤੇ ਜੰਗੀ ਜਨੂੰਨ ਨੂੰ ਨੱਥ ਪਾਉਣ ਦੀ ਤਾਕਤ ਰੱਖਦੀ ਹੈ। ਇਹ ਫੈਸਲਾ ਰਾਸ਼ਟਰਪਤੀ ਟਰੰਪ ਲਈ ਇੱਕ ਵੱਡਾ ਸਿਆਸੀ ਝਟਕਾ ਹੈ, ਖ਼ਾਸ ਕਰਕੇ ਉਦੋਂ ਜਦੋਂ ਉਨ੍ਹਾਂ ਦੀ ਆਪਣੀ ਰਿਪਬਲਿਕਨ ਪਾਰਟੀ ਦੇ ਚਾਰ ਸਾਂਸਦਾਂ ਨੇ ਪਾਰਟੀ ਲਾਈਨ ਤੋਂ ਉੱਪਰ ਉੱਠ ਕੇ ਇਸ ਪ੍ਰਸਤਾਵ ਦਾ ਸਮਰਥਨ ਕੀਤਾ।

ਇਹ ਪ੍ਰਸਤਾਵ 1973 ਦੇ 'ਵਾਰ ਪਾਵਰਜ਼ ਰੈਜ਼ੋਲਿਊਸ਼ਨ' ਤਹਿਤ ਲਿਆਂਦਾ ਗਿਆ ਹੈ, ਜਿਸ ਦਾ ਮੁੱਖ ਮਨੋਰਥ ਰਾਸ਼ਟਰਪਤੀ ਦੀ ਮਨਮਰਜ਼ੀ ਨਾਲ ਜੰਗ ਛੇੜਨ ਦੀ ਸ਼ਕਤੀ ਨੂੰ ਰੋਕਣਾ ਹੈ। ਨਵੇਂ ਨਿਯਮ ਮੁਤਾਬਕ, ਜੇਕਰ ਅਮਰੀਕਾ 'ਤੇ ਕੋਈ ਤੁਰੰਤ ਵੱਡਾ ਖ਼ਤਰਾ ਨਹੀਂ ਹੈ, ਤਾਂ ਰਾਸ਼ਟਰਪਤੀ ਸੰਸਦ ਦੀ ਮਨਜ਼ੂਰੀ ਤੋਂ ਬਿਨਾਂ ਇਰਾਨ ਵਿਰੁੱਧ ਕੋਈ ਨਵੀਂ ਫ਼ੌਜੀ ਕਾਰਵਾਈ ਨਹੀਂ ਕਰ ਸਕਦੇ। ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ ਜਦੋਂ ਜੇਨੇਵਾ ਵਿੱਚ ਅਮਰੀਕਾ ਅਤੇ ਇਰਾਨ ਦਰਮਿਆਨ ਜੰਗਬੰਦੀ ਅਤੇ ਸ਼ਾਂਤੀ ਸਮਝੌਤੇ ਨੂੰ ਲੈ ਕੇ ਗੱਲਬਾਤ ਚੱਲ ਰਹੀ ਹੈ। ਅਜਿਹੇ ਨਾਜ਼ੁਕ ਮੋੜ 'ਤੇ ਅਮਰੀਕੀ ਸੰਸਦ ਦਾ ਇਹ ਫੈਸਲਾ ਵਾਈਟ ਹਾਊਸ ਨੂੰ ਸਪੱਸ਼ਟ ਸੰਦੇਸ਼ ਦਿੰਦਾ ਹੈ ਕਿ ਦੁਨੀਆ ਹੁਣ ਗੋਲ਼ੀਬਾਰੀ ਦੀ ਬਜਾਏ ਗੱਲਬਾਤ ਅਤੇ ਕੂਟਨੀਤੀ ਰਾਹੀਂ ਮਸਲੇ ਹੱਲ ਹੁੰਦੇ ਦੇਖਣਾ ਚਾਹੁੰਦੀ ਹੈ।

ਟਰੰਪ ਪ੍ਰਸ਼ਾਸਨ ਲਈ ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਇਰਾਨ ਦੇ ਮੁੱਦੇ 'ਤੇ ਉਨ੍ਹਾਂ ਨੂੰ ਆਪਣੀ ਹੀ ਪਾਰਟੀ ਦੇ ਅੰਦਰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚਾਰ ਰਿਪਬਲਿਕਨ ਸਾਂਸਦਾਂ-ਰੈਂਡ ਪਾਲ, ਸੁਸਾਨ ਕਾਲਿਨਜ਼, ਲਿਸਾ ਮਰਕੋਵਸਕੀ ਅਤੇ ਬਿਲ ਕੈਸੀਡੀ-ਵੱਲੋਂ ਵਿਰੋਧੀ ਡੈਮੋਕ੍ਰੇਟਸ ਦਾ ਸਾਥ ਦੇਣਾ ਇਹ ਦਰਸਾਉਂਦਾ ਹੈ ਕਿ ਅਮਰੀਕੀ ਸਿਆਸਤਦਾਨ ਹੁਣ ਬਿਨਾਂ ਸੋਚੇ-ਸਮਝੇ ਖਾੜੀ ਦੇਸ਼ਾਂ ਵਿੱਚ ਇੱਕ ਹੋਰ ਲੰਮੀ ਜੰਗ ਸਹੇੜਨ ਦੇ ਹੱਕ ਵਿੱਚ ਨਹੀਂ ਹਨ।

ਹਾਲਾਂਕਿ, ਇਸ ਪ੍ਰਸਤਾਵ ਦੇ ਤੁਰੰਤ ਕਾਨੂੰਨੀ ਅਸਰ ਨੂੰ ਲੈ ਕੇ ਬਹਿਸ ਅਜੇ ਵੀ ਜਾਰੀ ਹੈ। ਵਾਰ ਪਾਵਰਜ਼ ਐਕਟ ਤਹਿਤ ਪਾਸ ਅਜਿਹੇ ਪ੍ਰਸਤਾਵ ਸਿੱਧੇ ਕਾਨੂੰਨ ਨਹੀਂ ਬਣਦੇ ਅਤੇ ਨਾ ਹੀ ਇਹ ਰਾਸ਼ਟਰਪਤੀ ਦੇ ਦਸਤਖਤਾਂ ਲਈ ਭੇਜੇ ਜਾਂਦੇ ਹਨ। ਟਰੰਪ ਪ੍ਰਸ਼ਾਸਨ ਇਸ ਨੂੰ ਪਹਿਲਾਂ ਹੀ 'ਗ਼ੈਰ-ਸੰਵਿਧਾਨਕ' ਕਰਾਰ ਦੇ ਚੁੱਕਾ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਇਸ ਮੁੱਦੇ 'ਤੇ ਅਦਾਲਤੀ ਲੜਾਈ ਦੇਖਣ ਨੂੰ ਮਿਲ ਸਕਦੀ ਹੈ।

ਕਾਨੂੰਨੀ ਦਾਅ-ਪੇਚ ਜੋ ਵੀ ਹੋਣ, ਪਰ ਸੈਨੇਟ ਦੇ ਇਸ ਕਦਮ ਨੇ ਟਰੰਪ ਦੀ ਹਮਲਾਵਰ ਵਿਦੇਸ਼ ਨੀਤੀ 'ਤੇ ਨੈਤਿਕ ਅਤੇ ਰਾਜਨੀਤਿਕ ਦਬਾਅ ਜ਼ਰੂਰ ਬਣਾ ਦਿੱਤਾ ਹੈ। ਇਹ ਫੈਸਲਾ ਦੁਨੀਆ ਭਰ ਦੇ ਲੋਕਤੰਤਰਾਂ ਲਈ ਇੱਕ ਮਿਸਾਲ ਹੈ ਕਿ ਜਦੋਂ ਦੇਸ਼ ਦੇ ਮੁਖੀ ਜੰਗ ਦੇ ਰਾਹ ਤੁਰਨ ਲੱਗਣ, ਤਾਂ ਸੰਸਦ ਨੂੰ ਦੇਸ਼ ਦੀ ਅਮਨ-ਸ਼ਾਂਤੀ ਅਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਆਪਣੀ ਆਵਾਜ਼ ਬੁਲੰਦ ਕਰਨੀ ਹੀ ਪੈਂਦੀ ਹੈ। ਜੇਕਰ ਅਮਰੀਕਾ ਇਰਾਨ ਨਾਲ ਸ਼ਾਂਤੀ ਸਮਝੌਤੇ ਵੱਲ ਵਧਦਾ ਹੈ, ਤਾਂ ਇਹ ਨਾ ਸਿਰਫ਼ ਇਨ੍ਹਾਂ ਦੋਵਾਂ ਦੇਸ਼ਾਂ ਲਈ, ਸਗੋਂ ਪੂਰੀ ਦੁਨੀਆ ਦੀ ਆਰਥਿਕਤਾ ਅਤੇ ਸੁਰੱਖਿਆ ਲਈ ਇੱਕ ਸ਼ੁਭ ਸ਼ਗਨ ਹੋਵੇਗਾ।

-ਰਜਿੰਦਰ ਸਿੰਘ ਪੁਰੇਵਾਲ

# ਵਿਸਕਾਨਸਿਨ ਦੀ ਵੱਡੀ ਮਸਜ਼ਿਦ ਦੇ ਮੁਖੀ ਨੂੰ ਰਿਹਾਅ ਕਰਨ ਦਾ ਆਦੇਸ਼



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਇੱਕ ਸੰਘੀ ਜੱਜ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਵਿਸਕਾਨਸਿਨ ਦੀ ਸਭ ਤੋਂ ਵੱਡੀ ਮਸਜਿਦ ਦੇ ਮੁਖੀ ਨੂੰ ਹਿਰਾਸਤ ਤੋਂ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ। ਉਸ ਨੂੰ ਫਲਸਤੀਨੀ ਅਧਿਕਾਰਾਂ ਦੇ ਹੱਕ ਵਿੱਚ ਬੋਲਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕਾ ਦੇ ਸਥਾਈ ਵਾਸੀ ਸਲਾਹ ਸਰਸੌਰ ਨੂੰ 30 ਮਾਰਚ ਨੂੰ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ ਏਜੰਟਾਂ ਦੁਆਰਾ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਉਹ ਦੇਸ਼ ਲਈ ਖ਼ਤਰਾ ਹੈ, ਪਰ ਸਰਸੌਰ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਸ ਨੂੰ ਅਸਲ ਵਿੱਚ ਇਜ਼ਰਾਈਲ ਵਿਰੁੱਧ ਬੋਲਣ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ। ਅਮਰੀਕੀ ਜ਼ਿਲਾ ਜੱਜ ਜੇਮਜ਼ ਪੈਟ੍ਰਿਕ ਹੈਨਲੋਨ ਨੇ ਆਪਣੇ ਫੈਸਲੇ ਵਿੱਚ ਲਿਖਿਆ ਕਿ ਆਈ ਸੀ ਈ ਅਤੇ ਗ੍ਰਹਿ ਸੁਰੱਖਿਆ ਵਿਭਾਗ ਦੇ ਵਕੀਲਾਂ ਨੇ ਦੋਸ਼ਾਂ ਦੇ ਹੱਕ ਵਿੱਚ ਕਾਫ਼ੀ ਸਬੂਤ ਪ੍ਰਦਾਨ ਨਹੀਂ ਕੀਤੇ, ਅਤੇ ਨਾ ਹੀ ਉਨਾਂ ਨੇ ਇਹ ਸਪੱਸ਼ਟ ਕੀਤਾ ਕਿ ਅਮਰੀਕਾ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਕਾਨੂੰਨੀ ਨਿਵਾਸ ਤੋਂ ਬਾਅਦ ਸਰਸੌਰ ਨੂੰ ਅਚਾਨਕ ਖ਼ਤਰਾ ਕਿਉਂ ਮੰਨਿਆ ਗਿਆ ਹੈ। ਅਦਾਲਤ ਦੇ ਫੈਸਲੇ ਉਪਰੰਤ ਕੁਝ ਹੀ ਘੰਟਿਆਂ ਬਾਅਦ ਸਰਸੌਰ ਨੂੰ ਰਿਹਾਅ ਕਰ ਦਿੱਤਾ ਗਿਆ। ਰਿਹਾਈ ਉਪਰੰਤ ਉਸ ਨੇ ਕਿਹਾ ਮੈਂ ਆਪਣੇ ਪਰਿਵਾਰ ਨਾਲ ਮਿਲ ਕੇ ਬਹੁਤ ਰਾਹਤ ਮਹਿਸੂਸ ਕਰ ਰਿਹਾ ਹਾਂ। 80 ਦਿਨਾਂ ਤੋਂ ਬਾਅਦ ਮੈਂ ਤਾਜ਼ੀ ਹਵਾ ਵਿਚ ਸਾਹ ਲੈ ਰਿਹਾ ਹਾਂ। ਉਸ ਨੇ ਕਿਹਾ ਕਿ ਉਹ ਫਲਸਤੀਨ ਅਤੇ ਮਨੁੱਖਤਾ ਦੇ ਹੱਕ ਵਿੱਚ ਬੋਲਣਾ ਕਦੇ ਨਹੀਂ ਛੱਡੇਗਾ, ਭਾਵੇਂ ਮੈਂ ਕਿਤੇ ਵੀ ਹੋਵਾਂ।

## NEWS & VIEWS


Gurmukh Singh
OBE

# UNFORGIVEABLE RESPONSE BY NIGEL FARAGE TO THE MURDER OF HENRY NOWAK:

**-His suitability to become Prime Minister of One Nation in doubt. -A possible setback for Reform Party**

British Sikhs would agree with Prime Minister, Sir Keir Starmer, that comments by Reform UK leader Nigel Farage in response to the murder of Henry Nowak were *unforgivable*. There was cross-party condemnation in the Parliament.

Nigel Farage exploited the crime by an individual Sikh for creating division, leading to breakdown of law and order and extreme right violence. He refused to condemn violent protests in Southampton, which injured 11 police officers, after he called for *pure cold rage* in response to the crime. He conflated general discontent in the country for various reasons, for example, against uncontrolled immigration, to endanger British Sikhs.

Nigel Farage ignored the public appeal by the Nowak family not to exploit the crime to incite hatred against a whole community. His choice to ignore this plea and double down on his rhetoric alienated moderate voters who viewed his actions as deeply disrespectful. He rushed to make statements without consulting his own advisers and, especially, Sikh members of his Party. As a result, according to one report, *Reform UK is facing internal turmoil, with British Sikh activists expressing fury over how Farage and Reform Chairman Zia Yusuf handled the tragedy. Reform UK had actively courted Sikh voters and fielded dozens of British Sikh candidates in the 2026 local elections. This controversy severely threatens those hard-won alliances.*

Disillusioned with Labour Manifesto promises, including those made to British Sikhs, many did vote for Reform UK in the last General Election. In our area, Prabhjot Singh stood as Reform candidate from Feltham and Heston and secured over 5,000 votes. Sikh supporters like him could have been consulted by Nigel Farage before making his *pure cold rage* statement. As a result, probably the most law-abiding, loyal, least dependent community, well aligned with British values, has been targeted by extreme right elements.

The question in most minds is if Nigel Farage is the right person to become the Prime Minister of *One Nation.* That he is capable of exploiting divisions and discontent for political gain, even to cover up own failures to deliver election promises if he becomes Prime Minister.

The general view is that *such a controversial rhetoric following the Henry Nowak murder has significantly polarized his path toward Downing Street, hardening opposition among mainstream voters while threatening crucial electoral inroads of Reform UK with minority communities. His highly publicized response to the tragedy has fundamentally reshaped his political standing in several ways.*

There is a backlash from the Sikh community. Their daily lives have been endangered by increased racial attacks. Their rights to wear Sikh Kakaars, incrementally won through the legal process, are being questioned.

Political opponents and commentators explicitly linked his *pure cold rage* comments to subsequent right-wing rioting and attacks on police in Southampton, solidifying his image among critics as a threat to national security.

As stressed last week, Sikh condemnation of a crime by one misguided individual, has been spontaneous. A *Statement* has been issued from the highest Sikh theo-temporal Institution, Sri Akal Takht Sahib; deep condolences to the Nowak family have been expressed and Ardas (prayers) at Gurdwaras have been recited. All to stress the core Sikhi principles, including the central Sikhi theme of Sarbat da Bhala, the well-being of all humanity. Global Panthic response to Henry Nowak killing has been an exemplary precedent for all British minorities

Gurmukh Singh OBE, Ret'd Principal Civil Servant (UK) sewauk2005@yahoo.co.uk

# 15 ਜੁਲਾਈ 2026 ਤੋਂ ਪੂਰੀ ਤਰ੍ਹਾਂ ਲਾਗੂ ਹੋ ਜਾਵੇਗਾ ਭਾਰਤ ਅਤੇ ਬ੍ਰਿਟੇਨ (UK) ਵਿਚਾਲੇ ਮੁਕਤ ਵਪਾਰ ਸਮਝੌਤਾ
## ਫਰਾਂਸ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਵਿਚਕਾਰ ਅਹਿਮ ਮੁਲਾਕਾਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਅਤੇ ਬਰਤਾਨੀਆ ਵਿਚਾਲੇ ਮੁਕਤ ਵਪਾਰ ਸਮਝੌਤੇ ਨੂੰ ਲੈ ਕੇ ਇੱਕ ਇਤਿਹਾਸਕ ਅਤੇ ਬਹੁਤ ਵੱਡੀ ਸਫ਼ਲਤਾ ਮਿਲੀ ਹੈ।ਜੀ7 ਸੰਮੇਲਨ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵਿਚਾਲੇ ਹੋਈ ਅਹਿਮ ਮੁਲਾਕਾਤ ਤੋਂ ਬਾਅਦ ਇਹ ਅਧਿਕਾਰਤ ਐਲਾਨ ਕੀਤਾ ਗਿਆ ਹੈ ਕਿ ਇਹ ਇਤਿਹਾਸਕ ਵਪਾਰਕ ਸਮਝੌਤਾ 15 ਜੁਲਾਈ 2026 ਤੋਂ ਪੂਰੀ ਤਰ੍ਹਾਂ ਲਾਗੂ ਹੋਣ ਜਾ ਰਿਹਾ ਹੈ।

ਇਸ ਸਮਝੌਤੇ ਦੇ ਲਾਗੂ ਹੋਣ ਨਾਲ ਦੋਵਾਂ ਦੇਸ਼ਾਂ ਵਿਚਾਲੇ ਦੁਵੱਲਾ ਵਪਾਰ ਹਰ ਸਾਲ ਲਗਭਗ 25.5 ਅਰਬ ਪੌਂਡ ਵਧਣ ਦੀ ਉਮੀਦ ਹੈ। ਸਾਲ 2030 ਤੱਕ ਦੋਵਾਂ ਦੇਸ਼ਾਂ ਵਿਚਾਲੇ ਕੁੱਲ ਵਪਾਰ ਨੂੰ 100 ਅਰਬ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਰੱਖਿਆ ਗਿਆ ਹੈ।

ਬਰਤਾਨੀਆ ਦੇ ਬਾਜ਼ਾਰ ਵਿੱਚ ਭਾਰਤ ਦੇ 99% ਉਤਪਾਦਾਂ ਨੂੰ ਬਿਨਾਂ ਕਿਸੇ ਕਸਟਮ ਡਿਊਟੀ (ਜ਼ੀਰੋ-ਟੈਰਿਫ਼) ਦੇ ਐਂਟਰੀ ਮਿਲੇਗੀ। ਇਸ ਨਾਲ ਭਾਰਤ ਦੇ ਕੱਪੜਾ ਉਦਯੋਗ, ਚਮੜਾ, ਫੁੱਟਵੀਅਰ, ਖਾਣ-ਪੀਣ ਤੇ ਇੰਜੀਨੀਅਰਿੰਗ ਵਰਗੇ ਖੇਤਰਾਂ ਨੂੰ ਬਹੁਤ ਵੱਡਾ ਹੁਲਾਰਾ ਮਿਲੇਗਾ ਅਤੇ ਰੁਜ਼ਗਾਰ ਦੇ ਲੱਖਾਂ ਨਵੇਂ ਮੌਕੇ ਪੈਦਾ ਹੋਣਗੇ।

ਭਾਰਤ ਸਰਕਾਰ ਬਰਤਾਨੀਆ ਤੋਂ ਆਉਣ ਵਾਲੀਆਂ ਚੀਜ਼ਾਂ 'ਤੇ ਟੈਕਸ ਘਟਾਏਗੀ। ਉਦਾਹਰਨ ਲਈ, ਬ੍ਰਿਟਿਸ਼ ਸਕਾਚ ਵਿਸਕੀ 'ਤੇ ਇੰਪੋਰਟ ਡਿਊਟੀ 150% ਤੋਂ ਘਟਾ ਕੇ 40% ਕਰ ਦਿੱਤੀ ਜਾਵੇਗੀ। ਇਸੇ ਤਰ੍ਹਾਂ ਬ੍ਰਿਟਿਸ਼ ਕਾਰਾਂ 'ਤੇ ਵੀ ਟੈਕਸ 100% ਤੋਂ ਘਟਾ ਕੇ ਕੋਟੇ ਦੇ ਤਹਿਤ 10% ਤੱਕ ਲਿਆਂਦਾ ਜਾਵੇਗਾ। ਐਫ ਟੀ ਏ ਦੇ ਨਾਲ-ਨਾਲ 'ਡਬਲ ਕੰਟਰੀਬਿਊਸ਼ਨ ਕਨਵੈਨਸ਼ਨ' ਵੀ ਲਾਗੂ ਹੋ ਰਿਹਾ ਹੈ। ਇਸ ਦੇ ਤਹਿਤ ਜੇਕਰ ਕੋਈ ਭਾਰਤੀ ਪੇਸ਼ੇਵਰ (ਜਿਵੇਂ ਕਿ ਆਈ ਟੀ ਮਾਹਿਰ) ਕੰਮ ਦੇ ਸਿਲਸਿਲੇ ਵਿੱਚ 5 ਸਾਲ (60 ਮਹੀਨੇ) ਤੱਕ ਬਰਤਾਨੀਆ ਜਾਂਦਾ ਹੈ, ਤਾਂ ਉਸ ਨੂੰ ਉੱਥੇ ਅਤੇ ਭਾਰਤ ਦੋਵਾਂ ਥਾਵਾਂ 'ਤੇ ਦੋਹਰਾ ਸੋਸ਼ਲ ਸਕਿਊਰਿਟੀ ਟੈਕਸ ਨਹੀਂ ਦੇਣਾ ਪਵੇਗਾ।

ਇਸ ਸਮਝੌਤੇ ਨੂੰ ਬਰਤਾਨੀਆ ਦੇ ਬ੍ਰੈਗਜ਼ਿਟ ਤੋਂ ਬਾਅਦ ਦਾ ਸਭ ਤੋਂ ਮਹੱਤਵਪੂਰਨ ਸਮਝੌਤਾ ਅਤੇ ਭਾਰਤ ਦਾ ਹੁਣ ਤੱਕ ਦਾ ਸਭ ਤੋਂ ਵਿਸ਼ਾਲ ਵਪਾਰਕ ਸਮਝੌਤਾ ਮੰਨਿਆ ਜਾ ਰਿਹਾ ਹੈ, ਜੋ ਦੋਵਾਂ ਦੇਸ਼ਾਂ ਦੀ ਆਰਥਿਕਤਾ ਦੀ ਨਵੀਂ ਤਸਵੀਰ ਲਿਖੇਗਾ।

# ਯੂ ਕੇ ਵਿੱਚ ਗਰੂਮਿੰਗ ਗੈਂਗ ਰਿਪੋਰਟ ਵਿੱਚ ਪਾਕਿਸਤਾਨੀ ਮੂਲ ਦੇ ਗੈਂਗਾਂ ਦਾ ਖੁਲਾਸਾ
## ਦੋਸ਼ੀਆਂ ਦੀ ਨਾਗਰਿਕਤਾ ਰੱਦ ਕਰਨ ਦੀ ਮੰਗ, ਰਿਪੋਰਟ ਵਿੱਚ ਸਿੱਖ ਭਾਈਚਾਰੇ ਵੱਲੋਂ ਗਰੂਮਿੰਗ ਗੈਂਗਾਂ ਦਾ ਮੁਕਾਬਲਾ ਕਰਨ ਦਾ ਵਿਸ਼ੇਸ਼ ਜ਼ਿਕਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਕੇ ਵਿੱਚ 'ਰੇਪ ਗੈਂਗਸ' (ਗਰੂਮਿੰਗ ਗੈਂਗਸ) ਦੇ ਮੁੱਦੇ 'ਤੇ ਸਾਹਮਣੇ ਆਈ ਨਵੀਂ ਜਾਂਚ ਰਿਪੋਰਟ ਵਿੱਚ ਇਹਨਾਂ ਨੈੱਟਵਰਕਾਂ ਦੇ ਕੰਮ**

**ਕਰਨ ਦੇ ਤਰੀਕੇ, ਸੱਭਿਆਚਾਰਕ ਪੱਖਾਂ ਅਤੇ ਵੱਖ-ਵੱਖ ਭਾਈਚਾਰਿਆਂ 'ਤੇ ਪਏ ਪ੍ਰਭਾਵਾਂ ਬਾਰੇ ਕਈ ਵੱਡੇ ਅਤੇ ਸਨਸਨੀਖੇਜ਼ ਖੁਲਾਸੇ ਕੀਤੇ ਗਏ ਹਨ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਵਿਆਪੀ ਪੱਧਰ 'ਤੇ ਇਹਨਾਂ ਗੈਂਗਾਂ ਦਾ ਮੁੱਖ ਹਿੱਸਾ ਪਾਕਿਸਤਾਨੀ ਮੁਸਲਿਮ ਅਤੇ ਹੋਰ ਮੁਸਲਿਮ ਪਿਛੋਕੜ ਵਾਲੇ ਦੋਸ਼ੀ ਸਨ।**

ਇਹ ਜਾਂਚ ਰਿਪੋਰਟ ਲਗਭਗ 8 ਲੱਖ ਪੌਂਡ ਦੇ ਖ਼ਰਚੇ ਨਾਲ ਤਿਆਰ ਕੀਤੀ ਗਈ ਹੈ। ਇਹ ਰੀਸਟੋਰ ਪਾਰਟੀ ਦੇ ਨੇਤਾ ਅਤੇ ਐਮ ਪੀ ਰੂਪਰਟ ਲੋਅ ਦਾ ਇੱਕ ਪ੍ਰੋਜੈਕਟ ਹੈ।ਰਿਪੋਰਟ ਮੁਤਾਬਕ, ਇਹਨਾਂ ਗੈਂਗਾਂ ਵੱਲੋਂ ਨਾਬਾਲਗ ਕੁੜੀਆਂ ਨੂੰ ਨਿਸ਼ਾਨਾ ਬਣਾਉਣ ਲਈ ਪਹਿਲਾਂ ਉਹਨਾਂ ਨੂੰ ਤੋਹਫ਼ੇ, ਸ਼ਰਾਬ ਅਤੇ ਨਸ਼ੀਲੇ ਪਦਾਰਥ ਦਿੱਤੇ ਜਾਂਦੇ ਸਨ। ਇਸ ਤੋਂ ਬਾਅਦ ਇਹ ਸਿਲਸਿਲਾ ਡਰਾਉਣ-ਧਮਕਾਉਣ, ਸਮੂਹਿਕ ਬਲਾਤਕਾਰ (ਗੈਂਗ ਰੇਪ) ਅਤੇ ਮਨੁੱਖੀ ਤਸਕਰੀ (ਟ੍ਰੈਫਿਕਿੰਗ) ਤੱਕ ਪਹੁੰਚ ਜਾਂਦਾ ਸੀ, ਜਿੱਥੇ ਪੀੜਤਾਂ ਨੂੰ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਲਿਜਾਇਆ ਜਾਂਦਾ ਸੀ ਅਤੇ ਦੋਸਤਾਂ-ਮਿੱਤਰਾਂ ਵਿੱਚ ਵੰਡਿਆ ਜਾਂਦਾ ਸੀ। ਕੁਝ ਮਾਮਲਿਆਂ ਵਿੱਚ ਜ਼ਬਰਦਸਤੀ ਧਰਮ ਪਰਿਵਰਤਨ ਕਰਵਾ ਕੇ ਨਿਕਾਹ ਪੜ੍ਹਾਉਣ ਦੀਆਂ ਗੱਲਾਂ ਵੀ ਸਾਹਮਣੇ ਆਈਆਂ ਹਨ।

ਨਵੀਂ ਰਿਪੋਰਟ ਵਿੱਚ ਬ੍ਰਿਟਿਸ਼ ਸਿੱਖ ਭਾਈਚਾਰੇ ਦੇ ਤਜ਼ਰਬਿਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਇਸ ਜਾਂਚ ਦੌਰਾਨ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਵੀ ਸਲਾਹ-ਮਸ਼ਵਰਾ ਕੀਤਾ ਗਿਆ ਸੀ।ਇਸ ਰਿਪੋਰਟ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਕਿ ਇਹਨਾਂ ਨੈੱਟਵਰਕਾਂ ਵੱਲੋਂ ਸਿੱਖ ਕੁੜੀਆਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਪਰ ਸਿੱਖ ਭਾਈਚਾਰੇ ਨੇ ਇਕਜੁੱਟ ਹੋ ਕੇ ਸਮੂਹਿਕ ਤੌਰ 'ਤੇ ਸਿੱਖ ਨੌਜਵਾਨਾਂ ਨੂੰ ਲਾਮਬੰਦ ਕੀਤਾ ਅਤੇ ਇਹਨਾਂ ਗੈਂਗਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਪਰ ਬਰਤਾਨਵੀ ਗੋਰੀਆਂ ਕੁੜੀਆਂ ਨੂੰ ਪ੍ਰਸ਼ਾਸਨ ਜਾਂ ਸਮਾਜ ਵੱਲੋਂ ਅਜਿਹਾ ਕੋਈ ਬਚਾਅ ਹਾਸਲ ਨਹੀਂ ਹੋ ਸਕਿਆ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਦੋਸ਼ੀ ਇੱਕ ਖਾਸ 'ਇੱਜ਼ਤ ਅਤੇ ਸ਼ਰਮ' ਦੇ ਕੋਡ ਤਹਿਤ ਕੰਮ ਕਰਦੇ ਸਨ। ਉਹ ਗੈਰ-ਮੁਸਲਿਮ ਕੁੜੀਆਂ, ਖਾਸ ਕਰਕੇ ਸਧਾਰਨ ਗੋਰੇ ਪਰਿਵਾਰਾਂ ਦੀਆਂ ਧੀਆਂ ਨੂੰ ਨਿਸ਼ਾਨਾ ਬਣਾਉਂਦੇ ਸਨ ਜਿਨ੍ਹਾਂ ਦਾ ਕੋਈ ਮਰਦ ਰੱਖਿਅਕ ਨਹੀਂ ਸੀ।

ਐਮ ਪੀ ਰੂਪਰਟ ਲੋਅ ਇਸ ਰਿਪੋਰਟ ਦੀਆਂ ਮੁੱਖ ਸਿਫ਼ਾਰਸ਼ਾਂ ਵਿੱਚ ਦੋਸ਼ੀਆਂ ਦੀ ਯੂ ਕੇ ਦੀ ਨਾਗਰਿਕਤਾ ਰੱਦ ਕਰਨ ਦੇ ਸੁਝਾਅ ਦਿੱਤੇ ਹਨ।ਰੂਪਰਟ ਲੋਅ ਦੀ ਇਹ ਜਾਂਚ ਰਿਪੋਰਟ ਲੇਬਰ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਅੰਦਰੂਨੀ ਆਡਿਟ ਜਾਂਚਾਂ ਤੋਂ ਬਿਲਕੁਲ ਵੱਖਰੀ ਹੈ, ਜੋ ਪਿਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਦਾ ਖੁਲਾਸਾ ਕਰਦੀ ਹੈ। ਇਸ ਦੇ ਨਾਲ ਹੀ, ਰਾਸ਼ਟਰੀ ਪੱਧਰ ਦੇ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਲਈ 'ਨੈਸ਼ਨਲ ਸਿੱਖ ਇਨਕੁਆਰੀ' ਵੱਲੋਂ ਵੀ ਸਿੱਖਾਂ ਨੂੰ ਇਸ ਮੁੱਦੇ 'ਤੇ ਆਪਣੇ ਬਿਆਨ ਅਤੇ ਸਬੂਤ ਸੌਂਪਣ ਦੀ ਅਪੀਲ ਕੀਤੀ ਜਾ ਰਹੀ ਹੈ।

# "ਮੈਂ ਦੇਸ਼ ਹਿੱਤ ਨੂੰ ਹਮੇਸ਼ਾ ਅੱਗੇ ਰੱਖਿਆ; ਬ੍ਰਿਟੇਨ ਹੁਣ ਪਹਿਲਾਂ ਨਾਲੋਂ ਵੱਧ ਮਜ਼ਬੂਤ" - ਪ੍ਰਧਾਨ ਮੰਤਰੀ ਕੀਰ ਸਟਾਰਮਰ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਵੱਲੋਂ ਡਾਊਨਿੰਗ ਸਟ੍ਰੀਟ ਦੇ ਬਾਹਰ ਦਿੱਤੇ ਗਏ ਅਸਤੀਫ਼ੇ ਦੇ ਇਤਿਹਾਸਕ ਭਾਸ਼ਣ ਦੌਰਾਨ ਬਰਤਾਨਵੀ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦੋ ਸਾਲ ਪਹਿਲਾਂ ਜਦੋਂ ਮੈਂ ਡਾਊਨਿੰਗ ਸਟ੍ਰੀਟ ਵਿੱਚ ਕਦਮ ਰੱਖਿਆ ਸੀ, ਉਹ ਮੇਰੀ ਜ਼ਿੰਦਗੀ ਦਾ ਸਭ ਤੋਂ ਮਾਣਮੱਤਾ ਪਲ ਸੀ। 14 ਸਾਲਾਂ ਬਾਅਦ ਦੇਸ਼ ਵਿੱਚ ਇੱਕ ਨਵੀਂ ਲੇਬਰ ਸਰਕਾਰ ਬਣੀ ਸੀ। ਕਈ ਸਾਲਾਂ ਦੀ ਨਿਰਾਸ਼ਾ ਅਤੇ ਮਾਯੂਸੀ ਤੋਂ ਬਾਅਦ ਸਾਡੇ ਦੇਸ਼ ਦੇ ਇਤਿਹਾਸ ਦਾ ਇੱਕ ਨਵਾਂ ਪੰਨਾ ਪਲਟਿਆ ਸੀ। ਮੈਂ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਮੌਕੇ ਲਈ ਹੀ ਰਾਜਨੀਤੀ ਵਿੱਚ ਆਇਆ ਸੀ, ਪਰ ਇੱਥੋਂ ਤੱਕ ਦਾ ਸਫ਼ਰ ਆਸਾਨ ਨਹੀਂ ਸੀ। ਛੇ ਸਾਲ ਪਹਿਲਾਂ, ਜਦੋਂ ਮੈਨੂੰ ਲੇਬਰ ਪਾਰਟੀ ਦੀ ਕਮਾਨ ਮਿਲੀ, ਤਾਂ ਇਹ ਸਿਆਸੀ, ਵਿੱਤੀ ਅਤੇ ਨੈਤਿਕ ਤੌਰ 'ਤੇ ਪੂਰੀ ਤਰ੍ਹਾਂ ਖ਼ਤਮ ਹੋ ਚੁੱਕੀ ਸੀ। ਮੈਨੂੰ ਵਾਰ-ਵਾਰ ਕਿਹਾ ਗਿਆ ਕਿ ਮੇਰੀ ਪਾਰਟੀ ਦਾ ਅੰਤ ਹੋ ਚੁੱਕਾ ਹੈ ਅਤੇ ਇਹ ਇਤਿਹਾਸ ਦੇ ਪੰਨਿਆਂ ਤੱਕ ਸੀਮਤ ਰਹਿ ਜਾਵੇਗੀ। ਆਮ ਚੋਣਾਂ ਵਿੱਚ ਬਹੁਮਤ, ਜਾਂ ਹੂੰਝਾ ਫੇਰੂ ਜਿੱਤ ਨੇ ਉਨ੍ਹਾਂ ਲੋਕਾਂ ਨੂੰ ਗਲਤ ਸਾਬਤ ਕੀਤਾ ਕਿਉਂਕਿ ਅਸੀਂ ਆਪਣੀ ਪਾਰਟੀ ਨੂੰ ਬਦਲਿਆ। ਅਸੀਂ ਪਾਰਟੀ ਵਿੱਚੋਂ ਯਹੂਦੀ-ਵਿਰੋਧ ਦੇ ਜ਼ਹਿਰ ਨੂੰ ਬਾਹਰ ਕੱਢਿਆ, ਆਰਥਿਕਤਾ, ਰੱਖਿਆ ਅਤੇ ਰਾਸ਼ਟਰੀ ਸੁਰੱਖਿਆ 'ਤੇ ਲੋਕਾਂ ਦਾ ਭਰੋਸਾ ਬਹਾਲ ਕੀਤਾ। ਅਸੀਂ ਇੱਕ ਅਜਿਹੀ ਪਾਰਟੀ ਬਣੇ ਜੋ ਸਾਡੇ ਰਾਸ਼ਟਰੀ ਝੰਡੇ ਦੇ ਵਿਰੁੱਧ ਨਹੀਂ, ਬਲਕਿ ਉਸ ਦੇ ਨਾਲ ਮਾਣ ਨਾਲ ਖੜ੍ਹੀ ਸੀ।" ਦੋ ਸਾਲਾਂ ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿੰਦਿਆਂ ਉਹਨਾਂ ਕਿਹਾ ਕਿ ਸਾਡੀ ਆਰਥਿਕਤਾ ਹੁਣ ਵਧੇਰੇ ਮਜ਼ਬੂਤ ਹੈ ਅਤੇ ਸਾਡੇ ਗੁਆਂਢੀ ਦੇਸ਼ਾਂ ਨਾਲੋਂ ਤੇਜ਼ੀ ਨਾਲ ਵਧ ਰਹੀ ਹੈ।ਲੋਕਾਂ ਦੀਆਂ ਤਨਖਾਹਾਂ ਮਹਿੰਗਾਈ ਦਰ ਨਾਲੋਂ ਤੇਜ਼ੀ ਨਾਲ ਵਧੀਆਂ ਹਨ। ਨਵਾਂ ਨਿਵੇਸ਼ ਸੁਰੱਖਿਅਤ ਕੀਤਾ ਗਿਆ ਹੈ ਅਤੇ ਬੁਨਿਆਦੀ ਢਾਂਚਾ ਤਿਆਰ ਕੀਤਾ ਜਾ ਰਿਹਾ ਹੈ। ਅਸੀਂ ਆਰਥਿਕ ਤੰਗੀ ਖ਼ਤਮ ਕਰਕੇ 17 ਸਾਲਾਂ ਵਿੱਚ ਸਿਹਤ ਸੇਵਾਵਾਂ ਦੀ ਉਡੀਕ ਸੂਚੀ ਵਿੱਚ ਸਭ ਤੋਂ ਤੇਜ਼ੀ ਨਾਲ ਸੁਧਾਰ ਕੀਤਾ। ਇਮੀਗ੍ਰੇਸ਼ਨ ਵਿੱਚ ਸੁਧਾਰ ਤੋਂ ਲੈ ਕੇ ਦੁਨੀਆ ਵਿੱਚ ਬ੍ਰਿਟੇਨ ਦੇ ਸਨਮਾਨ ਬਹਾਲ ਤੱਕ ਦਾ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਉਹ ਯੂਕਰੇਨ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਅਤੇ ਯੂਰਪੀ ਦੇਸ਼ਾਂ ਨਾਲ ਆਪਣੇ ਸਬੰਧਾਂ ਨੂੰ ਮੁੜ ਮਜ਼ਬੂਤ ਕੀਤਾ ਹੈ। ਅਗਲੇ ਪ੍ਰਧਾਨ ਮੰਤਰੀ ਦੀ ਚੋਣ ਬਾਰੇ ਦੱਸਣ ਉਪਰੰਤ ਉਹਨਾਂ ਕਿਹਾ ਕਿ ਉਹ ਹੁਣ ਪ੍ਰੀਵਾਰ ਲਈ ਸਮਾਂ ਕੱਢਣਗੇ। ਦੇਸ਼ ਦੇ ਲੋਕਾਂ ਦੇ ਨਾਲ ਨਾਲ ਉਹਨਾਂ ਆਪਣੀ ਪਤਨੀ ਵਿਕ ਦਾ ਵੀ ਧੰਨਵਾਦ ਕੀਤਾ।

# ਲੰਡਨ ਦੇ ਉੱਘੇ ਕਾਰੋਬਾਰੀ ਅਤੇ ਸਮਾਜ ਸੇਵੀ ਰਾਜਿੰਦਰਬੀਰ ਸਿੰਘ ਰਮਨ ਭੈਣੀ ਨੂੰ ਸਦਮਾ-ਮਾਂ ਦਾ ਦੇਹਾਂਤ



ਮਾਤਾ ਹਰਭਜਨ ਕੌਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਕਾਰੋਬਾਰੀ ਅਤੇ ਸਮਾਜ ਸੇਵੀ ਰਾਜਿੰਦਰਬੀਰ ਸਿੰਘ ਰਮਨ ਭੈਣੀ ਦੇ ਸਤਿਕਾਰਯੋਗ ਮਾਤਾ ਹਰਭਜਨ ਕੌਰ ਦਾ ਅਚਾਨਕ ਦੇਹਾਂਤ ਹੋ ਗਿਆ। ਉਹ 72 ਵਰ੍ਹਿਆਂ ਦੇ ਸਨ। ਮਾਤਾ ਹਰਭਜਨ ਕੌਰ ਲੰਮੇਂ ਸਮੇਂ ਤੋਂ ਅਮਰੀਕਾ ਵਿਖੇ ਰਹਿ ਰਹੇ ਸਨ। ਉਹ ਆਪਣੇ ਪਿੱਛੇ ਪਤੀ ਮਨਜੀਤ ਸਿੰਘ, ਦੋ ਬੇਟੇ, ਦੋ ਬੇਟੀਆਂ ਅਤੇ ਉਹਨਾਂ ਦਾ ਹੱਸਦਾ ਵੱਸਦਾ ਪ੍ਰੀਵਾਰ ਛੱਡ ਗਏ ਹਨ। ਮਾਤਾ ਜੀ ਦਾ ਅੰਤਿਮ ਸੰਸਕਾਰ ਅਗਲੇ ਦਿਨਾਂ ਵਿੱਚ ਅਮਰੀਕਾ ਵਿਖੇ ਹੋਵੇਗਾ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਐਮ ਪੀ ਤਨਮਨਜੀਤ ਸਿੰਘ ਢੇਸੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਆਦਿ ਨੇ ਮਾਤਾ ਹਰਭਜਨ ਕੌਰ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਭੈਣੀ ਪ੍ਰੀਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਬਰਤਾਨੀਆ ਵਿੱਚ ਅਮਰੀਕੀ ਤਰਜ਼ 'ਤੇ ਕਤਲ ਅਤੇ ਹੋਰ ਅਪਰਾਧਿਕ ਕਾਨੂੰਨਾਂ ਵਿੱਚ ਵੱਡੇ ਬਦਲਾਅ ਦੀ ਤਿਆਰੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ (ਖਾਸ ਕਰਕੇ ਇੰਗਲੈਂਡ ਅਤੇ ਵੇਲਜ਼) ਵਿੱਚ ਕਤਲ ਨਾਲ ਸਬੰਧਤ ਸਦੀਆਂ ਪੁਰਾਣੇ ਕਾਨੂੰਨਾਂ ਨੂੰ ਬਦਲ ਕੇ ਅਮਰੀਕੀ ਤਰਜ਼ 'ਤੇ ਨਵਾਂ ਸਿਸਟਮ ਲਾਗੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। 'ਲਾਅ ਕਮਿਸ਼ਨ' ਵੱਲੋਂ ਜਾਰੀ ਤਾਜ਼ਾ ਪ੍ਰਸਤਾਵਾਂ ਮੁਤਾਬਕ, ਹੁਣ ਕਤਲ ਦੇ ਮਾਮਲਿਆਂ ਨੂੰ ਇੱਕੋ ਨਜ਼ਰ ਨਾਲ ਦੇਖਣ ਦੀ ਬਜਾਏ, ਅਪਰਾਧੀ ਦੀ ਮਾਨਸਿਕ ਸਥਿਤੀ ਅਤੇ ਇਰਾਦੇ ਦੇ ਆਧਾਰ 'ਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡਿਆ ਜਾਵੇਗਾ।***

ਅਪਰਾਧਿਕ ਮਾਮਲਿਆਂ ਬਾਰੇ ਸਹੋਤਾ ਐਂਡ ਸਹੋਤਾ ਦੇ ਮਾਹਿਰ ਵਕੀਲ ਕੁਲਜੀਤ ਸਿੰਘ ਸਹੋਤਾ ਨੇ ਗੱਲ ਕਰਦਿਆ ਦੱਸਿਆ ਕਿ ਮੌਜੂਦਾ ਕਾਨੂੰਨ ਬਹੁਤ ਪੁਰਾਣਾ ਹੈ ਅਤੇ ਇਹ ਗੈਰਇਰਾਦਨ ਕਤਲ ਅਤੇ ਇੱਕ ਪੂਰੀ ਯੋਜਨਾਬੱਧ ਹੱਤਿਆ ਵਿਚਕਾਰ ਫਰਕ ਨਹੀਂ ਕਰਦਾ। ਨਵੇਂ ਕਾਨੂੰਨ ਦਾ ਮਕਸਦ ਸਜ਼ਾ ਪ੍ਰਣਾਲੀ ਨੂੰ ਵਧੇਰੇ ਨਿਰਪੱਖ ਅਤੇ ਤਰਕਸੰਗਤ ਬਣਾਉਣਾ ਹੈ।

ਮੌਜੂਦਾ 'ਕਤਲ' ਅਤੇ 'ਗੈਰ-ਇਰਾਦਤਨ ਕਤਲ ਦੇ ਦੋ-ਪੜਾਵੀ ਸ਼੍ਰੇਣੀ ਨੂੰ ਖ਼ਤਮ ਕਰਕੇ, ਹੁਣ ਤਿੰਨ-ਪੜਾਵੀ ਨੀਤੀ ਲਿਆਉਣ ਦੀ ਯੋਜਨਾ ਹੈ। ਪਹਿਲੀ ਸ਼੍ਰੇਣੀ 'ਚ ਯੋਜਨਾ ਵੱਧ ਕਤਲ ਵਿੱਚ ਉਮਰ ਕੈਦ ਦੀ ਸਜ਼ਾ ਬਰਕਰਾਰ ਰਹੇਗੀ, ਇਹ ਧਾਰਾ ਸਿਰਫ਼ ਉਨ੍ਹਾਂ ਮਾਮਲਿਆਂ ਵਿੱਚ ਲੱਗੇਗੀ ਜਿੱਥੇ ਮੁਲਜ਼ਮ ਦਾ ਸਪੱਸ਼ਟ ਇਰਾਦਾ ਜਾਨੋਂ ਮਾਰਨ ਦਾ ਸਾਬਤ ਹੋਵੇ। ਦੂਜੀ ਸ਼੍ਰੇਣੀ ਵਿੱਚ ਸੈਕੰਡ-ਡਿਗਰੀ ਮਰਡਰ ਦੀ ਧਾਰਾ ਉਦੋਂ ਲੱਗੇਗੀ ਜਦੋਂ ਮੁਲਜ਼ਮ ਦਾ ਇਰਾਦਾ ਜਾਨੋਂ ਮਾਰਨ ਦਾ ਨਹੀਂ, ਬਲਕਿ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਦਾ ਸੀ, ਪਰ ਉਸ ਕਾਰਨ ਪੀੜਤ ਦੀ ਮੌਤ ਹੋ ਗਈ। ਇਸ ਵਿੱਚ ਜੱਜਾਂ ਨੂੰ ਸਜ਼ਾ ਤੈਅ ਕਰਨ ਦੀ ਖੁੱਲ੍ਹ ਹੋਵੇਗੀ ਅਤੇ ਸਜ਼ਾ ਨੂੰ ਨਰਮ ਕੀਤਾ ਜਾ ਸਕਦਾ ਹੈ। ਲੇਕਨ ਮੌਜੂਦਾ ਕਾਨੂੰਨ ਵਿੱਚ, ਗੰਭੀਰ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਹੋਈ ਮੌਤ 'ਤੇ ਵੀ ਸਿੱਧੀ ਉਮਰ ਕੈਦ



ਕੁਲਜੀਤ ਸਿੰਘ ਸਹੋਤਾ

ਹੁੰਦੀ ਹੈ। ਤੀਜੀ ਸ਼੍ਰੇਣੀ 'ਚ ਗੈਰ-ਇਰਾਦਤਨ ਕਤਲ 'ਚ ਲਾਪਰਵਾਹੀ ਕਾਰਨ ਹੋਈਆਂ ਮੌਤਾਂ ਨੂੰ ਸ਼ਾਮਲ ਕੀਤਾ ਜਾਵੇਗਾ। ਜਿੱਥੇ ਵਿਅਕਤੀ ਨੂੰ ਪਤਾ ਸੀ ਕਿ ਉਸਦੀ ਹਰਕਤ ਨਾਲ ਕਿਸੇ ਦੀ ਜਾਨ ਜਾ ਸਕਦੀ ਹੈ, ਪਰ ਫਿਰ ਵੀ ਉਸਨੇ ਉਹ ਕਦਮ ਚੁੱਕਿਆ। ਅਜਿਹੇ ਮਾਮਲਿਆਂ ਦੀ ਸਜ਼ਾ ਵੱਖਰੇ ਤੌਰ ਤੇ ਤੈਅ ਹੋਵੇਗੀ।

ਸ: ਸਹੋਤਾ ਨੇ ਦੱਸਿਆ ਕਿ ਘਰੇਲੂ ਹਿੰਸਾ ਨਾਲ ਜੋ ਖੁਦਕੁਸ਼ੀ ਲਈ ਮਜਬੂਰ ਕਰਦਾ ਹੈ, ਤਾਂ ਉਸ ਲਈ ਇੱਕ ਨਵਾਂ ਵਿਸ਼ੇਸ਼ ਅਪਰਾਧਿਕ ਕਾਨੂੰਨ ਬਣਾਇਆ ਜਾ ਰਿਹਾ ਹੈ। ਨਸ਼ੇ ਦੀ ਸਪਲਾਈ ਜਾਂ ਓਵਰਡੋਜ਼ ਕਾਰਨ ਹੋਈ ਮੌਤ ਮਾਮਲੇ 'ਚ ਨਸ਼ਾ ਸਪਲਾਈ ਕਰਨ ਵਾਲੇ 'ਤੇ ਵੀ ਸਖ਼ਤ ਕਾਰਵਾਈ ਹੋਵੇਗੀ।

ਇਸ ਤੋਂ ਇਲਾਵਾ, ਜੇਕਰ ਕੋਈ ਵਿਅਕਤੀ ਕਿਸੇ ਨੂੰ ਮਰਦਾ ਦੇਖ ਕੇ ਵੀ ਜਾਣਬੁੱਝ ਕੇ ਮੈਡੀਕਲ ਮਦਦ (ਜਿਵੇਂ ਐਂਬੂਲੈਂਸ ਨਾ ਬੁਲਾਉਣਾ) ਨਹੀਂ ਦਿੰਦਾ, ਤਾਂ ਉਸ ਵਿਰੁੱਧ ਵੀ ਨਵਾਂ ਕਾਨੂੰਨ ਆਵੇਗਾ। ਇਨ੍ਹਾਂ ਪ੍ਰਸਤਾਵਾਂ 'ਤੇ ਜਨਤਕ ਸਲਾਹ-ਮਸ਼ਵਰਾ 30 ਸਤੰਬਰ 2026 ਤੱਕ ਚੱਲੇਗਾ। ਲਾਅ ਕਮਿਸ਼ਨ ਵੱਲੋਂ ਇਸ ਸਬੰਧੀ ਪੂਰੀ ਅੰਤਿਮ ਰਿਪੋਰਟ 2028 ਤੱਕ ਪੇਸ਼ ਕੀਤੇ ਜਾਣ ਦੀ ਉਮੀਦ ਹੈ।

# ਗਲੋਬਲ ਸਿੱਖ ਕੌਂਸਲ ਵੱਲੋਂ ਸਿੱਖ ਮਸਲਿਆਂ ਬਾਰੇ ਭਾਰਤ ਸਰਕਾਰ ਨਾਲ ਸੰਵਾਦ ਦੀ ਪਹਿਲ ਦਾ ਸਮਰਥਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗਲੋਬਲ ਸਿੱਖ ਕੌਂਸਲ ਨੇ ਸ. ਨਵਕਿਰਨ ਸਿੰਘ ਐਡਵੋਕੇਟ ਅਤੇ ਸਿੱਖ ਕੌਮ ਦੇ ਹੋਰ ਨੁਮਾਇੰਦਿਆਂ ਵੱਲੋਂ 5 ਜੂਨ ਨੂੰ ਭਾਰਤ ਸਰਕਾਰ ਨਾਲ ਲੰਬੇ ਸਮੇਂ ਤੋਂ ਲਟਕੇ ਸਿੱਖ ਮਸਲਿਆਂ ਬਾਰੇ ਸੰਵਾਦ ਸ਼ੁਰੂ ਕਰਨ ਲਈ ਕੀਤੀ ਗਈ ਪਹਿਲ ਦਾ ਪੂਰਨ ਸਮਰਥਨ ਕੀਤਾ ਹੈ।

ਕੌਂਸਲ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਚਦੇਵਾ ਨੇ ਸੰਵਾਦ ਸ਼ੁਰੂ ਕਰਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਮਸਲੇ ਭਾਰਤ ਦੇ ਸੰਵਿਧਾਨਕ ਅਤੇ ਕਾਨੂੰਨੀ ਢਾਂਚੇ ਦੇ ਦਾਇਰੇ ਵਿੱਚ ਰਹਿੰਦਿਆਂ, ਸ਼ਾਂਤਮਈ ਅਤੇ ਰਚਨਾਤਮਕ ਢੰਗ ਨਾਲ ਉਠਾਏ ਗਏ ਹਨ। ਪੇਸ਼ ਕੀਤੇ ਗਏ ਮਸਲੇ ਸਿੱਖ ਪੰਥ ਲਈ ਗੰਭੀਰ ਚਿੰਤਾ ਦਾ ਵਿਸ਼ਾ ਹਨ ਅਤੇ ਇਨ੍ਹਾਂ ਉੱਤੇ ਇਮਾਨਦਾਰੀ ਨਾਲ ਵਿਚਾਰ ਕਰਕੇ ਅਰਥਪੂਰਨ ਸੰਵਾਦ ਦੀ ਸਖ਼ਤ ਲੋੜ ਹੈ।

ਉਹਨਾਂ ਕਿਹਾ ਕਿ ਇਸ ਸੰਵਾਦ ਵਿੱਚ ਸਿੱਖ ਪਛਾਣ ਅਤੇ ਧਾਰਮਿਕ ਅਧਿਕਾਰਾਂ ਦੀ ਰੱਖਿਆ, ਕਿਰਪਾਨ ਧਾਰਨ ਕਰਨ ਦੇ ਅਧਿਕਾਰ ਸੰਬੰਧੀ ਸਪੱਸ਼ਟ ਹਦਾਇਤਾਂ, ਆਨੰਦ ਮੈਰਿਜ ਐਕਟ ਨੂੰ ਹੋਰ ਮਜ਼ਬੂਤ ਕਰਨਾ, ਸਿੱਖ ਕੈਦੀਆਂ ਦੇ ਮਾਮਲਿਆਂ ਦੀ ਸਮੀਖਿਆ, ਇਤਿਹਾਸਕ ਗੁਰਦੁਆਰਿਆਂ ਦੀ ਸੰਭਾਲ ਅਤੇ ਵਾਪਸੀ, ਪੰਜਾਬੀ ਭਾਸ਼ਾ ਦੀ ਰੱਖਿਆ, ਕਰਤਾਰਪੁਰ ਸਾਹਿਬ ਕੋਰੀਡੋਰ, ਵਿਦੇਸ਼ ਵਸਦੇ ਸਿੱਖਾਂ ਲਈ ਵੀਜ਼ਾ ਸਹੂਲਤਾਂ, ਬਲੈਕਲਿਸਟ ਦਾ ਖਾਤਮਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ, ਸਿੱਖ ਵਿਰਾਸਤੀ ਸਮੱਗਰੀ ਦੀ ਵਾਪਸੀ ਅਤੇ ਜੂਨ 1984 ਤੇ ਨਵੰਬਰ 1984 ਨਾਲ ਜੁੜੇ ਇਨਸਾਫ ਅਤੇ ਇਤਿਹਾਸਕ ਜ਼ਖਮਾਂ ਨਾਲ ਸੰਬੰਧਤ ਮਸਲੇ ਸ਼ਾਮਲ ਹਨ।

ਗਲੋਬਲ ਸਿੱਖ ਕੌਂਸਲ ਦਾ ਮੰਨਣਾ ਹੈ ਕਿ ਸਿੱਖ ਕੌਮ ਦੇ ਨੁਮਾਇੰਦਿਆਂ ਅਤੇ ਭਾਰਤ ਸਰਕਾਰ ਦਰਮਿਆਨ ਸਤਿਕਾਰਪੂਰਵਕ ਅਤੇ ਗੰਭੀਰ ਗੱਲਬਾਤ ਲੰਬੇ ਸਮੇਂ ਤੋਂ ਚੱਲ ਰਹੀਆਂ ਚਿੰਤਾਵਾਂ ਨੂੰ ਦੂਰ ਕਰਨ, ਗਲਤਫਹਿਮੀਆਂ ਨੂੰ ਘਟਾਉਣ ਅਤੇ ਭਰੋਸੇ ਦਾ ਮਾਹੌਲ ਬਣਾਉਣ ਵਿੱਚ ਸਹਾਇਕ ਹੋ ਸਕਦੀ ਹੈ। ਇਹ ਮਸਲੇ ਸਿੱਖ ਕੌਮ ਦੀ ਪਛਾਣ, ਧਾਰਮਿਕ ਆਜ਼ਾਦੀ, ਇਨਸਾਫ, ਵਿਰਾਸਤ



ਅੰਮ੍ਰਿਤਪਾਲ ਸਿੰਘ ਸਚਦੇਵਾ

ਅਤੇ ਮਰਯਾਦਾ ਨਾਲ ਡੂੰਘੇ ਤੌਰ ਤੇ ਜੁੜੇ ਹੋਏ ਹਨ।

ਕੌਂਸਲ ਨੇ ਇਸ ਗੱਲ ਦਾ ਵੀ ਸਵਾਗਤ ਕੀਤਾ ਕਿ ਇਹ ਪ੍ਰਸਤਾਵ ਗੱਲਬਾਤ ਲਈ ਇੱਕ ਸਕਾਰਾਤਮਕ ਮਾਹੌਲ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ, ਅਤੇ ਅਗਲੇ ਪੜਾਅ ਵਿੱਚ ਸਿੱਖ ਭਾਈਚਾਰੇ ਵੱਲੋਂ ਆਉਣ ਵਾਲੇ ਸੁਝਾਵਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ।

ਸ: ਸਚਦੇਵਾ ਨੇ ਕਿਹਾ ਕਿ ਗਲੋਬਲ ਸਿੱਖ ਕੌਂਸਲ ਇਸ ਪਹਿਲ ਨੂੰ ਆਪਣਾ ਨੈਤਿਕ ਸਮਰਥਨ ਦਿੰਦੀ ਹੈ ਅਤੇ ਆਸ ਕਰਦੀ ਹੈ ਕਿ ਭਾਰਤ ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਿੱਖ ਕੌਮ ਨਾਲ ਅਰਥਪੂਰਨ ਸੰਵਾਦ ਸ਼ੁਰੂ ਕਰਨ ਲਈ ਯੋਗ ਕਦਮ ਚੁੱਕੇਗੀ। ਕੌਂਸਲ ਦਾ ਵਿਸ਼ਵਾਸ ਹੈ ਕਿ ਇਮਾਨਦਾਰ ਗੱਲਬਾਤ, ਆਪਸੀ ਸਤਿਕਾਰ ਅਤੇ ਸਮੇਂ ਸਿਰ ਕੀਤੀ ਕਾਰਵਾਈ ਸ਼ਾਂਤੀ, ਸਮਝਦਾਰੀ ਅਤੇ ਇਨਸਾਫ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋ ਸਕਦੀ ਹੈ।

# ਐਡਨਬਰਾ ਹਮਲੇ ਦੀ ਜਾਂਚ ਅੱਤਵਾਦ ਵਿਰੋਧੀ ਪੁਲਿਸ ਕਰ ਰਹੀ ਹੈ, ਹੋ ਸਕਦਾ ਮੁਸਲਿਮ ਵਿਰੋਧੀ ਹਮਲਾ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਸਕਾਟਲੈਂਡ ਦੀ ਰਾਜਧਾਨੀ ਐਡਨਬਰਾ ਵਿੱਚ ਸ਼ੁੱਕਰਵਾਰ ਰਾਤ ਵਾਪਰੀ ਹਿੰਸਕ ਘਟਨਾ ਦੇ ਮਗਰੋਂ ਇੱਕ 36 ਸਾਲਾ ਵਿਅਕਤੀ 'ਤੇ ਕਤਲ ਦੀ ਕੋਸ਼ਿਸ਼ ਸਮੇਤ ਕਈ ਦੋਸ਼ ਲਗਾਏ ਗਏ ਹਨ। ਉਸ ਵਿਅਕਤੀ ਨੇ ਮੁਸਲਿਮ ਭਾਈਚਾਰੇ ਦੇ ਲੋਕਾਂ ਅਤੇ ਉਨ੍ਹਾਂ ਦੀਆਂ ਦੁਕਾਨਾਂ 'ਤੇ ਹਮਲਾ ਕੀਤਾ। ਜਾਂਚ ਹੁਣ ਅੱਤਵਾਦ ਵਿਰੋਧੀ ਪੁਲਿਸ ਦੀ ਅਗਵਾਈ ਹੇਠ ਚੱਲ ਰਹੀ ਹੈ ਅਤੇ ਪੁਲਿਸ ਘਟਨਾ ਦੇ ਸੰਭਾਵਿਤ ਇਸਲਾਮੋਫੋਬਿਕ ਜਾਂ ਮੁਸਲਿਮ ਵਿਰੋਧੀ ਮਕਸਦ ਦੀ ਵੀ ਜਾਂਚ ਕਰ ਰਹੀ ਹੈ। ਪੁਲਿਸ ਅਨੁਸਾਰ ਹਮਲਿਆਂ ਦੀ ਪਹਿਲੀ ਰਿਪੋਰਟ ਰਾਤ ਕਰੀਬ 8:50 ਵਜੇ ਸ਼ਹਿਰ ਦੇ ਸਾਇਥਹਿੱਲ ਇਲਾਕੇ ਤੋਂ ਮਿਲੀ, ਜਿੱਥੇ ਦੋ ਵਿਅਕਤੀ ਜ਼ਖ਼ਮੀ ਹੋਏ। ਇਸ ਤੋਂ ਬਾਅਦ ਪੱਛਮੀ ਅਤੇ ਉੱਤਰੀ ਐਡਿਨਬਰਗ ਦੇ ਕਈ ਸਥਾਨਾਂ ਤੋਂ ਧਮਕੀਆਂ, ਲੁੱਟ ਅਤੇ ਤੋੜਫੋੜ ਨਾਲ ਜੁੜੀਆਂ ਸ਼ਿਕਾਇਤਾਂ ਮਿਲੀਆਂ। ਟੈਲਫੋਰਡ ਰੋਡ ਅਤੇ ਲੀਥ ਵਾਕ ਖੇਤਰਾਂ ਵਿੱਚ ਹੋਰ ਤਿੰਨ ਵਿਅਕਤੀਆਂ 'ਤੇ ਹਮਲੇ ਦੀ ਰਿਪੋਰਟ ਹੈ। ਕੁੱਲ ਪੰਜ ਲੋਕ ਜ਼ਖ਼ਮੀ ਹੋਏ, ਤਿੰਨ ਨੂੰ ਹਸਪਤਾਲ ਲਿਜਾਇਆ ਗਿਆ, ਹਾਲਾਂਕਿ ਸਾਰਿਆਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪੁਲਿਸ ਨੇ ਰਾਤ ਕਰੀਬ 9:30 ਵਜੇ ਇਕ ਸ਼ੱਕੀ ਨੂੰ ਕਾਬੂ ਕੀਤਾ। ਰਿਪੋਰਟਾਂ ਅਨੁਸਾਰ, ਅਧਿਕਾਰੀਆਂ ਨੇ ਟੇਜ਼ਰ ਨਾਲ ਲੈਸ ਹੋ ਕੇ ਕਾਰਵਾਈ ਕੀਤੀ, ਪਰਟੇਜ਼ਰ ਵਰਤਿਆ ਨਹੀਂ ਗਿਆ। ਸੋਸ਼ਲ ਮੀਡੀਆ 'ਤੇ ਆਈਆਂ ਕੁਝ ਵੀਡੀਓਜ਼ ਵਿੱਚ ਇਕ ਵਿਅਕਤੀ ਨੂੰ ਚਾਕੂ ਵਰਗੀ ਵਸਤੂ ਨਾਲ ਦੇਖਣ ਦਾ ਦਾਅਵਾ ਕੀਤਾ ਗਿਆ ਹੈ। ਇਨ੍ਹਾਂ ਵੀਡੀਓਜ਼ ਦੀ ਪੁਲਿਸ ਜਾਂਚ ਕਰ ਰਹੀ



ਹੈ। ਸਕਾਟਲੈਂਡ ਦੇ ਫਸਟ ਮਿਨਿਸਟਰ ਜੌਹਨ ਸਵਿੰਨੀ ਨੇ ਹਿੰਸਾ, ਨਸਲਵਾਦ ਅਤੇ ਅਸਹਿਣਸ਼ੀਲਤਾ ਦੀ ਨਿੰਦਾ ਕੀਤੀ ਹੈ।

## ਅਮਰੀਕਾ-ਈਰਾਨ ਵਾਰਤਾ ਵਿਚ ਵੱਡਾ ਮੋੜ:

# ਟਰੰਪ ਦੀ ਧਮਕੀ ਤੋਂ ਬਾਅਦ ਈਰਾਨ ਵਲੋਂ ਵਾਕਆਊਟ

**✪ ਜੰਗ ਖ਼ਤਮ ਕਰਨ ਲਈ ਬਣੇ 4 ਵਰਕਿੰਗ ਗਰੁੱਪ ✪ ਅਮਰੀਕਾ ਨੂੰ ਭਾਰੀ ਪਈ ਈਰਾਨ ਜੰਗ ! ਪੈਂਟਾਗਨ ਨੇ ਖਰਚਿਆਂ ਦੀ ਭਰਪਾਈ ਲਈ ਮੰਗੇ 80 ਅਰਬ ਡਾਲਰ**



ਸਵਿਟਜ਼ਰਲੈਂਡ ਦੇ ਬੁਰਗਨਸਟਾਕ ਰਿਜ਼ੋਰਟ ਵਿੱਚ ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀਆਂ ਸ਼ਾਂਤੀ ਵਾਰਤਾਵਾਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਪੱਛਮੀ ਏਸ਼ੀਆ (ਮਿਡਲ ਈਸਟ) ਦੀ ਭੂ-ਰਾਜਨੀਤੀ ਕਿਸੇ ਇੱਕ ਮਹਾਂਸ਼ਕਤੀ ਦੇ ਇਸ਼ਾਰਿਆਂ ’ਤੇ ਨਹੀਂ ਚੱਲ ਸਕਦੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸੋਸ਼ਲ ਮੀਡੀਆ ਧਮਕੀਆਂ ਤੋਂ ਬਾਅਦ ਈਰਾਨੀ ਪ੍ਰਤੀਨਿਧ ਮੰਡਲ ਦਾ ਵਾਕਆਊਟ ਕਰਨਾ ਅਤੇ ਜਵਾਬ ਵਿੱਚ ਸਟ੍ਰੇਟ ਆਫ਼ ਹਾਰਮੁਜ਼ ਨੂੰ ਬੰਦ ਕਰਨਾ ਇਹ ਦਰਸਾਉਂਦਾ ਹੈ ਕਿ ਈਰਾਨ ਹੁਣ ਅਮਰੀਕੀ ਦਬਾਅ ਅੱਗੇ ਝੁਕਣ ਵਾਲਾ ਨਹੀਂ ਹੈ। ਹਾਲਾਂਕਿ, 23 ਜੂਨ 2026 ਤੱਕ ਆਉਂਦੇ-ਆਉਂਦੇ ਦੋਵਾਂ ਦੇਸ਼ਾਂ ਵਿਚਾਲੇ ਤਕਨੀਕੀ ਗੱਲਬਾਤ ਦਾ ਮੁਕੰਮਲ ਹੋਣਾ ਅਤੇ ਚਾਰ ਵਰਕਿੰਗ ਗਰੁੱਪਾਂ ਦਾ ਗਠਨ ਇੱਕ ਸਕਾਰਾਤਮਕ ਸੰਕੇਤ ਹੈ, ਪਰ ਸਵਾਲ ਉਹੀ ਹੈ- ਇਸ ਸਮਝੌਤੇ ਵਿੱਚ ਅੜਿੱਕਾ ਕੀ ਹੈ ਅਤੇ ਈਰਾਨ ਅਮਰੀਕਾ ਦੀ ਸੁਪਰਮੇਸੀ (ਚੌਧਰ) ਨੂੰ ਕਿਉਂ ਚੁਣੌਤੀ ਦੇ ਰਿਹਾ ਹੈ ?

ਈਰਾਨ ਵੱਲੋਂ ਅਮਰੀਕਾ ਦੀ ਸਰਵਉੱਚਤਾ ਨੂੰ ਨਕਾਰਨ ਦੇ ਪਿੱਛੇ ਠੋਸ ਰਣਨੀਤਕ ਅਤੇ ਆਰਥਿਕ ਕਾਰਨ ਹਨ:

ਸਟ੍ਰੇਟ ਆਫ਼ ਹਾਰਮੁਜ਼ ਦੀ ਚਾਬੀ: ਈਰਾਨ ਕੋਲ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਤੇਲ ਸਪਲਾਈ ਰੂਟ ’ਤੇ ਕੰਟਰੋਲ ਹੈ। ਜਦੋਂ ਵੀ ਅਮਰੀਕਾ ਧਮਕੀ ਦਿੰਦਾ ਹੈ, ਈਰਾਨ ਇਸ ਰਸਤੇ ਨੂੰ ਪ੍ਰਭਾਵਿਤ ਕਰਕੇ ਗਲੋਬਲ ਤੇਲ ਬਾਜ਼ਾਰ ਵਿੱਚ ਹੜਕੰਪ ਮਚਾ ਦਿੰਦਾ ਹੈ (ਜਿਵੇਂ ਹਾਲ ਹੀ ਵਿੱਚ ਤੇਲ ਦੀਆਂ ਕੀਮਤਾਂ 82.30 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈਆਂ)।

ਲੇਬਨਾਨ ਵਿੱਚ ਹਿਜ਼ਬੁੱਲ੍ਹਾ ਵਰਗੇ ਸੰਗਠਨਾਂ ਰਾਹੀਂ ਈਰਾਨ ਕੋਲ ਅਮਰੀਕਾ ਅਤੇ ਇਸਰਾਈਲ ਨੂੰ ਖੇਤਰੀ ਪੱਧਰ ’ਤੇ ਘੇਰਨ ਦੀ ਪੂਰੀ ਸਮਰੱਥਾ ਹੈ। ਈਰਾਨੀ ਸਪੀਕਰ ਮੁਹੰਮਦ ਬਾਘੇਰ ਗ਼ਾਲੀਬਾਫ਼ ਦਾ ਇਹ ਦਾਅਵਾ ਕਿ ਉਨ੍ਹਾਂ ਨੇ ਟਰੰਪ ਨੂੰ ਇੱਕ ਘੰਟੇ ਵਿੱਚ ਪੋਸਟ ਬਦਲਣ ਲਈ ਮਜਬੂਰ ਕੀਤਾ, ਈਰਾਨ ਦੇ ਇਸੇ ਡਿਪਲੋਮੈਟਿਕ ਦਬਦਬੇ ਨੂੰ ਦਰਸਾਉਂਦਾ ਹੈ।

ਪੈਂਟਾਗਨ ਵੱਲੋਂ ਈਰਾਨ ਨਾਲ ਜੰਗ ਦੇ ਖਰਚਿਆਂ ਲਈ 80 ਅਰਬ ਡਾਲਰ ਦੀ ਵਾਧੂ ਫੰਡਿੰਗ ਮੰਗਣਾ ਇਹ ਸਾਫ਼ ਕਰਦਾ ਹੈ ਕਿ ਜੰਗ ਅਮਰੀਕਾ ਨੂੰ ਬਹੁਤ ਭਾਰੀ ਪੈ ਰਹੀ ਹੈ। ਈਰਾਨ ਜਾਣਦਾ ਹੈ ਕਿ ਅਮਰੀਕੀ ਜਨਤਾ ਅਤੇ ਕਾਂਗਰਸ ਲੰਬੀ ਜੰਗ ਦੇ ਹੱਕ ਵਿੱਚ ਨਹੀਂ ਹਨ।

ਗੱਲਬਾਤ ਅੱਗੇ ਵਧਣ ਦੇ ਬਾਵਜੂਦ ਕਈ ਅਜਿਹੇ ਮੁੱਦੇ ਹਨ ਜੋ ਵੱਡਾ ਅੜਿੱਕਾ ਬਣੇ ਹੋਏ ਹਨ। ਈਰਾਨ ਦੀਆਂ ਮੁੱਖ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

ਈਰਾਨ ਚਾਹੁੰਦਾ ਹੈ ਕਿ ਉਸ ਉੱਤੇ ਲੱਗੀਆਂ ਸਾਰੀਆਂ ਆਰਥਿਕ ਅਤੇ ਤੇਲ ਨਿਰਯਾਤ ਦੀਆਂ ਪਾਬੰਦੀਆਂ ਤੁਰੰਤ ਹਟਾਈਆਂ ਜਾਣ ਅਤੇ ਵਿਦੇਸ਼ੀ ਬੈਂਕਾਂ ਵਿੱਚ ਫ੍ਰੀਜ਼ ਕੀਤੇ ਗਏ ਉਸਦੇ ਫੰਡ ਰਿਹਾਅ ਕੀਤੇ ਜਾਣ।

ਈਰਾਨ ਨੇ ਸਾਫ਼ ਕਰ ਦਿੱਤਾ ਹੈ ਕਿ ਜੰਗ ਤੋਂ ਪਹਿਲਾਂ ਵਾਲੀ ਸਥਿਤੀ ਹੁਣ ਵਾਪਸ ਨਹੀਂ ਆਵੇਗੀ। ਇਸ ਰਣਨੀਤਕ ਜਲਮਾਰਗ ਦਾ ਪ੍ਰਬੰਧ ਈਰਾਨ ਆਪਣੇ ਨਿਯਮਾਂ ਅਨੁਸਾਰ ਕਰੇਗਾ, ਜਿਸ ਨੂੰ ਅਮਰੀਕੀ ਸੈਨੇਟਰ ਲਿੰਡਸੇ ਗ੍ਰਾਹਮ ਵਰਗੇ ਆਗੂ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ। ਈਰਾਨ ਆਪਣੇ ਪ੍ਰਮਾਣੂ ਮੁੱਦਿਆਂ ’ਤੇ ਸਨਮਾਨਜਨਕ ਸਮਝੌਤਾ ਚਾਹੁੰਦਾ ਹੈ, ਨਾ ਕਿ ਅਮਰੀਕੀ ਸ਼ਰਤਾਂ ਅੱਗੇ ਆਤਮਸਮਰਪਣ।

ਅਮਰੀਕਾ ਲਈ ਇਨ੍ਹਾਂ ਸ਼ਰਤਾਂ ਨੂੰ ਪੂਰੀ ਤਰ੍ਹਾਂ ਮੰਨਣਾ ਸੌਖਾ ਨਹੀਂ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਜਦੋਂ ਯੂ.ਏ.ਈ., ਕੁਵੈਤ ਅਤੇ ਬਹਿਰੀਨ ਦੇ ਦੌਰੇ ’ਤੇ ਹਨ, ਤਾਂ ਇਨ੍ਹਾਂ ਖਾੜੀ ਦੇਸ਼ਾਂ ਨੇ ਚਿੰਤਾ ਜਤਾਈ ਹੈ ਕਿ ਜੇਕਰ ਈਰਾਨ ਨੂੰ ਆਰਥਿਕ ਰਾਹਤ ਦਿੱਤੀ ਗਈ ਤਾਂ ਉਸਦਾ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਹੋਰ ਮਜ਼ਬੂਤ ਹੋਵੇਗਾ, ਜੋ ਉਨ੍ਹਾਂ ਦੀ ਸੁਰੱਖਿਆ ਲਈ ਖ਼ਤਰਾ ਹੈ।

ਮਾਹਿਰਾਂ ਅਨੁਸਾਰ, ਭਾਵੇਂ ਅਮਰੀਕਾ ਈਰਾਨ ਨੂੰ 60 ਦਿਨਾਂ ਦੀ ਅਸਥਾਈ ਰਾਹਤ ਦੇਣ ਲਈ ਸਹਿਮਤ ਹੋ ਗਿਆ ਹੈ, ਪਰ ਪਿਛਲੇ ਚਾਰ ਦਹਾਕਿਆਂ ਤੋਂ ਬਣੇ ਪਾਬੰਦੀਆਂ ਦੇ ਕਾਨੂੰਨੀ ਢਾਂਚੇ ਨੂੰ ਰਾਤੋ-ਰਾਤ ਖ਼ਤਮ ਕਰਨਾ ਅਮਰੀਕੀ ਪ੍ਰਸ਼ਾਸਨ ਲਈ ਅਸੰਭਵ ਵਰਗਾ ਹੈ।

ਫਿਲਹਾਲ, ਸਵਿਟਜ਼ਰਲੈਂਡ ਵਾਰਤਾ ਤੋਂ ਬਾਅਦ ਚਾਰ ਵਰਕਿੰਗ ਗਰੁੱਪਾਂ (ਪਾਬੰਦੀਆਂ ਦਾ ਖ਼ਾਤਮਾ, ਪ੍ਰਮਾਣੂ ਮਾਮਲੇ, ਆਰਥਿਕ ਪੁਨਰ ਨਿਰਮਾਣ, ਅਤੇ ਨਿਗਰਾਨੀ) ਦਾ ਗਠਨ ਅਤੇ ਅਗਲੇ 60 ਦਿਨਾਂ ਦਾ ਰੋਡਮੈਪ ਤਿਆਰ ਹੋਣਾ ਇੱਕ ਉਮੀਦ ਦੀ ਕਿਰਨ ਹੈ। ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਵੀ ਬ੍ਰਿਕਸ ਸੰਮੇਲਨ ਵਿੱਚ ਹਾਰਮੁਜ਼ ਦੇ ਖੁੱਲ੍ਹਣ ਦਾ ਸਵਾਗਤ ਕੀਤਾ ਹੈ, ਕਿਉਂਕਿ ਇਹ ਗਲੋਬਲ ਊਰਜਾ ਸੁਰੱਖਿਆ ਲਈ ਜ਼ਰੂਰੀ ਹੈ।

ਪਰ ਇਹ ਸਮਝੌਤਾ ਤਦ ਹੀ ਸਿਰੇ ਚੜ੍ਹ ਸਕਦਾ ਹੈ ਜੇਕਰ ਅਮਰੀਕਾ ਆਪਣੀ ‘ਸੁਪਰਮੇਸੀ’ ਵਾਲੀ ਹਉਮੈ ਨੂੰ ਛੱਡ ਕੇ ਈਰਾਨ ਦੇ ਖੇਤਰੀ ਪ੍ਰਭਾਵ ਨੂੰ ਪ੍ਰਵਾਨ ਕਰੇ ਅਤੇ ਈਰਾਨ ਵੀ ਕੂਟਨੀਤਕ ਲਚਕਤਾ ਦਿਖਾਵੇ। ਅਗਲੇ ਦੋ ਮਹੀਨੇ ਇਹ ਤੈਅ ਕਰਨਗੇ ਕਿ ਮਿਡਲ ਈਸਟ ਸ਼ਾਂਤੀ ਦੇ ਰਾਹ ਤੁਰੇਗਾ ਜਾਂ ਫਿਰ ਕਿਸੇ ਨਵੀਂ ਜੰਗ ਦੀ ਭੱਠੀ ਵਿੱਚ ਝੁਕਿਆ ਜਾਵੇਗਾ।

੦੦੦

## ਭਗਵੰਤ ਮਾਨ ਦੀ ਫੇਰੀ ਦੌਰਾਨ ਬਠਿੰਡਾ ਵਿਖੇ ਭਾਜਪਾ ਆਗੂ ਡਾ. ਤਰਸੇਮ ਗਰਗ ਦੇ ਘਰ ’ਤੇ ਪੈਟਰੋਲ ਬੰਬ ਨਾਲ ਹਮਲਾ



ਬਠਿੰਡਾ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਬਠਿੰਡਾ ਫੇਰੀ ਦੌਰਾਨ ਸ਼ਹਿਰ ਵਿੱਚ ਸਖ਼ਤ ਸੁਰੱਖਿਆ ਪ੍ਰਬੰਧਾਂ ਦੇ ਦਾਅਵਿਆਂ ਦੀ ਉਸ ਵੇਲੇ ਫੂਕ ਨਿਕਲ ਗਈ, ਜਦੋਂ ਬੀਤੇ ਸੋਮਵਾਰ ਰਾਤ ਨੂੰ ਮੇਲਾ ਰਾਮ ਰੋਡ ’ਤੇ ਸਥਿਤ ਇੱਕ ਹੋਮਿਓਪੈਥਿਕ ਕਲੀਨਿਕ ’ਤੇ ਪੈਟਰੋਲ ਬੰਬ ਨਾਲ ਹਮਲਾ ਕੀਤਾ ਗਿਆ। ਇਹ ਕਲੀਨਿਕ ਹਾਲ ਹੀ ਵਿੱਚ ਉਦਘਾਟਨ ਕੀਤੇ ਗਏ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਦਫ਼ਤਰ ਦੇ ਬਿਲਕੁਲ ਸਾਹਮਣੇ ਸਥਿਤ ਹੈ, ਜਿਸ ਕਾਰਨ ਪੂਰੇ ਇਲਾਕੇ ਵਿੱਚ ਸਥਿਤੀ ਬੇਹੱਦ ਸੰਵੇਦਨਸ਼ੀਲ ਬਣ ਗਈ ਹੈ। ਰਾਹਤ ਦੀ ਗੱਲ ਇਹ ਰਹੀ ਕਿ ਇਸ ਧਮਾਕੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਹ ਹੋਮਿਓਪੈਥਿਕ ਕਲੀਨਿਕ ਡਾ. ਤਰਸੇਮ ਗਰਗ ਵੱਲੋਂ ਉਨ੍ਹਾਂ ਦੇ ਘਰ ਵਿੱਚ ਹੀ ਚਲਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਡਾ. ਗਰਗ ਦੇ ਪਰਿਵਾਰ ਨੇ ਹਾਲ ਹੀ ਵਿੱਚ ਆਮ ਆਦਮੀ ਪਾਰਟੀ ਛੱਡ ਕੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜਿਆ ਸੀ, ਜਿਸ ਕਾਰਨ ਇਸ ਹਮਲੇ ਨੂੰ ਸਿਆਸੀ ਰੰਜਿਸ਼ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ।

ਘਟਨਾ ਬਾਰੇ ਜਾਣਕਾਰੀ ਦਿੰਦਿਆਂ ਡਾ. ਤਰਸੇਮ ਗਰਗ ਨੇ ਦੱਸਿਆ ਕਿ ਹਮਲੇ ਦੇ ਸਮੇਂ ਕਲੀਨਿਕ ਵਿੱਚ ਦੋ ਮੁਲਾਜ਼ਮ ਮੌਜੂਦ ਸਨ, ਜਿਨ੍ਹਾਂ ਨੇ ਮੁਸਤੈਦੀ ਦਿਖਾਉਂਦੇ ਹੋਏ ਤੁਰੰਤ ਅੱਗ ’ਤੇ ਕਾਬੂ ਪਾਇਆ। ਕਲੀਨਿਕ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵਿੱਚ ਦੋ ਅਣਪਛਾਤੇ ਨੌਜਵਾਨ ਪੈਟਰੋਲ ਬੰਬ ਨੂੰ ਅੱਗ ਲਗਾ ਕੇ ਕਲੀਨਿਕ ਵੱਲ ਸੁੱਟਦੇ ਹੋਏ ਸਾਫ਼ ਦਿਖਾਈ ਦੇ ਰਹੇ ਹਨ। ਪੈਟਰੋਲ ਬੰਬ ਕਲੀਨਿਕ ਦੀ ਇੱਕ ਖਿੜਕੀ ਨਾਲ ਜਾ ਟਕਰਾਇਆ, ਜਿਸ ਕਾਰਨ ਉੱਥੇ ਸੜਨ ਦੇ ਨਿਸ਼ਾਨ ਪੈ ਗਏ ਅਤੇ ਵੇਹੜੇ ਵਿੱਚ ਖੜ੍ਹੀ ਇੱਕ ਸਕੂਟਰੀ ਤੇ ਕੁਝ ਪੌਦਿਆਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਮੁੱਖ ਮੰਤਰੀ ਦੀ ਮੌਜੂਦਗੀ ਦੌਰਾਨ ਹੋਏ ਇਸ ਧਮਾਕੇ ਤੋਂ ਬਾਅਦ ਪੁਲੀਸ ਪ੍ਰਸ਼ਾਸਨ ਨੂੰ ਭਾਜੜਾਂ ਪੈ ਗਈਆਂ। ਐੱਸ.ਪੀ. (ਸਿਟੀ) ਨਰਿੰਦਰ ਸਿੰਘ ਨੇ ਦੱਸਿਆ ਕਿ ਵਿਸ਼ਾਲ ਨਗਰ ਦੇ ਮੇਲਾ ਰਾਮ ਰੋਡ ’ਤੇ ਵਾਰਦਾਤ ਤੋਂ ਤੁਰੰਤ ਬਾਅਦ ਪੁਲੀਸ ਨੇ ਇਲਾਕੇ ਨੂੰ ਸੀਲ ਕਰਕੇ ਸਰਚ ਅਪਰੇਸ਼ਨ ਸ਼ੁਰੂ ਕਰ ਦਿੱਤਾ ਹੈ। ਪੁਲੀਸ ਦੇ ਹੱਥ ਕੁਝ ਅਹਿਮ ਸੁਰਾਗ ਲੱਗੇ ਹਨ, ਪਰ ਜਾਂਚ ਪ੍ਰਭਾਵਿਤ ਨਾ ਹੋਵੇ, ਇਸ ਲਈ ਅਜੇ ਉਨ੍ਹਾਂ ਦਾ ਖੁਲਾਸਾ ਨਹੀਂ ਕੀਤਾ ਗਿਆ।

# ਇੰਗਲੈਂਡ ਦੇ ਸ਼ਹਿਰ ਸਮੈਦਿਕ ਵਿੱਚ ਸਿੱਖ ਬਜ਼ੁਰਗ ਤੇ ਹਮਲਾ, ਇੱਕ ਨਾਬਾਲਗ ਗ੍ਰਿਫਤਾਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਸਮੈਦਿਕ ਵਿਖੇ ਇੱਕ ਸਿੱਖ ਬਜ਼ੁਰਗ ਤੇ ਬੀਤੀ 14 ਜੂਨ ਨੂੰ ਬੇਰਹਿਮੀ ਨਾਲ ਹਮਲਾ ਕੀਤੇ ਜਾਣ ਦੀ ਖ਼ਬਰ ਮਿਲੀ ਹੈ। ਜ਼ਖਮੀ ਬਜ਼ੁਰਗ ਨੂੰ ਸੇਂਟ ਪੌਲਜ਼ ਰੋਡ ਦੇ ਜੰਗਲ ਵਰਗੇ ਇਲਾਕੇ ਵਿੱਚ ਰਾਹਗੀਰਾਂ ਨੇ ਵੇਖਿਆ ਅਤੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਬਜ਼ੁਰਗ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਉਸ ਦੇ ਸਰੀਰ ਤੇ ਸੱਟਾਂ ਲੱਗੀਆਂ ਹਨ ਅਤੇ ਪ੍ਰਾਪਤ ਵੀਡੀਓ ਵਿੱਚ ਲੋਕ ਅੱਗ ਲੱਗਣ ਦੀਆਂ ਗੱਲਾਂ ਵੀ ਕਰ ਰਹੇ ਹਨ। ਵੀਡੀਓ ਵਿੱਚ ਬਜ਼ੁਰਗ ਬਹੁਤ ਹੀ ਬੁਰੀ ਤਰ੍ਹਾਂ ਸੱਟਾਂ ਕਾਰਨ ਤੜਫ ਰਿਹਾ ਸੀ।*


ਵੀਡੀਓ ਵਿੱਚ ਜ਼ਖ਼ਮੀ ਬਜ਼ੁਰਗ

ਵੈਸਟ ਮਿਡਲੈਂਡਜ਼ ਪੁਲਿਸ ਨੇ ਸਮੈਦਿਕ ਦੇ 'ਸੇਂਟ ਪੌਲਜ਼ ਰੋਡ' 'ਤੇ ਇੱਕ ਵਿਅਕਤੀ 'ਤੇ ਹੋਏ ਜਾਨਲੇਵਾ ਹਮਲੇ ਦੇ ਸਬੰਧ ਵਿੱਚ ਇੱਕ ਨਾਬਾਲਗ ਨੂੰ ਗ੍ਰਿਫਤਾਰ ਕੀਤਾ ਹੈ।17 ਸਾਲਾ ਨੌਜਵਾਨ ਨੂੰ ਬੀਤੀ ਰਾਤ ਲੀਡਜ਼ ਤੋਂ ਇਰਾਦਾ ਕਤਲ ਦੀ ਕੋਸ਼ਿਸ਼ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ, ਅਤੇ ਉਸ ਨੂੰ ਪੁੱਛਗਿੱਛ ਲਈ ਵੈਸਟ ਮਿਡਲੈਂਡਜ਼ ਲਿਆਂਦਾ ਗਿਆ ਹੈ।

ਪੁਲਿਸ ਮੁਤਾਬਿਕ ਇਸ ਹਮਲੇ ਦਾ ਸ਼ਿਕਾਰ 50 ਸਾਲਾਂ ਦੇ ਕਰੀਬ ਇੱਕ ਵਿਅਕਤੀ ਹੈ, ਜਿਸ 'ਤੇ 14 ਜੂਨ ਦੀ ਰਾਤ ਨੂੰ ਲਗਭਗ 8:30 ਵਜੇ ਹਮਲਾ ਕੀਤਾ ਗਿਆ ਸੀ, ਅਜੇ ਵੀ ਹਸਪਤਾਲ ਵਿੱਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ ਅਤੇ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਘਟਨਾ ਤੋਂ ਬਾਅਦ ਇਲਾਕੇ ਵਿੱਚ ਅਗਲੇ ਕੁਝ ਦਿਨਾਂ ਲਈ ਪੁਲਿਸ ਦੀ ਗਸ਼ਤ ਵਧਾ ਦਿੱਤੀ ਗਈ ਹੈ। ਹਮਲੇ ਤੋਂ ਤੁਰੰਤ ਬਾਅਦ ਗ੍ਰਿਫਤਾਰ ਕੀਤੇ ਗਏ ਇੱਕ 45 ਸਾਲਾ ਵਿਅਕਤੀ ਨੂੰ ਹੁਣ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਉਸ ਵਿਰੁੱਧ ਕੋਈ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ।

ਪੁਲਿਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕੋਈ ਵੀ ਵਿਅਕਤੀ ਘਟਨਾ ਦੇ ਸਮੇਂ 'ਟੋਲਹਾਊਸ ਵੇਅ' ਜਾਂ 'ਸੇਂਟ ਪੌਲਜ਼' ਇਲਾਕੇ ਵਿੱਚ ਮੌਜੂਦ ਸੀ, ਜਾਂ ਕਿਸੇ ਕੋਲ ਇਸ ਬਾਰੇ ਕੋਈ ਜਾਣਕਾਰੀ ਹੈ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰੇ। ਲੇਕਨ ਅਜੇ ਤੱਕ ਬਜ਼ੁਰਗ ਦੀ ਅਤੇ ਗ੍ਰਿਫਤਾਰ ਕੀਤੇ ਨੌਜਵਾਨ ਦੀ ਪਛਾਣ ਜਨਤਕ ਨਹੀਂ ਕੀਤੀ ਗਈ।

## ਕੌਮ ਚੜ੍ਹਦੀ ਕਲਾ ਨਾਲ ਖਾਲਿਸਤਾਨ ਦਾ ਸੰਘਰਸ਼ ਜਾਰੀ ਰੱਖੇ - ਸ਼ਹੀਦ ਭਾਈ ਅਵਤਾਰ ਸਿੰਘ ਖੰਡਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਈ ਸਰਬਜੀਤ ਸਿੰਘ ਬਾਵਾ ਅਤੇ ਬੀਬੀ ਸਰਬਜੀਤ ਕੌਰ ਜੀ ਨੇ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੀ ਯਾਦ ਨਮਿਤ ਸਹਿਜ ਪਾਠ ਆਰੰਭ ਕੀਤੇ ਸਨ ਉਸ ਦੇ ਭੋਗ ਦੀ ਅਰਦਾਸ ਅੱਜ ਸਿੰਘ ਸਭਾ ਗੁਰਦਵਾਰਾ ਪਾਰਕ ਐਵੀਨਿਊ ਸਾਊਥਾਲ ਵਿਖੇ ਸੰਪਨ ਕੀਤੀ ਗਈ, ਕੀਰਤਨੀ ਜਥੇ ਨੇ ਰਸਭਿੰਨਾ ਕੀਤਾ ਉਪਰੰਤ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਵਾਈਸ ਪ੍ਰਧਾਨ ਸ: ਹਰਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂ ਕੇ ਰਜਿ.) ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ ਅਤੇ ਜਨਰਲ ਸਕੱਤਰ ਸਤਿੰਦਰ ਸਿੰਘ ਮੰਗੂਵਾਲ ਨੇ ਭਾਈ ਖੰਡਾ ਦੇ ਜੀਵਨ ਅਤੇ ਕਾਰਜਾਂ ਦਾ ਸੰਖੇਪ ਵਰਨਣ ਕਰਦੇ ਹੋਏ ਸ਼ਰਧਾਂਜਲੀ ਭੇਂਟ ਕੀਤੀ। ਭਾਈ ਅਵਤਾਰ ਸਿੰਘ ਖੰਡਾ ਨੇ ਸ਼ਹਾਦਤ ਤੋਂ ਪਹਿਲਾਂ ਜੋ ਕੌਮ ਦੇ ਨਾਮ ਆਖਰੀ ਸੁਨੇਹਾ ਦਿੱਤਾ ਕਿ - ਮੈਂ ਚੜ੍ਹਦੀ ਕਲਾ ਵਿੱਚ ਹਾਂ ਕੌਮ ਸਿਧਾਂਤਕ ਏਕਤਾ ਕਰਕੇ ਖਾਲਿਸਤਾਨ ਦਾ ਸੰਘਰਸ਼ ਜਾਰੀ ਰੱਖੇ, ਇਹ ਸੁਨੇਹਾ ਯਾਦ ਕਰਵਾਇਆ ਗਿਆ ਕਿ ਭਾਈ ਖੰਡਾ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਉਨ੍ਹਾਂ ਦੀ ਇਸ ਪੰਥਕ ਸੋਚ ਮੁਤਾਬਕ ਕੌਮੀ ਸੰਘਰਸ਼ ਵਿੱਚ ਬਣਦਾ ਯੋਗਦਾਨ ਪਾਇਆ ਜਾਵੇ। ਇਸ ਮੌਕੇ ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੇ ਸਪੁੱਤਰ ਭਾਈ ਅਜੇਪਾਲ ਸਿੰਘ ਨਾਗੋਕੇ, ਗੁਰਦੁਆਰਾ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਗੁਰਮੇਲ ਸਿੰਘ ਮੱਲੀ, ਜਨਰਲ ਸਕੱਤਰ, ਸ਼ਰਨਵੀਰ ਸਿੰਘ ਸਰਦਾਰ ਕੁਲਵੰਤ ਸਿੰਘ ਭਿੰਡਰ ਆਦਿ ਆਗੂ ਹਾਜ਼ਰ ਸਨ।

## ਬ੍ਰਿਟੇਨ ਫਸਟ ਰੈਲੀ ਦੇ ਵਿਰੋਧ ਵਿੱਚ ਕੀਤੇ ਮੁਜ਼ਾਹਰੇ ਦੌਰਾਨ ਸਾਬਕਾ ਕੌਂਸਲਰ ਗੁਰਦਿਆਲ ਸਿੰਘ ਅਟਵਾਲ ਨੇ ਸਿੱਖਾਂ ਸਿਧਾਂਤਾਂ ਦਾ ਦਿੱਤਾ ਹਵਾਲਾ


ਰੈਲੀ ਨੂੰ ਸੰਬੋਧਨ ਕਰਦੇ ਹੋਏ ਗੁਰਦਿਆਲ ਸਿੰਘ ਅਟਵਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਮੌਜੂਦਾ ਘਟਨਾ ਕ੍ਰਮ ਵਿੱਚ ਕਈ ਤਰ੍ਹਾਂ ਦੀਆਂ ਸਿਆਸੀ ਅਤੇ ਗੈਰ ਸਿਆਸੀ ਗਤੀਵਿਧੀਆਂ ਲੋਕਾਂ ਵਿੱਚ ਅਨਿਸਚਤਾ ਪੈਦਾ ਕਰ ਰਹੀਆਂ ਹਨ। ਬੀਤੇ ਕੱਲ ਬ੍ਰਮਿੰਘਮ ਵਿਖੇ ਬ੍ਰਿਟੇਨ ਫਸਟ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਦੇ ਵਿਰੋਧ ਵਿੱਚ ਘੱਟ ਗਿਣਤੀ ਭਾਈਚਾਰਿਆਂ ਅਤੇ ਲੋਕ ਹਿੱਤਾਂ ਦੇ ਚਾਹਵਾਨ ਲੋਕਾਂ ਵੱਲੋਂ ਵੀ ਰੈਲੀ ਦਾ ਆਯੋਜਨ ਕੀਤਾ ਗਿਆ। ਭਾਵੇਂ ਕਿ ਉਕਤ ਰੈਲੀ ਵਿੱਚ ਸਿੱਖ ਲੀਡਰਾਂ ਦੀ ਹਾਜ਼ਰੀ ਨਾ ਮਾਤਰ ਹੀ ਰਹੀ, ਪਰ ਸਾਬਕਾ ਕੌਂਸਲਰ ਗੁਰਦਿਆਲ ਸਿੰਘ ਅਟਵਾਲ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਸਿੱਖ ਧਰਮ ਦੇ ਸਿਧਾਂਤਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਿੱਖ ਧਰਮ ਦੀਆਂ ਸਿੱਖਿਆਵਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਸਮੁੱਚੀ ਮਨੁੱਖਤਾ ਇੱਕ ਹੈ ਅਤੇ ਹਰ ਮਨੁੱਖ ਇੱਜ਼ਤ, ਬਰਾਬਰੀ ਅਤੇ ਸਤਿਕਾਰ ਦਾ ਹੱਕਦਾਰ ਹੈ।

ਉਹਨਾਂ ਸਿੱਖਾਂ ਦੇ ਯੋਗਦਾਨ, ਵਿਸ਼ਵ ਯੁੱਧਾਂ ਵਿੱਚ ਵਿਸ਼ਵ ਸ਼ਾਂਤੀ ਲਈ ਸਿੱਖਾਂ ਦੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ ਲੋਕਾਂ ਸਾਹਮਣੇ ਰੱਖਿਆ। ਉਹਨਾਂ ਵੱਧ ਰਹੇ ਨਸਲੀ ਹਮਲਿਆਂ ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਹ ਵੀ ਕਿਹਾ ਕਿ ਅਸੀਂ ਇਕੱਠੇ ਹੋ ਕੇ ਇਨਸਾਫ, ਬਰਾਬਰੀ ਅਤੇ ਸਤਿਕਾਰ ਦੀ ਲੜਾਈ ਜਾਰੀ ਰੱਖਾਂਗੇ।

ਕਿਉਂਕਿ ਸਾਡੇ ਦਸਵੇਂ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ਦਾ ਸਬਕ ਸਿਖਾਇਆ ਹੈ। ਸ: ਅਟਵਾਲ ਦਾ ਇਸ ਅਤਿ ਮਹੱਤਵਪੂਰਨ ਸਮੇਂ ਤੇ ਸਿੱਖਾਂ ਵੱਲੋਂ ਲਵਾਈ ਹਾਜ਼ਰੀ ਅਤੇ ਸਿੱਖ ਵਿਚਾਰਧਾਰਾ ਨੂੰ ਵੱਡੇ ਇਕੱਠ ਸਾਹਮਣੇ ਰੱਖਣਾ ਅੱਜ ਦੇ ਸਮੇਂ ਵਿੱਚ ਬਹੁਤ ਹੀ ਜਰੂਰੀ ਅਤੇ ਢੁਕਵਾਂ ਸੀ।

## ਸਾਊਥਾਲ 'ਚ ਕਤਲ ਹੋਏ ਗੁਰਭੇਜ ਸਿੰਘ ਦੇ ਮਾਮਲੇ 'ਚ 20 ਸਾਲਾ ਨੌਜਵਾਨ ਗ੍ਰਿਫਤਾਰ


ਮ੍ਰਿਤਕ ਗੁਰਭੇਜ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਸਾਊਥਾਲ ਵਿੱਚ ਗੁਰਭੇਜ ਸਿੰਘ ਨਾਮ ਦੇ ਵਿਅਕਤੀ ਦੀ ਚਾਕੂਮਾਰ ਕੇ ਕੀਤੀ ਗਈ ਹੱਤਿਆ ਦੀ ਜਾਂਚ ਕਰ ਰਹੇ ਜਾਂਚ ਅਧਿਕਾਰੀਆਂ ਨੇ ਕਤਲ ਦੇ ਸ਼ੱਕ 'ਤੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਬੀਤੇ ਕੱਲ ਮੰਗਲਵਾਰ, 16 ਜੂਨ ਨੂੰ 20 ਸਾਲਾ ਨੌਜਵਾਨ ਨੂੰ ਗੁਰਭੇਜ ਸਿੰਘ ਦੀ ਹੱਤਿਆ ਦੇ ਸ਼ੱਕ 'ਤੇ ਗ੍ਰਿਫਤਾਰ ਕੀਤਾ ਹੈ। ਉਹ ਇਸ ਵੇਲੇ ਪੁਲਿਸ ਹਿਰਾਸਤ ਵਿੱਚ ਹੈ। ਬੁੱਧਵਾਰ, 10 ਜੂਨ ਦੀ ਰਾਤ ਨੂੰ ਨਾਰਥ ਰੋਡ ਸਾਊਥਾਲ ਤੇ ਲੰਡਨ ਐਂਬੂਲੈਂਸ ਸੇਵਾ ਅਧਿਕਾਰੀਆਂ ਨੇ ਦੋ ਜ਼ਖ਼ਮੀ ਵਿਅਕਤੀਆਂ ਨੂੰ ਪਾਇਆ। ਗੁਰਭੇਜ ਸਿੰਘ ਦੀ ਮੌਕੇ ਤੇ ਹੋ ਮੌਤ ਹੋ ਗਈ ਸੀ, ਜਦ ਕਿ ਦੂਜੇ ਵਿਅਕਤੀ ਨੂੰ ਹਸਪਤਾਲ ਭਰਤੀ ਕਰਨਾ ਪਿਆ।

ਜਾਂਚ ਚੀਫ਼ ਇੰਸਪੈਕਟਰ ਐਲਿਸਨ ਫਾਕਸਵੈਲ ਨੇ ਕਿਹਾ ਕਿ ਗੁਰਭੇਜ ਦੀ ਮੌਤ ਤੋਂ ਬਾਅਦ ਅਧਿਕਾਰੀਆਂ ਨੇ ਜਾਂਚ ਤੋਂ ਬਾਅਦ ਕਤਲ ਦੇ ਸ਼ੱਕ 'ਤੇ ਇੱਕ ਨੂੰ ਗ੍ਰਿਫਤਾਰ ਕੀਤਾ ਹੈ।

ਉਹਨਾਂ ਨੇ ਸਥਾਨਿਕ ਲੋਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸੀ ਸੀ ਟੀ ਵੀ ਅਤੇ ਹੋਰ ਜਾਣਕਾਰੀ ਮੁਹੱਈਆ ਕਰਵਾਈ, ਜਿਸ ਨਾਲ ਘਟਨਾਵਾਂ ਦੀਆਂ ਕੜੀਆਂ ਨੂੰ ਜੋੜਨ ਵਿੱਚ ਮਦਦ ਮਿਲੀ।

ਪੁਲਿਸ ਨੇ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਸੱਤ ਲੋਕਾਂ ਵਿੱਚੋਂ ਛੇ ਨੂੰ ਬਿਨਾਂ ਹੋਰ ਕਾਰਵਾਈ ਦੇ ਛੱਡ ਦਿੱਤਾ ਜਦ ਕਿ ਇੱਕ ਵਿਅਕਤੀ ਪੁਲਿਸ ਜ਼ਮਾਨਤ 'ਤੇ ਹੈ ਅਤੇ ਜਾਂਚ ਜਾਰੀ ਹੈ।

## ਸ਼ਿਕਾਗੋ ਵਿੱਚ ਹੋਈ ਗੋਲੀਬਾਰੀ ਵਿੱਚ 12 ਜ਼ਖਮੀ, 2 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਦੱਖਣੀ ਸ਼ਿਕਾਗੋ ਵਿੱਚ ਹੋਈ ਗੋਲੀਬਾਰੀ ਵਿੱਚ ਘੱਟੋ-ਘੱਟ 12 ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ ਜਿਨਾਂ ਵਿਚੋਂ 2 ਦੀ ਹਾਲਤ ਗੰਭੀਰ ਹੈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ ਹੈ। ਪੁਲਿਸ ਅਨੁਸਾਰ ਜ਼ਖਮੀਆਂ ਦੀ ਉਮਰ17 ਤੋਂ 47 ਸਾਲ ਦੇ ਵਿਚਕਾਰ ਹੈ ਜਿਨਾਂ ਨੂੰ ਗੋਲੀਆਂ ਲੱਗੀਆਂ ਹਨ। ਗੋਲੀਬਾਰੀ ਵਿਚ ਦੋ ਵਿਅਕਤੀ ਸ਼ਾਮਿਲ ਸਨ ਜਿਨਾਂ ਨੇ ਲੋਕਾਂ ਉਪਰ ਅੰਨੇਵਾਹ ਗੋਲੀਆਂ ਚਲਾਈਆਂ ਤੇ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਇਹ ਘਟਨਾ ਰਾਤ 11 ਵਜੇ ਤੋਂ ਬਾਅਦ ਵਿੱਚ ਵਾਪਰੀ ਜਿਸ ਵਿੱਚ ਇੱਕ 32 ਸਾਲਾ ਔਰਤ ਦੀ ਪਿੱਠ 'ਤੇ ਦੋ ਗੋਲੀਆਂ ਲੱਗੀਆਂ ਹਨ ਅਤੇ ਇੱਕ 44 ਸਾਲਾ ਆਦਮੀ ਦੇ ਪਿੱਛੇ ਚਾਰ ਗੋਲੀਆਂ ਵੱਜੀਆਂ ਹਨ। ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਇੱਕ 17 ਸਾਲਾ ਲੜਕਾ ਅਤੇ ਇੱਕ 26 ਸਾਲਾ ਵਿਅਕਤੀ ਦੀ ਹਾਲਤ ਗੰਭੀਰ ਦੱਸੀ ਗਈ ਹੈ। ਇਸ ਮਾਮਲੇ ਵਿਚ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ ਤੇ ਮਾਮਲਾ ਜਾਂਚ ਅਧੀਨ ਹੈ।**

# ਉਤਰਾਖੰਡ ਤੇ ਹਿਮਾਚਲ ਦੀਆਂ ਸਰਕਾਰਾਂ ਸਿੱਖ ਯਾਤਰੀਆਂ ਵਿਰੁੱਧ ਹੁੱਲੜਬਾਜ਼ੀ ਕਰਨ ਵਾਲਿਆਂ ਨੂੰ ਨੱਥ ਪਾਉਣ -ਜਥੇਦਾਰ ਤਰਲੋਚਨ ਸਿੰਘ, ਰਾਜਿੰਦਰ ਸਿੰਘ ਪੁਰੇਵਾਲ ਅਤੇ ਰਘਬੀਰ ਸਿੰਘ

ਡਰਬੀ (ਪੰਜਾਬ ਟਾਈਮਜ਼) - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਕੁੱਝ ਹੋਰ ਇਤਰਾਜ਼ਯੋਗ ਵੀਡੀਓ ਸੋਸ਼ਲ ਮੀਡੀ-ਆ ਤੇ ਆਉਣ ਨਾਲ ਇਹ ਮਾਮਲਾ ਹੋਰ ਭਖ ਗਿਆ ਹੈ । ਅਖੰਡ ਕੀਰਤਨੀ ਜਥਾ ਯੂ ਕੇ ਦੇ ਜਥੇਦਾਰ ਤਰਲੋਚਨ ਸਿੰਘ, ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਪ੍ਰਬਧਾਨ ਰਘਬੀਰ ਸਿੰਘ ਅਤੇ ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਆਪਣੇ ਨਿੱਜੀ ਜੀਵਨ ਵਿੱਚ ਕੀ ਕਰਦੇ ਹਨ, ਇਸ ਨਾਲ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ ! ਪਰ ਉਹ ਇੱਕ ਵੀਡੀਓ ਵਿੱਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਉਤੇ ਸ਼ਰਾਬ ਦੇ ਛਿੱਟੇ ਮਾਰਦੇ ਨਜ਼ਰ ਆਉਂਦੇ ਹਨ, ਇਹ ਬਹੁਤ ਇਤਰਾਜ਼ ਯੋਗ ਅਤੇ ਸਿੱਖਾਂ ਲਈ ਨਾ-ਬਰਦਾਸ਼ਤ ਕਰਨ ਵਾਲੀ ਹਰਕਤ ਹੈ । ਉਹਨਾਂ ਕਿਹਾ ਕਿ ਇਸ ਲਈ ਸ੍ਰੀ ਅਕਾਲ ਤਖਤ ਸਾਹਿਬ ਨੂੰ ਮੁੱਖ ਮੰਤਰੀ ਮਾਨ ਦੇ ਖਿਲਾਫ਼ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਤਾਂ ਜੋ ਅੱਗੇ ਤੋਂ ਕੋਈ ਅਜਿਹਾ ਨਾ ਕਰ ਸਕੇ।

ਉਹਨਾਂ ਹੋਰ ਕਿਹਾ ਕਿ ਸਿੱਖਾਂ ਦੀਆਂ ਸੰਸਥਾਵਾਂ ਨੂੰ ਨਿੱਜੀ ਸਿਆਸਤ ਤੋਂ ਉਪਰ ਉਠ ਕੇ ਇਕੱਠੇ ਹੋ ਕੇ ਸ੍ਰੀ ਅਕਾਲ ਤਖ਼ਤ ਨੂੰ ਸਹਿਯੋਗ ਦੇਣ ਦੀ ਲੋੜ ਹੈ । ਫਿਰ ਕੋਈ ਜਣਾ ਖਣਾ ਅਜਿਹੇ ਮੰਦੇ ਕੰਮ ਕਰਨ ਦੀ ਕੋਸ਼ਿਸ਼ ਵੀ ਨਹੀਂ ਕਰੇਗਾ । ਬੀਤੇ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਪਿੱਛੇ ਵੀ ਅਜਿਹੇ ਹੀ ਲੋਕਾਂ ਦਾ ਹੱਥ ਹੋ ਸਕਦਾ ਹੈ । ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਅਹੁਦਾ ਆਪ ਹੀ ਛੱਡ ਦੇਣਾ ਚਾਹੀਦਾ ਹੈ । ਜਾਂ ਆਮ ਆਦਮੀ ਪਾਰਟੀ ਉਹਨਾਂ ਵਿਰੁੱਧ ਕਾਰਵਾਈ ਕਰਕੇ ਕਿਸੇ ਸਾਫ਼ ਸੁੱਥਰੇ ਅਕਸ ਵਾਲੇ ਵਿਅਕਤੀ ਨੂੰ ਮੁੱਖ ਮੰਤਰੀ ਬਣਾਏ ਨਹੀਂ ਤਾਂ ਆਉਂਦੀਆਂ ਵੋਟਾਂ ਵਿੱਚ ਪੰਜਾਬ ਦੀ ਆਮ ਆਦਮੀ ਪਾਰਟੀ ਦਾ ਵੀ ਦਿੱਲੀ ਵਾਲਾ ਹਾਲ ਹੋ ਸਕਦਾ ਹੈ।


ਜਥੇਦਾਰ ਤਰਲੋਚਨ ਸਿੰਘ, ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਸ: ਰਘਬੀਰ ਸਿੰਘ

ਉਹਨਾਂ ਹੇਮਕੁੰਟ ਜਾਣ ਵਾਲੇ ਸਿੱਖ ਯਾਤਰੀਆਂ ਨਾਲ ਹਿਮਾਚਲ ਅਤੇ ਉਤਰਾਖੰਡ ਵਿੱਚ ਹੋ ਰਹੀਆਂ ਵਧੀਕੀਆਂ ਦਾ ਵੀ ਜ਼ੋਰਦਾਰ ਖੰਡਨ ਕੀਤਾ । ਜਿਹੜੇ ਸਿੱਖਾਂ ਉਤੇ ਸਥਾਨਕ ਲੋਕਾਂ ਨੇ ਹਮਲਾ ਕੀਤਾ, ਉਹਨਾਂ ਨੂੰ ਹੀ ਉਥੋਂ ਦੀ ਪੁਲਿਸ ਵੱਲੋਂ ਫੜ ਕੇ ਕੇਸ ਪਾਏ ਤੇ ਤਸ਼ੱਦਦ ਕੀਤਾ ਗਿਆ। ਉਕਤ ਆਗੂਆਂ ਨੇ ਕਿਹਾ ਕਿ ਜੇ ਇਸ ਤਰ੍ਹਾਂ ਦੀਆਂ ਸਿੱਖ ਵਿਰੋਧੀ ਘਟਨਾਵਾਂ ਨਾ ਰੋਕੀਆਂ ਗਈਆਂ ਤਾਂ ਸਮਾਜਿਕ ਹਾਲਾਤ ਵਿਗੜ ਸਕਦੇ ਹਨ । ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰ: ਕਮੇਟੀ ਅਤੇ ਸਿੱਖ ਸੰਸਥਾਵਾਂ ਨੂੰ ਬੇਨਤੀ ਕੀਤੀ ਕਿ ਉਤਰਾਖੰਡ ਅਤੇ ਹਿਮਾਚਲ ਸਰਕਾਰਾਂ ਉਤੇ ਦਬਾਅ ਪਾ ਕੇ ਸਿੱਖਾਂ ਵਿਰੁੱਧ ਹੋ ਰਹੀਆਂ ਇਹਨਾਂ ਘਟਨਾਵਾਂ ਨੂੰ ਰੁਕਵਾਉਣਾ ਚਾਹੀ-ਦਾ ਹੈ । ਇਸ ਕਾਰਨ ਸਮਾਜ ਵਿੱਚ ਨਫ਼ਰਤ ਵਧ ਰਹੀ ਹੈ। ਅਜਿਹੇ ਹਾਲਾਤ ਤੇ ਗਲਤ ਕਾਰਵਾਈਆਂ ਕਰਕੇ ਹੀ ਸਿੱਖ ਆਪਣੇ ਵੱਖਰੇ ਅਜ਼ਾਦ ਰਾਜ ਦੀ ਮੰਗ ਕਰਦੇ ਹਨ । ਉਹਨਾਂ ਕਿਹਾ ਸਾਨੂੰ ਸੋਹਣਾ ਸਮਾਜ ਸਿਰਜਣ ਲਈ ਯਤਨ ਕਰਨੇ ਚਾਹੀਦੇ ਹਨ, ਜਿੱਥੇ ਕਿਸੇ ਦੀ ਵੱਖਰੀ ਮਾਨਤਾ ਕਰਕੇ ਕੋਈ ਦੂਜੇ ਉਤੇ ਹਮਲਾ ਤੇ ਵਧੀਕੀ ਨਾ ਕਰੇ । ਉਹਨਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਆਉਂਦੀਆਂ ਚੋਣਾਂ ਦੌਰਾਨ ਉਹ ਖੇਤਰੀ ਪਾਰਟੀ ਨੂੰ ਹੀ ਅੱਗੇ ਲੈ ਕੇ ਆਉਣ, ਜੋ ਪੰਜਾਬ ਤੇ ਪੰਜਾਬੀਆਂ ਦੇ ਭਲੇ ਲਏ ਕੰਮ ਕਰੇ ਤੇ ਪੰਜਾਬੀਆਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਰੋਕੇ ।

## ਡਰਬੀ ਵਿਖੇ ਸ਼ਹੀਦੀ ਫੁੱਟਬਾਲ ਟੂਰਨਾਮੈਂਟ 27, 28 ਜੂਨ ਨੂੰ ਰੇਸ ਕੋਰਸ ਪਲੇਇੰਗ ਫੀਲਡ ਵਿੱਚ ਹੋਵੇਗਾ





ਡਰਬੀ (ਪੰਜਾਬ ਟਾਈਮਜ਼) - ਡਰਬੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਦਾ ਫੁੱਟਬਾਲ ਟੂਰਨਾਮੈਂਟ 27 - 28 ਜੂਨ ਸ਼ਨਿੱਚਰਵਾਰ ਤੇ ਐਤਵਾਰ ਨੂੰ ਬੜੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ । ਡਰਬੀ ਸਪੋਰਟਸ ਕਮੇਟੀ, ਖਾਲਸਾ ਫੁੱਟਬਾਲ ਫੈਡਰੇਸ਼ਨ ਅਤੇ ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ ਵੱਲੋਂ ਕਰਵਾਏ ਜਾ ਰਹੇ ਇਸ ਦੋ ਦਿਨਾਂ ਫੁੱਟਬਾਲ ਟੂਰਨਾਮੈਂਟ ਦੇ ਪ੍ਰਬੰਧਕਾਂ ਸ: ਨਛੱਤਰ ਸਿੰਘ ਛੋਕਰ, ਮਨਜੀਤ ਸਿੰਘ ਮਾਨ, ਭਜਨ ਸਿੰਘ ਢਿੱਲੋਂ, ਗੁਰਦੇਵ ਸਿੰਘ ਢਿੱਲੋਂ ਨੇ ਦੱਸਿਆ ਕਿ ਫੁੱਲਬਾਲ ਟੂਰਨਾਮੈਂਟ ਨੂੰ ਸਥਾਨਕ ਗੁਰਦੁਆਰਾ ਸਾਹਿਬਾਨ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ । ਜਿਹਨਾਂ ਵਿੱਚ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰਦੁਆਰਾ ਰਾਮਗੜ੍ਹੀਆ ਸਭਾ, ਗੁਰਦੁਆਰਾ ਖਾਲਸਾ ਦਰਬਾਰ, ਸ੍ਰੀ ਗੁਰੂ ਰਵਿਦਾਸ ਸਭਾ, ਦੇ ਇਲਾਵਾ, ਇੰਡੀਅਨ ਕਮਿਊਨਿਟੀ ਸੈਂਟਰ, ਡਰਬੀ ਸਪੋਰਟਸ ਕਮੇਟੀ, ਹਿੰਦੂ ਮੰਦਰ ਅਤੇ ਸ਼੍ਰੋਮਣੀ ਅਕਾਲੀ ਦਲ ਡਰਬੀ ਦੇ ਨਾਂ ਵਰਣਨਯੋਗ ਹਨ ।

ਉਹਨਾਂ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਇੰਗਲੈਂਡ ਭਰ ਦੇ ਵੱਖ-ਵੱਖ ਸ਼ਹਿਰਾਂ ਤੋਂ ਫੁੱਟਬਾਲ ਦੀਆਂ 34 ਦੇ ਲੱਗਭੱਗ ਸੀਨੀਅਰ ਟੀਮਾਂ ਅਤੇ ਬੱਚਿਆਂ ਦੀਆਂ ਅੰਡਰ 8 ਅੰਡਰ 11, ਅੰਡਰ 13, ਅੰਡਰ 15 ਅਤੇ ਅੰਡਰ 17 ਟੀਮਾਂ ਭਾਗ ਲੈ ਰਹੀਆਂ ਹਨ । ਇਸ ਟੂਰਨਾਮੈਂਟ ਤੇ ਲੜਕੀਆਂ ਦੀਆਂ ਫੁੱਟਬਾਲ ਟੀਮਾਂ ਵੀ ਭਾਗ ਲੈ ਰਹੀਆਂ ਹਨ ।

ਇਸ ਸਾਲ ਦਾ ਸ਼ਹੀਦੀ ਟੂਰਨਾਮੈਂਟ ਹਰ ਸਾਲ ਵਾਂਗ ਦੇਸ਼ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ, ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਆਓ ਉਹਨਾਂ ਦੇਸ਼ ਭਗਤ ਸੂਰਬੀਰਾਂ ਨੂੰ ਯਾਦ ਕਰਦੇ ਹੋਏ, ਉਹਨਾਂ ਦੇ ਸੁਪਨੇ ਸਾਕਾਰ ਕਰਨ ਦਾ ਯਤਨ ਕਰੀਏ ਅਤੇ ਇਸ ਟੂਰਨਾਮੈਂਟ ਵਿੱਚ ਵੱਧ ਤੋਂ ਵੱਧ ਦਰਸ਼ਕਾਂ ਨੂੰ ਨਾਲ ਲੈ ਕੇ ਸ਼ਾਮਿਲ ਹੋਵੋ ਅਤੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰੋ ।

ਟੂਰਨਾਮੈਂਟ ਦੌਰਾਨ ਗੁਰੂ ਘਰਾਂ ਵੱਲੋਂ ਖਿਡਾਰੀਆਂ ਅਤੇ ਦਰਸ਼ਕਾਂ ਲਈ ਖੁੱਲੇ ਲੰਗਰ ਵਰਤਾਏ ਜਾਣਗੇ । ਪ੍ਰਬੰਧਕਾਂ ਨੇ ਅਪੀਲ ਕੀਤੀ ਕਿ ਇਸ ਟੂਰਨਾਮੈਂਟ ਵਿੱਚ ਆਪਣੇ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਬੀਬੀਆਂ ਭੈਣਾਂ ਅਤੇ ਬਹੁਤ ਸਾਰੇ ਪਰਿਵਾਰਕ ਮੈਂਬਰ ਵੀ ਦਰਸ਼ਕਾਂ ਵਜੋਂ ਸ਼ਾਮਿਲ ਹੁੰਦੇ ਹਨ, ਇਸ ਲਈ ਗਰਾਊਂਡਾਂ ਵਿੱਚ ਕੋਈ ਵੀ ਨਸ਼ਾ, ਸ਼ਰਾਬ ਅਤੇ ਮੀਟ ਆਦਿ ਲਿਆਉਣ ਅਤੇ ਵਰਤਣ ਦੀ ਸਖਤ ਮਨਾਹੀ ਹੈ । ਅਖੀਰ ਵਿੱਚ ਪ੍ਰਬੰਧਕਾਂ ਨੇ ਗੁਰੂ ਘਰਾਂ, ਸਾਰੀਆਂ ਸੰਸਥਾਵਾਂ ਅਤੇ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਵਾਲਿਆਂ ਦਾ ਹਾਰਦਿਕ ਧੰਨਵਾਦ ਕੀਤਾ ।

## ਸਾਬਕਾ ਸਕਾਟਿਸ਼ ਨੈਸ਼ਨਲ ਪਾਰਟੀ ਮੁਖੀ ਨੂੰ ਫੰਡਾਂ ਦੀ ਹੇਰਾਫੇਰੀ ਮਾਮਲੇ ਵਿੱਚ 5 ਸਾਲ ਕੈਦ



ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਸਕਾਟਲੈਂਡ ਵਿੱਚ ਸੱਤਾਧਾਰੀ ਸਕਾਟਿਸ਼ ਨੈਸ਼ਨਲ ਪਾਰਟੀ ਦੇ ਸਾਬਕਾ ਮੁੱਖ ਕਾਰਜਕਾਰੀ ਪੀਟਰ ਮੁਰਿੱਲ ਨੂੰ ਪਾਰਟੀ ਦੇ ਚਾਰ ਲੱਖ ਪੌਂਡ ਤੋਂ ਵੱਧ ਫੰਡਾਂ ਦੀ ਹੇਰਾਫੇਰੀ ਕਰਨ ਦੇ ਮਾਮਲੇ ਵਿੱਚ ਪੰਜ ਸਾਲ ਤਿੰਨ ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਇਹ ਫੈਸਲਾ ਐਡਿਨਬਰਗ ਹਾਈ ਕੋਰਟ ਨੇ ਮੰਗਲਵਾਰ ਨੂੰ ਸੁਣਾਇਆ।ਅਦਾਲਤ ਵਿੱਚ ਮੁਰੈਲ ਨੇ ਮੰਨਿਆ ਸੀ ਕਿ ਉਸ ਨੇ 2010 ਤੋਂ 2023 ਦਰਮਿਆਨ ਪਾਰਟੀ ਦੇ ਚਾਰ ਲੱਖ ਪੌਂਡ ਤੋਂ ਵੱਧ ਫੰਡ ਨਿੱਜੀ ਖਰਚਿਆਂ ਲਈ ਵਰਤੇ। ਜਾਂਚ ਮੁਤਾਬਕ ਰਕਮ ਮਹਿੰਗੇ ਵਾਹਨਾਂ, ਸਵਾ ਲੱਖ ਪੌਂਡ ਦਾ ਇੱਕ ਮੋਟਰਹੋਮ, ਲਗਜ਼ਰੀ ਘੜੀਆਂ, ਕਾਸਮੈਟਿਕਸ ਅਤੇ ਹੋਰ ਨਿੱਜੀ ਸਮਾਨ ਦੀ ਖਰੀਦ ਲਈ ਵਰਤੀ ਗਈ। ਸਜ਼ਾ ਸੁਣਾਉਂਦੇ ਹੋਏ ਲਾਰਡ ਯੰਗ ਨੇ ਇਸ ਨੂੰ ਸੋਚ ਸਮਝ ਕੇ ਕੀਤਾ ਗਿਆ ਬੇਈਮਾਨੀ ਦਾ ਅਪਰਾਧ ਅਤੇ ਭਰੋਸੇ ਦੀ ਗੰਭੀਰ ਉਲੰਘਣਾ ਕਰਾਰ ਦਿੱਤਾ। ਅਦਾਲਤ ਨੇ ਕਿਹਾ ਕਿ ਵੱਡੀਆਂ ਸੰਸਥਾਵਾਂ ਵਿੱਚ ਉੱਚ ਅਹੁਦਿਆਂ 'ਤੇ ਬੈਠੇ ਲੋਕਾਂ ਵੱਲੋਂ ਅਧਿਕਾਰਾਂ ਦੇ ਦੁਰਵਰਤੋਂ ਨੂੰ ਰੋਕਣ ਲਈ ਅਜਿਹੀ ਸਜ਼ਾ ਲਾਜ਼ਮੀ ਹੈ। ਪੀਟਰ ਮੁਰਿੱਲ ਸਕਾਟਲੈਂਡ ਦੀ ਸਾਬਕਾ ਪਹਿਲੀ ਮੰਤਰੀ ਨਿਕੋਲਾ ਸਟਰਜਨ ਦੇ ਸਾਬਕਾ ਪਤੀ ਹਨ। ਸਟਰਜਨ ਨੇ ਪਹਿਲਾਂ ਹੀ ਕਿਹਾ ਸੀ ਕਿ ਉਨ੍ਹਾਂ ਨੂੰ ਮੁਰੈਲ ਵੱਲੋਂ ਪਾਰਟੀ ਦੇ ਪੈਸੇ ਦੀ ਗਲਤ ਵਰਤੋਂ ਬਾਰੇ ਕੋਈ ਜਾਣਕਾਰੀ ਨਹੀਂ ਸੀ।

## ਗੈਰ ਕਾਨੂੰਨੀ ਜੰਗਲ ਦੀ ਕਟਾਈ ਰੋਕਣ ਲਈ ਯੂਕੇ ਸਰਕਾਰ ਦੀ ਕਾਰਵਾਈ ਤੇਜ਼

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਬ੍ਰਿਟੇਨ ਸਰਕਾਰ ਨੇ ਦੁਨੀਆ ਭਰ ਵਿੱਚ ਹੋ ਰਹੀ ਗੈਰ ਕਾਨੂੰਨੀ ਜੰਗਲ ਦੀ ਕਟਾਈ ਨੂੰ ਰੋਕਣ ਲਈ ਨਵੇਂ ਨਿਯਮ ਲਿਆਉਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਇਨ੍ਹਾਂ ਤਜਵੀਜ਼ਾਂ ਅਧੀਨ ਬ੍ਰਿਟੇਨ ਵਿੱਚ ਵੇਚੇ ਜਾਣ ਵਾਲੇ ਰੋਜ਼ਾਨਾ ਵਰਤੋਂ ਦੇ ਕਈ ਉਤਪਾਦਾਂ ਜਿਵੇਂ ਕੌਫੀ, ਕੋਕੋਆ, ਸੋਇਆ, ਪਾਮ ਆਇਲ ਅਤੇ ਰਬੜ ਦੀ ਸਪਲਾਈ ਚੇਨ ਦੀ ਕੜੀ ਜਾਂਚ ਹੋਵੇਗੀ। ਨਵੇਂ ਨਿਯਮਾਂ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਬ੍ਰਿਟਿਸ਼ ਬਾਜ਼ਾਰ ਵਿੱਚ ਆਉਣ ਵਾਲੀਆਂ ਵਸਤੂਆਂ ਉਸ ਜ਼ਮੀਨ ਤੋਂ ਤਿਆਰ ਨਾ ਹੋਣ ਜਿਸ ਨੂੰ ਸਥਾਨਕ ਕਾਨੂੰਨਾਂ ਦੀ ਉਲੰਘਣਾ ਕਰਕੇ ਜੰਗਲ ਕੱਟ ਕੇ ਖੇਤੀ ਲਈ ਵਰਤਿਆ ਗਿਆ ਹੋਵੇ। ਵੱਡੀਆਂ ਕੰਪਨੀਆਂ ਨੂੰ ਆਪਣੇ ਉਤਪਾਦਾਂ ਦੇ ਸਰੋਤ ਅਤੇ ਸਪਲਾਈ ਚੇਨ ਬਾਰੇ ਲਾਜ਼ਮੀ ਜਾਂਚ-ਪੜਤਾਲ ਕਰਨੀ ਪਵੇਗੀ ਅਤੇ ਸਾਬਤ ਕਰਨਾ ਪਵੇਗਾ ਕਿ ਉਹ ਗੈਰ-ਕਾਨੂੰਨੀ ਜੰਗਲ ਕਟਾਈ ਨਾਲ ਨਹੀਂ ਜੁੜੇ। ਇਹ ਕਦਮ ਖ਼ਾਸ ਤੌਰ 'ਤੇ ਉਨ੍ਹਾਂ ਉਤਪਾਦਾਂ ਲਈ ਮਹੱਤਵਪੂਰਨ ਹੈ ਜੋ ਚਾਕਲੇਟ, ਕਾਸਮੈਟਿਕਸ, ਸ਼ੈਂਪੂ, ਪਸ਼ੂ-ਚਾਰੇ ਅਤੇ ਹੋਰ ਘਰੇਲੂ ਵਸਤੂਆਂ ਵਿੱਚ ਵਰਤੇ ਜਾਂਦੇ ਹਨ।ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਉਪਭੋਗਤਾਵਾਂ ਨੂੰ ਇਹ ਭਰੋਸਾ ਮਿਲੇਗਾ ਕਿ ਉਨ੍ਹਾਂ ਦੀ ਖਰੀਦ ਜੰਗਲਾਂ ਦੀ ਤਬਾਹੀ, ਜੈਵਿਕ ਵਿਭਿੰਨਤਾ ਦੇ ਨੁਕਸਾਨ ਜਾਂ ਜੰਗਲੀ ਜੀਵਾਂ ਦੇ ਆਵਾਸਾਂ ਦੇ ਵਿਨਾਸ਼ ਵਿੱਚ ਹਿੱਸੇਦਾਰ ਨਹੀਂ ਬਣ ਰਹੀ। ਵਾਤਾਵਰਣ ਮਾਹਿਰਾਂ ਦੇ ਅਨੁਸਾਰ, ਪਾਮ ਆਇਲ, ਸੋਇਆ, ਕੋਕੋਆ, ਬੀਫ ਅਤੇ ਰਬੜ ਵਰਗੀਆਂ ਵਸਤੂਆਂ ਦੀ ਮੰਗ ਕਈ ਦੇਸ਼ਾਂ ਵਿੱਚ ਜੰਗਲਾਂ ਨੂੰ ਖੇਤੀਬਾੜੀ ਦੀ ਜ਼ਮੀਨ ਵਿੱਚ ਬਦਲਣ ਦਾ ਵੱਡਾ ਕਾਰਨ ਰਹੀ ਹੈ। ਜੰਗਲਾਂ ਦੀ ਕਟਾਈ ਨਾਲ ਕਾਰਬਨ ਨਿਕਾਸ ਵਧਦਾ ਹੈ, ਮੌਸਮੀ ਤਬਦੀਲੀ ਗੰਭੀਰ ਹੁੰਦੀ ਹੈ ਅਤੇ ਇਸ ਨਾਲ ਜੰਗਲੀ ਜਾਨਵਰਾਂ ਦੀਆਂ ਕਈ ਪ੍ਰਜਾਤੀਆਂ ਖ਼ਤਰੇ ਵਿੱਚ ਹਨ।

# ਲੀਡਜ਼ ਦੇ ਚੈਪਲਟਾਊਨ ਗੁਰਦੁਆਰਾ ਸਾਹਿਬ ਵਿਖੇ ਹੈਨਰੀ ਨੋਵਾਕ ਦੀ ਆਤਮਿਕ ਸ਼ਾਂਤੀ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ; ਕਈ ਪ੍ਰਮੁੱਖ ਸ਼ਖਸੀਅਤਾਂ ਨੇ ਭਰੀ ਹਾਜ਼ਰੀ

ਲੀਡਜ਼-ਯਾਰਕਸ਼ਾਇਰ ਸਿੱਖ ਫੋਰਮ (Yorkshire Sikh Forum) ਨੇ 'ਯਾਰਕਸ਼ਾਇਰ ਏਸ਼ੀਅਨ ਬਿਜ਼ਨਸ ਐਸੋਸੀਏਸ਼ਨ' (YABA) ਨਾਲ ਮਿਲ ਕੇ ਲੀਡਜ਼ ਦੇ ਚੈਪਲਟਾਊਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ।



ਇਹ ਵਿਸ਼ੇਸ਼ ਪ੍ਰਾਰਥਨਾ ਸਭਾ ਹੈਨਰੀ ਨੋਵਾਕ ਦੇ ਬੇਵਕਤੇ ਕਤਲ ਤੋਂ ਬਾਅਦ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਆਯੋਜਿਤ ਕੀਤੀ ਗਈ ਸੀ, ਜਿਸ ਵਿੱਚ ਵੱਖ-ਵੱਖ ਖੇਤਰਾਂ ਦੇ ਕਈ ਪਤਵੰਤੇ ਆਗੂਆਂ ਨੇ ਹਿੱਸਾ ਲਿਆ। ਇਸ ਮੌਕੇ ਪੱਛਮੀ ਯਾਰਕਸ਼ਾਇਰ (West Yorkshire) ਦੀ ਮੇਅਰ ਟਰੇਸੀ ਬਰਾਬਿਨ (Tracy Brabin) ਤੇ ਡਿਪਟੀ ਮੇਅਰ ਫਾਰ ਪੁਲਿਸਿੰਗ ਐਂਡ ਕ੍ਰਾਈਮ ਐਲੀਸਨ ਲੋਵੀ (Alison Lowe), ਸਮੇਤ ਕਈ ਰਾਜਨੀਤਿਕ ਪਾਰਟੀਆਂ ਦੇ ਕੌਂਸਲਰਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਸ਼ੋਕ ਸਭਾ ਅਤੇ ਪ੍ਰਾਰਥਨਾ ਵਿੱਚ ਹਿੰਦੂ, ਸਿੱਖ, ਮੁਸਲਿਮ ਅਤੇ ਈਸਾਈ (ਕ੍ਰਿਸਚਨ) ਭਾਈਚਾਰੇ ਦੇ ਲਗਭਗ 200 ਤੋਂ ਵੱਧ ਲੋਕ ਇੱਕਜੁੱਟ ਹੋਏ। ਸਾਰਿਆਂ ਨੇ ਮਿਲ ਕੇ ਸਰਬੱਤ ਦੇ ਭਲੇ ਅਤੇ ਹੈਨਰੀ ਨੋਵਾਕ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ। ਇਹ ਸਮਾਗਮ ਆਪਸੀ ਭਾਈਚਾਰਕ ਸਾਂਝ ਅਤੇ ਸਾਂਝੀਵਾਲਤਾ ਦੀ ਇੱਕ ਵੱਡੀ ਮਿਸਾਲ ਬਣ ਕੇ ਸਾਹਮਣੇ ਆਇਆ। ਇਸ ਮੌਕੇ ਸੰਗਤਾਂ ਲਈ ਗੁਰੂ ਕੇ ਲੰਗਰ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਲੰਗਰ ਦੀ ਸੇਵਾ ਯਾਰਕਸ਼ਾਇਰ ਏਸ਼ੀਅਨ ਬਿਜ਼ਨਸ ਐਸੋਸੀਏਸ਼ਨ ਤੇ ਯਾਰਕਸ਼ਾਇਰ ਸਿੱਖ ਫੋਰਮ ਵੱਲੋਂ ਸਾਂਝੇ ਤੌਰ 'ਤੇ ਨਿਭਾਈ ਗਈ।

ਸੰਸਥਾ ਦੇ ਅਹੁਦੇਦਾਰਾਂ- ਚੇਅਰਮੈਨ ਨਿਰਮਲ ਸਿੰਘ ਸੇਖੋਂ (MBA, FDSA), ਡਾਇਰੈਕਟਰ ਸ਼ਰਨ ਜੰਡੂ ਅਤੇ ਸਿਮੀ ਸੇਖੋਂ ਵੱਲੋਂ ਚੈਪਲਟਾਊਨ ਲੀਡਜ਼ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸੈਕਟਰੀ, ਸਮੂਹ ਮੈਂਬਰਾਂ ਅਤੇ ਰਸੋਈ (ਕਿਚਨ) ਵਿੱਚ ਸੇਵਾ ਨਿਭਾਉਣ ਵਾਲੇ ਸਮੂਹ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਪ੍ਰੋਗਰਾਮ ਸਫ਼ਲਤਾਪੂਰਵਕ ਨੇਪਰੇ ਚੜ੍ਹਿਆ।

## 60 ਸੰਸਦ ਮੈਂਬਰਾਂ ਨੇ ਭਾਰਤੀ ਜੇਲ੍ਹ ਵਿੱਚ ਬੰਦ ਜੱਗੀ ਜੌਹਲ ਮਾਮਲੇ 'ਚ ਬ੍ਰਿਟੇਨ ਸਰਕਾਰ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਬ੍ਰਿਟੇਨ ਦੇ ਲਗਭਗ 60 ਸੰਸਦ ਮੈਂਬਰਾਂ ਨੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨੂੰ ਚਿੱਠੀ ਲਿਖ ਕੇ ਭਾਰਤ ਵਿੱਚ ਕੈਦ ਬ੍ਰਿਟਿਸ਼-ਸਕਾਟਿਸ਼ ਸਿੱਖ ਨਾਗਰਿਕ ਜਗਤਾਰ ਸਿੰਘ ਉਰਫ ਜੱਗੀ ਜੌਹਲ ਦੇ ਮਾਮਲੇ ਵਿੱਚ ਮਜ਼ਬੂਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਜੋਹਲ ਲਗਭਗ ਨੌਂ ਸਾਲਾਂ ਤੋਂ ਭਾਰਤ ਵਿੱਚ ਹਿਰਾਸਤ ਵਿੱਚ ਹਨ ਅਤੇ ਉਨ੍ਹਾਂ ਦਾ ਕੇਸ ਲੰਬੇ ਸਮੇਂ ਤੋਂ ਅਟਕਿਆ ਹੋਇਆ ਹੈ। ਸੰਸਦ ਮੈਂਬਰਾਂ ਨੇ ਦਲੀਲ ਦਿੱਤੀ ਕਿ ਬ੍ਰਿਟੇਨ ਸਰਕਾਰ ਸਿਰਫ਼ ਕੂਟਨੀਤਿਕ ਪੱਧਰ 'ਤੇ ਮਾਮਲਾ ਉਠਾਉਣ ਦੀ ਬਜਾਏ ਹੋਰ ਸਿੱਧਾ ਅਤੇ ਪ੍ਰਭਾਵਸ਼ਾਲੀ ਦਬਾਅ ਬਣਾਏ। ਜਗਤਾਰ ਸਿੰਘ ਜੋਹਲ ਨੂੰ 2017 ਵਿੱਚ ਪੰਜਾਬ ਵਿੱਚ ਜਲੰਧਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੇ ਪਰਿਵਾਰ ਅਤੇ ਸਮਰਥਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਨਾਲ ਹਿਰਾਸਤ ਦੌਰਾਨ ਤਸ਼ੱਦਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਜਬਰਦਸਤੀ ਇਕਬਾਲੀਆ ਬਿਆਨ ਦੇਣ ਲਈ ਮਜਬੂਰ ਕੀਤਾ ਗਿਆ। ਭਾਰਤੀ ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ। ਬ੍ਰਿਟਿਸ਼ ਸੰਸਦ ਵਿੱਚ ਇਸ ਮਾਮਲੇ ਨੂੰ ਕਈ ਵਾਰ ਉਠਾਇਆ ਗਿਆ ਹੈ। ਲੇਬਰ ਸੰਸਦ ਮੈਂਬਰ ਡਗਲਸ ਮੈਕਲਿਸਟਰ ਨੇ ਇਸ ਸਾਲ ਕਿਹਾ ਸੀ ਕਿ ਜੋਹਲ ਦੀ ਹਿਰਾਸਤ ਮਨਮਾਨੀ ਹੈ ਅਤੇ ਉਹ ਇੱਕੋ ਸਬੂਤਾਂ ਦੇ ਆਧਾਰ 'ਤੇ ਕਈ ਮਿਲਦੇ-ਜੁਲਦੇ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਵਿਦੇਸ਼ ਦਫ਼ਤਰ ਦੇ ਮੰਤਰੀ ਹਮੀਸ਼ ਫਾਲਕਨਰ ਨੇ ਸੰਸਦ ਨੂੰ ਦੱਸਿਆ ਸੀ ਕਿ ਬ੍ਰਿਟੇਨ ਸਰਕਾਰ ਹਰ ਉਚਿਤ ਮੌਕੇ 'ਤੇ ਭਾਰਤ ਸਰਕਾਰ ਨਾਲ ਜੋਹਲ ਦੀ ਲੰਬੀ ਹਿਰਾਸਤ ਬਾਰੇ ਚਿੰਤਾ ਜਤਾਉਂਦੀ ਰਹੀ ਹੈ ਅਤੇ ਕੇਸਾਂ ਦੇ ਤੁਰੰਤ, ਪੂਰੇ ਅਤੇ ਨਿਆਂਪੂਰਨ ਹੱਲ ਦੀ ਮੰਗ ਕਰਦੀ ਰਹੀ ਹੈ। ਹੁਣ 60 ਸੰਸਦ ਮੈਂਬਰਾਂ ਦੇ ਸਾਂਝੇ ਦਬਾਅ ਨਾਲ ਬ੍ਰਿਟੇਨ ਸਰਕਾਰ 'ਤੇ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਕੀ ਉਹ ਇਸ ਮਾਮਲੇ ਵਿੱਚ ਸਿਰਫ਼ ਕੂਟਨੀਤਿਕ ਸੰਪਰਕਾਂ ਤੱਕ ਸੀਮਤ ਰਹੇਗੀ ਜਾਂ ਭਾਰਤ ਨਾਲ ਉੱਚ ਪੱਧਰੀ ਗੱਲਬਾਤ ਰਾਹੀਂ ਹੋਰ ਸਖ਼ਤ ਰੁਖ ਅਪਣਾਏਗੀ।



ਜਗਤਾਰ ਸਿੰਘ ਉਰਫ ਜੱਗੀ ਜੌਹਲ

## ਯੂਰਪ ਵਿੱਚ ਭਿਆਨਕ ਗਰਮੀ ਦਾ ਪ੍ਰਕੋਪ, ਫਰਾਂਸ ਵਿੱਚ 18 ਲੋਕਾਂ ਦੀ ਮੌਤ



*ਯੂਰਪ ਦੇ ਕਈ ਦੇਸ਼ ਇਸ ਸਮੇਂ ਤੀਬਰ ਗਰਮੀ ਦੀ ਲਹਿਰ ਦਾ ਸਾਹਮਣਾ ਕਰ ਰਹੇ ਹਨ। ਉੱਚ ਤਾਪਮਾਨ ਕਾਰਨ ਜਨਜੀਵਨ ਪ੍ਰਭਾਵਿਤ ਹੋ ਰਿਹਾ ਹੈ ਅਤੇ ਕਈ ਥਾਵਾਂ ਤੇ ਐਮਰਜੈਂਸੀ ਹਾਲਾਤ ਪੈਦਾ ਹੋ ਗਏ ਹਨ। ਫਰਾਂਸ ਵਿੱਚ ਗਰਮੀ ਨਾਲ ਜੁੜੀਆਂ ਘਟਨਾਵਾਂ ਦੌਰਾਨ ਦੋ ਬੱਚਿਆਂ ਸਮੇਤ 18 ਲੋਕਾਂ ਦੀ ਮੌਤ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ।ਫਰਾਂਸ ਦੇ ਕੁਝ ਖੇਤਰਾਂ ਵਿੱਚ ਤਾਪਮਾਨ ਨੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ। ਬੋਰਦੋ ਸ਼ਹਿਰ ਵਿੱਚ ਤਾਪਮਾਨ 41.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਪੋਇਟਿ-ਏਰ ਵਿੱਚ 41.2 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ ਗਿਆ। ਮੌਸਮ ਮਾਹਿਰਾਂ ਅਨੁਸਾਰ ਇਹ ਅੰਕੜੇ ਇਸ ਖੇਤਰ ਲਈ ਅਸਧਾਰਨ ਹਨ।*

ਸਪੇਨ ਦੇ ਕੁਝ ਹਿੱਸਿਆਂ ਵਿੱਚ ਵੀ ਤਾਪਮਾਨ 40 ਡਿਗਰੀ ਸੈਲਸੀਅਸ ਦੇ ਨੇੜੇ ਪਹੁੰਚਣ ਦੀ ਸੰਭਾਵਨਾ ਜਤਾਈ ਗਈ ਹੈ। ਉੱਧਰ ਬ੍ਰਿਟੇਨ ਦੇ ਮੌਸਮ ਵਿਭਾਗ ਨੇ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਗਰਮੀ ਦੀ ਲਹਿਰ ਦੌਰਾਨ ਤਾਪਮਾਨ 39 ਡਿਗਰੀ ਸੈਲਸੀਅਸ ਤੋਂ ਉੱਪਰ ਜਾ ਸਕਦਾ ਹੈ। ਇਟਲੀ ਵਿੱਚ ਵਧਦੀ ਗਰਮੀ ਨੂੰ ਦੇਖਦਿਆਂ ਕਈ ਸ਼ਹਿਰਾਂ ਵਿੱਚ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਵੱਧ ਰਹੀ ਬਿਜਲੀ ਖਪਤ ਕਾਰਨ ਕੁਝ ਖੇਤਰਾਂ ਵਿੱਚ ਬਿਜਲੀ ਪ੍ਰਬੰਧ ਤੇ ਵੀ ਦਬਾਅ ਵਧ ਰਿਹਾ ਹੈ, ਜਿਸ ਲਈ ਵਾਧੂ ਪ੍ਰਬੰਧ ਕੀਤੇ ਜਾ ਰਹੇ ਹਨ।

ਬੈਲਜੀਅਮ ਵਿੱਚ ਵੀ ਗਰਮੀ ਦਾ ਅਸਰ ਜੰਗਲੀ ਜੀਵਾਂ ਅਤੇ ਪੰਛੀਆਂ ਤੇ ਵੇਖਣ ਨੂੰ ਮਿਲ ਰਿਹਾ ਹੈ। ਉੱਚ ਤਾਪਮਾਨ ਕਾਰਨ ਕਈ ਪੰਛੀਆਂ ਅਤੇ ਜਾਨਵਰਾਂ ਨੂੰ ਸੁਰੱਖਿਅਤ ਥਾਵਾਂ ਤੇ ਲਿਜਾਇਆ ਜਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕੁਝ ਥਾਵਾਂ ਤੇ ਛੱਤਾਂ ਅਤੇ ਇਮਾਰਤਾਂ ਦਾ ਤਾਪਮਾਨ ਬਹੁਤ ਜ਼ਿਆਦਾ ਹੋਣ ਕਾਰਨ ਪੰਛੀਆਂ ਦੇ ਆਲ੍ਹਣੇ ਵੀ ਪ੍ਰਭਾਵਿਤ ਹੋ ਰਹੇ ਹਨ।


ਮੌਸਮ ਵਿਗਿਆਨੀਆਂ ਦਾ ਮੰਨਣਾ ਹੈ ਕਿ ਜਲਵਾਯੂ ਪਰਿਵਰਤਨ ਕਾਰਨ ਹੀਟਵੇਵ ਵਰਗੀਆਂ ਘਟਨਾਵਾਂ ਦੀ ਤੀਬਰਤਾ ਅਤੇ ਆਵਰਤੀ ਵਧ ਰਹੀ ਹੈ। ਇਸ ਕਾਰਨ ਦੁਨੀਆ ਦੇ ਕਈ ਖੇਤਰਾਂ ਵਿੱਚ ਮੌਸਮੀ ਹਾਲਾਤ ਹੋਰ ਗੰਭੀਰ ਹੁੰਦੇ ਜਾ ਰਹੇ ਹਨ।

## ਨੀਰਵ ਮੋਦੀ ਖ਼ਿਲਾਫ਼ ਲੰਡਨ ਅਦਾਲਤ ਦਾ ਵੱਡਾ ਫ਼ੈਸਲਾ- ਬੈਂਕ ਆਫ਼ ਇੰਡੀਆ ਨੂੰ ਚੁਕਾਉਣੇ ਹੋਣਗੇ 100 ਕਰੋੜ ਰੁਪਏ

ਭਾਰਤ ਤੋਂ ਫ਼ਰਾਰ ਹੀਰਾ ਕਾਰੋਬਾਰੀ ਨੀਰਵ ਮੋਦੀ ਖ਼ਿਲਾਫ਼ ਲੰਡਨ ਦੀ ਇੱਕ ਉੱਚ ਅਦਾਲਤ ਨੇ ਵੱਡਾ ਫ਼ੈਸਲਾ ਸੁਣਾਇਆ ਹੈ। ਅਦਾਲਤ ਨੇ ਕਿਹਾ ਹੈ ਕਿ ਨੀਰਵ ਮੋਦੀ ਨੂੰ ਸਰਕਾਰੀ ਖੇਤਰ ਦੇ ਬੈਂਕ ਆਫ਼ ਇੰਡੀਆ ਦੇ 1 ਕਰੋੜ 7 ਲੱਖ ਅਮਰੀਕੀ ਡਾਲਰ, ਜੋ ਭਾਰਤੀ ਕਰੰਸੀ ਅਨੁਸਾਰ 100 ਕਰੋੜ ਰੁਪਏ ਤੋਂ ਵੱਧ ਬਣਦੇ ਹਨ, ਅਦਾ ਕਰਨੇ ਹੋਣਗੇ।ਅਦਾਲਤ ਦੇ ਜੱਜ ਸਾਈਮਨ ਟਿੰਕਲਰ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਨੀਰਵ ਮੋਦੀ ਨੇ ਬੈਂਕ ਨੂੰ ਨਿੱਜੀ ਜ਼ਮਾਨਤ ਦਿੱਤੀ ਸੀ, ਜਿਸ ਦੇ ਆਧਾਰ 'ਤੇ ਉਹ ਇਸ ਰਕਮ ਦੀ ਅਦਾਇਗੀ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ।

**ਕੀ ਹੈ ਪੂਰਾ ਮਾਮਲਾ?**

ਜੁਲਾਈ 2012 ਵਿੱਚ ਬੈਂਕ ਆਫ਼ ਇੰਡੀਆ ਨੇ ਦੁਬਈ ਵਿੱਚ ਸਥਿਤ ਨੀਰਵ ਮੋਦੀ ਦੀ ਕੰਪਨੀ ਫਾਇਰਸਟਾਰ ਡਾਇਮੰਡ ਨੂੰ ਕਰਜ਼ਾ ਦਿੱਤਾ ਸੀ। ਅਗਸਤ 2013 ਵਿੱਚ



ਨੀਰਵ ਮੋਦੀ ਨੇ ਕਰਜ਼ੇ ਦੀ ਨਿੱਜੀ ਜ਼ਮਾਨਤ ਦਿੰਦਿਆਂ ਭਰੋਸਾ ਦਿੱਤਾ ਸੀ ਕਿ ਜੇਕਰ ਕੰਪਨੀ ਕਰਜ਼ੇ ਦੀ ਰਕਮ ਵਾਪਸ ਨਾ ਕਰ ਸਕੀ ਤਾਂ ਉਹ ਖੁਦ ਇਸ ਦੀ ਅਦਾਇਗੀ ਕਰਨਗੇ।ਸਾਲ 2018 ਵਿੱਚ ਪੰਜਾਬ ਨੈਸ਼ਨਲ ਬੈਂਕ ਵਿੱਚ ਹੋਏ ਬਹੁਚਰਚਿਤ ਘਪਲੇ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਬੈਂਕ ਆਫ਼ ਇੰਡੀਆ ਨੇ ਆਪਣੀ ਕਰਜ਼ੇ ਦੀ ਰਕਮ ਵਾਪਸ ਮੰਗੀ। ਬੈਂਕ ਵੱਲੋਂ ਮਾਰਚ ਅਤੇ ਅਪ੍ਰੈਲ 2018 ਵਿੱਚ ਨੀਰਵ ਮੋਦੀ ਅਤੇ ਉਸ ਦੀ ਕੰਪਨੀ ਨੂੰ ਨੋਟਿਸ ਭੇਜੇ ਗਏ, ਪਰ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ।ਇਸ ਤੋਂ ਬਾਅਦ ਮਾਮਲਾ ਅਦਾਲਤ ਵਿੱਚ ਪਹੁੰਚਿਆ, ਜਿੱਥੇ ਹੁਣ ਲੰਡਨ ਦੀ ਉੱਚ ਅਦਾਲਤ ਨੇ ਬੈਂਕ ਆਫ਼ ਇੰਡੀਆ ਦੇ ਹੱਕ ਵਿੱਚ ਫ਼ੈਸਲਾ ਸੁਣਾਉਂਦਿਆਂ ਨੀਰਵ ਮੋਦੀ ਨੂੰ ਬਕਾਇਆ ਰਕਮ ਅਦਾ ਕਰਨ ਦੇ ਹੁਕਮ ਦਿੱਤੇ ਹਨ।

# 10 ਸਾਲਾਂ ਵਿੱਚ ਬਰਤਾਨੀਆ 7 ਪ੍ਰਧਾਨ ਮੰਤਰੀ ਵੇਖੇਗਾ


ਕੀਰ ਸਟਾਰਮਰ, ਰਿਸ਼ੀ ਸੁਨਕ, ਲਿਜ਼ ਟਰੱਸ, ਬੋਰਿਸ ਜੌਹਨਸਨ, ਥੈਰੇਸਾ ਮੇਅ ਅਤੇ ਡੇਵਿਡ ਕੈਮਰੂਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਨੂੰ ਲੋਕਤੰਤਰ ਦੀ ਮਾਂ ਕਿਹਾ ਜਾਂਦਾ ਹੈ। ਭਾਵੇਂ ਇੱਥੇ ਵੀ ਰਾਜਨੀਤੀ ਹੁਣ ਬਹੁਤ ਬਦਲ ਚੁੱਕੀ ਹੈ। ਪਰ ਫਿਰ ਵੀ ਸੰਵਾਦ ਅਤੇ ਤਿਆਗ ਦੀ ਰਾਜਨੀਤੀ ਇੱਥੇ ਪ੍ਰਚੱਲਤ ਹੈ।

ਬ੍ਰਿਟੇਨ ਦੀ ਰਾਜਨੀਤੀ ਵਿੱਚ ਪਿਛਲੇ ਕੁਝ ਸਾਲਾਂ ਤੋਂ ਚੱਲ ਰਹੀ ਸਿਆਸੀ ਉਥਲ-ਪੁਥਲ ਨੂੰ ਦੇਖਦੇ ਹੋਏ ਇਹ ਗੱਲ ਬਿਲਕੁਲ ਸੱਚ ਜਾਪਦੀ ਹੈ ਕਿ ਉੱਥੇ ਬਹੁਤ ਤੇਜ਼ੀ ਨਾਲ ਮੰਤਰੀ ਮੰਡਲ ਬਦਲੇ ਗਏ, ਇੱਥੇ ਹੀ ਬੱਸ ਨਹੀਂ ਪ੍ਰਧਾਨ ਮੰਤਰੀ ਬਦਲੇ ਜਾਣ ਦਾ ਵੀ ਆਪਣਾ ਹੀ ਇਤਿਹਾਸ ਹੈ। ਹਾਲਾਂਕਿ, ਜੇਕਰ ਅਸੀਂ ਇਤਿਹਾਸਕ ਤੱਥਾਂ ਅਤੇ ਅੰਕੜਿਆਂ ਦੀ ਗੱਲ ਕਰੀਏ, ਤਾਂ ਪਿਛਲੇ ਲਗਭਗ 10 ਸਾਲਾਂ ਵਿੱਚ 2016 ਤੋਂ 2026 ਤੱਕ ਬਰਤਾਨੀਆ ਨੇ 7 ਪ੍ਰਧਾਨ ਮੰਤਰੀ ਦੇਖੇ ਹਨ।

2016 ਵਿੱਚ ਬ੍ਰੈਗਜ਼ਿਟ ਰੈਫਰੈਂਡਮ ਤੋਂ ਬਾਅਦ ਡੇਵਿਡ ਕੈਮਰੂਨ ਨੇ ਅਸਤੀਫ਼ਾ ਦਿੱਤਾ। ਫਿਰ ਬ੍ਰੈਗਜ਼ਿਟ ਡੀਲ ਪਾਸ ਨਾ ਹੋਣ ਕਰਕੇ 2019 ਵਿੱਚ ਥੈਰੇਸਾ ਮੇਅ ਨੂੰ ਵੀ ਅਸਤੀਫਾ ਦੇਣਾ ਪਿਆ। ਕਰੋਨਾ ਮਹਾਂਮਾਰੀ ਵਿੱਚ ਬੋਰਿਸ ਜੌਹਨਸਨ ਕਈ ਸਿਆਸੀ ਵਿਵਾਦਾਂ ਵਿੱਚ ਉਲਝੇ ਰਹੇ, ਪਾਰਟੀਗੇਟ ਵਰਗੀਆਂ ਘਟਨਾਵਾਂ ਕਾਰਨ 2022 ਵਿੱਚ ਉਹ ਅਸਤੀਫ਼ਾ ਦੇਣ ਲਈ ਮਜਬੂਰ ਹੋਏ। ਲਿਜ਼ ਟਰੱਸ ਬ੍ਰਿਟੇਨ ਦੇ ਇਤਿਹਾਸ ਵਿੱਚ ਸਭ ਤੋਂ ਘੱਟ ਸਮਾਂ (ਸਿਰਫ਼ 45 ਦਿਨ) ਪ੍ਰਧਾਨ ਮੰਤਰੀ ਰਹੇ। ਉਹਨਾਂ ਤੋਂ ਬਾਅਦ ਭਾਰਤੀ ਮੂਲ ਦੇ ਰਿਸ਼ੀ ਸੁਨਕ 2022 ਤੋਂ 2024 ਤੱਕ ਦੇਸ਼ ਦੇ ਪਹਿਲੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਬਣੇ। 2024 ਵਿੱਚ ਲੇਬਰ ਪਾਰਟੀ ਦੀ ਵੱਡੀ ਜਿੱਤ ਤੋਂ ਬਾਅਦ ਕੀਰ ਸਟਾਰਮਰ ਪ੍ਰਧਾਨ ਮੰਤਰੀ ਬਣੇ ਅਤੇ ਹੁਣ 2026 ਵਿੱਚ ਉਹਨਾਂ ਅਸਤੀਫ਼ੇ ਦਾ ਐਲਾਨ ਕੀਤਾ ਹੈ। ਜਿਸ ਨਾਲ ਬਰਤਾਨਵੀ ਲੋਕ ਨਵੇਂ ਨੇਤਾ ਨੂੰ 7ਵੇਂ ਪ੍ਰਧਾਨ ਮੰਤਰੀ ਵਜੋਂ ਵੇਖਣਗੇ।

ਇਸ ਤਰ੍ਹਾਂ ਪਿਛਲੇ 10 ਸਾਲਾਂ ਵਿੱਚ 7 ਪ੍ਰਧਾਨ ਮੰਤਰੀਆਂ ਦਾ ਬਦਲਣਾ ਵੀ ਆਪਣੇ ਆਪ ਵਿੱਚ ਬ੍ਰਿਟਿਸ਼ ਲੋਕਤੰਤਰ ਦੇ ਇਤਿਹਾਸ ਵਿੱਚ ਇੱਕ ਬਹੁਤ ਵੱਡੀ ਅਤੇ ਬੇਮਿਸਾਲ ਹਲਚਲ ਹੈ। ਇਸੇ ਕਾਰਨ ਦੁਨੀਆ ਭਰ ਵਿੱਚ ਬ੍ਰਿਟੇਨ ਦੀ ਸਿਆਸੀ ਸਥਿਰਤਾ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ।

ਹੁਣ ਵੇਖਣਾ ਇਹ ਹੋਵੇਗਾ ਕਿ ਕੀ ਅਗਲਾ ਪ੍ਰਧਾਨ ਮੰਤਰੀ ਬਰਤਾਨੀਆ ਨੂੰ ਮੌਜੂਦਾ ਸੰਕਟ ਵਿੱਚੋਂ ਉਭਾਰਨ ਵਾਲਾ ਸਾਬਤ ਹੋ ਸਕੇਗਾ ਜਦੋਂ ਕਿ ਵੰਡ ਦੀ ਰਾਜਨੀਤੀ ਕਰਨ ਵਾਲੀਆਂ ਧਿਰਾਂ ਸਿਆਸਤ ਵਿੱਚ ਦਿਨੋ ਦਿਨ ਆਪਣੀ ਪਕੜ ਮਜ਼ਬੂਤ ਕਰ ਰਹੀਆਂ ਹਨ।

## ਬੰਦੀ ਸਿੰਘਾਂ ਦੀ ਰਿਹਾਈ ਤੋਂ ਲੈ ਕੇ ਲੰਡਨ ਤੋਂ ਪੰਜਾਬ ਲਈ ਸਿੱਧੀਆਂ ਉਡਾਣਾਂ ਦੀ ਮੰਗ ਸਮੇਤ ਵੱਖ ਵੱਖ ਮਸਲਿਆਂ ਤੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨਾਲ ਸਿੱਖ ਆਗੂਆਂ ਨੇ ਲੰਡਨ 'ਚ ਕੀਤੀ ਚਰਚਾ


ਐਮ ਪੀ ਸਤਨਾਮ ਸਿੰਘ ਸੰਧੂ ਅਤੇ ਦਮਨਪ੍ਰੀਤ ਕੌਰ ਸੰਧੂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਇੰਗਲੈਂਡ ਦੌਰੇ ਤੇ ਹਨ। ਇਸ ਮੌਕੇ ਉਹਨਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਮੱਥਾ ਟੇਕਿਆ ਅਤੇ ਸੰਗਤਾਂ ਨੂੰ ਸੰਬੋਧਨ ਕੀਤਾ। ਐਮ ਪੀ ਸੰਧੂ ਨੇ ਕਿਹਾ ਕਿ ਉਹ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਹਨ। ਪ੍ਰਵਾਸੀਆਂ ਦੇ ਮਸਲਿਆਂ ਨੂੰ ਲੈ ਕੇ ਉਹ ਸੰਸਦ ਵਿੱਚ ਵੀ ਚਰਚਾ ਕਰ ਚੁੱਕੇ ਹਨ। ਉਹਨਾਂ ਕਿਹਾ ਕਿ ਲੰਡਨ ਤੋਂ ਅੰਮ੍ਰਿਤਸਰ ਅਤੇ ਚੰਡੀਗੜ੍ਹ ਲਈ ਸਿੱਧੀਆਂ ਉਡਾਣਾਂ ਜਲਦੀ ਸ਼ੁਰੂ ਹੋਣਗੀਆਂ, ਜਿਸ ਲਈ ਭਾਰਤੀ ਹਵਾਈ ਕੰਪਨੀਆਂ ਦੇ ਨਾਲ ਨਾਲ ਵਿਦੇਸ਼ੀ ਹਵਾਈ ਕੰਪਨੀਆਂ ਲਈ ਰਾਹ ਖੋਲ੍ਹਣ ਦੇ ਪ੍ਰਬੰਧ ਲੱਗਭੱਗ ਹੋ ਚੁੱਕੇ ਹਨ।**

ਉਹਨਾਂ ਕਿਹਾ ਕਿ ਪ੍ਰਵਾਸੀਆਂ ਅਤੇ ਸਰਕਾਰ ਵਿਚਕਾਰ ਉਹ ਪੁਲ ਦਾ ਕੰਮ ਕਰਨ ਲਈ ਹਮੇਸ਼ਾਂ ਤਿਆਰ ਹਨ। ਉਹਨਾਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਪ੍ਰਵਾਸੀ ਪੰਜਾਬੀਆਂ ਦੀ ਮਦਦ ਲਈ ਲੰਡਨ ਵਿੱਚ ਸੁਵਿਧਾ ਕੇਂਦਰ ਸਥਾਪਤ ਕਰਨ ਲਈ ਯਤਨ ਕਰਨ ਤਾਂ ਜੋ ਆਪਸੀ ਤਾਲਮੇਲ ਕਾਇਮ ਕਰਕੇ ਮਸਲੇ ਹੱਲ ਹੋ ਸਕਣ। ਇਸ ਮੌਕੇ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ: ਗੁਰਮੇਲ ਸਿੰਘ ਮੱਲੀ, ਸ਼ਰਨਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਢੱਟ ਅਤੇ ਮਨਜੀਤ ਸਿੰਘ ਨੇ ਸ: ਸਤਨਾਮ ਸਿੰਘ ਸੰਧੂ ਅਤੇ ਬੀਬੀ ਦਮਨਦੀਪ ਕੌਰ ਸੰਧੂ ਦਾ ਸਨਮਾਨ ਕੀਤਾ।

ਉਪਰੰਤ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਆਗੂਆਂ ਨੇ ਸਿੱਖ ਮਸਲਿਆਂ, ਖਾਸ ਤੌਰ ਤੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਜਾਬ ਤੋਂ ਬਾਹਰ ਸਿੱਖਾਂ ਦੀ ਸੁਰੱਖਿਆ ਦੀ ਮੰਗ ਕਰਦਿਆਂ, ਪ੍ਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਦੀ ਸੁਰੱਖਿਆ ਸਮੇਤ ਵੱਖ ਵੱਖ ਮਾਮਲਿਆਂ ਤੇ ਚਰਚਾ ਕੀਤੀ। ਸ: ਸਤਨਾਮ ਸਿੰਘ ਸੰਧੂ ਨੇ ਭਰੋਸਾ ਦਿੱਤਾ ਕਿ ਪੰਜਾਬ ਦੇ ਮਸਲਿਆਂ ਦੇ ਹੱਲ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਛੁਕ ਹਨ, ਉਹ ਪ੍ਰਵਾਸੀਆਂ ਦੀਆਂ ਮੰਗਾਂ ਨੂੰ ਭਾਰਤ ਜਾ ਸਕੇ ਮੁੜ ਸਰਕਾਰ ਕੋਲ ਰੱਖਣਗੇ। ਇਸ ਮੌਕੇ ਬੀਬੀ ਸੁਰਜੀਤ ਕੌਰ ਬਾਸੀ, ਗਿਆਨੀ ਬਲਵਿੰਦਰ ਸਿੰਘ ਪੱਟੀ, ਬਲਜੀਤ ਸਿੰਘ ਮੱਲੀ, ਪ੍ਰਮਿੰਦਰ ਸਿੰਘ ਗਿੱਲ, ਸਰਬਜੀਤ ਸਿੰਘ ਸਾਬੀ ਬਸਰਾ ਆਦਿ ਹਾਜ਼ਰ ਸਨ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਗੱਤਕਾ ਫੈਡਰੇਸ਼ਨ ਯੂ.ਕੇ ਵਲੋਂ 12ਵੀਂ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਐਤਵਾਰ, 12 ਜੁਲਾਈ ਨੂੰ ਗੁਰਦੁਆਰਾ ਸਿੰਘ ਸਭਾ ਲੰਡਨ (ਈਸਟ) ਅਤੇ ਐਸ.ਐਸ.ਐਲ.ਈ. ਸਪੋਰਟਸ ਕਲੱਬ ਦੇ ਉਚੇਚੇ ਸਹਿਯੋਗ ਨਾਲ ਉਰਚਾਰਡ ਪਲੇਇੰਗ ਫੀਲਡਜ, ਗੁਡਮੇਜ ਲੇਨ ਵਿੱਖੇ ਖਾਲਸਾਈ ਜਾਹੋ-ਜਲਾਲ ਨਾਲ ਕਰਵਾਈ ਜਾਵੇਗੀ :ਤਨਮਨਜੀਤ ਸਿੰਘ ਢੇਸੀ

## ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਗੱਤਕਾ ਫੈਡਰੇਸ਼ਨ ਯੂ.ਕੇ. ਵਲੋਂ ਸਲਾਨਾ ਗੱਤਕਾ ਚੈਂਪੀਅਨਸ਼ਿਪ ਉਲੀਕਣ ਤੇ ਵਧਾਈ ਅਤੇ ਪੂਰਨ ਸਮਰਥਨ:ਡਾ. ਦੀਪ ਸਿੰਘ, ਕਲਵਿੰਦਰ ਸਿੰਘ ਅਮਰੀਕਾ

ਨਿਉਯਾਰਕ- ਵਿਸ਼ਵ ਦੇ ਸਮੂਹ ਮੁਲਕਾਂ ਦੀਆਂ ਗੱਤਕਾ ਫੈਡਰੇਸ਼ਨਾਂ ਦੀ ਨੁਮਾਇੰਦਾ ਖੇਡ ਜੱਥੇਬੰਦੀ, ਵਿਸ਼ਵ ਗੱਤਕਾ ਫੈਡਰੇਸ਼ਨ ਦੇ ਚੇਅਰਮੈਨ ਸ. ਕਲਵਿੰਦਰ ਸਿੰਘ ਤੇ ਪ੍ਰਧਾਨ ਗੱਤਕਾ ਫੈਡਰੇਸ਼ਨ ਯੂ.ਐਸ.ਏ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਵਲੋਂ ਸ. ਤਨਮਨਜੀਤ ਸਿੰਘ ਢੇਸੀ, ਮੈਂਬਰ ਪਾਰਲੀਮੈਂਟ-ਯੂ.ਕੇ ਵਲੋਂ ਸਲਾਨਾ ਗੱਤਕਾ ਚੈਂਪੀਅਨਸ਼ਿਪ ਨੂੰ ਆਯੋਜਿਤ ਕਰਨ ਤੇ ਵਧਾਈ ਦਿੱਤੀ ਗਈ। ਉਹਨਾਂ ਦਸਿੱਆ ਕਿ ਸ. ਤਨਮਨਜੀਤ ਸਿੰਘ ਢੇਸੀ ਯੂ.ਕੇ. ਦੀ ਪਾਰਲੀਮੈਂਟ ਪਹਿਲੇ ਦਸਤਾਰਧਾਰੀ ਸਿੱਖ ਮੈਂਬਰ ਹਨ ਅਤੇ ਲੰਮੇ ਸਮੇਂ ਤੋਂ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਸੇਵਾ ਨਿਭਾਉਦਿਆਂ ਉਹਨਾਂ ਯੂ.ਕੇ ਵਿੱਚ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਉਹਨਾਂ ਦਸਿੱਆ ਕਿ ਇਸ ਸਾਲ ਯੂ.ਕੇ ਦੀ 12ਵੀਂ ਸਲਾਨਾ ਗੱਤਕਾ ਚੈਂਪੀਅਨਸ਼ਿਪ ਐਤਵਾਰ,ਜੁਲਾਈ 12 ਨੂੰ ਗੁਰਦੁਆਰਾ ਸਿੰਘ ਸਭਾ ਲੰਡਨ (ਈਸਟ) ਅਤੇ ਐਸ. ਐਸ. ਐਲ. ਈ. ਸਪੋਰਟਸ ਕਲੱਬ ਦੇ ਉਚੇਚੇ ਸਹਿਯੋਗ ਨਾਲ ਉਰਚਾਰਡ ਪਲੇਇੰਗ ਫੀਲਡਜ, ਗੁਡਮੇਜ ਲੇਨ, ਆਈ.ਜੀ 3 9ਪੀ.ਡਬਲਿਉ ਵਿੱਖੇ ਖਾਲਸਾਈ ਜਾਹੋ-ਜਲਾਲ ਨਾਲ ਕਰਵਾਈ ਜਾਵੇਗੀ ਜਿਸ ਵਿੱਚ ਵੱਖ-ਵੱਖ ਉਮਰ ਵਰਗ ਦੇ ਸੋਟੀ-ਫਰੀ ਦੇ ਮੁਕਾਬਲੇ ਹੋਣਗੇ ਅਤੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ ਜਾਣਗੇ।


ਸ. ਕਲਵਿੰਦਰ ਸਿੰਘ, ਡਾ. ਦੀਪ ਸਿੰਘ,ਸ. ਤਨਮਨਜੀਤ ਸਿੰਘ ਢੇਸੀ ਯੂ.ਕੇ.

ਡਾ. ਦੀਪ ਸਿੰਘ ਨੇ ਦਸਿਆਂ ਕਿ ਇਹਨਾਂ ਨੈਸ਼ਨਲ ਗੱਤਕਾ ਮੁਕਾਬਲਿਆਂ ਵਿੱਚ ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਜਾਰੀ ਕੀਤੇ ਨਿਯਮ ਲਾਗੂ ਹੋਣਗੇ ਤੇ ਸਮੁਚੀ ਰੈਫਰੀ ਤੇ ਜੱਜਮੈਂਟ ਕੌਂਸਲ ਇਹਨਾਂ ਮਾਨਤਾ ਪ੍ਰਾਪਤ ਨਿਯਮਾਂ ਨੂੰ ਇੰਨ- ਵਿੰਨ ਲਾਗੂ ਕਰਨਾ ਯਕੀਨੀ ਬਣਾਵੇਗੀ।

ਇਸ ਮੋਕੇ ਉਹਨਾਂ ਨਾਲ ਸ. ਕਲਵਿੰਦਰ ਸਿੰਘ ਗੱਤਕਾ ਫੈਡਰੇਸ਼ਨ ਯੂ.ਐਸ.ਏ, ਕੈਲੇਫੋਰਨੀਆਂ, ਸ. ਗਗਨਦੀਪ ਸਿੰਘ ਬਰੇਲੀ ਟੂਰਨਾਮੈਂਟ ਕੁਆਰਡੀਨੇਟਰ ਅਮਰੀਕਾ, ਗੁਰਪ੍ਰੀਤ ਸਿੰਘ ਪਟਿਆਲਾ, ਸ. ਸੁਜਾਨ ਸਿੰਘ ਤੇ ਸ. ਜਸਕੀਰਤ ਸਿੰਘ, ਹਰਭਜਨ ਸਿੰਘ ਨਾਰਥ ਕੈਰੋਲੀਨਾ, ਜਸਵੇਦ ਸਿੰਘ ਨਿਉਯਾਰਕ,ਸ. ਬਲਜਿੰਦਰ ਸਿੰਘ ਸਾਰੇ ਸੀਨੀਅਰ ਕੋਚ ਤੇ ਰੈਫਰੀ ਨਿਉਯਾਰਕ ਅਤੇ ਬੀਬਾ ਸਰਬਜੀਤ ਕੌਰ ਸਿੱਖ ਚਿੰਤਕ ਵੀ ਹਾਜਿਰ ਸਨ।

# 'ਕੈਰੀ ਆਨ ਜੱਟਾ 4' ਦੀ ਟੀਮ ਨੇ ਲੰਡਨ ਵਾਲੇ ਪੰਜਾਬੀਆਂ ਨੂੰ ਮਿਲਣ ਪਹੁੰਚੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਸਿਨੇਮਾ ਦੀ ਮਸ਼ਹੂਰ ਕਾਮੇਡੀ ਫ੍ਰੈਂਚਾਈਜ਼ੀ 'ਕੈਰੀ ਆਨ ਜੱਟਾ 4' ਦੀ ਰਿਲੀਜ਼ ਨੂੰ ਲੈ ਕੇ ਦਰਸ਼ਕਾਂ ਵਿੱਚ ਭਾਰੀ ਉਤਸ਼ਾਹ ਹੈ। ਫਿਲਮ ਦੀ ਪ੍ਰਮੋਸ਼ਨ ਲਈ ਮੁੱਖ ਸਟਾਰਕਾਸਟ ਬਿੰਨੂ ਢਿੱਲੋਂ ਅਤੇ ਸਰਗੁਣ ਮਹਿਤਾ ਬੀਤੇ ਕੱਲ ਲੰਡਨ ਪਹੁੰਚੇ, ਜਿੱਥੇ ਇੱਕ ਪ੍ਰੈੱਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਅਦਾਕਾਰਾਂ ਨੇ ਲੰਡਨ ਅਤੇ ਵਿਦੇਸ਼ੀ ਬੈਠੇ ਪੰਜਾਬੀ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਯੂ.ਕੇ. ਦੇ ਦਰਸ਼ਕਾਂ ਨੇ ਹਮੇਸ਼ਾਂ ਪੰਜਾਬੀ ਸਿਨੇਮਾ ਨੂੰ ਰਿਕਾਰਡਤੋੜ ਪਿਆਰ ਦਿੱਤਾ ਹੈ। ਮੀਡੀਆ ਨਾਲ ਰੂ-ਬ-ਰੂ ਹੁੰਦਿਆਂ ਬਿੰਨੂ ਢਿੱਲੋਂ ਨੇ ਦੱਸਿਆ ਕਿ ਇਸ ਵਾਰ ਫਿਲਮ ਵਿੱਚ ਹਾਸਿਆਂ ਅਤੇ ਸਨਸਨੀ ਦਾ ਪੱਧਰ ਪਹਿਲਾਂ ਨਾਲੋਂ ਕਈ ਗੁਣਾ ਜ਼ਿਆਦਾ ਹੋਣ ਵਾਲਾ ਹੈ। ਉਹਨਾਂ ਭਾਵੁਕ ਹੁੰਦਿਆਂ ਕਿਹਾ ਕਿ ਜਸਵਿੰਦਰ ਭੱਲਾ ਪੰਜਾਬੀ ਰੰਗਮੰਚ ਦੇ ਮਹਾਨ ਸਿਤਾਰੇ ਨੂੰ ਪਹਿਲੀ ਵਾਰ ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਤਕਨੀਕ ਰਾਹੀਂ ਵੱਡੇ ਪਰਦੇ 'ਤੇ ਦੁਬਾਰਾ ਜ਼ਿੰਦਾ ਰੱਖਿਆ ਗਿਆ ਹੈ, ਜੋ ਕਿ ਦਰਸ਼ਕਾਂ ਲਈ ਇੱਕ ਬਹੁਤ ਵੱਡਾ ਸਰਪ੍ਰਾਈਜ਼ ਹੋਵੇਗਾ। ਸਰਗੁਣ ਮਹਿਤਾ ਨੇ ਕਿਹਾ ਕਿ ਫਿਲਮ ਵਿੱਚ ਮੁੱਖ ਅਦਾਕਾਰਾ ਵਜੋਂ 'ਕੈਰੀ ਆਨ ਜੱਟਾ' ਵਰਗੇ ਵੱਡੇ ਬ੍ਰਾਂਡ ਦਾ ਹਿੱਸਾ ਬਣਨਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਇਹ ਫਿਲਮ ਇੱਕ ਨਵੀਂ ਊਰਜਾ ਲੈ ਕੇ ਆਵੇਗੀ। ਸਮੀਪ ਕੰਗ ਦੇ ਨਿਰਦੇਸ਼ਨ ਹੇਠ ਬਣੀ ਇਹ ਫਿਲਮ ਬਾਕਸ ਆਫਿਸ 'ਤੇ ਸਫਲਤਾ ਦੇ ਨਵੇਂ ਕੀਰਤੀਮਾਨ ਸਥਾਪਿਤ ਕਰਨ ਲਈ ਤਿਆਰ ਹੈ। ਜੋ 26 ਜੂਨ ਨੂੰ ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ ਦਸਤਕ ਦੇਣ ਜਾ ਰਹੀ ਹੈ।


ਸਰਗੁਣ ਮਹਿਤਾ ਅਤੇ ਬੀਨੂੰ ਢਿਲੋਂ ਲੰਡਨ ਵਿੱਚ ਪ੍ਰੈਸ ਕਾਨਫਰੰਸ ਦੌਰਾਨ

# ਬਰੋਮਸਗਰੋਵ ਨੇੜੇ ਔਰਤ ਨਾਲ ਕੁੱਟਮਾਰ ਕਰਨ ਵਾਲੇ ਬਦਨਾਮ ਪੁਲਿਸ ਅਧਿਕਾਰੀ 'ਤੇ ਜ਼ਿੰਦਗੀ ਭਰ ਲਈ ਪੁਲਿਸ ਸੇਵਾ ਕਰਨ 'ਤੇ ਪਾਬੰਦੀ

ਵੈਸਟ ਮਿਡਲੈਂਡਜ਼ ਪੁਲਿਸ ਦੇ ਸਾਬਕਾ ਅਧਿਕਾਰੀ ਓਲਿਵਰ ਬੈਨਫੀਲਡ ਨੂੰ ਇੱਕ ਔਰਤ ਨਾਲ ਸ਼ਰਾਬ ਦੇ ਨਸ਼ੇ ਵਿੱਚ ਹਮਲਾ ਕਰਨ ਦੇ ਮਾਮਲੇ ਵਿੱਚ ਪੁਲਿਸ ਸੇਵਾ ਤੋਂ ਹਮੇਸ਼ਾ ਲਈ ਬੈਨ ਕਰ ਦਿੱਤਾ ਗਿਆ ਹੈ। ਅਨੁਸ਼ਾਸਨਾਤਮਕ ਸੁਣਵਾਈ ਵਿੱਚ ਫੈਸਲਾ ਦਿੱਤਾ ਗਿਆ ਕਿ ਜੇ ਉਹ ਪਹਿਲਾਂ ਹੀ ਅਸਤੀਫਾ ਨਾ ਦੇ ਚੁੱਕਿਆ ਹੁੰਦਾ ਤਾਂ ਉਸ ਨੂੰ ਤੁਰੰਤ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਜਾਂਦਾ।

ਘਟਨਾ ਜੁਲਾਈ 2020 ਵਿੱਚ ਵਾਰਵਿਕਸ਼ਾਇਰ ਦੇ ਬਿਡਫੋਰਡ-ਆਨ-ਏਵਨ, ਜੋ ਬਰੋਮਸਗਰੋਵ ਦੇ ਨੇੜੇ ਹੈ, ਵਿੱਚ ਵਾਪਰੀ ਸੀ। ਦੋਸ਼ ਹੈ ਕਿ ਡਿਊਟੀ ਤੋਂ ਬਾਹਰ ਮੌਜੂਦ ਬੈਨਫੀਲਡ ਨੇ ਸ਼ਰਾਬ ਦੇ ਨਸ਼ੇ ਵਿੱਚ ਘਰ ਵਾਪਸ ਜਾ ਰਹੀ ਐਮਾ ਹੋਮਰ ਨੂੰ ਗਰਦਨ ਤੋਂ ਫੜ ਕੇ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਉਸ ਨਾਲ ਗਾਲੀ-ਗਲੌਚ ਕੀਤੀ। ਪੀੜਤਾ ਨੇ ਕਿਹਾ ਕਿ ਇਸ ਘਟਨਾ ਨੇ ਉਸ ਨੂੰ ਡਰ ਅਤੇ ਮਾਨਸਿਕ ਤਣਾਅ ਵਿੱਚ ਧੱਕ ਦਿੱਤਾ।

ਬੈਨਫੀਲਡ ਨੇ ਅਦਾਲਤ ਵਿੱਚ ਓਸਸਾਉਲਟ ਬੇ ਬਏਓਟਿਨਗ ਦਾ ਦੋਸ਼ ਕਬੂਲ ਕੀਤਾ ਸੀ। ਉਸ ਨੂੰ ਜੇਲ੍ਹ ਦੀ ਸਜ਼ਾ ਨਹੀਂ ਹੋਈ, ਪਰ ਕਰਫ਼ਿਊ, ਹਰਜਾਨਾ ਅਤੇ ਅਦਾਲਤੀ ਖਰਚੇ ਭਰਨ ਦੇ ਹੁਕਮ ਦਿੱਤੇ ਗਏ। ਇਸ ਤੋਂ ਬਾਅਦ ਹੋਈ ਪੁਲਿਸ ਦੀ ਅਨੁਸ਼ਾਸਨਾਤਮਕ ਕਾਰਵਾਈ ਵਿੱਚ ਉਸ ਨੂੰ ਭਵਿੱਖ ਵਿੱਚ ਕਿਸੇ ਵੀ ਪੁਲਿਸ ਫੋਰਸ ਵਿੱਚ ਨੌਕਰੀ ਕਰਨ ਤੋਂ ਸਦਾ ਲਈ ਅਯੋਗ ਕਰਾਰ ਦਿੱਤਾ ਗਿਆ।

# ਹੈਨਰੀ ਨੋਵਾਕ ਦੇ ਕਤਲ ਮਾਮਲੇ ਦੇ ਦੋਸ਼ੀ ਵਿਕਰਮ ਦਿਗਵੇ ਦੀ ਜੇਲ੍ਹ ਬਦਲੀ ਉਸ ਜੇਲ੍ਹ ਵਿੱਚ ਕੈਦੀ ਇਆਨ ਹੰਟਲੀ ਦਾ ਹੋਇਆ ਸੀ ਕਤਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥੈਂਪਟਨ ਦੇ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੇ ਹਾਈ-ਪ੍ਰੋਫਾਈਲ ਕਤਲ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਵਿਕਰਮ ਦਿਗਵਾ ਨੂੰ 1 ਜੂਨ, 2026 ਨੂੰ ਘੱਟੋ-ਘੱਟ 21 ਸਾਲ ਦੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਹਾਲਾਂਕਿ, ਇਸ ਸਜ਼ਾ ਨੂੰ ਬਹੁਤ ਨਰਮ ਦੱਸਦੇ ਹੋਏ ਅਦਾਲਤ (ਕੋਰਟ ਆਫ਼ ਅਪੀਲ) ਵਿੱਚ ਚੁਣੌਤੀ ਦਿੱਤੀ ਗਈ ਹੈ।



ਮੀਡੀਆ ਰਿਪੋਰਟਾਂ ਮੁਤਾਬਕ ਦਿਗਵਾ ਉਸ ਜੇਲ੍ਹ ਵਿੱਚ ਰੱਖਿਆ ਗਿਆ ਹੈ, ਜਿੱਥੇ ਹਾਲ ਹੀ ਵਿੱਚ ਇੱਕ ਹੋਰ ਕਤਲ ਮਾਮਲੇ ਦੇ ਦੋਸ਼ੀ ਇਆਨ ਹੰਟਲੀ ਦਾ ਕਤਲ ਕਰ ਦਿੱਤਾ ਗਿਆ ਸੀ। ਸੋਹਾਮ ਕਤਲਕਾਂਡ ਦੇ ਦੋਸ਼ੀ ਇਆਨ ਹੰਟਲੀ 'ਤੇ ਐਚ ਐਮ ਪੀ ਫ੍ਰੈਂਕਲੈਂਡ (ਕਾਉਂਟੀ ਡਰਹਮ ਦੀ ਇੱਕ ਉੱਚ-ਸੁਰੱਖਿਆ ਵਾਲੀ ਜੇਲ੍ਹ) ਵਿੱਚ ਇੱਕ ਹੋਰ ਕੈਦੀ ਦੁਆਰਾ ਘਾਤਕ ਹਮਲਾ ਕੀਤਾ ਗਿਆ ਸੀ, ਜਿਸ ਵਿੱਚ ਉਸਦੀ ਮੌਤ ਹੋ ਗਈ ਸੀ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੂਈਟ**


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

**KINGSWAY BANQUETING SUITE**
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਜੂਨ 1984 ਦੇ ਘੱਲੂਘਾਰੇ ਦੀ ਯਾਦਗਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸਥਾਪਿਤ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਸੰਤ ਅਵਤਾਰ ਸਿੰਘ ਬੱਧਨੀ ਕਲਾਂ ਵਾਲੇ ਉਚੇਚੇ ਤੌਰ ਤੇ ਪਹੁੰਚੇ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਜੂਨ 1984 ਦੇ ਘੱਲੂਘਾਰੇ ਦੀ ਯਾਦਗਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸਥਾਪਿਤ ਕੀਤੀ ਗਈ। ਅਰਦਾਸ ਤੋਂ ਉਪਰੰਤ ਯਾਦਗਰ ਦਾ ਸੰਗਤ ਸਮਰਪਣ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ, ਸੰਤ ਗਿਆਨੀ ਅਵਤਾਰ ਸਿੰਘ ਬੱਧਨੀ ਕਲਾਂ ਵਾਲੇ ਅਤੇ ਸ: ਗੁਰਮੇਲ ਸਿੰਘ ਮੱਲੀ ਮੁੱਖ ਸੇਵਾਦਾਰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ।***



ਘੱਲੂਘਾਰੇ ਦੀ ਯਾਦਗਰ ਸੰਗਤਾਂ ਨੂੰ ਸਮਰਪਣ ਕਰਦੇ ਹੋਏ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ, ਗਿਆਨੀ ਅਵਤਾਰ ਸਿੰਘ, ਗੁਰਮੇਲ ਸਿੰਘ ਮੱਲੀ ਅਤੇ ਹੋਰ

ਇਸ ਮੌਕੇ ਸੰਤ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਅਤੇ ਸ: ਬਲਦੇਵ ਸਿੰਘ ਫੁੱਲ, ਇਸ਼ਟਮੀਤ ਸਿੰਘ ਫੁੱਲ, ਤਰਨਜੀਤ ਸਿੰਘ ਫੁੱਲ ਪ੍ਰੀਵਾਰ ਦੇ ਉੱਦਮ ਸਦਕਾ ਸ਼ਹੀਦੀ ਯਾਦਗਰ ਸਥਾਪਿਤ ਕੀਤੀ ਗਈ ਹੈ ਜਿਸ ਵਿੱਚ ਭਾਰਤੀ ਹਕੂਮਤ ਵੱਲੋਂ ਜੂਨ 1984 ਵਿੱਚ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕੀਤੇ ਜਾਣ ਵਾਲੇ ਦ੍ਰਿਸ਼ ਨੂੰ ਪੇਸ਼ ਕਰਦਾ ਮਾਡਲ ਅਤੇ ਦਮਦਮੀ ਟਕਸਾਲ ਦੇ ਮੁਖੀ ਸ਼ਹੀਦ ਬਾਬਾ ਦੀਪ ਸਿੰਘ, ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਅਤੇ ਹੋਰ ਸ਼ਹੀਦਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਉਹਨਾਂ ਕਿਹਾ ਕਿ ਤੀਜੇ ਘੱਲੂਘਾਰੇ ਦੀ ਇਹ ਯਾਦਗਰ ਸਾਡੀਆਂ ਅਗਲੀਆਂ ਪੀੜੀਆਂ ਨੂੰ ਸਾਡੇ ਨਾਲ ਬੀਤੀ ਹੋਣੀ ਨੂੰ ਦੱਸੇਗੀ। ਸੰਤ ਗਿਆਨੀ ਅਵਤਾਰ ਸਿੰਘ ਨੇ ਕਿਹਾ ਕਿ ਇਹ ਯਾਦਗਰ ਸਾਡੇ ਇਤਿਹਾਸ ਦੀ ਗਵਾਹ ਹੈ। ਜਿਸ ਲਈ ਪ੍ਰਬੰਧਕ ਅਤੇ ਸੇਵਾਦਾਰ ਵਧਾਈ ਦੇ ਪਾਤਰ ਹਨ। ਸ: ਗੁਰਮੇਲ ਸਿੰਘ ਮੱਲੀ ਨੇ ਕਿਹਾ ਕਿ ਸਿੱਖ ਕੌਮ ਹਮੇਸ਼ਾਂ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੀ ਹੈ। ਪਰ ਅਫਸੋਸ ਕਿ ਅੱਜ ਵੀ ਸਿੱਖਾਂ ਨਾਲ ਜੋ ਪੰਜਾਬ ਤੋਂ ਬਾਹਰ ਜੋ ਹੋ ਰਿਹਾ ਹੈ, ਉਸ ਦੀ ਰੋਕਥਾਮ ਲਈ ਕੌਮ ਨੂੰ ਇੱਕਜੁਟ ਹੋਣਾ ਚਾਹੀਦਾ ਹੈ। ਹਰਜੀਤ ਸਿੰਘ ਸਰਪੰਚ, ਇਸ਼ਟਮੀਤ ਸਿੰਘ ਫੁੱਲ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਯਾਦਗਰ ਬਣਾਉਣ ਲਈ ਸੇਵਾ ਕਰਨ ਵਾਲੇ ਸੇਵਾਦਾਰ ਦਾ ਧੰਨਵਾਦ ਕੀਤਾ।

ਇਸ ਮੌਕੇ ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਢੱਟ, ਮੀਤ ਪ੍ਰਧਾਨ ਕੇਵਲ ਸਿੰਘ ਰਣਦੇਵਾ, ਸਤਨਾਮ ਸਿੰਘ ਚੌਹਾਨ, ਪ੍ਰਮਜੀਤ ਸਿੰਘ ਧਾਲੀਵਾਲ, ਜਸਵੰਤ ਸਿੰਘ ਮੰਡ, ਮਨਜੀਤ ਸਿੰਘ, ਬੀਬੀ ਸੁਰਜੀਤ ਕੌਰ, ਕੌਂਸਲਰ ਕਮਲਪ੍ਰੀਤ ਕੌਰ, ਗੁਰਬਚਨ ਸਿੰਘ ਅਟਵਾਲ, ਕੁਲਵੰਤ ਸਿੰਘ ਭਿੰਡਰ, ਬਲਵਿੰਦਰ ਸਿੰਘ ਚਹੇੜੂ, ਬਲਜੀਤ ਸਿੰਘ ਮੱਲੀ, ਸਰਬਜੀਤ ਸਿੰਘ ਬਸਰਾ, ਬਲਵਿੰਦਰ ਸਿੰਘ ਗਿੱਲ ਦੀਨੇਵਾਲੀਆ, ਸੁਖਵਿੰਦਰ ਸਿੰਘ, ਜਗਜੀਤ ਸਿੰਘ, ਜੀਤਾ ਸਿੰਘ ਆਦਿ ਹਾਜ਼ਰ ਸਨ।

# ਇੰਗਲੈਂਡ ਦੇ ਸ਼ਹਿਰ ਗ੍ਰੇਸ ਦੇ ਸਿੱਖ ਭਾਈਚਾਰੇ ਨੇ ਹੈਨਰੀ ਨੋਵਾਕ ਦੀ ਮਾਤਾ ਨਾਲ ਮੁਲਾਕਾਤ ਕਰਕੇ ਹਮਦਰਦੀ ਦਾ ਕੀਤਾ ਪ੍ਰਗਟਾਵਾ



ਹੈਨਰੀ ਨੋਵਾਕ ਦੇ ਪ੍ਰੀਵਾਰ ਨਾਲ ਗ੍ਰੇਸ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਆਗੂ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਸਾਊਥਹੈਂਪਟਨ ਵਿਖੇ ਕਤਲ ਕੀਤੇ ਗਏ ਨੌਜਵਾਨ ਹੈਨਰੀ ਨੋਵਾਕ ਦੀ ਮਾਤਾ ਲੂਸੀ ਰੌਸ ਅਤੇ ਉਹਨਾਂ ਦੇ ਜੀਵਨ ਸਾਥੀ ਡੇਵਿਡ ਸਟੀਵਨਸਨ ਨਾਲ ਗ੍ਰੇਸ ਗੁਰਦੁਆਰਾ ਸਾਹਿਬ ਦੇ ਮੈਂਬਰਾਂ ਅਤੇ ਭਾਈਚਾਰੇ ਦੇ ਆਗੂਆਂ ਨੇ ਮੁਲਾਕਾਤ ਕਰਕੇ ਹਮਦਰਦੀ ਦਾ ਪ੍ਰਗਟਾਵਾ ਕੀਤਾ।***

ਸਿੱਖ ਭਾਈਚਾਰੇ ਨੇ ਪ੍ਰੀਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਹੈਨਰੀ ਦੀ ਬੇਵਕਤੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਹੈਨਰੀ ਦੀ ਮਾਂ ਲੂਸੀ ਨੇ ਸਥਾਨਕ ਸਿੱਖ ਭਾਈਚਾਰੇ ਅਤੇ ਯੂ ਕੇ ਭਰ ਦੇ ਸਿੱਖ ਭਾਈਚਾਰੇ ਵੱਲੋਂ ਮਿਲੇ ਭਰਵੇਂ ਸਮਰਥਨ ਦਾ ਧੰਨਵਾਦ ਕੀਤਾ। ਲੂਸੀ ਅਤੇ ਡੇਵਿਡ ਨੇ ਕਿਹਾ ਕਿ ਉਹ ਸਿੱਖ ਭਾਈਚਾਰੇ ਵਿਰੁੱਧ ਕੀਤੀ ਜਾਣ ਵਾਲੀ ਕਿਸੇ ਵੀ ਨਸਲੀ ਬਦਸਲੂਕੀ ਦਾ ਸਮਰਥਨ ਨਹੀਂ ਕਰਦੇ। ਹੈਨਰੀ ਬਾਰੇ ਸਿੱਖ ਆਗੂਆਂ ਨੇ ਕਿਹਾ ਕਿ ਉਹ ਗ੍ਰੇਸ ਭਾਈਚਾਰੇ ਦਾ ਪੁੱਤਰ ਅਤੇ ਸਾਡੇ ਵਿਸ਼ਾਲ ਸਮਾਜ ਦਾ ਬਹੁਤ ਹੀ ਕੀਮਤੀ ਮੈਂਬਰ ਸੀ। ਉਸਨੇ ਇੱਕ ਸਥਾਨਕ ਸੈਕੰਡਰੀ ਸਕੂਲ ਵਿੱਚ ਪੜ੍ਹਾਈ ਕੀਤੀ ਅਤੇ ਗੁਰਦੁਆਰਾ ਸਾਹਿਬ ਦੇ ਨੇੜੇ ਇੱਕ ਸਥਾਨਕ ਸੁਪਰਮਾਰਕੀਟ ਵਿੱਚ ਕੰਮ ਵੀ ਕੀਤਾ। ਸਿੱਖ ਭਾਈਚਾਰੇ ਦੇ ਬਹੁਤ ਸਾਰੇ ਮੈਂਬਰਾਂ ਨੇ ਹੈਨਰੀ ਨਾਲ ਆਪਣੀਆਂ ਨਿੱਜੀ ਯਾਦਾਂ ਸਾਂਝੀਆਂ ਕੀਤੀਆਂ।

ਸਿੱਖ ਭਾਈਚਾਰੇ ਨੇ ਕਿਹਾ ਕਿ ਉਹ ਇਨਸਾਫ਼ ਦੀ ਲੜਾਈ ਵਿੱਚ ਪ੍ਰਿਵਾਰ ਨਾਲ ਖੜ੍ਹੇ ਹਨ। ਮੀਟਿੰਗ ਵਿੱਚ ਸ਼ਾਮਿਲ ਵਿਅਕਤੀਆਂ ਅਤੇ ਪ੍ਰੀਵਾਰ ਨੇ ਕਿਹਾ ਕਿ ਹੈਨਰੀ ਦਾ ਇਹ ਦੁਖਦਾਈ ਘਾਟਾ ਸਾਡੇ ਭਾਈਚਾਰੇ ਨੂੰ ਕਦੇ ਵੀ ਵੰਡਣ ਨਹੀਂ ਦੇਵੇਗਾ, ਬਲਕਿ ਸਾਨੂੰ ਹਮਦਰਦੀ, ਸਤਿਕਾਰ ਅਤੇ ਏਕਤਾ ਵਿੱਚ ਹੋਰ ਨੇੜੇ ਲਿਆਵੇਗਾ।

# ਸਾਬਕਾ ਸੰਸਦ ਮੈਂਬਰ ਅਤੇ ਗਾਇਕ ਮੁਹੰਮਦ ਸਦੀਕ ਅਤੇ ਬੀਬਾ ਸੁਖਜੀਤ ਕੌਰ ਦਾ ਲੰਡਨ ਵਿੱਚ ਸਨਮਾਨ



ਸਾਬਕਾ ਐਮ ਪੀ ਮੁਹੰਮਦ ਸਦੀਕ ਅਤੇ ਬੀਬਾ ਸੁਖਜੀਤ ਕੌਰ ਦਾ ਸਨਮਾਨ ਕਰਦੇ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਬਕਾ ਸੰਸਦ ਮੈਂਬਰ ਅਤੇ ਉੱਘੇ ਗਾਇਕ ਮੁਹੰਮਦ ਸਦੀਕ ਅਤੇ ਬੀਬਾ ਸੁਖਜੀਤ ਕੌਰ ਦਾ ਲੰਡਨ ਦੇ ਸ਼ਹਿਰ ਹੰਸਲੋ ਦੇ ਕ੍ਰਿਸ਼ਮਾ ਹਾਲ ਵਿੱਚ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਵੱਲੋਂ ਸੀਨੀਅਰ ਮੀਤ ਪ੍ਰਧਾਨ ਗੁਰਮਿੰਦਰ ਕੌਰ ਰੰਧਾਵਾ, ਮਨਜੀਤ ਸਿੰਘ ਭੰਵਰਾ, ਵੋਇਸ ਆਫ ਵੂਮੈਨ ਦੀ ਚੇਅਰਪਰਸਨ ਬੀਬੀ ਸੁਰਿੰਦਰ ਕੌਰ, ਅਵਤਾਰ ਸਿੰਘ ਚੌਹਾਨ, ਤਲਵਿੰਦਰ ਸਿੰਘ ਢਿਲੋਂ, ਬਲਵਿੰਦਰ ਸਿੰਘ ਗਿੱਲ ਆਦਿ ਨੇ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਜਨਾਬ ਮੁਹੰਮਦ ਸਦੀਕ ਨੇ ਕਿਹਾ ਕਿ ਪੰਜਾਬ ਨੂੰ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀ ਬਹੁਤ ਲੋੜ ਹੈ। ਉਹਨਾਂ 2027 ਦੀਆਂ ਆ ਰਹੀਆਂ ਚੋਣਾਂ ਵਿੱਚ ਪ੍ਰਵਾਸੀ ਪੰਜਾਬੀਆਂ ਨੂੰ ਆਪਣਾ ਯੋਗਦਾਨ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਜੇ ਇਸ ਵਾਰ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਤੋਂ ਖੁੰਝ ਗਏ ਤਾਂ ਪੰਜਾਬ ਬਹੁਤ ਦੂਰ ਚਲਾ ਜਾਵੇਗਾ।

ਉਹਨਾਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਵੰਡ ਪਾਊ ਨੀਤੀਆਂ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਵਧੇਰੇ ਸਾਰਥਕ ਯਤਨ ਕਰਨ ਦੀ ਲੋੜ ਹੈ। ਸ੍ਰੀ ਸਦੀਕ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਪੰਜਾਬ ਅਜੇਹਾ ਸੂਬਾ ਹੈ ਜਿੱਥੋਂ ਦੇਸ਼ ਦੀ ਰਾਜਨੀਤਕ ਸਥਿਤੀ ਤੈਅ ਹੁੰਦੀ ਹੈ। ਜੇ ਪੰਜਾਬੀ 2027 ਵਿੱਚ ਕਾਂਗਰਸ ਦੀ ਸਰਕਾਰ ਬਣਾਉਣਗੇ ਤਾਂ ਦੇਸ਼ ਵਿੱਚ ਕਾਂਗਰਸ ਆਉਣ ਤੋਂ ਕੋਈ ਰੋਕ ਨਹੀਂ ਸਕੇਗਾ। ਇਸ ਮੌਕੇ ਸਥਾਨਿਕ ਭਾਈਚਾਰੇ ਦੇ ਆਗੂ ਅਤੇ ਬੀਬੀਆਂ ਹਾਜ਼ਰ ਸਨ।

# ਕੈਪਟਨ ਸਤਨਾਮ ਸਿੰਘ ਦੁਪਾਲ ਪੁਰ ਦੁਆਬੇ ਦੇ 148 ਵੇਂ ਮ੍ਰਿਤਕ-ਸਰੀਰ ਦਾਨੀ ਬਣੇ !

ਸੈਨਹੋਜ਼ੇ(ਤਰਲੋਚਨ ਸਿੰਘ ਦੁਪਾਲ ਪੁਰ)- ਨਵਾਂਸ਼ਹਿਰ ਇਲਾਕੇ ਵਿੱਚ ਕੈਪਟਨ ਸਤਨਾਮ ਸਿੰਘ ਦੀ ਭਰਵੀਂ ਪ੍ਰਸ਼ੰਸਾ ਹੋ ਰਹੀ ਹੈ ਜਿਨ੍ਹਾਂ ਦੁਆਬਾ ਸੇਵਾ ਸੰਮਤੀ ਨਵਾਂਸ਼ਹਿਰ ਰਾਹੀਂ ਮ੍ਰਿਤੂ ਉਪਰੰਤ ਮੈਡੀਕਲ ਖੋਜਾਂ ਵਾਸਤੇ ਆਪਣਾ ਸਰੀਰ ਦਾਨ ਕਰਨ ਲਈ ਫਾਰਮ ਭਰਿਆ। ਇਸ ਮੌਕੇ ਦੁਆਬਾ ਸੇਵਾ ਸੰਮਤੀ ਦੇ ਸੇਵਾਦਾਰਾਂ ਤੋਂ ਇਲਾਵਾ ਸ੍ਰੀ ਮਤੀ ਅਨਮਜੋਤ ਕੌਰ ਐੱਸ.ਡੀ.ਐੱਮ ਨਵਾਂਸ਼ਹਿਰ ਵੀ ਹਾਜ਼ਰ ਸਨ। ਮ੍ਰਿਤੂ ਉਪਰੰਤ ਸਰੀਰ ਦਾਨ ਕਰਨ ਵਾਲ਼ੇ ਕੈਪਟਨ ਸਤਨਾਮ ਸਿੰਘ ਦੁਆਬਾ ਖੇਤਰ ਦੇ 148 ਵੇਂ ਵਿਅਕਤੀ ਬਣ ਗਏ ਹਨ।


ਵਿਸ਼ੇਸ਼ ਗੱਲ ਇਹ ਹੈ ਕਿ ਸੰਨ 2001 ਵਿੱਚ ਡਿਫੈਂਸ ਸਰਵਿਸਿਜ਼ ਤੋਂ ਸੇਵਾ-ਮੁਕਤ ਹੋਣ ਉਪਰੰਤ ਕੈਪਟਨ ਸਾਹਬ ਗੁਰਦੁਆਰਾ ਸਿੰਘ ਸਭਾ ਦੁਪਾਲ ਪੁਰ ਵਿਖੇ ਨਿੱਤਨੇਮ ਕਰਨ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ।ਹਰ ਤਰਾਂ ਦੇ ਮਾਨਵ-ਸੇਵਾ ਦੇ ਕਾਰਜਾਂ ਵਿੱਚ ਮੋਹਰੀ ਰੋਲ ਨਿਭਾਉਣ ਲਈ ਤਤਪਰ ਰਹਿੰਦੇ ਸਤਨਾਮ ਸਿੰਘ, ਚੰਨੀਂ ਰਿਜ਼ੋਰਟਸ ਰਾਹੋਂ ਵਿਖੇ ਭਾਈ ਬਹਾਦਰ ਸਿੰਘ ਭਾਰਟਾ ਵਲੋਂ ਹਰ ਸਾਲ ਧੀਆਂ ਦੀ ਲੋਹੜੀ ਮਨਾਉਣ ਲਈ ਆਯੋਜਿਤ ਕੀਤੇ ਜਾਂਦੇ ਵੱਡੇ ਸਮਾਗਮ ਮੌਕੇ ਇਲਾਕੇ ਭਰ ਵਿੱਚੋਂ ਨਵ-ਜਨਮੀਆਂ ਬੱਚੀਆਂ ਦੇ ਵੇਰਵੇ ਇਕੱਠੇ ਕਰਦੇ ਹਨ ਅਤੇ ਸਾਰੀਆਂ ਬੱਚੀਆਂ ਦੇ ਮਾਪਿਆਂ ਨੂੰ ਲੋਹੜੀ ਤਿਉਹਾਰ ਨਾਲ ਸਬੰਧਿਤ ਵਸਤਾਂ ਜਿਵੇਂ ਸੂਟ ਰਿਉੜੀਆਂ ਬਿਸਕੁਟ ਅਤੇ



ਖਿਡਾਉਣਿਆਂ ਦੇ ਪੈਕਟ ਵੰਡਦੇ ਹਨ ।ਕਰੋਨਾ-ਕਾਲ ਸਮੇਂ ਵੀ ਉਨ੍ਹਾਂ ਨੂੰ ਮਨੁੱਖਤਾ ਦੀ ਸੇਵਾ ਕਰਨ ਸਦਕਾ ਕਈ ਸਮਾਜ-ਸੇਵੀ ਸੰਸਥਾਵਾਂ ਨੇ ਸਨਮਾਨਿਤ ਕੀਤਾ ਸੀ।

ਦੁਆਬਾ ਸੇਵਾ ਸੰਮਤੀ ਵਲੋਂ ਦੇਹ-ਦਾਨ ਕਰਨ ਵਾਲ਼ਾ ਆਈ.ਕਾਰਡ ਪ੍ਰਾਪਤ ਕਰਨ ਮੌਕੇ ਕੈਪਟਨ ਸਤਨਾਮ ਸਿੰਘ ਨੇ ਕਿਹਾ ਕਿ ਮ੍ਰਿਤੂ ਉਪਰੰਤ ਜੇ ਅੱਗ ਨਾਲ ਸਾੜ ਕੇ ਸਰੀਰ ਦੀ ਸਵਾਹ ਬਣਾਉਣ ਦੀ ਥਾਂ ਜੇ ਮ੍ਰਿਤਕ ਸਰੀਰ ਡਾਕਟਰੀ ਖੋਜਾਂ ਲਈ ਅਰਪਿਤ ਕੀਤੇ ਜਾਣ ਤਾਂ ਸਰੀਰਕ ਬੀਮਾਰੀਆਂ ਨੂੰ ਠੱਲ੍ਹ ਪਾਉਣ ਲਈ ਨਵੀਆਂ ਤਕਨੀਕੀ ਸੰਭਾਵਨਾਵਾਂ ਉਜਾਗਰ ਹੋਣਗੀਆਂ। ਜਿਸ ਨਾਲ ਸਮਾਜ ਦਾ ਭਲਾ ਹੋਵੇ ਗਾ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਮੈਂ ਇਹ ਫੈਸਲਾ ਆਪਣੀ ਸੁਪਤਨੀ ਚਰਨ ਕੌਰ ਅਤੇ ਚਾਰੇ ਬੇਟੀਆਂ ਜਸਵੀਰ ਕੌਰ ਲਖਵੀਰ ਕੌਰ ਰਾਜਵਿੰਦਰ ਕੌਰ ਅਤੇ ਮਨਜੀਤ ਕੌਰ ਦੀ ਸਹਿਮਤੀ ਨਾਲ ਹੀ ਲਿਆ ਹੈ। ਉਨ੍ਹਾਂ ਉਮੀਦ ਜਾਹਰ ਕੀਤੀ ਕਿ ਸਾਡੇ ਸਮਾਜ ਵਿੱਚ ਖੂਨ-ਦਾਨ ਕਰਨ ਵਾਂਗ ਮ੍ਰਿਤੂ ਉਪਰੰਤ ਸਰੀਰ-ਦਾਨ ਕਰਨ ਦੀ ਵੀ ਲਹਿਰ ਚਲੇ ਗੀ।

## ਭਾਰਤੀ ਮੂਲ ਦੇ ਮੁਅੱਤਲ ਜੱਜ ਨੂੰ 6 ਮਹੀਨੇ ਕੈਦ ਤੇ ਜੁਰਮਾਨਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤੀ ਮੂਲ ਦੇ ਮੁਅੱਤਲ ਫੋਰਟ ਬੈਂਡ ਕਾਊਂਟੀ ਜੱਜ ਕੇ.ਪੀ. ਜਾਰਜ ਨੂੰ ਫੰਡਾਂ ਦੀ ਦੁਰਵਰਤੋਂ ਨਾਲ ਜੁੜੇ ਦੋ ਸੰਗੀਨ ਮਨੀ ਲਾਂਡਰਿੰਗ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 180 ਦਿਨਾਂ ਦੀ ਕੈਦ ਅਤੇ ਪੰਜ ਸਾਲ ਪ੍ਰੋਬੇਸ਼ਨ ਸਜ਼ਾ ਸੁਣਾਈ ਗਈ ਹੈ। ਉਸ ਨੂੰ 5,000 ਡਾਲਰ ਜੁਰਮਾਨਾ ਵੀ ਦੇਣਾ ਪਵੇਗਾ , 200 ਘੰਟੇ ਕਮਿਊਨਿਟੀ ਸੇਵਾ ਕਰਨੀ ਪਵੇਗੀ ਅਤੇ ਇੱਕ ਚੋਰੀ ਵਿਰੋਧੀ ਪ੍ਰੋਗਰਾਮ ਨੂੰ ਪੂਰਾ ਕਰਨਾ ਪਵੇਗਾ। ਜੱਜ ਵਿਰੁੱਧ ਦੋਸ਼ ਲਗਾਏ ਗਏ ਸਨ ਕਿ ਉਸ ਨੇ ਮੁਹਿੰਮ ਫੰਡਾਂ ਨੂੰ ਨਿੱਜੀ ਖਾਤਿਆਂ ਵਿੱਚ ਤਬਦੀਲ ਕੀਤਾ ਅਤੇ ਬਾਅਦ ਵਿੱਚ ਉਨਾਂ ਫੰਡਾਂ ਨੂੰ ਨਿੱਜੀ ਖਰਚਿਆਂ ਲਈ ਵਰਤਿਆ ਗਿਆ , ਜਿਸ ਵਿੱਚ ਘਰ ਡਾਊਨ ਪੇਮੈਂਟ ਅਤੇ ਪ੍ਰਾਪਰਟੀ ਟੈਕਸ ਭੁਗਤਾਨ ਸ਼ਾਮਲ ਹਨ। ਇੱਕ ਜਿਊਰੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਜਾਰਜ ਨੂੰ ਦੋਸ਼ੀ ਕਰਾਰ ਦਿੱਤਾ ਸੀ। ਅਪ੍ਰੈਲ 2025 ਵਿੱਚ ਜਾਰਜ ਨੂੰ ਗ੍ਰਿਫਤਾਰ ਕੀਤਾ ਗਿਆ ਸੀ । ਉਸ ਸਮੇਂ, ਉਸ ਨੇ ਆਪਣੇ ਵਿਰੁੱਧ ਲੱਗੇ ਦੋਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਭਾਰਤ ਦੇ ਕੇਰਲਾ ਰਾਜ ਵਿੱਚ ਜਨਮੇ, ਜਾਰਜ ਵਿੱਤੀ ਯੋਜਨਾਬੰਦੀ ਵਿੱਚ ਕਰੀਅਰ ਬਣਾਉਣ ਤੋਂ ਬਾਅਦ ਜਨਤਕ ਸੇਵਾ ਵਿੱਚ ਦਾਖਲ ਹੋਏ। ਉਸ ਨੇ 2018 ਵਿੱਚ ਇਤਿਹਾਸ ਰਚਿਆ ਜਦੋਂ ਉਹ ਫੋਰਟ ਬੈਂਡ ਕਾਊਂਟੀ ਜੱਜ ਵਜੋਂ ਚੁਣੇ ਗਏ ਪਹਿਲੇ ਦੱਖਣੀ ਏਸ਼ੀਆਈ ਬਣੇ ਅਤੇ 2022 ਵਿੱਚ ਉਹ ਦੁਬਾਰਾ ਚੁਣੇ ਗਏ। ਜਾਰਜ ਨੂੰ ਅਪ੍ਰੈਲ ਵਿੱਚ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਜਾਰਜ ਨੇ ਕਿਹਾ ਹੈ ਕਿ ਉਹ ਫੈਸਲੇ ਨੂੰ ਚੁਣੌਤੀ ਦੇਵੇਗਾ।

# ਪਤੀ ਦੇ ਨਾਜਾਇਜ਼ ਸਬੰਧਾਂ ਤੋਂ ਤੰਗ ਆ ਕੇ 220 ਫੁੱਟ ਉੱਚੇ ਟਾਵਰ 'ਤੇ ਚੜ੍ਹੀ ਪਤਨੀ; 11 ਘੰਟਿਆਂ ਦੀ ਮੁਸ਼ੱਕਤ ਮਗਰੋਂ ਉਤਾਰਿਆ

ਲੁਧਿਆਣਾ-ਲੁਧਿਆਣਾ ਦੇ ਅਧੀਨ ਆਉਂਦੇ ਪਿੰਡ ਬੱਗਾ ਖੁਰਦ ਵਿੱਚ ਬੁੱਧਵਾਰ ਤੜਕਸਾਰ ਉਸ ਵੇਲੇ ਹੜਕੰਪ ਮਚ ਗਿਆ, ਜਦੋਂ ਇੱਕ ਔਰਤ ਆਪਣੇ ਪਤੀ ਦੀਆਂ ਕਰਤੂਤਾਂ ਤੋਂ ਪਰੇਸ਼ਾਨ ਹੋ ਕੇ 220 ਫੁੱਟ ਉੱਚੇ ਬਿਜਲੀ ਦੇ ਟਾਵਰ 'ਤੇ ਚੜ੍ਹ ਗਈ। ਔਰਤ ਆਪਣੇ ਨਾਲ ਛੋਟੇ ਬੱਚੇ ਨੂੰ ਵੀ ਉੱਪਰ ਲੈ ਕੇ ਜਾ ਰਹੀ ਸੀ, ਪਰ ਆਸ-ਪਾਸ ਦੇ ਲੋਕਾਂ ਦੀ ਮੁਸਤੈਦੀ ਸਦਕਾ ਬੱਚੇ ਨੂੰ ਤਾਂ ਬਚਾ ਲਿਆ ਗਿਆ, ਪਰ ਔਰਤ ਖ਼ੁਦ ਉੱਪਰ ਚੜ੍ਹਨ ਵਿੱਚ ਕਾਮਯਾਬ ਹੋ ਗਈ।

ਲਗਭਗ 10 ਤੋਂ 11 ਘੰਟਿਆਂ ਦੇ ਭਾਰੀ ਹਾਈ-ਵੋਲਟੇਜ ਡਰਾਮੇ ਅਤੇ ਪੁਲਿਸ-ਪੰਚਾਇਤ ਦੀ ਸਖ਼ਤ ਜੱਦੋ-ਜਹਿਦ ਤੋਂ ਬਾਅਦ ਔਰਤ ਨੂੰ ਸਹੀ-ਸਲਾਮਤ ਹੇਠਾਂ ਉਤਾਰਿਆ ਗਿਆ। ਮਿਲੀ ਜਾਣਕਾਰੀ ਮੁਤਾਬਕ ਪਿੰਡ ਵਿੱਚ ਰਹਿਣ ਵਾਲੀ ਗਮਗਮ ਦੇਵੀ ਨਾਂ ਦੀ ਔਰਤ ਦਾ ਆਪਣੇ ਪਤੀ ਪਲਟੂ ਨਾਲ ਰਾਤ ਤੋਂ ਹੀ ਕਿਸੇ ਗੱਲ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਗੁਆਂਢੀਆਂ ਨੇ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਗੁੱਸੇ ਵਿੱਚ ਆਈ ਗਮਗਮ ਦੇਵੀ ਤੜਕਸਾਰ ਟਾਵਰ ਵੱਲ ਦੌੜ ਪਈ। ਜਦੋਂ ਪਿੰਡ ਦੇ ਸਰਪੰਚ ਰਘਬੀਰ ਸਿੰਘ ਨੂੰ ਇਸ ਦੀ ਭਿਣਕ ਲੱਗੀ ਤਾਂ ਉਨ੍ਹਾਂ ਦੇ ਹੱਥਾਂ-ਪੈਰਾਂ ਦੀ ਪੈ ਗਈ। ਸਰਪੰਚ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਔਰਤ ਨੂੰ ਮੋਬਾਈਲ ਫ਼ੋਨ ਰਾਹੀਂ ਸਮਝਾਉਣ ਦੀ ਕੋਸ਼ਿਸ਼ ਕੀਤੀ ਅਤੇ ਨਾਲ ਹੀ ਪੀਸੀਆਰ ਪੁਲਿਸ ਨੂੰ ਸੂਚਨਾ ਦਿੱਤੀ। ਮੌਕੇ 'ਤੇ ਪਹੁੰਚੀ ਪੁਲਿਸ ਅਤੇ ਪ੍ਰਸ਼ਾਸਨ ਦੇ ਸਾਹਮਣੇ ਔਰਤ ਟਾਵਰ ਦੇ ਉੱਪਰੋਂ ਹੀ ਆਪਣੀ ਮੰਗ 'ਤੇ ਅੜੀ ਰਹੀ। ਟਾਵਰ ਤੋਂ ਰੋਸ ਪ੍ਰਗਟ ਕਰਦਿਆਂ ਔਰਤ ਨੇ ਦੋਸ਼ ਲਾਇਆ: "ਮੇਰਾ ਪਤੀ ਮੈਨੂੰ ਚੰਗਾ ਨਹੀਂ ਸਮਝਦਾ ਅਤੇ ਉਸ ਦੇ ਕਿਸੇ ਹੋਰ ਔਰਤ ਨਾਲ ਨਾਜਾਇਜ਼ ਸਬੰਧ ਹਨ। ਜਦੋਂ ਤੱਕ ਮੇਰਾ ਘਰਵਾਲਾ ਉਸ ਦੂਜੀ ਔਰਤ ਨੂੰ ਛੱਡਦਾ ਨਹੀਂ ਅਤੇ ਪੁਲਿਸ ਉਸ ਨੂੰ ਗ੍ਰਿ਼ਫਤਾਰ ਕਰਕੇ ਥਾਣੇ ਬੰਦ ਨਹੀਂ ਕਰਦੀ, ਮੈਂ ਹੇਠਾਂ ਨਹੀਂ ਉਤਰਾਂਗੀ।"


ਔਰਤ ਦੀ ਜ਼ਿੱਦ ਅਤੇ ਖ਼ਤਰੇ ਨੂੰ ਦੇਖਦਿਆਂ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਉਸ ਦੇ ਪਤੀ ਪਲਟੂ ਨੂੰ ਫੜ ਕੇ ਲਾਢੋਵਾਲ ਪੁਲਿਸ ਸਟੇਸ਼ਨ ਲੈ ਗਈ। ਪਤੀ ਦੇ ਗ੍ਰਿ਼ਫਤਾਰ ਹੋਣ ਅਤੇ ਪੁਲਿਸ ਤੇ ਪੰਚਾਇਤ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ, ਲਗਭਗ 11 ਘੰਟਿਆਂ ਦੀ ਲੰਬੀ ਜੱਦੋ-ਜਹਿਦ ਮਗਰੋਂ ਔਰਤ ਨੂੰ ਸੁਰੱਖਿਅਤ ਹੇਠਾਂ ਉਤਾਰਿਆ ਗਿਆ।

# ਨਸ਼ਾ ਤਸਕਰ ਨੂੰ ਕਾਰ ਦੇਣ ਤੋਂ ਮਨ੍ਹਾ ਕਰਨ 'ਤੇ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ

## ✪ ਪਤਨੀ ਤੇ ਪੁੱਤਰ ਸਣੇ 4 ਖ਼ਿਲਾਫ਼ ਮਾਮਲਾ ਦਰਜ

ਬਾਘਾ ਪੁਰਾਣਾ-ਮੋਗਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਅਧੀਨ ਪੈਂਦੇ ਪਿੰਡ ਸੁਖਾਨੰਦ ਵਿਖੇ ਕਾਰ ਨਾ ਦੇਣ ਦੇ ਮਾਮੂਲੀ ਵਿਵਾਦ ਨੂੰ ਲੈ ਕੇ ਇੱਕ 39 ਸਾਲਾ ਨੌਜਵਾਨ ਜਸਕਰਨ ਸਿੰਘ ਗੱਗੂ ਮੱਲ੍ਹੀ (39) ਦੀ ਗੋਲੀ ਮਾਰ ਕੇ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਪੁਲਿਸ ਨੇ ਮ੍ਰਿਤਕ ਦੇ ਭਰਾ ਦੇ ਬਿਆਨਾਂ ਦੇ ਆਧਾਰ 'ਤੇ ਮੁੱਖ ਮੁਲਜ਼ਮ, ਉਸ ਦੀ ਪਤਨੀ ਅਤੇ ਪੁੱਤਰ ਸਣੇ ਚਾਰ ਵਿਅਕਤੀਆਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰਕੇ ਫ਼ਰਾਰ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਫ਼ੋਨ 'ਤੇ ਹੋਈ ਤਕਰਾਰ ਤੋਂ ਬਾਅਦ ਵਧਿਆ ਵਿਵਾਦ-ਮ੍ਰਿਤਕ ਦੇ ਵੱਡੇ ਭਰਾ ਤੇਜਿੰਦਰ ਸਿੰਘ ਉਰਫ਼ ਜਿੰਦੀ (ਵਾਸੀ ਪਿੰਡ ਚੀਦਾ) ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ ਅਮਨਦੀਪ ਸਿੰਘ ਬਰਾੜ (ਵਾਸੀ ਸੁਖਾਨੰਦ) ਨਾਲ ਦੋਸਤੀ ਸੀ, ਜੋ ਅਕਸਰ ਉਸ ਤੋਂ ਕਾਰ ਮੰਗ ਕੇ ਲੈ ਜਾਂਦਾ ਸੀ। ਬੀਤੀ 17 ਜੂਨ ਨੂੰ ਅਮਨਦੀਪ ਨੇ ਮੁੜ ਕਾਰ ਦੀ ਮੰਗ ਕੀਤੀ, ਪਰ ਇਸ ਵਾਰ ਤੇਜਿੰਦਰ ਨੇ ਇਨਕਾਰ ਕਰ ਦਿੱਤਾ। ਇਸ ਗੱਲ ਨੂੰ ਲੈ ਕੇ ਦੋਵਾਂ ਵਿਚਾਲੇ ਫ਼ੋਨ 'ਤੇ ਕਾਫ਼ੀ ਤਕਰਾਰ ਹੋਈ। ਬਾਅਦ ਵਿੱਚ ਮਾਮਲਾ ਸੁਲਝਾਉਣ ਲਈ ਤੇਜਿੰਦਰ ਸਿੰਘ ਆਪਣੇ ਛੋਟੇ ਭਰਾ ਜਸਕਰਨ ਸਿੰਘ ਨੂੰ ਨਾਲ ਲੈ ਕੇ ਕਾਰ ਰਾਹੀਂ ਅਮਨਦੀਪ ਸਿੰਘ ਦੇ ਘਰ (ਪਿੰਡ ਸੁਖਾਨੰਦ) ਪਹੁੰਚਿਆ। ਉੱਥੇ ਦੋਵਾਂ ਧਿਰਾਂ ਵਿਚਾਲੇ ਦੁਬਾਰਾ ਬਹਿਸਬਾਜ਼ੀ ਸ਼ੁਰੂ ਹੋ ਗਈ, ਜੋ ਦੇਖਦੇ ਹੀ ਦੇਖਦੇ ਹੱਥੋਪਾਈ ਤੱਕ ਪਹੁੰਚ ਗਈ।



ਗੁੱਸੇ ਵਿੱਚ ਆਏ ਅਮਨਦੀਪ ਸਿੰਘ ਨੇ ਅਚਾਨਕ ਆਪਣੀ ਪਿਸਤੌਲ ਕੱਢ ਲਈ ਅਤੇ ਸਿੱਧੀ ਗੋਲੀ ਚਲਾ ਦਿੱਤੀ। ਗੋਲੀ ਜਸਕਰਨ ਸਿੰਘ ਉਰਫ਼ ਗੱਗੂ ਦੇ ਸੱਜੇ ਮੋਢੇ 'ਤੇ ਲੱਗੀ, ਜਿਸ ਕਾਰਨ ਉਹ ਖ਼ੂਨ ਨਾਲ ਲੱਥਪੱਥ ਹੋ ਕੇ ਉੱਥੇ ਹੀ ਡਿੱਗ ਪਿਆ ਅਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਜ਼ਖ਼ਮੀ ਜਸਕਰਨ ਸਿੰਘ ਨੂੰ ਤੁਰੰਤ ਸਿਵਲ ਹਸਪਤਾਲ ਭਗਤਾ ਭਾਈ ਕਾ ਲਿਜਾਇਆ ਗਿਆ, ਜਿੱਥੇ ਉਸ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਡਾਕਟਰਾਂ ਨੇ ਅੱਗੇ ਰੈਫ਼ਰ ਕਰ ਦਿੱਤਾ। ਇਸ ਤੋਂ ਬਾਅਦ ਉਸ ਨੂੰ ਆਦੇਸ਼ ਹਸਪਤਾਲ ਭੁੱਚੋ ਵਿਖੇ ਦਾਖ਼ਲ ਕਰਵਾਇਆ ਗਿਆ, ਪਰ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਉਸ ਦੀ ਮੌਤ ਹੋ ਗਈ।

ਮ੍ਰਿਤਕ ਦੇ ਭਰਾ ਤੇਜਿੰਦਰ ਸਿੰਘ ਨੇ ਪੁਲਿਸ ਸਾਹਮਣੇ ਵੱਡਾ ਖ਼ੁਲਾਸਾ ਕਰਦਿਆਂ ਦੋਸ਼ ਲਾਇਆ ਕਿ ਮੁੱਖ ਮੁਲਜ਼ਮ ਅਮਨਦੀਪ ਸਿੰਘ ਬਰਾੜ ਨਸ਼ਾ ਵੇਚਣ ਦਾ ਧੰਦਾ ਕਰਦਾ ਹੈ। ਉਸ ਨੇ ਦੋਸ਼ ਲਗਾਇਆ ਕਿ ਇਸ ਕਤਲਕਾਂਡ ਨੂੰ ਅਮਨਦੀਪ ਨੇ ਆਪਣੇ ਪਰਿਵਾਰ ਅਤੇ ਇੱਕ ਸਾਥੀ ਨਾਲ ਮਿਲ ਕੇ ਸਾਜ਼ਿਸ਼ ਤਹਿਤ ਅੰਜਾਮ ਦਿੱਤਾ ਹੈ।

ਮਾਮਲਾ ਹੈਨਰੀ ਨੋਵਾਕ ਹੱਤਿਆਕਾਂਡ ਦਾ

# ਕਿਰਪਾਨ 'ਤੇ ਪਾਬੰਦੀ ਦੀ ਧਮਕੀ ਤੋਂ ਬਾਅਦ ਯੂਕੇ ਦੇ ਸਿੱਖਾਂ ਵਿੱਚ ਰਿਫਾਰਮ ਪਾਰਟੀ ਖ਼ਿਲਾਫ਼ ਭਾਰੀ ਰੋਸ

**ਖਾਸ ਖਬਰ** ✪ ਫਰਾਜ ਅਤੇ ਜ਼ਿਆ ਯੂਸਫ਼ ਦੇ ਬਿਆਨਾਂ ਤੋਂ ਬਾਅਦ ਬ੍ਰਿਟਿਸ਼ ਸਿੱਖਾਂ ਵਿੱਚ ਨਾਰਾਜ਼ਗੀ







ਬਰਤਾਨੀਆ ਦੀ ਸਿਆਸਤ ਵਿੱਚ ਪਿਛਲੇ ਕੁਝ ਸਮੇਂ ਤੋਂ ਇੱਕ ਦਿਲਚਸਪ ਤਬਦੀਲੀ ਦੇਖਣ ਨੂੰ ਮਿਲ ਰਹੀ ਸੀ। ਪਰੰਪਰਾਗਤ ਤੌਰ 'ਤੇ ਲੇਬਰ ਪਾਰਟੀ ਦੇ ਵੋਟਰ ਮੰਨੇ ਜਾਣ ਵਾਲੇ ਬ੍ਰਿਟਿਸ਼ ਸਿੱਖਾਂ ਦਾ ਇੱਕ ਹਿੱਸਾ ਹੌਲੀ-ਹੌਲੀ ਸੱਜੇ-ਪੱਖੀ 'ਰਿਫਾਰਮ ਯੂਕੇ' ਪਾਰਟੀ ਵੱਲ ਆਕਰਸ਼ਿਤ ਹੋ ਰਿਹਾ ਸੀ। ਪਰ 18 ਸਾਲਾ ਨੌਜਵਾਨ ਹੈਨਰੀ ਨੋਵਾਕ ਦੇ ਦੁਖਦ ਕਤਲ ਤੋਂ ਬਾਅਦ ਜਿਸ ਤਰ੍ਹਾਂ ਰਿਫਾਰਮ ਪਾਰਟੀ ਦੀ ਲੀਡਰਸ਼ਿਪ ਨੇ ਸਿੱਖਾਂ ਦੀ ਧਾਰਮਿਕ ਪਛਾਣ 'ਤੇ ਸਵਾਲ ਖੜ੍ਹੇ ਕੀਤੇ ਹਨ, ਉਸ ਨੇ ਸਿਆਸੀ ਗਠਜੋੜਾਂ ਉਪਰ ਦੱਖਣੀ-ਏਸ਼ੀਆਈ ਭਾਈਚਾਰਿਆਂ ਦੀ ਸੁਰੱਖਿਆ ਨੂੰ ਲੈ ਕੇ ਇੱਕ ਵੱਡਾ ਚਿੰਤਾ ਦਾ ਵਿਸ਼ਾ ਖੜ੍ਹਾ ਕਰ ਦਿੱਤਾ ਹੈ।

ਸਭ ਤੋਂ ਪਹਿਲਾਂ ਕਾਨੂੰਨ ਅਤੇ ਅਪਰਾਧ ਦੇ ਫਰਕ ਨੂੰ ਸਮਝਣਾ ਜ਼ਰੂਰੀ ਹੈ। ਸਿੱਖ ਜਥੇਬੰਦੀਆਂ ਨੇ ਸਾਫ਼ ਕੀਤਾ ਹੈ ਕਿ ਕਾਤਲ ਵਿਕਰਮ ਦਿਗਵਾ ਵੱਲੋਂ ਵਰਤਿਆ ਗਿਆ ਹਥਿਆਰ ਕੋਈ ਰਵਾਇਤੀ 'ਕਿਰਪਾਨ' ਨਹੀਂ ਸੀ, ਬਲਕਿ ਇੱਕ ਵੱਖਰੀ ਕਿਸਮ ਦਾ ਬਲੇਡ ਸੀ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਸਿੱਖ ਭਾਈਚਾਰੇ ਨੇ ਖੁਦ ਉਸ ਵਿਅਕਤੀ ਦੇ ਹਿੰਸਕ ਰਵੱਈਏ ਬਾਰੇ ਪੁਲਿਸ ਨੂੰ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ। ਇਸ ਦੇ ਬਾਵਜੂਦ, ਰਿਫਾਰਮ ਪਾਰਟੀ ਦੇ ਹੋਮ ਅਫੇਅਰਜ਼ ਸਪੋਕਸਪਰਸਨ ਜ਼ਿਆ ਯੂਸਫ਼ ਵੱਲੋਂ ਸਿੱਖਾਂ ਨੂੰ ਮਿਲੀ ਕਾਨੂੰਨੀ 'ਕਿਰਪਾਨ' ਦੀ ਛੋਟ ਖ਼ਤਮ ਕਰਨ ਦੀ ਧਮਕੀ ਦੇਣਾ ਅਤੇ ਨਾਈਜੇਲ ਫਰਾਜ ਵੱਲੋਂ ਜਨਤਾ ਨੂੰ ਉਕਸਾਉਣਾ, ਸਿੱਧੇ ਤੌਰ 'ਤੇ ਇੱਕ ਪੂਰੇ ਕਾਨੂੰਨ-ਪਸੰਦ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਅਤੇ ਬਲਦੀ 'ਤੇ ਤੇਲ ਪਾਉਣ ਵਰਗਾ ਹੈ। ਸਿੱਖ ਫੈਡਰੇਸ਼ਨ ਦੇ ਆਗੂ ਦਬਿੰਦਰਜੀਤ ਸਿੰਘ ਨੇ ਰਿਫਾਰਮ ਪਾਰਟੀ ਦੇ ਨੇਤਾਵਾਂ ਦੇ ਬਿਆਨਾਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਇਹ ਬਿਆਨ ਬਿਲਕੁਲ ਗੈਰ-ਕਾਨੂੰਨੀ ਅਤੇ ਨਫ਼ਰਤ ਫੈਲਾਉਣ ਵਾਲੇ ਹਨ। ਉਨ੍ਹਾਂ ਕਿਹਾ, "ਇਹ ਸਾਡੇ ਲਈ 9/11 ਵਰਗਾ ਮਾਹੌਲ ਬਣ ਗਿਆ ਹੈ। ਨਾਈਜੇਲ ਫਰਾਜ ਨੇ ਇਸ ਨਾਜ਼ੁਕ ਮੌਕੇ 'ਤੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ ਹੈ।"

ਸਿੱਖ ਜਥੇਬੰਦੀਆਂ ਨੇ ਸਪੱਸ਼ਟ ਕੀਤਾ ਹੈ ਕਿ ਜਿਸ ਹਥਿਆਰ ਨਾਲ ਕਤਲ ਹੋਇਆ, ਉਹ ਕੋਈ ਰਵਾਇਤੀ 'ਕਿਰਪਾਨ' ਨਹੀਂ ਸੀ, ਬਲਕਿ ਇੱਕ ਪਰਸ਼ੀਅਨ (ਈਰਾਨੀ) ਬਲੇਡ ਸੀ, ਜੋ ਦੋਸ਼ੀ ਨੇ ਨਿਹੰਗ ਸੱਭਿਆਚਾਰ ਦੇ ਪ੍ਰਭਾਵ ਹੇਠ ਰੱਖਿਆ ਹੋਇਆ ਸੀ। ਭਾਈਚਾਰੇ ਨੇ ਇਹ ਵੀ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਇਸ ਘਟਨਾ ਤੋਂ ਪਹਿਲਾਂ ਹੀ ਉਕਤ ਵਿਅਕਤੀ ਦੇ ਹਿੰਸਕ ਰਵੱਈਏ ਬਾਰੇ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ, ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।

ਇਹ ਘਟਨਾ ਸੱਜੇ-ਪੱਖੀ ਲੋਕਪ੍ਰਿਅਤਾ ਦੀ ਉਸ ਰਣਨੀਤੀ ਨੂੰ ਬੇਪਰਦ ਕਰਦੀ ਹੈ, ਜਿਸ ਨੂੰ 'ਪਾੜੋ ਤੇ ਰਾਜ ਕਰੋ' ਨੀਤੀ ਕਿਹਾ ਜਾਂਦਾ ਹੈ। ਕਈ ਵਾਰ ਅਜਿਹੀਆਂ ਪਾਰਟੀਆਂ ਆਪਣੇ ਸਿਆਸੀ ਫਾਇਦੇ ਲਈ ਕਿਸੇ ਇੱਕ ਘੱਟ ਗਿਣਤੀ ਨੂੰ ਦੂਜਿਆਂ ਦੇ ਸਾਹਮਣੇ ਚੰਗਾ ਦਿਖਾ ਕੇ ਵਰਤਦੀਆਂ ਹਨ, ਪਰ ਜਿਵੇਂ ਹੀ ਕੋਈ ਸੰਕਟ ਆਉਂਦਾ ਹੈ, ਉਹ ਆਪਣੀ ਮੂਲ ਨਸਲਵਾਦੀ ਜਾਂ ਕੱਟੜਵਾਦੀ ਸੋਚ 'ਤੇ ਵਾਪਸ ਆ ਜਾਂਦੀਆਂ ਹਨ। ਸਿੱਖ ਆਗੂਆਂ ਦਾ ਇਹ ਕਹਿਣਾ ਬਿਲਕੁਲ ਜਾਇਜ਼ ਹੈ ਕਿ ਇਹ ਹਾਲਾਤ ਉਨ੍ਹਾਂ ਲਈ 9/11 ਦੇ ਦੌਰ ਵਰਗੇ ਬਣ ਰਹੇ ਹਨ, ਜਿੱਥੇ ਬਿਨਾਂ ਕਿਸੇ ਕਸੂਰ ਦੇ ਨਸਲੀ ਹਮਲਿਆਂ ਦਾ ਡਰ ਵਧ ਗਿਆ ਹੈ।

ਰਿਫਾਰਮ ਪਾਰਟੀ ਵਿੱਚ ਇਸ ਵੇਲੇ ਲਗਭਗ 100 ਸਿੱਖ ਕਾਰਕੁਨ ਸਰਗਰਮ ਹਨ। ਸੂਤਰਾਂ ਮੁਤਾਬਕ ਪਾਰਟੀ ਦੇ ਸੀਨੀਅਰ ਨੇਤਾਵਾਂ ਦੇ ਅਜਿਹੇ ਬਿਆਨਾਂ ਕਾਰਨ ਇਹ ਕਾਰਕੁਨ ਵੀ ਹੈਰਾਨ ਅਤੇ ਪ੍ਰੇਸ਼ਾਨ ਹਨ। ਮਾਮਲੇ ਨੂੰ ਸ਼ਾਂਤ ਕਰਨ ਲਈ ਪਾਰਟੀ ਦੇ ਡਿਪਟੀ ਲੀਡਰ ਰਿਚਰਡ ਟਾਈਸ ਨੇ ਪਿਛਲੇ ਹਫ਼ਤੇ ਸਿੱਖ ਆਗੂਆਂ ਨਾਲ ਇੱਕ ਐਮਰਜੈਂਸੀ ਮੀਟਿੰਗ ਵੀ ਕੀਤੀ ਹੈ।

ਦੂਜੇ ਪਾਸੇ, ਉੱਤਰੀ ਲੰਡਨ ਦੇ ਰਿਫਾਰਮ ਕਾਰਕੁਨ ਨਵਤੇਜ ਸੰਘਾ ਨੇ ਕਿਹਾ ਕਿ ਕਿਰਪਾਨ ਦੇ ਨਿਯਮਾਂ ਬਾਰੇ ਸਪੱਸ਼ਟ ਗੱਲਬਾਤ ਹੋਣੀ ਚਾਹੀਦੀ ਹੈ ਕਿਉਂਕਿ ਕੁਝ ਨੌਜਵਾਨ ਨਿਯਮਾਂ ਦੀ ਉਲੰਘਣਾ ਕਰਕੇ ਇਸ ਨੂੰ ਕੱਪੜਿਆਂ ਦੇ ਬਾਹਰ ਪਹਿਨਦੇ ਹਨ, ਪਰ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਣੀ ਚਾਹੀਦੀ।

'ਬ੍ਰਿਟਿਸ਼ ਸਿੱਖ ਰਿਪੋਰਟ' ਮੁਤਾਬਕ ਯੂਕੇ ਦੇ ਸਿੱਖਾਂ ਵਿੱਚ ਰਿਫਾਰਮ ਪਾਰਟੀ ਦੀ ਹਮਾਇਤ 2024 ਵਿੱਚ 3% ਤੋਂ ਵਧ ਕੇ 2025 ਵਿੱਚ 7% ਹੋ ਗਈ ਸੀ, ਜਦਕਿ ਲੇਬਰ ਪਾਰਟੀ ਦੀ ਹਮਾਇਤ 40% ਤੋਂ ਘਟ ਕੇ 18% ਰਹਿ ਗਈ ਸੀ। ਪਰ ਇਸ ਤਾਜ਼ਾ ਵਿਵਾਦ ਤੋਂ ਬਾਅਦ ਇਹ ਸਿਆਸੀ ਸਮੀਕਰਨ ਪੂਰੀ ਤਰ੍ਹਾਂ ਬਦਲ ਸਕਦੇ ਹਨ।

ਸਿਟੀ ਸਿੱਖਸ ਦੇ ਸੰਸਥਾਪਕ ਜਸਵੀਰ ਸਿੰਘ ਨੇ ਕਿਹਾ, "ਜੇਕਰ ਰਿਫਾਰਮ ਪਾਰਟੀ ਕਿਰਪਾਨ 'ਤੇ ਪਾਬੰਦੀ ਲਗਾਉਣ ਦੇ ਫੈਸਲੇ 'ਤੇ ਅੜੀ ਰਹਿੰਦੀ ਹੈ, ਤਾਂ ਸਿੱਖ ਵੋਟਰ ਵੱਡੀ ਗਿਣਤੀ ਵਿੱਚ ਪਾਰਟੀ ਨੂੰ ਛੱਡ ਦੇਣਗੇ, ਜਿਸ ਦਾ ਸਿੱਧਾ ਫਾਇਦਾ ਲੇਬਰ ਪਾਰਟੀ ਨੂੰ ਹੋਵੇਗਾ।" ਦੱਸ ਦੇਈਏ ਕਿ ਸਮੈਦਿਕ, ਵੁਲਵਰਹੈਂਪਟਨ, ਸਲੋਅ ਅਤੇ ਇਲਫੋਰਡ ਵਰਗੀਆਂ ਕਈ ਅਹਿਮ ਸੀਟਾਂ 'ਤੇ ਸਿੱਖ ਵੋਟਰ ਜਿੱਤ-ਹਾਰ ਦਾ ਫੈਸਲਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਰਿਫਾਰਮ ਪਾਰਟੀ ਵਿੱਚ ਸ਼ਾਮਲ ਸਿੱਖ ਕਾਰਕੁਨਾਂ ਲਈ ਇਹ ਇੱਕ ਸਖ਼ਤ ਸਬਕ ਹੈ। ਬ੍ਰਿਟਿਸ਼-ਸਿੱਖ ਭਾਈਚਾਰਾ ਯੂਕੇ ਦੀ ਆਰਥਿਕਤਾ, ਸੱਭਿਆਚਾਰ ਅਤੇ ਸਿਆਸਤ ਵਿੱਚ ਬਹੁਤ ਅਹਿਮ ਯੋਗਦਾਨ ਪਾਉਂਦਾ ਹੈ ਅਤੇ ਕਈ ਨਿਰਣਾਇਕ ਸੀਟਾਂ 'ਤੇ ਹਾਰ-ਜਿੱਤ ਤੈਅ ਕਰਦਾ ਹੈ। ਜੇਕਰ ਕੋਈ ਪਾਰਟੀ ਉਨ੍ਹਾਂ ਦੀਆਂ ਧਾਰਮਿਕ ਆਜ਼ਾਦੀਆਂ ਅਤੇ ਸਨਮਾਨ ਦੀ ਰੱਖਿਆ ਨਹੀਂ ਕਰ ਸਕਦੀ, ਤਾਂ ਉਸ ਨੂੰ ਵੋਟ ਪਾਉਣ ਦਾ ਕੋਈ ਤਰਕ ਨਹੀਂ ਬਣਦਾ।

ਬ੍ਰਿਟਿਸ਼ ਸਿੱਖਾਂ ਦਾ ਮੰਨਣਾ ਹੈ ਕਿ ਲੋਕਤੰਤਰ ਵਿੱਚ ਕਿਸੇ ਵੀ ਧਾਰਮਿਕ ਪ੍ਰਤੀਕ ਜਾਂ ਨਿਯਮ ਦੀ ਦੁਰਵਰਤੋਂ 'ਤੇ ਸਾਰਥਕ ਬਹਿਸ ਹੋ ਸਕਦੀ ਹੈ, ਪਰ ਬਹਿਸ ਅਤੇ ਨਫ਼ਰਤ ਫੈਲਾਉਣ ਵਿੱਚ ਇੱਕ ਬਾਰੀਕ ਲਕੀਰ ਹੁੰਦੀ ਹੈ। ਬ੍ਰਿਟਿਸ਼ ਸਰਕਾਰ ਅਤੇ ਲੇਬਰ ਪਾਰਟੀ ਨੂੰ ਇਸ ਸਮੇਂ ਅੱਗੇ ਆ ਕੇ ਸਿੱਖਾਂ ਵਿੱਚ ਪੈਦਾ ਹੋਏ ਅਸੁਰੱਖਿਆ ਦੇ ਮਾਹੌਲ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਨਸਲੀ ਹੇਟ-ਕ੍ਰਾਈਮ ਖ਼ਿਲਾਫ਼ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਸਿਆਸੀ ਪਾਰਟੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਵੋਟਾਂ ਦੀ ਖੇਡ ਵਿੱਚ ਭਾਈਚਾਰਕ ਸਾਂਝ ਨੂੰ ਦਾਅ 'ਤੇ ਲਗਾਉਣ ਦੇ ਨਤੀਜੇ ਆਉਣ ਵਾਲੀਆਂ ਕਈ ਪੀੜ੍ਹੀਆਂ ਨੂੰ ਭੁਗਤਣੇ ਪੈਂਦੇ ਹਨ।

## ਨਾਨਕਸ਼ਾਹੀ ਕਲੰਡਰ ਦੇ ਵਿਵਾਦ ਪਿਛੇ ਸੰਘ ਪਰਿਵਾਰ ?

ਅੰਮ੍ਰਿਤਸਰ-ਇਸ ਵਿਵਾਦ ਪਿਛੇ (ਆਰ.ਐੱਸ.ਐੱਸ.) ਦੀ ਭੂਮਿਕਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ। ਇਹ ਇੱਕ ਹਕੀਕਤ ਹੈ ਕਿ ਸੰਘ ਪਰਿਵਾਰ ਦੀ ਵਿਚਾਰਧਾਰਾ ਸਿੱਖ ਧਰਮ ਨੂੰ ਇੱਕ ਵੱਖਰੇ ਅਤੇ ਸੁਤੰਤਰ ਧਰਮ ਵਜੋਂ ਪ੍ਰਵਾਨ ਕਰਨ ਦੀ ਬਜਾਏ, ਇਸ ਨੂੰ ਸਨਾਤਨ (ਹਿੰਦੂ) ਧਰਮ ਦਾ ਹੀ ਇੱਕ ਹਿੱਸਾ ਜਾਂ 'ਕੇਸਾਧਾਰੀ ਹਿੰਦੂ' ਵਜੋਂ ਪੇਸ਼ ਕਰਨ ਦੀ ਰਹੀ ਹੈ। ਮੂਲ ਨਾਨਕਸ਼ਾਹੀ ਕਲੰਡਰ (2003) ਸਿੱਖ ਕੌਮ ਨੂੰ ਹਿੰਦੂ ਬਿਕ੍ਰਮੀ ਕਲੰਡਰ (ਜੋ ਚੰਦਰਮਾ ਦੇ ਹਿਸਾਬ ਨਾਲ ਚੱਲਦਾ ਹੈ) ਤੋਂ ਮੁਕਤ ਕਰਕੇ ਇੱਕ ਵੱਖਰੀ ਸੂਰਜੀ ਪ੍ਰਣਾਲੀ ਦਿੰਦਾ ਸੀ। ਸੰਘ ਪਰਿਵਾਰ ਅਤੇ ਉਸ ਦੀਆਂ ਸਹਿਯੋਗੀ ਸਿੱਖ ਜਥੇਬੰਦੀਆਂ (ਜਿਵੇਂ ਰਾਸ਼ਟਰੀ ਸਿੱਖ ਸੰਗਤ) ਨੇ ਹਮੇਸ਼ਾ ਇਸ ਗੱਲ ਦਾ ਸਮਰਥਨ ਕੀਤਾ ਕਿ ਸਿੱਖਾਂ ਦੇ ਤਿਉਹਾਰ ਅਤੇ ਦਿਹਾੜੇ ਬਿਕ੍ਰਮੀ ਕਲੰਡਰ ਮੁਤਾਬਕ ਹੀ ਮਨਾਏ ਜਾਣ, ਤਾਂ ਜੋ ਦੋਵਾਂ ਧਰਮਾਂ ਦੀ ਸਾਂਝੀਵਾਲਤਾ ਅਤੇ ਇੱਕੋ ਸਰੋਤ ਹੋਣ ਦਾ ਪ੍ਰਭਾਵ ਬਣਿਆ ਰਹੇ। ਪੰਜਾਬ ਦੀ ਸਿਆਸਤ ਵਿੱਚ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਸੀ, ਉਸ ਦੌਰਾਨ ਸਿੱਖ ਸੰਸਥਾਵਾਂ 'ਤੇ ਅਜਿਹਾ ਦਬਾਅ ਬਣਾਇਆ ਗਿਆ ਜਾਂ ਅਜਿਹੇ ਹਾਲਾਤ ਪੈਦਾ ਕੀਤੇ ਗਏ, ਜਿਸ ਨਾਲ 2010 ਵਿੱਚ ਕਲੰਡਰ ਨੂੰ ਦੁਬਾਰਾ ਸੋਧ ਕੇ ਬਿਕ੍ਰਮੀ ਕਲੰਡਰ ਦੇ ਨੇੜੇ ਲਿਆਂਦਾ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਸਾਹਿਬਾਨ ਅਕਸਰ ਸਿਆਸੀ ਲੀਡਰਸ਼ਿਪ ਦੇ ਪ੍ਰਭਾਵ ਹੇਠ ਫੈਸਲੇ ਲੈਂਦੇ ਰਹੇ ਹਨ। ਜਦੋਂ ਸਿੱਖਾਂ ਦੀ ਸਭ ਤੋਂ ਸਰਵਉੱਚ ਸੰਸਥਾ ਕੌਮੀ ਹਿੱਤਾਂ ਦੀ ਬਜਾਏ ਪਾਰਟੀ ਹਿੱਤਾਂ ਨੂੰ ਪਹਿਲ ਦੇਣ ਲੱਗ ਜਾਵੇ, ਤਾਂ ਬਾਹਰੀ ਤਾਕਤਾਂ ਲਈ ਦਖਲਅੰਦਾਜ਼ੀ ਕਰਨਾ ਸੌਖਾ ਹੋ ਜਾਂਦਾ ਹੈ। ਵਿਸ਼ਵ ਭਰ ਦੇ ਸਿੱਖ (ਪਾਕਿਸਤਾਨ ਕਮੇਟੀ, ਅਮਰੀਕਾ-ਕੈਨੇਡਾ ਦੀਆਂ ਸੰਗਤਾਂ) 2003 ਦੇ ਮੂਲ ਕਲੰਡਰ ਨੂੰ ਸਹੀ ਮੰਨਦੇ ਹਨ ਕਿਉਂਕਿ ਉਹ ਵਿਗਿਆਨਕ ਹੈ ਅਤੇ ਤਰੀਕਾਂ ਪੱਕੀਆਂ ਰੱਖਦਾ ਹੈ। ਪਰ ਅੰਮ੍ਰਿਤਸਰ (ਐੱਸ.ਜੀ.ਪੀ.ਸੀ.) ਵਿਖੇ ਬੈਠੀ ਲੀਡਰਸ਼ਿਪ ਸਾਰੀਆਂ ਧਿਰਾਂ ਨੂੰ ਇੱਕ ਮੰਚ 'ਤੇ ਬਿਠਾ ਕੇ ਕੋਈ ਦਲੇਰਾਨਾ ਫੈਸਲਾ ਲੈਣ ਦੀ ਹਿੰਮਤ ਨਹੀਂ ਦਿਖਾ ਸਕੀ। ਸੰਘ ਪਰਿਵਾਰ ਸਿੱਖਾਂ ਦੀ ਵੱਖਰੀ ਪਛਾਣ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ ਹੈ ਅਤੇ ਕਲੰਡਰ ਵਿਵਾਦ ਉਸ ਲਈ ਇੱਕ ਹਥਿਆਰ ਹੈ। ਪਰ ਜੇਕਰ ਸਾਡੀ ਆਪਣੀ ਲੀਡਰਸ਼ਿਪ ਸੁਤੰਤਰ, ਦੂਰਅੰਦੇਸ਼ ਅਤੇ ਸਿਆਸੀ ਹਿੱਤਾਂ ਤੋਂ ਮੁਕਤ ਹੁੰਦੀ, ਤਾਂ ਬਾਹਰੀ ਤਾਕਤਾਂ ਕਦੇ ਵੀ ਸਿੱਖ ਕੌਮ ਨੂੰ ਦੋ ਕਲੰਡਰਾਂ ਦੇ ਭੁਲੇਖੇ ਵਿੱਚ ਨਹੀਂ ਪਾ ਸਕਦੀਆਂ ਸਨ। ਅੜਿੱਕਾ ਜਿੰਨਾ ਬਾਹਰੀ ਹੈ, ਉਸ ਤੋਂ ਕਿਤੇ ਵੱਧ ਸਾਡਾ ਅੰਦਰੂਨੀ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਦੌਰਾ: ਯੂਬਾ ਸਿਟੀ ਧਰਮ ਪ੍ਰਚਾਰ ਕੇਂਦਰ ਲਈ ਸੰਗਤ ਕੋਲੋਂ ਮੰਗਿਆ ਸਹਿਯੋਗ

### ✪ ਪ੍ਰਮੁੱਖ ਸਿੱਖ ਸੰਪਰਦਾਵਾਂ ਦਾ ਕੀਤਾ ਧੰਨਵਾਦ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅਮਰੀਕਾ ਦੌਰੇ 'ਤੇ ਗਏ ਇੱਕ ਉੱਚ ਪੱਧਰੀ ਵਫ਼ਦ ਨੇ ਕੈਲੀਫੋਰਨੀਆ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿੱਚ ਨਤਮਸਤਕ ਹੋ ਕੇ ਸਥਾਨਕ ਸਿੱਖ ਸੰਗਤ ਅਤੇ ਜਥੇਬੰਦੀਆਂ ਨਾਲ ਅਹਿਮ ਮੁਲਾਕਾਤਾਂ ਕੀਤੀਆਂ।

ਇਸ ਦੌਰੇ ਦਾ ਮੁੱਖ ਮਨੋਰਥ ਅਮਰੀਕਾ ਵਿੱਚ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਚੱਲ ਰਹੇ ਨਵੇਂ ਪ੍ਰੋਜੈਕਟਾਂ ਬਾਰੇ ਸੰਗਤ ਨੂੰ ਜਾਗਰੂਕ ਕਰਨਾ ਅਤੇ ਉਨ੍ਹਾਂ ਦਾ ਸਹਿਯੋਗ ਹਾਸਲ ਕਰਨਾ ਹੈ।

ਯੂਬਾ ਸਿਟੀ ਵਿੱਚ ਸਥਾਪਤ ਹੋ ਰਿਹਾ ਹੈ 'ਧਰਮ ਪ੍ਰਚਾਰ ਕੇਂਦਰ' ਅਤੇ ਪ੍ਰੈੱਸ ਵਫ਼ਦ ਨੇ ਸੰਗਤ ਨੂੰ ਵਿਸ਼ੇਸ਼ ਤੌਰ 'ਤੇ ਮਰਹੂਮ ਦੀਦਾਰ ਸਿੰਘ ਬੈਂਸ ਵੱਲੋਂ ਯੂਬਾ ਸਿਟੀ ਵਿਖੇ ਦਾਨ ਵਿੱਚ ਦਿੱਤੀ ਗਈ ਜ਼ਮੀਨ ਬਾਰੇ ਜਾਣਕਾਰੀ ਦਿੱਤੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਥਾਨ 'ਤੇ ਇੱਕ ਆਧੁਨਿਕ 'ਧਰਮ ਪ੍ਰਚਾਰ ਕੇਂਦਰ' ਅਤੇ ਗੁਰਬਾਣੀ ਪ੍ਰਕਾਸ਼ਨ ਲਈ ਇੱਕ ਵਿਸ਼ੇਸ਼ 'ਪ੍ਰੈੱਸ' ਸਥਾਪਤ ਕੀਤੀ ਜਾ ਰਹੀ ਹੈ। ਐਡਵੋਕੇਟ ਧਾਮੀ ਨੇ ਸਥਾਨਕ ਸਿੱਖ ਪ੍ਰਬੰਧਕਾਂ ਅਤੇ ਸੰਗਤ ਨੂੰ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਤਨ-ਮਨ-ਧਨ ਨਾਲ ਸਹਿਯੋਗ ਦੇਣ ਦੀ ਅਪੀਲ ਕੀਤੀ।

ਕੈਲੀਫੋਰਨੀਆ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੇ ਕੀਤੇ ਦੌਰੇ-ਆਪਣੇ ਇਸ ਪ੍ਰਚਾਰ ਦੌਰੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਕੈਲੀਫੋਰਨੀਆ ਦੇ ਕਈ ਪ੍ਰਮੁੱਖ ਅਸਥਾਨਾਂ ਕੈਲੀਫੋਰਨੀਆ ਦੇ ਲੈਥਰੋਪ ਸਥਿਤ ਦਲ ਬਾਬਾ ਬਿਧੀਚੰਦ ਸੰਪਰਦਾ ਦਾ ਅਸਥਾਨ, ਦਮਦਮੀ ਟਕਸਾਲ ਦੇ ਪ੍ਰਬੰਧ ਅਧੀਨ ਚੱਲ ਰਿਹਾ ਗੁਰਦੁਆਰਾ ਗੁਰਮਤਿ ਪ੍ਰਕਾਸ਼ (ਮਨਟਿੱਕਾ), ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ (ਫਰੈਜ਼ਨੋ) 'ਤੇ ਹਾਜ਼ਰੀ ਭਰੀ। ਫਰੈਜ਼ਨੋ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰਵਾਸੀ ਸਿੱਖਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ "ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੇ ਆਪਣੀ ਸਖ਼ਤ ਮਿਹਨਤ, ਦੂਰਅੰਦੇਸ਼ੀ ਅਤੇ ਗੁਰੂ ਘਰ ਪ੍ਰਤੀ ਅਥਾਹ ਸਮਰਪਣ ਸਦਕਾ ਪੂਰੀ ਦੁਨੀਆ ਵਿੱਚ ਸਿੱਖੀ ਦਾ ਨਾਂ ਰੌਸ਼ਨ ਕੀਤਾ ਹੈ।

ਸ਼੍ਰੋਮਣੀ ਕਮੇਟੀ ਗੁਰਮਤਿ ਸਿਧਾਂਤਾਂ ਦੇ ਪਸਾਰ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਤੇ ਇਤਿਹਾਸ ਨਾਲ ਜੋੜਨ ਲਈ ਲਗਾਤਾਰ ਯਤਨਸ਼ੀਲ ਹੈ।" ਉਨ੍ਹਾਂ ਨੇ ਅਮਰੀਕਾ ਵਿੱਚ ਧਰਮ ਪ੍ਰਚਾਰ ਦੇ ਕਾਰਜਾਂ ਲਈ ਦਮਦਮੀ ਟਕਸਾਲ ਅਤੇ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਦੀ ਅਗਵਾਈ ਹੇਠ ਦਲ ਬਾਬਾ ਬਿਧੀਚੰਦ ਸੰਪਰਦਾ ਵੱਲੋਂ ਮਿਲ ਰਹੇ ਨਿਰੰਤਰ ਸਹਿਯੋਗ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਪ੍ਰਗਟਾਇਆ।

ਇਸ ਦੌਰੇ ਨਾਲ ਅਮਰੀਕਾ ਦੀ ਸਿੱਖ ਸੰਗਤ ਅਤੇ ਸ਼੍ਰੋਮਣੀ ਕਮੇਟੀ ਦਰਮਿਆਨ ਆਪਸੀ ਸਾਂਝ ਹੋਰ ਮਜ਼ਬੂਤ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

## ਟਰੰਪ ਪ੍ਰਸ਼ਾਸਨ ਯੂਰਪ 'ਚੋਂ ਫੌਜਾਂ ਘਟਾਉਣ ਦੀ ਤਿਆਰੀ ਵਿਚ, ਰੂਸ ਦੇ ਹੌਸਲੇ ਬੁਲੰਦ

### ✪ ਈਰਾਨ ਜੰਗ ਵਿਚ ਸਾਥ ਨਾ ਦੇਣ 'ਤੇ ਭੜਕਿਆ ਅਮਰੀਕਾ, ਰੱਖਿਆ ਮੰਤਰੀ ਨੇ ਯੂਰਪੀ ਦੇਸ਼ਾਂ ਨੂੰ ਦੱਸਿਆ 'ਸ਼ਰਮਨਾਕ' ✪ ਕੀ ਟੁੱਟ ਜਾਵੇਗਾ ਨਾਟੋ ? ਟਰੰਪ ਦੇ 'ਨਾਟੋ 3.0' ਦੇ ਫਾਰਮੂਲੇ ਨੇ ਯੂਰਪੀ ਦੇਸ਼ਾਂ ਦੀ ਉਡਾਈ ਨੀਂਦ

**ਖਾਸ ਖ਼ਬਰ** ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੇਥ ਵੱਲੋਂ ਬ੍ਰਸੇਲਜ਼ ਵਿੱਚ ਨਾਟੋ ਸਹਿਯੋਗੀਆਂ ਵਿਰੁੱਧ ਦਿੱਤਾ ਗਿਆ ਤਿੱਖਾ ਬਿਆਨ ਪੱਛਮੀ ਦੇਸ਼ਾਂ ਦੇ ਫੌਜੀ ਗੱਠਜੋੜ ਵਿੱਚ ਇੱਕ ਡੂੰਘੀ ਤਰੇੜ ਨੂੰ ਸਾਹਮਣੇ ਲਿਆਉਂਦਾ ਹੈ। ਈਰਾਨ ਨਾਲ ਤਣਾਅ ਦੌਰਾਨ ਯੂਰਪੀ ਦੇਸ਼ਾਂ ਵੱਲੋਂ ਅਮਰੀਕੀ ਫੌਜ ਨੂੰ ਆਪਣੇ ਹਵਾਈ ਖੇਤਰ ਅਤੇ ਫੌਜੀ ਅੱਡਿਆਂ ਦੀ ਵਰਤੋਂ ਨਾ ਕਰਨ ਦੇਣ ਦੇ ਦੋਸ਼ਾਂ ਨੇ ਇਸ ਜੰਗ ਨੂੰ ਹੋਰ ਭੜਕਾ ਦਿੱਤਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਯੂਰਪ ਵਿੱਚੋਂ ਅਮਰੀਕੀ ਫੌਜਾਂ ਦੀ ਕਟੌਤੀ ਦੀ ਸਮੀਖਿਆ ਅਤੇ 'ਨਾਟੋ 3.0' ਦਾ ਪ੍ਰਸਤਾਵ ਇਹ ਸਪੱਸ਼ਟ ਕਰਦਾ ਹੈ ਕਿ ਦੂਜੀ ਵਿਸ਼ਵ ਜੰਗ ਤੋਂ ਬਾਅਦ ਬਣਿਆ ਇਹ ਸਭ ਤੋਂ ਸ਼ਕਤੀਸ਼ਾਲੀ ਫੌਜੀ ਸੰਗਠਨ ਅੱਜ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਸੰਕਟ ਵਿੱਚੋਂ ਲੰਘ ਰਿਹਾ ਹੈ।

ਟਰੰਪ ਦਾ ਯੂਰਪ ਨਾਲ ਕੀ ਤਣਾਅ ਹੈ ?-ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਅਮਰੀਕਾ ਫਸਟ' (ਅਮਰੀਕਾ ਪਹਿਲਾਂ) ਨੀਤੀ ਹਮੇਸ਼ਾ ਹੀ ਇਸ ਗੱਲ ਦੀ ਮੁਦਈ ਰਹੀ ਹੈ ਕਿ ਅਮਰੀਕਾ ਦੂਜੇ ਦੇਸ਼ਾਂ ਦੀ ਸੁਰੱਖਿਆ ਦਾ ਬੋਝ ਇਕੱਲਾ ਕਿਉਂ ਚੁੱਕੇ। ਅਮਰੀਕਾ ਦਾ ਮੰਨਣਾ ਹੈ ਕਿ ਆਰਥਿਕ ਬੋਝ: ਯੂਰਪੀ ਦੇਸ਼ ਅਮੀਰ ਹੋਣ ਦੇ ਬਾਵਜੂਦ ਆਪਣੀ ਜੀ.ਡੀ.ਪੀ. ਦਾ ਲੋੜੀਂਦਾ ਹਿੱਸਾ ਰੱਖਿਆ ਬਜਟ 'ਤੇ ਖਰਚ ਨਹੀਂ ਕਰਦੇ ਅਤੇ ਸੁਰੱਖਿਆ ਲਈ ਪੂਰੀ ਤਰ੍ਹਾਂ ਅਮਰੀਕਾ 'ਤੇ ਨਿਰਭਰ ਹਨ। ਅਮਰੀਕਾ ਦਾ ਦੋਸ਼ ਹੈ ਕਿ ਯੂਰਪੀ ਦੇਸ਼ ਰੱਖਿਆ ਦੀ ਬਜਾਏ ਜਲਵਾਯੂ ਪਰਿਵਰਤਨ, ਸਮਾਜਿਕ ਭਲਾਈ ਅਤੇ ਲਿੰਗ ਸਮਾਨਤਾ ਵਰਗੇ ਮੁੱਦਿਆਂ 'ਤੇ ਜ਼ਿਆਦਾ ਧਿਆਨ ਦਿੰਦੇ ਹਨ।

ਹਾਲੀਆ ਈਰਾਨ ਵਿਵਾਦ ਦੌਰਾਨ ਯੂਰਪੀ ਦੇਸ਼ਾਂ ਵੱਲੋਂ ਅਮਰੀਕਾ ਨੂੰ ਸਹਿਯੋਗ ਨਾ ਦੇਣਾ ਇਸ ਤਣਾਅ ਦਾ ਤਤਕਾਲੀ ਕਾਰਨ ਬਣਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਨਾਟੋ ਦਾ ਪੂਰੀ ਤਰ੍ਹਾਂ ਟੁੱਟ ਜਾਣਾ ਮੁਸ਼ਕਲ ਹੈ, ਪਰ ਇਸ ਦਾ ਕਮਜ਼ੋਰ ਹੋਣਾ ਤੈਅ ਹੈ।

ਟਰੰਪ ਨਾਟੋ ਨੂੰ ਖਤਮ ਕਰਨ ਦੀ ਬਜਾਏ ਇਸ ਨੂੰ ਆਪਣੀਆਂ ਸ਼ਰਤਾਂ 'ਤੇ 'ਨਾਟੋ 3.0' ਵਿੱਚ ਬਦਲਣਾ ਚਾਹੁੰਦੇ ਹਨ। ਜੇਕਰ ਅਮਰੀਕਾ ਪਿੱਛੇ ਹਟਦਾ ਹੈ, ਤਾਂ ਨਾਟੋ ਦੀ ਧਾਰਾ 5 (ਜਿਸ ਤਹਿਤ ਇੱਕ ਦੇਸ਼ 'ਤੇ ਹਮਲਾ ਸਾਰੇ ਦੇਸ਼ਾਂ 'ਤੇ ਹਮਲਾ ਮੰਨਿਆ ਜਾਂਦਾ ਹੈ) ਦਾ ਮਹੱਤਵ ਘਟ ਜਾਵੇਗਾ। ਯੂਰਪੀ ਦੇਸ਼ ਹੁਣ ਅਮਰੀਕਾ 'ਤੇ ਅੰਨ੍ਹਾ ਭਰੋਸਾ ਨਹੀਂ ਕਰ ਸਕਦੇ, ਇਸ ਲਈ ਉਹ ਖੁਦ ਨੂੰ ਫੌਜੀ ਤੌਰ 'ਤੇ ਆਤਮ-ਨਿਰਭਰ ਬਣਾਉਣ ਵੱਲ ਕਦਮ ਵਧਾ ਰਹੇ ਹਨ, ਜਿਵੇਂ ਕਿ ਨਾਟੋ ਮੁਖੀ ਮਾਰਕ ਰੂਟੇ ਨੇ ਰੱਖਿਆ ਬਜਟ ਵਿੱਚ 90 ਅਰਬ ਡਾਲਰ ਦੇ ਵਾਧੇ ਦਾ ਜ਼ਿਕਰ ਕੀਤਾ ਹੈ।

ਇਸ ਦਾ ਦੁਨੀਆ ਅਤੇ ਰੂਸ 'ਤੇ ਕੀ ਅਸਰ ਹੋਵੇਗਾ ?-ਰੂਸ ਦਾ ਹੌਂਸਲਾ ਵਧੇਗਾ: ਯੂਰਪ ਤੋਂ ਅਮਰੀਕੀ ਫੌਜਾਂ ਦੀ ਵਾਪਸੀ ਦਾ ਸਭ ਤੋਂ ਵੱਡਾ ਫਾਇਦਾ ਰੂਸ ਨੂੰ ਹੋਵੇਗਾ। ਯੂਕਰੇਨ ਜੰਗ ਦੇ ਵਿਚਕਾਰ ਜੇਕਰ ਨਾਟੋ ਵਿੱਚ ਫੁੱਟ ਪੈਂਦੀ ਹੈ, ਤਾਂ ਵਲਾਦੀਮੀਰ ਪੁਤਿਨ ਪੂਰਬੀ ਯੂਰਪ (ਖਾਸ ਕਰਕੇ ਪੋਲੈਂਡ ਅਤੇ ਬਾਲਟਿਕ ਦੇਸ਼ਾਂ) 'ਤੇ ਆਪਣਾ ਦਬਾਅ ਹੋਰ ਵਧਾ ਸਕਦੇ ਹਨ। ਯੂਰਪੀ ਦੇਸ਼ਾਂ ਨੂੰ ਹੁਣ ਆਪਣੀ ਸੁਰੱਖਿਆ ਲਈ ਖੁਦ ਵੱਡੇ ਹਥਿਆਰ ਖਰੀਦਣੇ ਪੈਣਗੇ, ਜਿਸ ਨਾਲ ਵਿਸ਼ਵ ਵਿੱਚ ਹਥਿਆਰਾਂ ਦੀ ਦੌੜ ਹੋਰ ਤੇਜ਼ ਹੋਵੇਗੀ। ਵਿਸ਼ਵ ਪੱਧਰ 'ਤੇ ਅਮਰੀਕਾ ਦੇ ਹੋਰ ਸਹਿਯੋਗੀ ਦੇਸ਼ (ਜਿਵੇਂ ਜਾਪਾਨ, ਦੱਖਣੀ ਕੋਰੀਆ) ਵੀ ਅਮਰੀਕੀ ਸੁਰੱਖਿਆ ਗਾਰੰਟੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਗੇ।

ਕੀ ਨਾਟੋ ਚੀਨ ਨਾਲ ਜੁੜੇਗਾ ?-ਨਾਟੋ ਮੂਲ ਰੂਪ ਵਿੱਚ ਸੋਵੀਅਤ ਸੰਘ (ਹੁਣ ਰੂਸ) ਦੇ ਖਿਲਾਫ ਯੂਰਪ ਦੀ ਸੁਰੱਖਿਆ ਲਈ ਬਣਿਆ ਸੀ। ਪਰ ਬਦਲਦੇ ਹਾਲਾਤਾਂ ਵਿੱਚ ਨਾਟੋ ਦਾ ਧਿਆਨ ਚੀਨ ਵੱਲ ਵੀ ਜਾ ਰਿਹਾ ਹੈ, ਪਰ ਇਸ ਵਿੱਚ ਕਈ ਅੜਚਨਾਂ ਹਨ:

ਅਮਰੀਕਾ ਚਾਹੁੰਦਾ ਹੈ ਕਿ ਨਾਟੋ ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਸਰਗਰਮ ਭੂਮਿਕਾ ਨਿਭਾਏ। ਨਾਟੋ ਨੇ ਹਾਲ ਹੀ ਦੇ ਸਾਲਾਂ ਵਿੱਚ ਚੀਨ ਨੂੰ ਇੱਕ 'ਸਿਸਟਮੈਟਿਕ ਚੁਣੌਤੀ' ਐਲਾਨਿਆ ਹੈ।ਕਈ ਯੂਰਪੀ ਦੇਸ਼ (ਜਿਵੇਂ ਫਰਾਂਸ ਅਤੇ ਜਰਮਨੀ) ਚੀਨ ਨਾਲ ਆਪਣੇ ਆਰਥਿਕ ਅਤੇ ਵਪਾਰਕ ਸਬੰਧਾਂ ਨੂੰ ਖਰਾਬ ਨਹੀਂ ਕਰਨਾ ਚਾਹੁੰਦੇ। ਉਹ ਨਾਟੋ ਨੂੰ ਸਿਰਫ ਯੂਰਪੀਅਨ ਸੁਰੱਖਿਆ ਤੱਕ ਹੀ ਸੀਮਤ ਰੱਖਣਾ ਚਾਹੁੰਦੇ ਹਨ, ਨਾ ਕਿ ਏਸ਼ੀਆ ਦੀ ਸਿਆਸਤ ਵਿੱਚ ਉਲਝਾਉਣਾ।

ਅਮਰੀਕਾ ਅਤੇ ਯੂਰਪ ਵਿਚਾਲੇ ਵਧਦੀ ਜ਼ੁਬਾਨੀ ਜੰਗ ਇਹ ਦਰਸਾਉਂਦੀ ਹੈ ਕਿ ਪੱਛਮੀ ਦੇਸ਼ਾਂ ਦੀ ਇਕਜੁੱਟਤਾ ਦਾ ਸੁਨਹਿਰੀ ਦੌਰ ਹੁਣ ਖਤਮ ਹੋ ਰਿਹਾ ਹੈ। ਜੇਕਰ ਅਮਰੀਕਾ ਯੂਰਪ ਨੂੰ ਉਸ ਦੇ ਹਾਲ 'ਤੇ ਛੱਡਦਾ ਹੈ, ਤਾਂ ਇਹ ਨਾ ਸਿਰਫ ਰੂਸ ਨੂੰ ਹਮਲਾਵਰ ਹੋਣ ਦਾ ਮੌਕਾ ਦੇਵੇਗਾ, ਬਲਕਿ ਚੀਨ ਵਿਰੁੱਧ ਇੱਕ ਗਲੋਬਲ ਮੋਰਚਾ ਬਣਾਉਣ ਦੀ ਅਮਰੀਕੀ ਮੁਹਿੰਮ ਨੂੰ ਵੀ ਕਮਜ਼ੋਰ ਕਰੇਗਾ। ਵਿਸ਼ਵ ਹੁਣ ਇੱਕ ਬਹੁ-ਧਰੁਵੀ ਅਤੇ ਵਧੇਰੇ ਅਸਥਿਰ ਦੌਰ ਵੱਲ ਵਧ ਰਿਹਾ ਹੈ।

# ਲੁਧਿਆਣਾ ਵਿਚ ਮਨੁੱਖੀ ਬੰਬ ਧਮਾਕੇ ਦੀ ਧਮਕੀ

## ✪ ਡੀਸੀ ਦਫ਼ਤਰ ਤੇ ਨਗਰ ਨਿਗਮ ਨੂੰ ਆਈ ਈ-ਮੇਲ ✪ ਸੀਐਮ ਮਾਨ ਤੇ ਅਮਿਤ ਸ਼ਾਹ ਵੀ ਨਿਸ਼ਾਨੇ 'ਤੇ; ਸੁਰੱਖਿਆ ਏਜੰਸੀਆਂ ਅਲਰਟ

ਲੁਧਿਆਣਾ-ਪੰਜਾਬ ਦੇ ਉਦਯੋਗਿਕ ਸ਼ਹਿਰ ਲੁਧਿਆਣਾ ਵਿੱਚ ਬੀਤੇ ਦਿਨੀਂ ਉਸ ਵੇਲੇ ਭਾਜੜਾਂ ਪੈ ਗਈਆਂ, ਜਦੋਂ ਡਿਪਟੀ ਕਮਿਸ਼ਨਰ ਅਤੇ ਨਗਰ ਨਿਗਮ ਲੁਧਿਆਣਾ ਦੇ ਅਧਿਕਾਰਕ ਈ-ਮੇਲ ਖਾਤਿਆਂ 'ਤੇ ਇੱਕ ਖ਼ੌਫ਼ਨਾਕ ਧਮਕੀ ਭਰੀ ਈ-ਮੇਲ ਪ੍ਰਾਪਤ ਹੋਈ। ਇਸ ਈ-ਮੇਲ ਵਿੱਚ ਮਨੁੱਖੀ ਬੰਬ ਰਾਹੀਂ ਸਰਕਾਰੀ ਇਮਾਰਤਾਂ ਨੂੰ ਉਡਾਉਣ ਅਤੇ ਦੇਸ਼-ਪ੍ਰਦੇਸ਼ ਦੀਆਂ ਪ੍ਰਮੁੱਖ ਸਿਆਸੀ ਸ਼ਖ਼ਸੀਅਤਾਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ। ਧਮਕੀ ਤੋਂ ਬਾਅਦ ਪੁਲਿਸ, ਖੁਫੀਆ ਏਜੰਸੀਆਂ ਅਤੇ ਸੁਰੱਖਿਆ ਬਲ ਤੁਰੰਤ ਹਰਕਤ ਵਿੱਚ ਆ ਗਏ ਹਨ। ਜਾਣਕਾਰੀ ਮੁਤਾਬਕ ਇਹ ਧਮਕੀ ਭਰਿਆ ਸੁਨੇਹਾ lucymeta@gmail.com (Lucy Miller) ਨਾਮ ਦੇ ਪਤੇ ਤੋਂ ਭੇਜਿਆ ਗਿਆ ਸੀ। ਇਸ ਵਿੱਚ ਸਿੱਧੇ ਤੌਰ 'ਤੇ ਲੁਧਿਆਣਾ ਦੇ ਮੇਅਰ ਦਫ਼ਤਰ, ਨਗਰ ਨਿਗਮ ਦਫ਼ਤਰ ਅਤੇ ਡੀਸੀ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਗੱਲ ਕਹੀ ਗਈ ਹੈ। ਇਸ ਤੋਂ ਇਲਾਵਾ ਰੇਲਵੇ ਟਰੈਕਾਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਗਈ ਹੈ।

ਮੁਖ ਮੰਤਰੀ ਭਗਵੰਤ ਮਾਨ ਅਤੇ ਅਮਿਤ ਸ਼ਾਹ ਨੂੰ ਜਾਨੋਂ ਮਾਰਨ ਦੀ ਧਮਕੀ-ਇਸ ਈ-ਮੇਲ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦਾ ਹਵਾਲਾ ਦਿੱਤਾ ਗਿਆ ਹੈ। ਮੇਲ 'ਚ ਲਿਖਿਆ ਗਿਆ ਹੈ ਕਿ ਜਿਸ ਤਰ੍ਹਾਂ ਸਾਬਕਾ ਸੀਐਮ ਬੇਅੰਤ ਸਿੰਘ ਨੂੰ ਮਨੁੱਖੀ ਬੰਬ




ਨਾਲ ਉਡਾਇਆ ਗਿਆ ਸੀ, ਠੀਕ ਉਸੇ ਤਰ੍ਹਾਂ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ।

ਧਮਕੀ ਮਿਲਣ ਸਾਰ ਹੀ ਪੁਲਿਸ ਪ੍ਰਸ਼ਾਸਨ ਨੇ ਮੁਸਤੈਦੀ ਦਿਖਾਉਂਦਿਆਂ ਡੀਸੀ ਦਫ਼ਤਰ, ਨਗਰ ਨਿਗਮ ਅਤੇ ਹੋਰ ਸੰਵੇਦਨਸ਼ੀਲ ਥਾਵਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ। ਸੁਰੱਖਿਆ ਕਰਮਚਾਰੀਆਂ ਵੱਲੋਂ ਇਮਾਰਤਾਂ ਅਤੇ ਆਸ-ਪਾਸ ਦੇ ਇਲਾਕਿਆਂ ਨੂੰ ਖੰਗਾਲਿਆ ਗਿਆ, ਪਰ ਜਾਂਚ ਦੌਰਾਨ ਕੋਈ ਵੀ ਸ਼ੱਕੀ ਵਸਤੂ ਜਾਂ ਵਿਸਫੋਟਕ ਸਮੱਗਰੀ ਬਰਾਮਦ ਨਹੀਂ ਹੋਈ। ਸਾਈਬਰ ਕ੍ਰਾਈਮ ਸੈੱਲ ਅਤੇ ਖੁਫੀਆ ਏਜੰਸੀਆਂ ਹੁਣ ਈ-ਮੇਲ ਦੇ ਸਰੋਤ, ਆਈਪੀ ਐਡਰੈੱਸ (IP Address) ਅਤੇ ਡਿਜ਼ੀਟਲ ਸੁਰਾਗਾਂ ਦੀ ਜਾਂਚ ਕਰ ਰਹੀਆਂ ਹਨ ਤਾਂ ਜੋ ਮੁਲਜ਼ਮ ਤੱਕ ਪਹੁੰਚਿਆ ਜਾ ਸਕੇ।

ਵਧੀਕ ਡਿਪਟੀ ਪੁਲਿਸ ਕਮਿਸ਼ਨਰ ਦੇਵ ਸਿੰਘ ਨੇ ਦੱਸਿਆ ਕਿ ਧਮਕੀ ਵਾਲੀ ਈ-ਮੇਲ ਮਿਲਣ ਤੋਂ ਬਾਅਦ ਪੁਲਿਸ ਟੀਮਾਂ ਨੇ ਸਾਰੇ ਸਬੰਧਤ ਸਥਾਨਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਹੈ ਅਤੇ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿੱਚ ਹੈ। ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਅਫ਼ਵਾਹ 'ਤੇ ਯਕੀਨ ਨਾ ਕਰਨ ਅਤੇ ਨਾ ਹੀ ਘਬਰਾਉਣ। ਪੁਲਿਸ ਹਰ ਪਹਿਲੂ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ।

ਪਹਿਲਾਂ ਵੀ ਆ ਚੁੱਕੀਆਂ ਹਨ ਅਜਿਹੀਆਂ ਫਰਜ਼ੀ ਈ-ਮੇਲਾਂ-ਜ਼ਿਕਰਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ, ਖਾਸ ਕਰਕੇ ਲੁਧਿਆਣਾ ਵਿੱਚ ਅਜਿਹੀਆਂ ਧਮਕੀ ਭਰੀਆਂ ਈ-ਮੇਲਾਂ ਆਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜੋ ਬਾਅਦ ਵਿੱਚ ਮਹਿਜ਼ ਅਫ਼ਵਾਹ ਸਾਬਤ ਹੁੰਦੀਆਂ ਹਨ।

18 ਮਈ 2026: ਲੁਧਿਆਣਾ ਦੇ 6 ਸਕੂਲਾਂ ਅਤੇ ਹਲਵਾਰਾ ਹਵਾਈ ਅੱਡੇ ਨੂੰ ਉਡਾਉਣ ਦੀ ਧਮਕੀ ਮਿਲੀ।

23 ਅਪ੍ਰੈਲ 2026: ਸ਼ਹਿਰ ਦੇ 4 ਸਕੂਲਾਂ ਨੂੰ ਨਿਸ਼ਾਨਾ ਬਣਾਉਣ ਦੀ ਮੇਲ ਆਈ।

10 ਮਾਰਚ 2026: ਲੁਧਿਆਣਾ ਦੇ 10 ਸਕੂਲਾਂ ਨੂੰ ਧਮਕੀ ਮਿਲੀ।

10 ਫਰਵਰੀ 2026: ਮੋਹਾਲੀ ਦੇ 16 ਸਕੂਲਾਂ ਵਿੱਚ ਬੰਬ ਹੋਣ ਦੀ ਅਫ਼ਵਾਹ ਫੈਲਾਈ ਗਈ।

9 ਜਨਵਰੀ 2026: ਲੁਧਿਆਣਾ ਅਦਾਲਤੀ ਕੰਪਲੈਕਸ ਨੂੰ ਉਡਾਉਣ ਦੀ ਧਮਕੀ ਦਿੱਤੀ ਗਈ ਸੀ। ਹਾਲਾਂਕਿ ਇਨ੍ਹਾਂ ਸਾਰੇ ਪੁਰਾਣੇ ਮਾਮਲਿਆਂ ਵਿੱਚ ਵੀ ਕੋਈ ਧਮਾਕਾਖੇਜ਼ ਸਮੱਗਰੀ ਨਹੀਂ ਮਿਲੀ ਸੀ। ਪੁਲਿਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਇਨ੍ਹਾਂ ਸਾਰੀਆਂ ਮੇਲਾਂ ਦੇ ਪਿੱਛੇ ਕਿਸੇ ਇੱਕੋ ਸ਼ਰਾਰਤੀ ਅਨਸਰ ਜਾਂ ਸੰਗਠਨ ਦਾ ਹੱਥ ਹੈ।

# ਪਾਕਿਸਤਾਨ ਵਿਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਪਤਨੀ ਦਾ ਗੋਲੀਆਂ ਮਾਰ ਕੇ ਕਤਲ

## ✪ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਵੱਲੋਂ ਸਖ਼ਤ ਨਿੰਦਾ

ਅੰਮ੍ਰਿਤਸਰ-ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਤੋਂ ਇੱਕ ਬੇਹੱਦ ਮੰਦਭਾਗੀ ਅਤੇ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇੱਥੋਂ ਦੇ ਮਰਦਾਨ ਸ਼ਹਿਰ ਵਿੱਚ ਸਥਿਤ ਪੰਚਾਇਤੀ ਗੁਰਦੁਆਰਾ ਸਿੰਘ ਸਭਾ ਦੇ ਅੰਦਰ ਵੜ ਕੇ ਅਣਪਛਾਤੇ ਹਮਲਾਵਰਾਂ ਵੱਲੋਂ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਵਿੱਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਉਨ੍ਹਾਂ ਦੀ ਪਤਨੀ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਇਸ ਵਾਰਦਾਤ ਤੋਂ ਬਾਅਦ ਪਾਕਿਸਤਾਨ ਵਿੱਚ ਰਹਿ ਰਹੇ ਘੱਟ ਗਿਣਤੀ ਸਿੱਖ ਭਾਈਚਾਰੇ ਵਿੱਚ ਭਾਰੀ ਸਹਿਮ ਅਤੇ ਰੋਸ ਦਾ ਮਾਹੌਲ ਹੈ। ਮਰਦਾਨ ਸ਼ਹਿਰ ਦੇ ਸਥਾਨਕ ਆਗੂਆਂ ਅਸ਼ੋਕ ਕਪੂਰ ਅਤੇ ਐੱਮ. ਪੀ. ਏ. ਗੁਰਪਾਲ ਸਿੰਘ ਵੱਲੋਂ ਮਿਲੀ ਜਾਣਕਾਰੀ ਅਨੁਸਾਰ, ਇਹ ਘਟਨਾ ਪਿਸ਼ਾਵਰ ਤੋਂ ਲਗਭਗ 60 ਕਿਲੋਮੀਟਰ ਦੂਰ ਮਰਦਾਨ ਸ਼ਹਿਰ ਦੇ ਬਾਬੂ ਮੁਹੱਲਾ ਸਥਿਤ ਖ਼ਵਾਜ਼ਾ ਗੰਜ ਬਾਜ਼ਾਰ ਵਿੱਚ ਵਾਪਰੀ। ਗੁਰਦੁਆਰਾ ਸਿੰਘ ਸਭਾ ਵਿਖੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾ ਰਹੇ ਸਨ।

ਜਦੋਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਜਗਨਨਾਥ ਨੇ ਅਸਥਾਨ ਦਾ ਮੁੱਖ ਦਰਵਾਜ਼ਾ ਖੋਲ੍ਹਿਆ, ਤਾਂ ਪਹਿਲਾਂ ਤੋਂ ਘਾਤ




ਲਗਾ ਕੇ ਬੈਠੇ ਹਮਲਾਵਰਾਂ ਨੇ ਉਨ੍ਹਾਂ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ।

ਮਰਦਾਨ ਦੇ ਜ਼ਿਲ੍ਹਾ ਪੁਲਿਸ ਅਧਿਕਾਰੀ ਮਸੂਦ ਅਹਿਮਦ ਨੇ ਦੱਸਿਆ ਕਿ ਇਸ ਅੰਨ੍ਹੇਵਾਹ ਗੋਲੀਬਾਰੀ ਵਿੱਚ ਮੁੱਖ ਸੇਵਾਦਾਰ ਜਗਨਨਾਥ ਅਤੇ ਉਨ੍ਹਾਂ ਦੀ ਪਤਨੀ ਅਸਮਾਵੰਤੀ (ਉਰਫ਼ ਗੁੱਡੀ ਆਂਟੀ) ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਜੋੜਾ ਸਿੰਧੀ ਸਿੱਖ ਸ਼ਰਧਾਲੂ ਸੀ। ਪੁਲਿਸ ਨੇ ਇਸ ਸਬੰਧੀ ਹੋਤੀ ਪੁਲਿਸ ਥਾਣੇ ਵਿੱਚ ਅਣਪਛਾਤੇ ਕਾਤਲਾਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਮੁਤਾਬਕ ਹਮਲੇ ਦੇ ਪਿੱਛੇ ਦੇ ਅਸਲ ਮਕਸਦ ਦਾ ਪਤਾ ਲਗਾਉਣ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ। ਮ੍ਰਿਤਕਾਂ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਸ਼ਾਮ ਵੇਲੇ ਮਰਦਾਨ ਦੇ ਰਾਮ ਬਾਗ ਸਥਿਤ ਸ਼ਮਸ਼ਾਨਘਾਟ ਵਿਖੇ ਅੰਤਿਮ ਸਸਕਾਰ ਕਰ ਦਿੱਤਾ ਗਿਆ। ਇਸ ਘਨਾਉਣੇ ਕਾਰੇ 'ਤੇ ਗਹਿਰੇ ਦੁੱਖ ਅਤੇ ਰੋਸ ਦਾ ਪ੍ਰਗਟਾਵਾ ਕਰਦਿਆਂ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ "ਗੁਰਦੁਆਰਾ ਸਾਹਿਬ ਵਰਗੇ ਪਵਿੱਤਰ ਧਾਰਮਿਕ ਅਸਥਾਨ ਅੰਦਰ ਦਾਖ਼ਲ ਹੋ ਕੇ ਨਿਰਦੋਸ਼ ਸ਼ਰਧਾਲੂ ਜੋੜੇ ਦਾ ਕਤਲ ਕਰਨਾ ਬਹੁਤ ਹੀ ਦੁਖਦਾਈ, ਗੈਰ-ਮਨੁੱਖੀ ਅਤੇ ਅਤਿ ਨਿੰਦਣਯੋਗ ਹੈ। ਇਹ ਘਟਨਾ ਪਾਕਿਸਤਾਨ ਵਿੱਚ ਰਹਿ ਰਹੇ ਘੱਟ ਗਿਣਤੀ ਭਾਈਚਾਰਿਆਂ ਅੰਦਰ ਡਰ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਾਲੀ ਹੈ।"

ਉਨ੍ਹਾਂ ਨੇ ਪੀੜਤ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦਿਆਂ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਕਿ ਘੱਟ ਗਿਣਤੀਆਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਕਾਤਲਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

**ਹੇਮਕੁੰਟ ਸਾਹਿਬ ਯਾਤਰਾ ਵਿਵਾਦ**

# ਪੁਲਿਸ ਦਾ ਇੱਕਪਾਸੜ ਰਵੱਈਆ, ਜਬਰ ਅਤੇ ਸਿੱਖਾਂ ਦੀ ਸੁਰੱਖਿਆ ਦਾ ਗੰਭੀਰ ਸਵਾਲ

## ✪ ਜਥੇਦਾਰ ਦਾ ਸਖ਼ਤ ਰੁਖ਼-ਪੁਲਿਸ ਦੀ ਕਾਰਵਾਈ ਨੂੰ ਦੱਸਿਆ ਗੈਰ-ਸੰਵਿਧਾਨਕ ਤੇ ਨਿੰਦਣਯੋਗ ✪ ਅਕਾਲ ਤਖ਼ਤ ਸਾਹਿਬ ਵੱਲੋਂ ਹੇਮਕੁੰਟ ਟਰੱਸਟ ਦੀ ਜਵਾਬਤਲਬੀ-ਸ਼ਸਤਰਾਂ ਬਾਰੇ ਬਿਆਨਬਾਜ਼ੀ ਨੂੰ ਦੱਸਿਆ ਮੰਦਭਾਗਾ

**ਨਿਊਜ਼ ਵਿਸ਼ਲੇਸ਼ਣ**

ਉੱਤਰਾਖੰਡ ਦੇ ਕਰਨਪ੍ਰਯਾਗ ਵਿੱਚ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਤੋਂ ਪਰਤ ਰਹੇ ਨਿਹੰਗ ਸਿੰਘਾਂ ਅਤੇ ਸਥਾਨਕ ਲੋਕਾਂ ਵਿਚਾਲੇ ਹੋਈ ਹਿੰਸਕ ਝੜਪ ਨੇ ਇੱਕ ਵਾਰ ਫਿਰ ਘੱਟਗਿਣਤੀਆਂ, ਵਿਸ਼ੇਸ਼ ਤੌਰ 'ਤੇ ਸਿੱਖਾਂ ਦੀ ਸੁਰੱਖਿਆ ਅਤੇ ਦੇਸ਼ ਦੀ ਕਾਨੂੰਨ ਵਿਵਸਥਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਮੀਡੀਆ ਰਿਪੋਰਟਾਂ ਅਤੇ ਸਥਾਨਕ ਪ੍ਰਸ਼ਾਸਨ ਮੁਤਾਬਕ ਪਾਰਕਿੰਗ ਦੇ ਮਾਮੂਲੀ ਵਿਵਾਦ ਨੂੰ ਲੈ ਕੇ ਚਾਰ ਸਿੱਖ ਨੌਜਵਾਨਾਂ ਮੰਤਰੀ ਸਿੰਘ, ਜਸਨਪ੍ਰੀਤ ਸਿੰਘ, ਅਜੇ ਸਿੰਘ ਅਤੇ ਸਤਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਇਸ ਪੂਰੀ ਘਟਨਾ ਦੇ ਦੂਜੇ ਪਹਿਲੂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਤੇ ਇਕਪਾਸੜ ਪੁਲੀਸ ਵਲੋਂ ਕਾਰਵਾਈ ਕੀਤੀ ਗਈ। ਘਟਨਾ ਦੇ ਵੇਰਵਿਆਂ ਮੁਤਾਬਕ, ਝਗੜੇ ਦੌਰਾਨ ਸਥਾਨਕ ਵਪਾਰੀਆਂ ਅਤੇ ਇੱਕ ਖ਼ਾਸ ਫ਼ਿਰਕੂ ਭੀੜ ਨੇ ਇਕੱਠੇ ਹੋ ਕੇ ਸਿੱਖ ਨੌਜਵਾਨਾਂ 'ਤੇ ਪਹਿਲਾਂ ਹੱਥ ਚੁੱਕਿਆ ਸੀ। ਜਦੋਂ ਇੱਕ ਇਕੱਲੇ ਸਮੂਹ ਨੂੰ ਚਾਰੋਂ ਪਾਸਿਓਂ ਘੇਰ ਲਿਆ ਜਾਵੇ, ਤਾਂ ਆਤਮ-ਰੱਖਿਆ ਕਰਨਾ ਹਰ ਮਨੁੱਖ ਦਾ ਪ੍ਰਤੀਕਰਮ ਹੁੰਦਾ ਹੈ। ਪਰ ਪੁਲਿਸ ਨੇ ਉਸ ਹਮਲਾਵਰ ਭੀੜ ਵਿੱਚੋਂ ਕਿਸੇ ਇੱਕ ਵਿਅਕਤੀ 'ਤੇ ਵੀ ਮਾਮਲਾ ਦਰਜ ਨਹੀਂ ਕੀਤਾ।

ਰਿਪੋਰਟ ਮੁਤਾਬਕ ਇਸ ਘਟਨਾ ਤੋਂ ਬਾਅਦ ਸਥਾਨਕ ਲੋਕਾਂ ਨੇ ਬਦਰੀਨਾਥ ਨੈਸ਼ਨਲ ਹਾਈਵੇਅ ਨੂੰ ਚਾਰ ਘੰਟੇ ਤੱਕ ਜਾਮ ਰੱਖਿਆ, ਜਿਸ ਕਾਰਨ ਹਜ਼ਾਰਾਂ ਸ਼ਰਧਾਲੂ ਅਤੇ ਸਥਾਨਕ ਲੋਕ ਰਸਤੇ ਵਿੱਚ ਫਸੇ ਰਹੇ। ਇਸ ਘਟਨਾਕ੍ਰਮ ਅਤੇ ਉਸ ਤੋਂ ਬਾਅਦ ਪ੍ਰਸ਼ਾਸਨ ਦੇ ਵਤੀਰੇ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਮਾਮਲਾ ਸਿਰਫ਼ ਇੱਕ ਪਾਰਕਿੰਗ ਦੇ ਝਗੜੇ ਦਾ ਨਹੀਂ, ਸਗੋਂ ਘੱਟਗਿਣਤੀ ਸ਼ਰਧਾਲੂਆਂ ਵਿਰੁੱਧ ਬਣਾਏ ਜਾ ਰਹੇ ਦਬਾਅ ਅਤੇ ਇਕਪਾਸੜ ਕਾਰਵਾਈ ਦਾ ਹੈ।

ਰਿਪੋਰਟ ਮੁਤਾਬਕ ਝਗੜੇ ਵਿੱਚ ਜ਼ਖ਼ਮੀ ਹੋਏ ਪੰਜ ਲੋਕਾਂ ਵਿੱਚੋਂ ਚਾਰ ਸਥਾਨਕ ਨਿਵਾਸੀ ਹਨ ਅਤੇ ਇੱਕ ਸਿੱਖ ਸ਼ਰਧਾਲੂ ਮਨਪ੍ਰੀਤ ਸਿੰਘ (ਮੋਹਾਲੀ) ਵੀ ਸ਼ਾਮਲ ਹੈ। ਜਦੋਂ ਕਿਸੇ ਝਗੜੇ ਵਿੱਚ ਦੋਵੇਂ ਧਿਰਾਂ ਜ਼ਖ਼ਮੀ ਹੋਣ, ਤਾਂ ਕਾਨੂੰਨਨ ਦੋਵਾਂ ਪੱਖਾਂ ਦੀ ਜਾਂਚ ਹੋਣੀ ਚਾਹੀਦੀ ਹੈ। ਪਰ ਇੱਥੇ ਪ੍ਰਸ਼ਾਸਨਿਕ ਨਿਰਪੱਖਤਾ ਦੀ ਬਜਾਏ ਭੀੜ ਦੇ ਦਬਾਅ ਦੀ ਰਾਜਨੀਤੀ ਦੇਖਣ ਨੂੰ ਮਿਲੀ।

ਸਥਾਨਕ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਚੌਂਕੀ ਘੇਰ ਕੇ ਚਾਰ ਘੰਟੇ ਹਾਈਵੇਅ ਜਾਮ ਰੱਖਿਆ। ਪ੍ਰਸ਼ਾਸਨ ਨੇ ਜਾਮ ਖੁਲ੍ਹਵਾਉਣ ਲਈ ਭੀੜ ਦੀਆਂ ਸਾਰੀਆਂ ਸ਼ਰਤਾਂ ਅੱਗੇ ਗੋਡੇ ਟੇਕ ਦਿੱਤੇ, ਪਰ ਹਾਈਵੇਅ ਵਰਗੀ ਸੰਵੇਦਨਸ਼ੀਲ ਜਗ੍ਹਾ ਨੂੰ ਜਾਮ ਕਰਨ ਵਾਲੀ ਭੀੜ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖੁਲਾਸਾ ਕੀਤਾ ਹੈ ਕਿ ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ ਨੇ ਸਿੱਖ ਨੌਜਵਾਨਾਂ ਦੀਆਂ ਦਸਤਾਰਾਂ ਉਤਾਰ ਕੇ ਉਨ੍ਹਾਂ ਨੂੰ ਸ਼ਰੇਆਮ ਜਲੀਲ ਕੀਤਾ। ਇਹ ਸਿੱਧਾ ਹਿਰਾਸਤੀ ਜਬਰ ਹੈ, ਜੋ ਸਥਾਨਕ ਭੀੜ ਨੂੰ ਖ਼ੁਸ਼ ਕਰਨ ਲਈ ਕੀਤਾ ਗਿਆ।

ਇਸ ਨਾਜ਼ੁਕ ਮੋੜ 'ਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਬੰਧਕਾਂ ਵੱਲੋਂ ਜਾਰੀ ਬਿਆਨ ਬੇਹੱਦ ਮੰਦਭਾਗਾ ਅਤੇ ਸਿੱਖ ਸਿਧਾਂਤਾਂ ਦੇ ਉਲਟ ਹੈ। ਟਰੱਸਟ ਦੇ ਮੈਨੇਜਰ ਵੱਲੋਂ ਸੰਗਤਾਂ ਨੂੰ 'ਸ਼ਸਤਰ ਛੱਡ ਕੇ ਯਾਤਰਾ 'ਤੇ ਆਉਣ' ਦੀ ਅਪੀਲ ਕਰਨਾ, ਅਸਲ ਵਿੱਚ ਪ੍ਰਸ਼ਾਸਨ ਦੇ ਦਬਾਅ ਅੱਗੇ ਗੋਡੇ ਟੇਕਣ ਵਾਂਗ ਹੈ।

ਪ੍ਰਸ਼ਾਸਨ ਅਤੇ ਪੁਲਿਸ ਦਾ ਇਹ ਵਤੀਰਾ ਕੋਈ ਨਵਾਂ ਨਹੀਂ ਹੈ। ਭਾਰਤ ਵਿੱਚ ਜਦੋਂ ਵੀ ਘੱਟਗਿਣਤੀਆਂ 'ਤੇ ਬਹੁਗਿਣਤੀ ਭੀੜ ਵੱਲੋਂ ਹਮਲਾ ਕੀਤਾ ਜਾਂਦਾ ਹੈ, ਤਾਂ ਕਾਨੂੰਨ ਦੀਆਂ ਧਾਰਾਵਾਂ ਅਤੇ ਪੁਲਿਸ ਦੀ ਮੁਸਤੈਦੀ ਸਿਰਫ਼ ਘੱਟ ਗਿਣਤੀ ਕੌਮਾਂ ਵਿਰੁੱਧ ਕਾਰਵਾਈ ਕਰਦੀ ਦਿਖਾਈ ਦਿੰਦੀ ਹੈ। ਸਵਾਲ ਇਹ ਉੱਠਦਾ ਹੈ ਕਿ ਜੇਕਰ ਉੱਥੇ ਝੜਪ ਹੋਈ ਅਤੇ ਭੀੜ ਨੇ ਹਮਲਾ ਕੀਤਾ, ਤਾਂ ਪੁਲਿਸ ਨੇ ਉਸ ਫ਼ਿਰਕੂ ਭੀੜ ਦੇ ਆਗੂਆਂ ਅਤੇ ਹਮਲਾਵਰਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਕਿਉਂ ਨਹੀਂ ਕੀਤੀ? ਕੀ ਦੇਸ਼ ਵਿੱਚ ਸਿੱਖਾਂ ਵਿਰੁੱਧ ਬਣ ਰਹੇ ਨਫ਼ਰਤੀ ਮਾਹੌਲ ਕਾਰਨ ਪੁਲਿਸ ਅਤੇ ਪ੍ਰਸ਼ਾਸਨ ਵੀ ਫ਼ਿਰਕੂ ਰੰਗ ਵਿੱਚ ਰੰਗੇ ਜਾ ਚੁੱਕੇ ਹਨ?

ਪ੍ਰਸ਼ਾਸਨਿਕ ਪੱਖਪਾਤ ਅਤੇ ਮੀਡੀਆ ਦਾ ਕਿਰਦਾਰ-ਚਾਮੋਲੀ ਪੁਲਿਸ ਨੇ ਭਾਰਤੀ ਨਿਆਂ ਸੰਹਿਤਾ ਦੀਆਂ ਗੰਭੀਰ ਧਾਰਾਵਾਂ ਤਹਿਤ ਚਾਰ ਨਿਹੰਗ ਸਿੰਘਾਂ ਨੂੰ ਤਾਂ ਤੁਰੰਤ ਸਲਾਖਾਂ ਪਿੱਛੇ ਭੇਜ ਦਿੱਤਾ, ਪਰ ਦੂਜੇ ਪਾਸੇ ਮਾਹੌਲ ਖ਼ਰਾਬ ਕਰਨ ਵਾਲੀ ਭੀੜ ਨੂੰ ਕਲੀਨ ਚਿੱਟ ਦੇ ਦਿੱਤੀ ਗਈ। ਇਹ ਸਿੱਧਾ ਵਿਤਕਰਾ ਸਿੱਖ ਭਾਈਚਾਰੇ ਅੰਦਰ ਬੇਗਾਨਗੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦਾ ਹੈ।

ਅਜੋਕੇ ਦੌਰ ਵਿੱਚ ਮੁੱਖ ਧਾਰਾ ਦਾ ਮੀਡੀਆ ਅਤੇ ਸੋਸ਼ਲ ਮੀਡੀਆ ਬਹੁਗਿਣਤੀਵਾਦ ਦੇ ਪ੍ਰਭਾਵ ਹੇਠ ਚੱਲ ਰਿਹਾ ਹੈ। ਕਿਸੇ ਵੀ ਘਟਨਾ ਵਿੱਚ ਜੇਕਰ ਕੋਈ ਸਿੱਖ ਜਾਂ ਘੱਟਗਿਣਤੀ ਭਾਈਚਾਰੇ ਦਾ ਵਿਅਕਤੀ ਸ਼ਾਮਲ ਹੋਵੇ, ਤਾਂ ਉਸ ਨੂੰ ਬਿਨਾਂ ਜਾਂਚ ਕੀਤੇ 'ਹਿੰਸਕ' ਜਾਂ 'ਦੇਸ਼-ਵਿਰੋਧੀ' ਸਾਬਤ ਕਰਨ ਦੀ ਕੋਸ਼ਿਸ਼ ਸ਼ੁਰੂ ਹੋ ਜਾਂਦੀ ਹੈ। ਕਰਨਪ੍ਰਯਾਗ ਦੀ ਘਟਨਾ ਨੂੰ ਵੀ ਸਿਰਫ਼ 'ਤਲਵਾਰਾਂ ਨਾਲ ਹਮਲਾ' ਕਹਿ ਕੇ ਪੇਸ਼ ਕੀਤਾ ਗਿਆ, ਜਦਕਿ ਨਿਹੰਗ ਸਿੰਘਾਂ ਦੀ ਆਤਮ-ਰੱਖਿਆ ਦੇ ਪੱਖ ਨੂੰ ਦਬਾ ਦਿੱਤਾ ਗਿਆ।

ਭਾਰਤ ਵਿੱਚ ਸਿੱਖਾਂ ਉੱਪਰ ਲਗਾਤਾਰ ਹਮਲੇ ਕਿਉਂ?-ਪਿਛਲੇ ਕੁਝ ਸਮੇਂ ਤੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਇਸ ਦੇ ਪਿੱਛੇ ਮੁੱਖ ਕਾਰਨ ਹਨ:

* ਦੇਸ਼ ਦੀ ਮੌਜੂਦਾ ਬਹੁਗਿਣਤੀਵਾਦੀ ਰਾਜਨੀਤੀ ਆਪਣੇ ਵੋਟ ਬੈਂਕ ਨੂੰ ਮਜ਼ਬੂਤ ਕਰਨ ਲਈ ਘੱਟਗਿਣਤੀਆਂ ਵਿਰੁੱਧ ਇੱਕ ਖ਼ਾਸ ਤਰ੍ਹਾਂ ਦਾ ਨੈਗੇਟਿਵ ਤਿਆਰ ਕਰਦੀ ਹੈ। ਸਿੱਖਾਂ ਦੀ ਵੱਖਰੀ ਪਛਾਣ ਅਤੇ ਉਨ੍ਹਾਂ ਦੇ ਹੱਕਾਂ ਦੀ ਆਵਾਜ਼ ਨੂੰ ਕਈ ਵਾਰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।
* ਨਿਹੰਗ ਸਿੰਘਾਂ ਦੇ ਰਵਾਇਤੀ ਸ਼ਸਤਰ (ਜਿਵੇਂ ਕਿ ਕਿਰਪਾਨ ਜਾਂ ਤਲਵਾਰ) ਸਿੱਖ ਧਰਮ ਦੇ ਅਟੁੱਟ ਅੰਗ ਅਤੇ ਮਜ਼ਲੂਮ ਦੀ ਰੱਖਿਆ ਦੇ ਪ੍ਰਤੀਕ ਹਨ। ਪਰ ਬਾਹਰੀ ਸੂਬਿਆਂ ਵਿੱਚ ਇਨ੍ਹਾਂ ਚਿੰਨ੍ਹਾਂ ਨੂੰ 'ਹਥਿਆਰ' ਕਹਿ ਕੇ ਸਥਾਨਕ ਲੋਕਾਂ ਵਿੱਚ ਡਰ ਅਤੇ ਨਫ਼ਰਤ ਪੈਦਾ ਕੀਤੀ ਜਾਂਦੀ ਹੈ, ਜੋ ਬਾਅਦ ਵਿੱਚ ਹਿੰਸਕ ਰੂਪ ਧਾਰਨ ਕਰ ਲੈਂਦੀ ਹੈ।

ਬਾਕੀ ਹਿਸਾ ਸਫ਼ਾ 23 ਤੇ ਪੜ੍ਹੋ →

## ਅਕਾਲ ਤਖਤ ਸਾਹਿਬ ਵਲੋਂ ਸਖਤ ਨੋਟਿਸ



ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਪੂਰੇ ਘਟਨਾਕ੍ਰਮ ਦਾ ਗੰਭੀਰ ਨੋਟਿਸ ਲੈਂਦਿਆਂ ਪੁਲਿਸ ਪ੍ਰਸ਼ਾਸਨ ਦੇ ਗੈਰ-ਸੰਵਿਧਾਨਕ ਅਤੇ ਪੱਖਪਾਤੀ ਵਤੀਰੇ ਨੂੰ ਬੇਹੱਦ ਨਿੰਦਣਯੋਗ ਕਰਾਰ ਦਿੱਤਾ ਹੈ। ਜਥੇਦਾਰ ਮੁਤਾਬਕ ਪਹਿਲਾਂ ਸਥਾਨਕ ਭੀੜ ਨੇ ਸਿੱਖ ਨੌਜਵਾਨਾਂ 'ਤੇ ਹੱਥ ਚੁੱਕਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਆਤਮ-ਰੱਖਿਆ ਲਈ ਕਦਮ ਚੁੱਕਿਆ ਸੀ। ਪਰ ਪੁਲਿਸ ਨੇ ਸਿਰਫ਼ ਸਿੱਖ ਨੌਜਵਾਨਾਂ 'ਤੇ ਸਖ਼ਤ ਧਾਰਾਵਾਂ ਤਹਿਤ ਪਰਚਾ ਦਰਜ ਕਰਕੇ ਵਿਤਕਰਾ ਕੀਤਾ ਹੈ। ਜਥੇਦਾਰ ਨੇ ਕਿਹਾ ਕਿ ਗ੍ਰਿਫ਼ਤਾਰੀ ਤੋਂ ਬਾਅਦ ਨੌਜਵਾਨਾਂ ਨਾਲ ਕੁੱਟਮਾਰ ਕੀਤੀ ਗਈ ਅਤੇ ਸਭ ਤੋਂ ਸ਼ਰਮਨਾਕ ਗੱਲ ਇਹ ਹੈ ਕਿ ਉਨ੍ਹਾਂ ਦੀਆਂ ਦਸਤਾਰਾਂ ਉਤਾਰ ਕੇ ਉਨ੍ਹਾਂ ਨੂੰ ਸ਼ਰੇਆਮ ਜਲੀਲ ਕੀਤਾ ਗਿਆ। ਲੋਕਤੰਤਰ ਅੰਦਰ ਕਿਸੇ ਨਾਗਰਿਕ ਦੀ ਧਾਰਮਿਕ ਪਛਾਣ 'ਤੇ ਇਸ ਤਰ੍ਹਾਂ ਦਾ ਹਮਲਾ ਕਰਨਾ ਸਿੱਧਾ ਸੰਵਿਧਾਨ ਦੀ ਉਲੰਘਣਾ ਹੈ। ਦਸਤਾਰ ਅਤੇ ਕਿਰਪਾਨ ਸਿੱਖਾਂ ਦੇ ਅਟੁੱਟ ਕਕਾਰ ਹਨ, ਜਿਨ੍ਹਾਂ ਦਾ ਸਤਿਕਾਰ ਕਰਨਾ ਕਾਨੂੰਨ ਦੇ ਰੱਖਵਾਲਿਆਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਇਸ ਪੂਰੇ ਮਾਮਲੇ ਵਿੱਚ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਪ੍ਰਬੰਧਕ ਟਰੱਸਟ ਦਾ ਰਵੱਈਆ ਵੀ ਸਵਾਲਾਂ ਦੇ ਘੇਰੇ ਵਿੱਚ ਆ ਗਿਆ ਹੈ। ਜਥੇਦਾਰ ਗੜਗੱਜ ਨੇ ਟ੍ਰਸਟ ਦੇ ਨੁਮਾਇੰਦਿਆਂ ਨੂੰ ਸਖ਼ਤ ਤਾੜਨਾ ਕਰਦਿਆਂ ਉਨ੍ਹਾਂ ਦੇ ਬਿਆਨਾਂ ਨੂੰ ਮੰਦਭਾਗਾ ਦੱਸਿਆ ਹੈ। ਜਥੇਦਾਰ ਦਾ ਕਹਿਣਾ ਹੈ ਕਿ ਟ੍ਰਸਟ ਵੱਲੋਂ ਸ਼ਰਧਾਲੂਆਂ ਨੂੰ ਸ਼ਸ਼ਤਰ ਛੱਡ ਕੇ ਯਾਤਰਾ 'ਤੇ ਆਉਣ ਦੀ ਸਲਾਹ ਦੇਣਾ ਸਿੱਖ ਮਰਯਾਦਾ ਦੇ ਉਲਟ ਹੈ। ਕਿਰਪਾਨ ਕੋਈ ਗੈਰ-ਜ਼ਰੂਰੀ ਹਥਿਆਰ ਨਹੀਂ, ਸਗੋਂ ਸਿੱਖ ਧਰਮ ਦਾ ਪਵਿੱਤਰ ਅੰਗ ਹੈ। ਟ੍ਰਸਟ ਦੀ ਇਹ ਮੁੱਢਲੀ ਜ਼ਿੰਮੇਵਾਰੀ ਹੈ ਕਿ ਉਹ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਉੱਤਰਾਖੰਡ ਸਰਕਾਰ ਨਾਲ ਤਾਲਮੇਲ ਕਰਕੇ ਸੰਗਤ ਦੀ ਸੁਰੱਖਿਆ ਨੂੰ ਯਕੀਨੀ ਬਣਾਏ, ਨਾ ਕਿ ਮੁਸ਼ਕਲ ਸਮੇਂ ਸਿੱਖਾਂ ਨੂੰ ਹੀ ਕਸੂਰਵਾਰ ਠਹਿਰਾਉਣ ਲੱਗ ਪਵੇ। ਅਕਾਲ ਤਖ਼ਤ ਸਾਹਿਬ ਵੱਲੋਂ ਇਸ ਕਾਰਗੁਜ਼ਾਰੀ ਲਈ ਜਲਦ ਹੀ ਟ੍ਰਸਟ ਪਾਸੋਂ ਜਵਾਬਤਲਬੀ ਕੀਤੀ ਜਾਵੇਗੀ।

ਜਥੇਦਾਰ ਦਾ ਕਹਿਣਾ ਹੈ ਕਿ ਉੱਤਰਾਖੰਡ ਸਰਕਾਰ ਨੂੰ ਇਸ ਮਾਮਲੇ ਦੀ ਤੁਰੰਤ ਉੱਚ-ਪੱਧਰੀ ਅਤੇ ਨਿਰਪੱਖ ਜਾਂਚ ਕਰਵਾਉਣੀ ਚਾਹੀਦੀ ਹੈ। ਜਿਨ੍ਹਾਂ ਪੁਲਿਸ ਅਧਿਕਾਰੀਆਂ ਨੇ ਸਿੱਖ ਨੌਜਵਾਨਾਂ ਦੀਆਂ ਦਸਤਾਰਾਂ ਉਤਾਰ ਕੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰੀ ਹੈ, ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਨਾਲ ਹੀ, ਯਾਤਰਾ ਰੂਟ 'ਤੇ ਸਿੱਖ ਸੰਗਤਾਂ ਦੀ ਜਾਨ-ਮਾਲ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੀ ਕੋਈ ਵੀ ਦੁਖਦਾਈ ਅਤੇ ਪੱਖਪਾਤੀ ਘਟਨਾ ਦੁਬਾਰਾ ਨਾ ਵਾਪਰੇ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜਦੋਂ ਵੀ ਦੇਸ਼ ਦੇ ਕਿਸੇ ਹਿੱਸੇ ਵਿੱਚ ਸਿੱਖ ਸ਼ਰਧਾਲੂਆਂ 'ਤੇ ਹਮਲੇ ਹੁੰਦੇ ਹਨ, ਤਾਂ ਸਥਾਨਕ ਪ੍ਰਸ਼ਾਸਨ ਬਹੁਗਿਣਤੀ ਭੀੜ ਨੂੰ ਬਚਾਉਣ ਲਈ ਸਿੱਖਾਂ ਨੂੰ ਹੀ 'ਹਿੰਸਕ' ਸਾਬਤ ਕਰਨ 'ਤੇ ਤੁਲ ਜਾਂਦਾ ਹੈ। ਮੁੱਖ ਧਾਰਾ ਦਾ ਮੀਡੀਆ ਵੀ ਇਸ ਨਫ਼ਰਤੀ ਨੈਰੇਟਿਵ ਨੂੰ ਹਵਾ ਦਿੰਦਾ ਹੈ। ਜੇਕਰ ਦੇਸ਼ ਅੰਦਰ ਸਿੱਖਾਂ ਦੀਆਂ ਦਸਤਾਰਾਂ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਤਾਂ ਇਹ ਦੇਸ਼ ਦੀ ਅਖੰਡਤਾ ਅਤੇ ਸਮਾਜਿਕ ਸਾਂਝ ਲਈ ਬਹੁਤ ਵੱਡਾ ਖ਼ਤਰਾ ਹੈ।

22 ਸਫ਼ੇ ਦੀ ਬਾਕੀ

* ਜਦੋਂ ਵੀ ਸਿੱਖ ਸ਼ਰਧਾਲੂਆਂ 'ਤੇ ਹਮਲੇ ਹੁੰਦੇ ਹਨ, ਤਾਂ ਸੂਬਾ ਸਰਕਾਰਾਂ ਵੋਟਾਂ ਦੇ ਡਰੋਂ ਸਥਾਨਕ ਹਮਲਾਵਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਨਿਆਂ ਦੀ ਇਹ ਘਾਟ ਹਮਲਾਵਰ ਭੀੜ ਦੇ ਹੌਸਲੇ ਹੋਰ ਬੁਲੰਦ ਕਰਦੀ ਹੈ।

ਸਿੱਖ ਵਿਦਵਾਨ ਪਰਮਿੰਦਰ ਸਿੰਘ ਸ਼ੌਕੀ ਦਾ ਕਹਿਣਾ ਹੈ ਕਿ ਜੇਕਰ ਇਤਿਹਾਸ ਦੇ ਪੰਨਿਆਂ ਨੂੰ ਫਰੋਲਿਆ ਜਾਵੇ, ਤਾਂ ਸਿੱਖ ਇਤਿਹਾਸ ਅੰਦਰ ਪਹਾੜੀ ਰਾਜਿਆਂ ਦੇ ਰਵੱਈਏ ਨੂੰ ਲੈ ਕੇ ਕਈ ਕੌੜੇ ਸੱਚ ਸਾਹਮਣੇ ਆਉਂਦੇ ਹਨ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਪਹਾੜੀ ਸ਼ਾਸਕਾਂ ਦੀ ਸਵਾਰਥੀ ਅਤੇ ਡਰਪੋਕ ਨੀਤੀ ਦੇ ਕਾਰਨ ਕਈ ਜੰਗਾਂ ਲੜਨੀਆਂ ਪਈਆਂ ਸਨ। ਮੌਜੂਦਾ ਦੌਰ ਵਿੱਚ ਵੀ, ਜਦੋਂ ਉੱਤਰਾਖੰਡ ਜਾਂ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਵਿੱਚ ਸਿੱਖ ਯਾਤਰੀਆਂ ਨਾਲ ਬਦਸਲੂਕੀ ਹੁੰਦੀ ਹੈ, ਤਾਂ ਇਸ ਨੂੰ ਉਸੇ ਪੁਰਾਣੀ ਮਾਨਸਿਕਤਾ ਦੇ ਜਾਰੀ ਰਹਿਣ ਵਜੋਂ ਦੇਖਿਆ ਜਾਂਦਾ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਰਾਜਾਂ ਦੀ ਆਰਥਿਕਤਾ ਦਾ ਇੱਕ ਵੱਡਾ ਹਿੱਸਾ ਸਿੱਖ ਯਾਤਰੀਆਂ ਅਤੇ ਪੰਜਾਬ ਤੋਂ ਆਉਣ ਵਾਲੇ ਸੈਲਾਨੀਆਂ ਦੇ ਮੁਨਾਫ਼ੇ 'ਤੇ ਟਿਕਿਆ ਹੋਇਆ ਹੈ। ਪਰ ਜਦੋਂ ਧਾਰਮਿਕ ਪਛਾਣ ਅਤੇ ਸੁਰੱਖਿਆ ਦੀ ਗੱਲ ਆਉਂਦੀ ਹੈ, ਤਾਂ ਇਹ ਮੁਨਾਫ਼ਾਖੋਰ ਸੋਚ ਅੰਨ੍ਹੇ ਵਿਰੋਧ ਅਤੇ ਨਫ਼ਰਤ ਵਿੱਚ ਬਦਲ ਜਾਂਦੀ ਹੈ। ਸ਼ੌਕੀ ਅਨੁਸਾਰ ਹਰ ਸਾਲ ਲੱਖਾਂ ਹਿੰਦੂ ਸ਼ਰਧਾਲੂ ਕੇਦਾਰਨਾਥ, ਬਦਰੀਨਾਥ ਜਾਂ ਹੋਰ ਤੀਰਥਾਂ 'ਤੇ ਜਾਂਦੇ ਹਨ। ਕਾਂਵੜ ਯਾਤਰਾ ਦੌਰਾਨ ਹੋਣ ਵਾਲੀ ਹਿੰਸਾ ਅਤੇ ਹੁੱਲੜਬਾਜ਼ੀ ਕਿਸੇ ਤੋਂ ਛਿਪੀ ਨਹੀਂ ਹੈ, ਪਰ ਉੱਥੇ ਨਾ ਤਾਂ ਕਦੇ ਹਥਿਆਰਾਂ (ਜਿਵੇਂ ਤ੍ਰਿਸ਼ੂਲ) 'ਤੇ ਪਾਬੰਦੀ ਦੀ ਮੰਗ ਉੱਠਦੀ ਹੈ ਅਤੇ ਨਾ ਹੀ ਪ੍ਰਸ਼ਾਸਨ ਉਨ੍ਹਾਂ ਵਿਰੁੱਧ ਕੋਈ ਸਖ਼ਤ ਰੁਖ਼ ਅਖਤਿਆਰ ਕਰਦਾ ਹੈ।

ਦੂਜੇ ਪਾਸੇ, ਜਦੋਂ ਸਿੱਖ ਸ਼ਰਧਾਲੂ ਆਪਣੇ ਪਰੰਪਰਾਗਤ ਚਿੰਨ੍ਹਾਂ (ਕਕਾਰਾਂ) ਨਾਲ ਯਾਤਰਾ ਕਰਦੇ ਹਨ, ਤਾਂ ਉਨ੍ਹਾਂ ਨੂੰ ਇੱਕ ਖ਼ਾਸ ਪ੍ਰੋਪੇਗੈਂਡਾ ਤਹਿਤ ਨਿਸ਼ਾਨਾ ਬਣਾਇਆ ਜਾਂਦਾ ਹੈ। ਲੰਗਰਾਂ ਦਾ ਵਿਰੋਧ ਕਰਨਾ ਅਤੇ ਮਾਮੂਲੀ ਬਹਿਸ ਨੂੰ 'ਤਲਵਾਰਾਂ ਨਾਲ ਹਮਲਾ' ਕਹਿ ਕੇ ਸੋਸ਼ਲ ਮੀਡੀਆ 'ਤੇ ਝੂਠਾ ਨੈਰੇਟਿਵ ਘੜਨਾ ਇਸੇ ਮਨੂਵਾਦੀ ਮਾਨਸਿਕਤਾ ਦਾ ਹਿੱਸਾ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜੇਕਰ ਭਾਰਤ ਆਪਣੇ ਆਪ ਨੂੰ ਇੱਕ ਧਰਮ-ਨਿਰਪੱਖ ਅਤੇ ਲੋਕਤੰਤਰੀ ਦੇਸ਼ ਅਖਵਾਉਂਦਾ ਹੈ, ਤਾਂ ਕਾਨੂੰਨ ਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹੋਣੇ ਚਾਹੀਦੇ ਹਨ। ਕਰਨਪ੍ਰਯਾਗ ਦੀ ਘਟਨਾ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਫ਼ਿਰਕੂ ਭੀੜ ਇਕੱਠੀ ਕਰਕੇ ਮਾਹੌਲ ਖ਼ਰਾਬ ਕਰਨ ਵਾਲੇ ਸਥਾਨਕ ਦੋਸ਼ੀਆਂ ਨੂੰ ਵੀ ਤੁਰੰਤ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਜੇਕਰ ਪ੍ਰਸ਼ਾਸਨ ਦਾ ਇਹ ਇੱਕਤਰਫ਼ਾ ਅਤੇ ਫ਼ਿਰਕੂ ਵਤੀਰਾ ਜਾਰੀ ਰਿਹਾ, ਤਾਂ ਇਹ ਦੇਸ਼ ਦੀ ਅਖੰਡਤਾ ਅਤੇ ਸਮਾਜਿਕ ਤਾਣੇ-ਬਾਣੇ ਲਈ ਬਹੁਤ ਘਾਤਕ ਸਿੱਧ ਹੋਵੇਗਾ।

# ਜਲੰਧਰ ਦੇ ਗੁਰਦੁਆਰਾ ਸਾਹਿਬ ਵਿਚ ਬੇਅਦਬੀ

## ✪ ਗੁਟਕਾ ਸਾਹਿਬ ਦੇ ਅੰਗ ਪਾੜਨ ਵਾਲੀ ਪ੍ਰਵਾਸੀ ਮਹਿਲਾ ਗ੍ਰਿਫ਼ਤਾਰ, ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਣ ਦਾ ਖ਼ਦਸ਼ਾ



ਜਲੰਧਰ-ਜਲੰਧਰ ਸ਼ਹਿਰ ਦੇ ਅਧੀਨ ਪੈਂਦੇ ਪਿੰਡ ਸੰਘਵਾਲ ਵਿਖੇ ਸਥਿਤ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿੱਚ ਬੇਅਦਬੀ ਦੀ ਇੱਕ ਬੇਹੱਦ ਮੰਦਭਾਗੀ ਘਟਨਾ ਸਾਹਮਣੇ ਆਈ ਹੈ।

ਇੱਕ ਪ੍ਰਵਾਸੀ ਔਰਤ ਵੱਲੋਂ ਗੁਰਦੁਆਰਾ ਸਾਹਿਬ ਦੇ ਅੰਦਰ ਵੜ ਕੇ ਗੁਟਕਾ ਸਾਹਿਬ ਦੀ ਬੇਅਦਬੀ ਕੀਤੀ ਗਈ। ਘਟਨਾ ਤੋਂ ਬਾਅਦ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੁਲਸ ਨੇ ਮੁੱਖ ਗ੍ਰੰਥੀ ਦੇ ਬਿਆਨਾਂ ਦੇ ਅਧਾਰ 'ਤੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪਿੰਡ ਦੀ ਸਰਪੰਚ ਪ੍ਰਵੀਨ ਕੁਮਾਰੀ ਅਤੇ ਹੈੱਡ ਗ੍ਰੰਥੀ ਕਮਲਜੀਤ ਲਾਲ ਤੋਂ ਮਿਲੀ ਜਾਣਕਾਰੀ ਮੁਤਾਬਕ, ਘਟਨਾ ਦੇ ਸਮੇਂ ਗੁਰਦੁਆਰਾ ਸਾਹਿਬ ਵਿੱਚ ਬੱਚੇ ਪਾਠ ਅਤੇ ਅਰਦਾਸ ਕਰ ਰਹੇ ਸਨ। ਇਸੇ ਦੌਰਾਨ ਇੱਕ ਔਰਤ ਰੌਲਾ ਪਾਉਂਦੀ ਹੋਈ ਅੰਦਰ ਦਾਖ਼ਲ ਹੋਈ ਅਤੇ ਉਸ ਨੇ ਗੁਟਕਾ ਸਾਹਿਬ ਦੇ ਕੁਝ ਅੰਗ ਪਾੜ ਦਿੱਤੇ।

# ਧਰਮ ਤਬਦੀਲੀ ਦਾ ਰੁਝਾਨ ਚਿੰਤਾਜਨਕ, ਸਿੱਖਾਂ ਨੂੰ ਧਰਮ ਪ੍ਰਚਾਰ ਦੀ ਲਕੀਰ ਵੱਡੀ ਕਰਨੀ ਪਵੇਗੀ: ਜਥੇਦਾਰ ਗੜਗੱਜ

## ✪ ਪੰਜਾਬੀ ਭਾਸ਼ਾ ਦੀ ਦੁਰਦਸ਼ਾ 'ਤੇ ਜਤਾਇਆ ਅਫ਼ਸੋਸ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੇਸ਼ ਅਤੇ ਪੰਜਾਬ ਅੰਦਰ ਆਰਥਿਕ ਲਾਲਚ ਦੇ ਕੇ ਕਰਵਾਈ ਜਾ ਰਹੀ ਧਰਮ ਤਬਦੀਲੀ (ਧਰਮ ਪਰਿਵਰਤਨ) ਦੇ ਵਧ ਰਹੇ ਰੁਝਾਨ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਗੈਰ-ਕਾਨੂੰਨੀ ਕਾਰਜ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਇਸ ਲਈ ਮਿਲ ਰਹੀ ਬਾਹਰੀ ਫੰਡਿੰਗ ਨੂੰ ਤੁਰੰਤ ਰੋਕਿਆ ਜਾਣਾ ਚਾਹੀਦਾ ਹੈ।



ਇਤਿਹਾਸਕ ਹਵਾਲੇ ਦਿੰਦਿਆਂ ਜਥੇਦਾਰ ਨੇ ਦੱਸਿਆ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵੀ ਸਿੱਖੀ ਨੂੰ ਰੋਕਣ ਲਈ 'ਸਤੀ ਸਰਵੜੀਏ' ਅਤੇ 'ਨਕਸ਼ਬੰਦੀ ਲਹਿਰ' ਵਰਗੀਆਂ ਸ਼ਕਤੀਆਂ ਸਰਗਰਮ ਸਨ। ਪਰ ਗੁਰੂ ਸਾਹਿਬ ਨੇ ਤਰਨ ਤਾਰਨ, ਕਰਤਾਰਪੁਰ ਸਾਹਿਬ ਅਤੇ ਸ੍ਰੀ ਹਰਿਗੋਬਿੰਦਪੁਰ ਵਰਗੇ ਨਗਰ ਵਸਾ ਕੇ ਧਰਮ ਦਾ ਇੰਨਾ ਪ੍ਰਚਾਰ ਕੀਤਾ ਕਿ ਵਿਰੋਧੀ ਵੀ ਸਿੱਖੀ ਦੇ ਲੜ ਲੱਗ ਗਏ।

ਉਨ੍ਹਾਂ ਜ਼ੋਰ ਦੇ ਕੇ ਕਿਹਾ: ਕਿ "ਧਰਮ ਤਬਦੀਲੀ ਦੇ ਇਸ ਹਮਲੇ ਨੂੰ ਰੋਕਣ ਲਈ ਸਿੱਖਾਂ ਅਤੇ ਹਿੰਦੂਆਂ ਨੂੰ ਸਾਂਝੇ ਯਤਨਾਂ ਨਾਲ ਵੱਡੇ ਧਾਰਮਿਕ ਇਕੱਠ ਕਰਨੇ ਪੈਣਗੇ। ਸਾਨੂੰ ਧਰਮ ਪ੍ਰਚਾਰ ਦੇ ਖੇਤਰ ਵਿੱਚ ਆਪਣੀ ਲਕੀਰ ਵੱਡੀ ਕਰਨੀ ਪਵੇਗੀ, ਕਿਉਂਕਿ ਸਿੱਖੀ ਦਾ ਪਸਾਰ ਹਮੇਸ਼ਾ ਪ੍ਰਚਾਰ ਨਾਲ ਹੀ ਹੋਇਆ ਹੈ, ਜਬਰ ਜਾਂ ਲਾਲਚ ਨਾਲ ਨਹੀਂ।"

ਜਥੇਦਾਰ ਨੇ ਪੰਜਾਬ ਅੰਦਰ ਪੰਜਾਬੀ ਬੋਲੀ ਦੀ ਮੌਜੂਦਾ ਸਥਿਤੀ 'ਤੇ ਦੁੱਖ ਪ੍ਰਗਟ ਕਰਦਿਆਂ ਇਸ ਨੂੰ 'ਮਾਨਸਿਕ ਗ਼ੁਲਾਮੀ' ਦੀ ਨਿਸ਼ਾਨੀ ਦੱਸਿਆ। ਉਨ੍ਹਾਂ ਕਿਹਾ ਕਿ ਜਿਸ ਪੰਜਾਬੀ ਭਾਸ਼ਾ ਦੇ ਅਧਾਰ 'ਤੇ ਪੰਜਾਬ ਸੂਬਾ ਬਣਿਆ ਸੀ, ਅੱਜ ਉਸੇ ਸੂਬੇ ਦੇ ਕਈ ਸਕੂਲਾਂ ਵਿੱਚ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਰੋਕਿਆ ਜਾਂਦਾ ਹੈ ਅਤੇ ਸਰਕਾਰੀ ਦਫ਼ਤਰਾਂ ਵਿੱਚ ਵੀ ਇਸ ਨੂੰ ਅਹਿਮੀਅਤ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਹਰ ਪੰਜਾਬੀ ਨੂੰ ਆਪਣੀ ਮਾਂ-ਬੋਲੀ ਸੰਭਾਲਣ ਦੀ ਅਪੀਲ ਕੀਤੀ।

### ਅਬਾਦੀ ਦੇ ਸੰਤੁਲਨ ਅਤੇ ਸਮਾਜਿਕ ਸਥਿਤੀ 'ਤੇ ਟਿੱਪਣੀ

ਵਧਦੀ ਅਬਾਦੀ 'ਤੇ ਚਿੰਤਾ: ਸੂਬੇ ਵਿੱਚ ਬਦਲ ਰਹੇ ਅਬਾਦੀ ਦੇ ਸੰਤੁਲਨ 'ਤੇ ਬੋਲਦਿਆਂ ਉਨ੍ਹਾਂ ਖ਼ਦਸ਼ਾ ਜਤਾਇਆ ਕਿ ਜੇਕਰ ਅਬਾਦੀ ਇਸੇ ਰਫ਼ਤਾਰ ਨਾਲ ਵਧਦੀ ਰਹੀ ਤਾਂ ਭਵਿੱਖ ਵਿੱਚ ਸੰਤੁਲਨ ਵਿਗੜ ਸਕਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸਿੱਖਾਂ ਨੂੰ ਘੱਟੋ-ਘੱਟ ਤਿੰਨ ਬੱਚੇ ਪੈਦਾ ਕਰਨੇ ਚਾਹੀਦੇ ਹਨ।

ਪੰਜਾਬ ਦੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ 'ਤੇ ਬੋਲਦਿਆਂ ਜਥੇਦਾਰ ਗੜਗੱਜ ਨੇ ਸਰਕਾਰ ਦੀ ਨਾਕਾਮੀ 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਪਲਾਸਟਿਕ 'ਤੇ ਪਾਬੰਦੀ ਦੇ ਬਾਵਜੂਦ ਪੰਜਾਬ ਦੇ ਸ਼ਹਿਰਾਂ ਵਿੱਚ ਕੂੜੇ ਦੇ ਢੇਰਾਂ ਵਿੱਚ ਸਭ ਤੋਂ ਵੱਧ ਪਲਾਸਟਿਕ ਦੇਖਣ ਨੂੰ ਮਿਲਦਾ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਨਾ ਸਿਰਫ਼ ਵੱਧ ਤੋਂ ਵੱਧ ਪੌਦੇ ਲਗਾਉਣ, ਬਲਕਿ ਉਨ੍ਹਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਵੀ ਚੁੱਕਣ।

# ਸਕਾਟਲੈਂਡ ਵਿੱਚ ਜਿਨਸੀ ਅਪਰਾਧਾਂ ਦੇ ਮਾਮਲੇ ਰਿਕਾਰਡ ਪੱਧਰ 'ਤੇ ਪਹੁੰਚੇ

ਸਕਾਟਲੈਂਡ ਵਿੱਚ ਜਿਨਸੀ ਅਪਰਾਧਾਂ (Sexual Crimes) ਦੇ ਮਾਮਲਿਆਂ ਦੀ ਗਿਣਤੀ ਰਿਕਾਰਡ ਪੱਧਰ 'ਤੇ ਪਹੁੰਚ ਗਈ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਪਿਛਲੇ ਇੱਕ ਸਾਲ ਦੌਰਾਨ ਪੁਲਿਸ ਕੋਲ ਦਰਜ ਹੋਏ ਜਿਨਸੀ ਅਪਰਾਧਾਂ ਦੀ ਗਿਣਤੀ ਹੁਣ ਤੱਕ ਦੀ ਸਭ ਤੋਂ ਵੱਧ ਰਹੀ ਹੈ। ਰਿਪੋਰਟ ਮੁਤਾਬਕ, ਬਲਾਤਕਾਰ, ਜਿਨਸੀ ਹਮਲੇ, ਆਨਲਾਈਨ ਜਿਨਸੀ ਅਪਰਾਧ ਅਤੇ ਬੱਚਿਆਂ ਨਾਲ ਜੁੜੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਾਧੇ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਪਹਿਲਾਂ ਦੇ ਮੁਕਾਬਲੇ ਹੁਣ ਵੱਧ ਪੀੜਤ ਹਿੰਮਤ ਕਰਕੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਰਹੇ ਹਨ।

ਸਕਾਟਲੈਂਡ ਦੀ ਪੁਲਿਸ ਨੇ ਕਿਹਾ ਕਿ ਜਿਨਸੀ ਅਪਰਾਧਾਂ ਨਾਲ ਨਜਿੱਠਣਾ ਉਨ੍ਹਾਂ ਦੀਆਂ ਸਭ ਤੋਂ ਵੱਡੀਆਂ ਤਰਜੀਹਾਂ ਵਿੱਚੋਂ ਇੱਕ ਹੈ। ਪੀੜਤਾਂ ਦੀ ਸੁਰੱਖਿਆ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆਉਣ ਲਈ ਜਾਂਚ ਟੀਮਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਉੱਧਰ, ਮਹਿਲਾ ਅਧਿਕਾਰ ਅਤੇ ਪੀੜਤ ਸਹਾਇਤਾ ਸੰਸਥਾਵਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜਿਨਸੀ ਅਪਰਾਧਾਂ ਨੂੰ ਰੋਕਣ, ਪੀੜਤਾਂ ਨੂੰ ਮਦਦ ਦੇਣ ਅਤੇ ਅਦਾਲਤੀ ਕਾਰਵਾਈ ਨੂੰ ਤੇਜ਼ ਕਰਨ ਲਈ ਹੋਰ ਸਰੋਤ ਮੁਹੱਈਆ ਕਰਵਾਏ ਜਾਣ।

# ਗੱਤਕਾ ਐਸੋਸੀਏਸ਼ਨ ਪੰਜਾਬ ਨੇ ਮਨਾਇਆ ਵਿਸ਼ਵ ਗੱਤਕਾ ਦਿਵਸ

## ✪ ਵਿਰਾਸਤੀ ਮੁਕਾਬਲਿਆਂ 'ਚ ਪ੍ਰਥਮ ਸਹਾਇ ਗੱਤਕਾ ਅਖਾੜਾ ਲੁਧਿਆਣਾ ਰਿਹਾ ਜੇਤੂ




*ਵਿਰਾਸਤੀ ਗੱਤਕਾ ਮੁਕਾਬਲਿਆਂ ਵਿੱਚ ਜੇਤੂ ਰਹੀ ਲੁਧਿਆਣਾ ਦੀ ਟੀਮ ਨੂੰ ਸਨਮਾਨਿਤ ਕਰਦੇ ਹੋਏ।*



*ਵਿਸ਼ਵ ਗੱਤਕਾ ਦਿਵਸ 'ਤੇ ਵਿਰਾਸਤੀ ਗੱਤਕਾ ਮੁਕਾਬਲਿਆਂ ਦਾ ਉਦਘਾਟਨ ਕਰਦੇ ਹੋਏ ਮਹਿਮਾਨ।*

ਫਰੀਦਕੋਟ-ਗੱਤਕਾ ਐਸੋਸੀਏਸ਼ਨ ਆਫ ਪੰਜਾਬ ਦੀ ਅਗਵਾਈ ਹੇਠ ਗੱਤਕਾ ਐਸੋਸੀਏਸ਼ਨ ਜ਼ਿਲਾ ਫ਼ਰੀਦਕੋਟ ਨੇ ਸਲਾਨਾ ਵਿਸ਼ਵ ਗੱਤਕਾ ਦਿਵਸ ਮਨਾਉਂਦੇ ਹੋਏ ਇੱਥੇ ਪੁਰਾਣੀ ਦਾਣਾ ਮੰਡੀ ਵਿੱਚ ਵਿਰਸਾ ਸੰਭਾਲ ਗੱਤਕਾ ਕੱਪ ਕਰਵਾਇਆ ਜਿਸ ਵਿੱਚ ਪ੍ਰਥਮ ਸਹਾਇ ਗੱਤਕਾ ਅਖਾੜਾ ਲੁਧਿਆਣਾ ਦੀ ਟੀਮ ਜੇਤੂ ਰਹੀ।

ਇਹ ਜਾਣਕਾਰੀ ਦਿੰਦਿਆਂ ਗੱਤਕਾ ਐਸੋਸੀਏਸ਼ਨ ਆਫ ਪੰਜਾਬ ਦੇ ਜਨਰਲ ਸਕੱਤਰ ਤਲਵਿੰਦਰ ਸਿੰਘ ਫ਼ਿਰੋਜ਼ਪੁਰ, ਪੰਜਾਬ ਦੇ ਮੀਤ ਪ੍ਰਧਾਨ ਅਤੇ ਗੱਤਕਾ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਮਨਜੀਤ ਸਿੰਘ ਵਿੱਲੋਂ ਨੇ ਦੱਸਿਆ ਕਿ ਇਸ ਗੱਤਕਾ ਕੱਪ ਵਿੱਚ 4 ਲੜਕਿਆਂ ਦੀਆਂ ਟੀਮਾਂ ਅਤੇ ਇੱਕ ਲੜਕੀਆਂ ਦੀ ਟੀਮ ਨੇ ਭਾਗ ਲਿਆ। ਜੱਥੇਦਾਰ ਬਾਬਾ ਬਿਨੋਦ ਸਿੰਘ ਗੱਤਕਾ ਅਖਾੜਾ ਫ਼ਰੀਦਕੋਟ ਅਤੇ ਸਰਦਾਰ ਗੁਰਸੇਵਕ ਸਿੰਘ ਭਾਣਾ ਲਜ਼ੀਜ਼ ਦੇ ਸਹਿਯੋਗ ਨਾਲ ਕਰਵਾਏ ਇਸ ਗੱਤਕਾ ਕੱਪ ਵਿੱਚ ਸ਼ਹਿਰ ਦੀਆਂ ਵੱਖ-ਵੱਖ ਪ੍ਰਮੁੱਖ ਹਸਤੀਆਂ ਨੇ ਵੀ ਸ਼ਿਰਕਤ ਕੀਤੀ।

ਇਸ ਵਿਰਸਾ ਸੰਭਾਲ ਗੱਤਕਾ ਕੱਪ ਬਾਰੇ ਹੋਰ ਜਾਣਕਾਰੀ ਦਿੰਦਿਆਂ ਜਿਲ੍ਹਾ ਗੱਤਕਾ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਤੇ ਨੈਸ਼ਨਲ ਗੱਤਕਾ ਕੋਚ ਨਰਿੰਦਰਪਾਲ ਸਿੰਘ ਪਾਰਸ ਨੇ ਦੱਸਿਆ ਕਿ ਗੱਤਕਾ ਪ੍ਰਦਰਸ਼ਨੀ ਮੁਕਾਬਲੇ ਵਿਚੋਂ ਪਹਿਲਾ ਸਥਾਨ ਪ੍ਰਥਮ ਸਹਾਇ ਗੱਤਕਾ ਅਖਾੜਾ ਲੁਧਿਆਣਾ, ਦੂਜਾ ਸਥਾਨ ਜਥੇਦਾਰ ਬਾਬਾ ਬਿਨੋਦ ਸਿੰਘ ਗੱਤਕਾ ਅਖਾੜਾ ਫਰੀਦਕੋਟ ਅਤੇ ਤੀਜਾ ਸਥਾਨ ਅਕਾਲ ਪੁਰਖ ਕੀ ਫੌਜ ਗੱਤਕਾ ਅਖਾੜਾ ਕੋਟਕਪੂਰਾ ਨੇ ਹਾਸਲ ਕੀਤਾ। ਇਸ ਮੌਕੇ ਹੋਏ ਗੱਤਕਾ ਸੋਟੀ ਦੇ ਮੁਕਾਬਲਿਆਂ ਵਿੱਚੋਂ ਕਸ਼ਮੀਰ ਸਿੰਘ ਕੋਟਕਪੂਰਾ ਨੇ ਪਹਿਲਾ ਸਥਾਨ, ਸਾਹਿਬਪ੍ਰੀਤ ਸਿੰਘ ਲੁਧਿਆਣਾ ਨੇ ਦੂਜਾ ਸਥਾਨ ਜਦਕਿ ਨਵਕਰਨ ਸਿੰਘ ਫਰੀਦਕੋਟ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਹਾਜ਼ਰ ਸ਼ਖ਼ਸੀਅਤਾਂ ਵੱਲੋਂ ਜੇਤੂ ਖਿਡਾਰੀਆਂ ਨੂੰ ਟਰਾਫ਼ੀਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੱਥੇਦਾਰ ਬਾਬਾ ਸਤਨਾਮ ਸਿੰਘ ਸੋਢੀ, ਬਾਬਾ ਸਤਨਾਮ ਸਿੰਘ ਕਾਰ ਸੇਵਾ ਵਾਲੇ ਜੰਡ ਸਾਹਿਬ ਸਾਦਿਕ, ਸਰਦਾਰ ਅੱਛਰ ਸਿੰਘ, ਨੈਸ਼ਨਲ ਗੱਤਕਾ ਕੋਚ ਸ਼ੈਰੀ ਸਿੰਘ ਭਾਂਬਰੀ ਫ਼ਤਹਿਗੜ੍ਹ ਸਾਹਿਬ, ਪ੍ਰਦੀਪ ਸਿੰਘ ਲੁਧਿਆਣਾ ਅਤੇ ਹਰਦੀਪ ਸਿੰਘ ਸਮੇਤ ਸ਼ਹਿਜਾਦ ਕੌਰ ਫ਼ਰੀਦਕੋਟ ਅਤੇ ਅਕਾਸ਼ਦੀਪ ਸਿੰਘ ਆਦਿ ਵੀ ਹਾਜ਼ਰ ਰਹੇ।

# ਭਾਰਤੀ ਮੂਲ ਦਾ ਵਿਦਿਆਰਥੀ ਪਰਿਵਾਰ ਦੇ 3 ਜੀਆਂ ਦੇ ਕਤਲ ਦੇ ਮਾਮਲੇ ਵਿੱਚ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਧਿਕਾਰੀਆਂ ਨੇ ਭਾਰਤੀ ਮੂਲ ਦੇ ਇੱਕ 19 ਸਾਲਾ ਵਿਦਿਆਰਥੀ ਗੌਰਵ ਚੋਪੜਾ 'ਤੇ ਆਪਣੇ ਮਾਤਾ ਪਿਤਾ ਤੇ ਨਾਨੀ ਦੇ ਕਤਲਾਂ ਦਾ ਦੋਸ਼ ਲਗਾਇਆ ਹੈ । ਇਹ ਘਟਨਾ ਦੱਖਣੀ ਟੈਕਸਾਸ ਵਿੱਚ ਵਾਪਰੀ। ਪੁਲਿਸ ਅਨੁਸਾਰ ਉਸ ਨੇ ਆਪਣੇ ਵੱਡੇ ਭਰਾ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਸ ਵੱਲੋਂ ਚਲਾਈ ਗੋਲੀ ਖੁੰਝ ਗਈ ਤੇ ਉਹ ਬਚ ਕੇ ਨਿਕਲ ਜਾਣ ਵਿਚ ਸਫਲ ਹੋ ਗਿਆ। ਬਾਅਦ ਵਿਚ ਉਸ ਨੇ ਪੁਲਿਸ ਨੂੰ ਘਟਨਾ ਦੀ ਜਾਣਕਾਰੀ ਦਿੱਤੀ।

ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਨੂੰ ਕਮਲੇਸ਼ ਰਾਣੀ, 46, ਉਸ ਦੀ ਮਾਂ ਮਿੰਦਰ ਕੌਰ, 73, ਨੂੰ ਘਰ ਦੇ ਅੰਦਰ ਮ੍ਰਿਤਕ ਪਾਇਆ। ਚੋਪੜਾ ਦੇ ਪਿਤਾ 56 ਸਾਲਾ ਕਾਰੋਬਾਰੀ ਸਵੀਤਾ ਰਾਮ, ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ ਤਿੰਨੋਂ ਪੀੜਤਾਂ ਦੀ ਮੌਤ ਸਿਰ ਵਿੱਚ ਗੋਲੀ ਲੱਗਣ ਕਾਰਨ ਹੋਈ ਹੈ। ਟੈਕਸਾਸ ਦੀ ਰੀਓ ਗ੍ਰਾਂਡੇ ਵੈਲੀ ਦੇ ਐਲਟਨ ਦੇ ਰਹਿਣ ਵਾਲੇ ਗੌਰਵ ਚੋਪੜਾ ਨੂੰ ਹਿਡਾਲਗੋ ਕਾਊਂਟੀ ਬਾਲਗ ਹਿਰਾਸਤ ਕੇਂਦਰ ਵਿੱਚ ਬਿਨਾਂ ਜ਼ਮਾਨਤ ਦੇ ਰੱਖਿਆ ਗਿਆ ਹੈ। ਉਸ 'ਤੇ ਤਿੰਨ ਕਤਲ, ਕਤਲ ਦੀ ਕੋਸ਼ਿਸ਼ ਤੇ ਹੋਰ ਦੋਸ਼ ਲਾਏ ਗਏ ਹਨ। ਪੁਲਿਸ ਨੇ ਕਤਲਾਂ ਲਈ ਵਰਤੀ ਗਈ ਇਕ ਹੈਂਡ ਗੰਨ ਵੀ ਬਰਾਮਦ ਕਰ ਲਈ ਹੈ। ਕਤਲਾਂ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋ ਸਕਿਆ। ਪੁਲਿਸ ਅਨੁਸਾਰ ਮਾਮਲਾ ਅਜੇ ਜਾਂਚ ਅਧੀਨ ਹੈ।


# ਸ਼ਹੀਦੀ ਪੁਰਬ ਦੀ ਯਾਦ ਵਿੱਚ ਪਿੰਕ ਸਿਟੀ ਹੇਜ਼ ਵਿਖੇ ਛਬੀਲ ਦੀ ਸੇਵਾ



*ਪਿੰਕ ਸਿਟੀ ਹੇਜ਼ ਵਿਖੇ ਸੇਵਾ ਕਰਦੇ ਲਖਵਿੰਦਰ ਸਿੰਘ ਗਿੱਲ, ਰਾਜੂ ਸੰਸਾਰਪੁਰੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਅਤੇ ਹੋਰ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਸਿੱਖਾਂ ਦੇ ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਪਿੰਕ ਸਿਟੀ ਹੇਜ਼ ਵਿਖੇ ਸਲਾਨਾ ਛਬੀਲ ਲਗਾਈ ਗਈ ਅਤੇ ਰਾਹਗੀਰਾਂ ਨੂੰ ਸ਼ਹੀਦੀ ਦਿਹਾੜੇ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਮੁੱਖ ਪ੍ਰਬੰਧਕ ਲਖਵਿੰਦਰ ਸਿੰਘ ਗਿੱਲ ਅਤੇ ਕੌਂਸਲਰ ਰਾਜੂ ਸੰਸਾਰਪੁਰੀ ਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਇਤਿਹਾਸ ਦੇ ਪਹਿਲੇ ਸ਼ਹੀਦ ਹਨ, ਜਿਨ੍ਹਾਂ ਨੇ ਧਾਰਮਿਕ ਅਜ਼ਾਦੀ, ਸੱਚ ਅਤੇ ਬਰਾਬਰਤਾ ਦੇ ਸਿਧਾਂਤ ਲਈ ਸ਼ਹਾਦਤ ਦਿੱਤੀ ਸੀ। ਅਸੀਂ ਵੀ ਉਹਨਾਂ ਦੀਆਂ ਸਿੱਖਿਆਵਾਂ ਨੂੰ ਹਰ ਵਰਗ ਦੇ ਲੋਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਗੁਰੂ ਸਾਹਿਬ ਦੀ ਅਦੁੱਤੀ ਸ਼ਹਾਦਤ ਅਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਪ੍ਰਣਾਮ ਕਰਦਿਆਂ ਸਾਰਾ ਦਿਨ ਆਮ ਲੋਕਾਂ ਨੂੰ ਠੰਢਾ-ਮਿੱਠਾ ਜਲ ਅਤੇ ਠੰਢੇ ਡ੍ਰਿੰਕਸ ਛਕਾਏ ਗਏ। ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਕੌਂਸਲਰ ਗੁਰਸ਼ਰਨ ਸਿੰਘ ਮੰਡ, ਅਜਾਇਬ ਸਿੰਘ ਪੁਵਾਰ, ਜਸਵੰਤ ਸਿੰਘ ਮੰਡ, ਸਾਬਕਾ ਕੌਂਸਲਰ ਮਹਿੰਦਰ ਸਿੰਘ ਬੀਰਾ ਤੋਂ ਇਲਾਵਾ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਸੇਵਾ ਵਿੱਚ ਹਿੱਸਾ ਲਿਆ।

# ਪੰਜਾਬ ਦੇ ਪੇਂਡੂ ਅਰਥਚਾਰੇ ਦੇ ਉਜਾੜੇ ਦਾ ਅਸਲ ਸੱਚ



ਗੁਰਮੀਤ ਸਿੰਘ ਪਲਾਹੀ
9815802070



ਆਰਥਿਕ ਤੰਗੀ ਕਾਰਨ ਪਿੰਡਾਂ ਦੇ ਲੋਕ ਰੋਜ਼ਗਾਰ ਦੀ ਭਾਲ ਵਿੱਚ ਸ਼ਹਿਰਾਂ ਵੱਲ ਦੌੜ ਰਹੇ ਹਨ। ਪਰ ਸ਼ਹਿਰਾਂ ਵਿੱਚ ਪਹਿਲਾਂ ਹੀ ਮੰਦਹਾਲੀ ਅਤੇ ਭਾਰੀ ਬੇਰੁਜ਼ਗਾਰੀ ਹੈ। ਸਿੱਟਾ ਇਹ ਹੈ ਕਿ ਪਿੰਡ ਦਾ ਆਦਮੀ ਨਾ ਪਿੰਡ ਦਾ ਰਹਿੰਦਾ ਹੈ ਨਾ ਸ਼ਹਿਰ ਦਾ। ਇਸ ਉਜਾੜੇ ਕਾਰਨ ਪਿੰਡਾਂ ਦੀ ਆਤਮ-ਨਿਰਭਰਤਾ ਖ਼ਤਮ ਹੋ ਗਈ ਹੈ ਤੇ ਅੱਜ ਪਿੰਡ ਵਿੱਚ ਰਵਾਇਤੀ ਅਤੇ ਹੁਨਰਮੰਦ ਕਾਰੀਗਰ ਜਿਵੇਂ ਰਾਜ-ਮਿਸਤਰੀ, ਤਰਖਾਣ ਤੇ ਲੋਹਾਰ ਲੱਭਿਆ ਵੀ ਨਹੀਂ ਮਿਲਦੇ, ਕਿਉਂਕਿ ਕੰਮ ਨਾ ਹੋਣ ਕਾਰਨ ਉਨ੍ਹਾਂ ਦੀ ਅਗਲੀ ਪੀੜ੍ਹੀ ਨੇ ਇਹ ਕਿੱਤੇ ਛੱਡ ਦਿੱਤੇ ਹਨ। ਪਿੰਡ ਦਾ ਅਰਥਚਾਰਾ ਚਰਮਰਾ ਗਿਆ ਹੈ। ਕੀ ਇਹ ਪੇਂਡੂ ਅਰਥਚਾਰੇ ਨੂੰ ਨਜ਼ਰਅੰਦਾਜ਼ ਕਰਨਾ ਨਹੀਂ ਹੈ?

ਪੇਂਡੂ ਅਰਥਚਾਰੇ ਦਾ ਇੱਕ ਵੱਡਾ ਸੱਚ ਇਹ ਹੈ ਕਿ ਜਦੋਂ ਖੇਤੀ ਸੰਕਟ ਵਿੱਚ ਆਉਂਦੀ ਹੈ ਤਾਂ ਕਿਸਾਨ ਅਤੇ ਮਜ਼ਦੂਰ ਦੋਹਾਂ ਦੀ ਆਰਥਿਕਤਾ ਉੱਤੇ ਵੱਡੀ ਸੱਟ ਪੈਂਦੀ ਹੈ, ਕਿਉਂਕਿ ਪਿੰਡਾਂ ਦੀ ਆਰਥਿਕਤਾ ਦਾ ਵੱਡਾ ਤੇ ਬੁਨਿਆਦੀ ਅਸੂਲ ਕਿਸਾਨ ਅਤੇ ਮਜ਼ਦੂਰ ਦੀ ਆਪਸੀ ਸਾਂਝ ਉੱਤੇ ਟਿਕਿਆ ਹੋਇਆ ਹੈ। ਜਦੋਂ ਕਿਸਾਨ ਖ਼ੁਦ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਵੇ ਅਤੇ ਖੇਤੀ ਵਿੱਚ ਅੰਨ੍ਹੇਵਾਹ ਮਸ਼ੀਨੀਕਰਨ (ਜਿਵੇਂ ਟਰੈਕਟਰ, ਕੰਬਾਈਨਾਂ ਤੇ ਸੁਪਰ ਸੀਡਰ) ਵਧ ਗਿਆ ਹੋਵੇ, ਤਾਂ ਖੇਤਾਂ ਵਿੱਚ ਮਜ਼ਦੂਰ ਲਈ ਰਵਾਇਤੀ ਦਿਹਾੜੀ ਦੇ ਦਿਨ ਬਹੁਤ ਘੱਟ ਜਾਂਦੇ ਹਨ। ਜਿਸ ਦਾ ਸਿੱਧਾ ਅਸਰ ਖ਼ਾਸ ਕਰਕੇ ਮਜ਼ਦੂਰਾਂ ਦੀ ਆਮਦਨ ਉੱਤੇ ਪੈਂਦਾ ਹੈ, ਜੋ ਕਿ ਪਹਿਲਾਂ ਹੀ ਸੀਮਤ ਹੈ। ਇਹੋ ਜਿਹੇ ਹਾਲਾਤ ਕੀ ਸਿੱਧੇ ਤੌਰ 'ਤੇ ਉਸ ਦੀ ਰੋਜ਼ਾਨਾ ਜ਼ਿੰਦਗੀ ਦੇ ਕਾਰ-ਵਿਹਾਰ ਉੱਤੇ ਅਸਰ ਨਹੀਂ ਪਾ ਰਹੇ?

ਪੇਂਡੂ ਅਰਥਚਾਰੇ ਦਾ ਇੱਕ ਹੋਰ ਪੱਖ ਇਹ ਹੈ ਕਿ ਜਦੋਂ ਕਿਸਾਨ ਕੋਲ ਪੈਸਾ ਨਹੀਂ ਹੁੰਦਾ, ਤਾਂ ਪਿੰਡ ਵਿੱਚ ਇੱਕ ਭਿਆਨਕ ਆਰਥਿਕ ਖਲਾਅ ਪੈਦਾ ਹੋ ਜਾਂਦਾ ਹੈ। ਬੈਂਕ ਗਰੀਬ ਮਜ਼ਦੂਰ ਨੂੰ ਬਿਨਾਂ ਗਰੰਟੀ ਕਰਜ਼ਾ ਨਹੀਂ ਦਿੰਦੇ, ਜਿਸ ਕਾਰਨ ਪਿੰਡਾਂ ਵਿੱਚ ਨਿੱਕੇ ਸ਼ਾਹੂਕਾਰਾਂ, ਸੁਸਾਇਟੀਆਂ ਤੇ ਮਾਈਕਰੋ ਫਾਈਨਾਂਸ ਕੰਪਨੀਆਂ ਦਾ ਇੱਕ ਨਵਾਂ ਮਾਰੂ ਜਾਲ ਵਿਛ ਗਿਆ ਹੈ। ਇਹ ਨਿੱਕੇ ਸ਼ਾਹੂਕਾਰ ਗਰੀਬਾਂ ਦੀ ਮਜਬੂਰੀ ਦਾ ਫ਼ਾਇਦਾ ਚੁੱਕ ਕੇ 24% ਤੋਂ 36% ਤੱਕ ਦਾ ਮਾਰੂ ਵਿਆਜ ਵਸੂਲਦੇ ਹਨ।

ਹੱਦ ਤਾਂ ਇਹ ਹੈ ਕਿ ਰੋਜ਼ਾਨਾ ਫੇਰੀ ਲਗਾਉਣ ਵਾਲੇ, ਰੇਹੜੇ ਵਾਲੇ ਜਾਂ ਨਿੱਕਾ-ਮੋਟਾ ਕੰਮ ਕਰਨ ਵਾਲੇ ਗਰੀਬਾਂ ਨੂੰ ਜੇਕਰ ਸਵੇਰੇ ਸਾਮਾਨ ਖਰੀਦਣ ਲਈ 500 ਰੁਪਏ ਦੇ ਕਰਜ਼ੇ ਦੀ ਲੋੜ ਪਵੇ, ਤਾਂ ਸ਼ਾਹੂਕਾਰ 100 ਰੁਪਏ ਪਹਿਲਾਂ ਹੀ ਬਤੌਰ ਵਿਆਜ ਕੱਟ ਕੇ ਉਨ੍ਹਾਂ ਨੂੰ 400 ਰੁਪਏ ਦਿੰਦੇ ਹਨ ਤੇ ਸ਼ਾਮ ਨੂੰ ਪੂਰੇ 500 ਰੁਪਏ ਵਾਪਸ ਲੈਂਦੇ ਹਨ। ਇਹ 20% ਪ੍ਰਤੀ ਦਿਨ ਦੀ ਲੁੱਟ ਗਰੀਬ ਨੂੰ ਕਦੇ ਵੀ ਗਰੀਬੀ ਦੀ ਦਲਦਲ ਵਿੱਚੋਂ ਬਾਹਰ ਨਹੀਂ ਨਿਕਲਣ ਦਿੰਦੀ। ਕੀ ਇਸ ਲੁੱਟ ਵੱਲ ਕਦੇ ਹਾਕਮਾਂ ਦੀ ਨਜ਼ਰ ਪਈ ਹੈ?

ਅਸਲ ਵਿੱਚ ਸੱਚ ਇਹ ਹੈ ਕਿ ਸੱਤਾਧਾਰੀ ਧਿਰ ਖੇਤੀ ਖੇਤਰ ਨੂੰ ਫੇਲ੍ਹ ਕਰਨ ਵੱਲ ਸੇਧਿਤ (ਕੇਂਦਰਿਤ) ਹੈ, ਤਾਂ ਕਿ ਕਿਸਾਨ ਆਪਣੀ ਜ਼ਮੀਨ ਵੇਚਣ ਲਈ ਮਜਬੂਰ ਹੋਣ ਅਤੇ ਖੇਤੀ ਖੇਤਰ ਵਿੱਚੋਂ ਵਿਹਲੇ ਹੋਏ ਕਿਰਤੀਆਂ ਨੂੰ ਕਾਰਖਾਨਿਆਂ ਵਿੱਚ ਸਸਤੀ ਲੇਬਰ ਦੇ ਤੌਰ 'ਤੇ ਵਰਤਿਆ ਜਾ ਸਕੇ। ਜਿਸ ਦਾ ਸਿੱਧਾ ਅਰਥ ਤਾਂ ਇਹ ਹੈ ਕਿ ਹਾਕਮ ਧਿਰ ਪੇਂਡੂ ਅਰਥਚਾਰੇ ਅਤੇ ਪਿੰਡਾਂ ਨੂੰ ਖ਼ਤਮ ਕਰਨ ਦੇ ਨਿੱਤ ਨਵੇਂ ਰਾਹ ਅਤੇ ਨੀਤੀਆਂ ਉਲੀਕਦੀ ਹੈ।

ਅੱਜ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕਿਸਾਨ ਸੰਕਟ ਵਿੱਚੋਂ ਲੰਘ ਰਹੇ ਹਨ। ਸਾਂਝੇ ਪ੍ਰਬੰਧ ਖ਼ਤਮ ਹੋਏ ਹਨ। ਪਰਿਵਾਰਾਂ ਦੇ ਵੰਡਵਾਰੇ ਕਾਰਨ ਖੇਤੀ ਹੇਠਲੀ ਜ਼ਮੀਨ ਨਿੱਤ ਦਿਨ ਘੱਟ ਰਹੀ ਹੈ। ਅੰਕੜਿਆਂ ਮੁਤਾਬਕ ਸੂਬੇ ਦੇ ਔਸਤਨ 65% ਤੋਂ ਵੱਧ ਕਿਸਾਨ ਹੁਣ ਛੋਟੇ ਤੇ ਸੀਮਾਂਤ ਕਿਸਾਨਾਂ ਦੀ ਸ਼੍ਰੇਣੀ ਵਿੱਚ ਆ ਚੁੱਕੇ ਹਨ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਬਚੀ ਹੈ। ਜਿਹੜੀ ਜ਼ਮੀਨ ਪਹਿਲਾਂ ਇੱਕ ਵੱਡੇ ਪਰਿਵਾਰ ਦਾ ਗੁਜ਼ਾਰਾ ਆਸਾਨੀ ਨਾਲ ਕਰਦੀ ਸੀ, ਹੁਣ ਉਹ ਨਿੱਕੇ ਟੁਕੜਿਆਂ ਵਿੱਚ ਵੰਡੀ ਜਾ ਚੁੱਕੀ ਹੈ, ਜਿਸ ਉੱਤੇ ਖੇਤੀ ਕਰਨਾ ਆਰਥਿਕ ਤੌਰ 'ਤੇ ਲਾਹੇਵੰਦ ਨਹੀਂ ਰਿਹਾ।

ਉੱਪਰੋਂ ਨਿੱਤ ਪ੍ਰਤੀ ਕੇਂਦਰ ਤੇ ਸੂਬਾ ਸਰਕਾਰਾਂ ਕਿਸਾਨਾਂ ਦੀ ਜ਼ਮੀਨ ਨਵੇਂ ਪ੍ਰੋਜੈਕਟਾਂ ਦੇ ਨਾਂ 'ਤੇ ਐਕੁਆਇਰ ਕਰਕੇ ਉਨ੍ਹਾਂ ਨੂੰ ਗ਼ੈਰ-ਜ਼ਮੀਨੇ ਬਣਾਉਣ ਦੇ ਰਾਹ ਤੁਰੀਆਂ ਹੋਈਆਂ ਹਨ। ਵੱਡੇ-ਵੱਡੇ ਹਾਈਵੇਅ ਪੰਜਾਬ ਦੇ ਸੀਨੇ 'ਤੇ ਥਾਂ-ਥਾਂ ਲਕੀਰਾਂ ਖਿੱਚ ਰਹੇ ਹਨ ਤੇ ਕਿਸਾਨਾਂ ਦੇ ਸੀਨੇ ਛੇਕ ਰਹੇ ਹਨ। ਕੀ ਇਹ ਪੰਜਾਬ ਦੇ ਕਿਸਾਨਾਂ ਦੀ ਤਬਾਹੀ ਲਈ ਵਿਕਾਸ ਦੇ ਨਾਂ 'ਤੇ ਕੀਤੇ ਗਏ ਮਿੱਥ ਕੇ ਯਤਨ ਨਹੀਂ ਹਨ? ਜਿਸ ਦਾ ਆਮ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਣ ਵਾਲਾ, ਸਗੋਂ ਕਾਰਪੋਰੇਟਾਂ ਤੇ ਅਮੀਰ ਘਰਾਣਿਆਂ ਦੇ ਹਿੱਤ ਪੂਰਨ ਕਰਨ ਵਾਲਾ ਕੰਮ ਹੈ।

ਖੇਤੀ ਕਰਨੀ ਬੇਹੱਦ ਮਹਿੰਗੀ ਬਣਾ ਦਿੱਤੀ ਗਈ ਹੈ। ਖੇਤੀ ਦੀ ਲਾਗਤ, ਬੀਜਾਂ, ਕੀਟਨਾਸ਼ਕਾਂ ਤੇ ਡੀਜ਼ਲ ਨੇ ਇਸ ਨੂੰ ਹੋਰ ਮਹਿੰਗਾ ਕਰ ਦਿੱਤਾ ਹੈ। ਸਿੱਟਾ ਇਹ ਹੈ ਕਿ ਪੰਜਾਬ ਦੇ ਲਗਭਗ 80% ਤੋਂ 85% ਕਿਸਾਨ ਬੈਂਕਾਂ ਤੇ ਆੜ੍ਹਤੀਆਂ ਦੇ ਕਰਜ਼ੇ ਹੇਠ ਦੱਬੇ ਹੋਏ ਹਨ ਅਤੇ ਇੱਕ ਔਸਤ ਕਿਸਾਨੀ ਪਰਿਵਾਰ ਸਿਰ ਲਗਭਗ ਤਿੰਨ ਲੱਖ ਦਾ ਕਰਜ਼ਾ ਹੈ, ਜੋ ਉਨ੍ਹਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਤੋਰ ਰਿਹਾ ਹੈ।

ਮਗਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਯੋਜਨਾ) ਇੱਕ ਇਹੋ ਜਿਹੀ ਸਕੀਮ ਸੀ ਜਿਸ ਨੇ ਪੰਜਾਬ ਦੇ ਪਿੰਡਾਂ ਨੂੰ ਕੁਝ ਰਾਹਤ ਦਿੱਤੀ ਸੀ। ਇਹ ਪੇਂਡੂ ਅਰਥਚਾਰੇ ਤੇ ਮਜ਼ਦੂਰ ਵਰਗ ਦੀ ਜ਼ਿੰਦਗੀ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਸੀ। ਇਹ "ਹਰ ਹਾਥ ਕੋ ਕਾਮ ਦੋ, ਹਰ ਕਾਮ ਕੋ ਦਾਮ ਦੋ" ਦੇ ਸੰਕਲਪ ਦੀ ਤਰਜਮਾਨੀ ਕਰਨ ਵਾਲੀ ਸੀ, ਜਿਸ ਨੇ ਪੇਂਡੂ ਮਜ਼ਦੂਰਾਂ, ਔਰਤਾਂ, ਦਲਿਤਾਂ ਤੇ ਆਦਿਵਾਸੀਆਂ ਨੂੰ ਕੁਝ ਆਰਥਿਕ ਆਜ਼ਾਦੀ ਦੇ ਕੇ ਸਮਾਜਿਕ ਸੁਰੱਖਿਆ ਪ੍ਰਦਾਨ ਕੀਤੀ।

ਪਰ ਕੇਂਦਰ ਸਰਕਾਰ ਵੱਲੋਂ ਭੁਲੇਖਾ ਪਾਊ ਪ੍ਰੋਜੈਕਟਾਂ ਤਹਿਤ ਬੀਬੀ ਜੀ, ਰਾਮ ਜੀ ਵਰਗੇ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ ਤੇ ਉਨ੍ਹਾਂ ਹੱਥੋਂ ਮਨਰੇਗਾ ਦਾ ਕੰਮ ਖੋਹ ਲਿਆ ਗਿਆ। ਹੁਣ ਸਰਕਾਰ ਕੋਲ ਮਨਰੇਗਾ ਦਾ ਕੰਮ ਨਹੀਂ, ਕਿਸਾਨ ਕੋਲ ਪੈਸਾ ਨਹੀਂ, ਤਾਂ ਪਿੰਡਾਂ ਵਿੱਚ ਇੱਕ ਭਿਆਨਕ ਖਲਾਅ ਪੈਦਾ ਹੋ ਗਿਆ ਹੈ। ਕੇਂਦਰ ਸਰਕਾਰ ਵੱਲੋਂ ਪਿਛਲੇ ਕੁਝ ਸਾਲਾਂ ਦੇ ਬਜਟ ਵਿੱਚ ਮਨਰੇਗਾ ਦੇ ਫੰਡਾਂ 'ਚ ਭਾਰੀ ਕਟੌਤੀ ਕੀਤੀ ਗਈ ਹੈ, ਜਿਸ ਨਾਲ ਰਾਜਾਂ ਨੂੰ ਪੈਸਾ ਮਿਲਣਾ ਘੱਟ ਗਿਆ ਹੈ। ਪੰਜਾਬ ਵਰਗੇ ਸੂਬਿਆਂ ਦੇ ਕਰੋੜਾਂ ਰੁਪਏ ਦੇ ਫੰਡ ਕੇਂਦਰ ਵੱਲੋਂ ਰੋਕੇ ਗਏ ਹਨ।

ਮਨਰੇਗਾ ਦਾ ਕੰਮ ਘਟਣ ਨਾਲ ਪੇਂਡੂ ਔਰਤਾਂ ਦੀ ਆਰਥਿਕ ਆਜ਼ਾਦੀ ਪੂਰੀ ਤਰ੍ਹਾਂ ਖ਼ਤਮ ਹੋ ਗਈ ਹੈ, ਜਿਸ ਨਾਲ ਪਰਿਵਾਰਾਂ ਵਿੱਚ ਕੁਪੋਸ਼ਣ ਤੇ ਘਰੇਲੂ ਕਲੇਸ਼ ਵਧ ਰਿਹਾ ਹੈ। ਪੰਜਾਬ ਆਰਥਿਕ ਪੱਖੋਂ ਕਮਜ਼ੋਰ ਹੋ ਰਿਹਾ ਹੈ। ਪੰਜਾਬ ਦਾ ਪਿੰਡ ਆਰਥਿਕ ਪੱਖੋਂ ਟੁੱਟ ਰਿਹਾ ਹੈ। ਪਿੰਡਾਂ 'ਚ ਸਰਕਾਰੀ ਸਿੱਖਿਆ ਢਾਂਚਾ ਬੁਨਿਆਦੀ ਸਹੂਲਤਾਂ ਦੀ ਭਾਰੀ ਘਾਟ ਕਾਰਨ ਬਰਬਾਦ ਹੋ ਚੁੱਕਾ ਹੈ। ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਦੀਆਂ ਮਹਿੰਗੀਆਂ ਫ਼ੀਸਾਂ ਭਰਨੀਆਂ ਕਰਜ਼ਾਈ ਮਾਪਿਆਂ ਦੇ ਵੱਸੋਂ ਬਾਹਰ ਹਨ। ਹਜ਼ਾਰਾਂ ਹੋਣਹਾਰ ਬੱਚੇ ਆਪਣੀ ਪੜ੍ਹਾਈ ਛੱਡਣ ਲਈ ਮਜਬੂਰ ਹੋ ਗਏ ਹਨ।

ਪੰਜਾਬ ਕਿੱਤਾਮੁਖੀ ਸਿੱਖਿਆ ਤੋਂ ਵਿਰਵਾ ਹੈ। ਪੰਜਾਬ ਦਾ ਨੌਜਵਾਨ ਆਪਣੇ ਭਵਿੱਖ ਲਈ ਚੌਰਾਹੇ 'ਤੇ ਬੇਵੱਸ ਖੜ੍ਹਾ ਹੈ। ਬੇਰੁਜ਼ਗਾਰੀ ਅਤੇ ਮਾਨਸਿਕ ਪਰੇਸ਼ਾਨੀ ਹੀ ਪਿੰਡਾਂ ਵਿੱਚ ਨਸ਼ਿਆਂ ਦੇ ਫੈਲ ਰਹੇ ਜਾਲ ਦਾ ਅਸਲ ਕਾਰਨ ਹੈ। ਪਿੰਡ ਵਿੱਚ ਕੋਈ ਭਵਿੱਖ ਨਾ ਵੇਖ ਕੇ ਨੌਜਵਾਨੀ ਵਿੱਚ ਵਿਦੇਸ਼ ਭੱਜਣ ਦਾ ਰੁਝਾਨ ਵਧ ਰਿਹਾ ਹੈ। ਜਿਨ੍ਹਾਂ ਕੋਲ ਜ਼ਮੀਨ ਹੈ, ਉਹ ਉਸ ਨੂੰ ਵੇਚ ਕੇ ਜਾਂ ਗਿਰਵੀ ਰੱਖ ਕੇ ਬਾਹਰ ਜਾ ਰਹੇ ਹਨ; ਜਿੱਥੇ ਕਈ ਵਾਰ ਉਹ ਗ਼ੈਰ-ਕਾਨੂੰਨੀ ਰਸਤਿਆਂ (ਡੌਂਕੀ ਲਗਾ ਕੇ) ਜੰਗਲਾਂ, ਨਦੀਆਂ ਅਤੇ ਸਮੁੰਦਰਾਂ ਦੇ ਰਸਤੇ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ, ਜਿੱਥੋਂ ਕਈ ਵਾਰ ਉਨ੍ਹਾਂ ਦੀਆਂ ਲਾਸ਼ਾਂ ਹੀ ਘਰ ਪੁੱਜਦੀਆਂ ਹਨ।

ਖੇਤੀ ਖੇਤਰ 'ਚ ਉੱਤਮ ਸਥਾਨ ਰੱਖਣ ਵਾਲੇ ਪੰਜਾਬ ਕੋਲ ਖੇਤੀ ਖੇਤਰ ਦੀ ਕੋਈ ਵੱਡੀ ਸਨਅਤ ਨਹੀਂ ਲਗਾਈ ਗਈ। ਕੋਈ ਵੱਡੀ ਸਨਅਤ ਵੀ ਪੰਜਾਬ 'ਚ ਲਗਾਉਣ ਦਾ ਯਤਨ ਨਹੀਂ ਹੋਇਆ। ਜੇਕਰ ਪੰਜਾਬ ਵਿੱਚ ਖੇਤੀ ਖੇਤਰ ਨਾਲ ਸਬੰਧਤ ਕਾਰਖਾਨੇ ਲਗਾਏ ਹੁੰਦੇ ਅਤੇ ਇੱਥੋਂ ਦੇ ਕੱਚੇ ਮਾਲ ਦੀ ਵਰਤੋਂ ਇੱਥੇ ਪੰਜਾਬ 'ਚ ਹੀ ਕੀਤੀ ਹੁੰਦੀ, ਤਾਂ ਪੰਜਾਬ ਦੇ ਅਰਥਚਾਰੇ ਨੂੰ ਫੈਲਾਅ ਮਿਲਣਾ ਸੀ।

ਪਿੰਡ ਦੀ ਖੇਤੀ ਦੇ ਉਜਾੜੇ ਦਾ ਕਾਰਨ ਪ੍ਰਤੀ ਸਾਲ ਹੜ੍ਹਾਂ ਦੀ ਲਪੇਟ ਵਿੱਚ ਆਉਣਾ ਹੈ, ਜਿਸ ਦਾ ਸੈਂਕੜੇ ਏਕੜ ਜ਼ਮੀਨ ਉਥੇ ਅਸਰ ਪੈਂਦਾ ਹੈ ਅਤੇ ਲੋਕਾਂ ਦੇ ਜਾਨ ਅਤੇ ਮਾਲ ਦਾ ਵੱਡਾ ਨੁਕਸਾਨ ਹੁੰਦਾ ਹੈ। ਉਪਰੋਂ ਬੇਮੌਸਮੀ ਬਰਸਾਤ ਕਈ ਵੇਰ ਪੱਕੀਆਂ ਫ਼ਸਲਾਂ ਦੇ ਵੱਡੀ ਤਬਾਹੀ ਦਾ ਕਾਰਨ ਬਣਦੀ ਹੈ।

ਪੰਜਾਬ, ਖ਼ਾਸ ਕਰਕੇ ਪੇਂਡੂ ਪੰਜਾਬ ਉੱਜੜ ਰਿਹਾ ਹੈ। ਇਸ ਦਾ ਕੋਈ ਵਾਲੀ-ਵਾਰਸ ਨਹੀਂ ਬਣ ਰਿਹਾ, ਨਾ ਸਰਕਾਰ ਨਾ ਹੀ ਕੋਈ ਸਿਆਸੀ ਧਿਰ ਅਤੇ ਇਥੋਂ ਤੱਕ ਕਿ ਨਾ ਹੀ ਕੋਈ ਕਥਿਤ ਪੰਜਾਬ ਹਿਤੈਸ਼ੀ। ਜੇਕਰ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਸਥਿਤੀ ਇਵੇਂ ਹੀ ਰਹੀ, ਤਾਂ ਪੰਜਾਬ ਦਾ ਇਹ ਆਰਥਿਕ ਅਤੇ ਸਮਾਜਿਕ ਉਜਾੜਾ ਪੂਰੇ ਪੰਜਾਬ ਨੂੰ ਲੇਖੇ ਲਾ ਦੇਵੇਗਾ (ਤਬਾਹ ਕਰ ਦੇਵੇਗਾ)।

**ਲੜੀਵਾਰ ਨਾਵਲ**


ਲੇਖਕ
ਗੁਰਨਾਮ ਬਾਵਾ
ਮ +91 83073 6430



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-13

# ਬੰਦੂਕ ਤੋਂ ਕਲਮ ਤੱਕ

**ਮੈਂ ਰਿਵਾਲਵਰ ਕੱਢ ਕੇ ਉਸ ਦੇ ਸਿਰ ਦਾ ਨਿਸ਼ਾਨਾ ਲਾ ਕੇ ਗੋਲੀਆਂ ਮਾਰੀਆਂ। ਉਸ ਦੀ ਧੌਣ ਡਰਾਈਵਰ ਵੱਲ ਡਿੱਗ ਪਈ ਤੇ ਪੱਪੀ ਨੇ ਕਾਰ ਖਿੱਚ ਲਈ। ਉਸ ਦੇ ਗੰਨਮੈਨ ਨੂੰ ਮੌਕਾ ਹੀ ਨਾ ਮਿਲਿਆ ਅੱਗੋਂ ਕੋਈ ਜਵਾਬੀ ਫਾਇਰ ਕਰਨ ਦਾ। ਅਸੀਂ ਰਾਮਾ ਮੰਡੀ ਚੌਂਕ ਤੋਂ ਆਦਮਪੁਰ ਵੱਲ ਦੀ ਪਿੰਡਾਂ ਵਿੱਚੋਂ ਹੁੰਦੇ ਵਾਪਿਸ ਟਿਕਾਣੇ 'ਤੇ ਆ ਪੁੱਜੇ। ਸ਼ਾਮ ਦੇ ਸਾਢੇ ਸੱਤ ਦੀਆਂ ਖ਼ਬਰਾਂ ਵਿੱਚ ਉਸ ਦੀ ਮੌਤ ਦੀ ਖ਼ਬਰ ਆ ਗਈ। ਅਗਲੇ ਦਿਨ ਅਖ਼ਬਾਰਾਂ ਵਿੱਚ ਜਿਥੇ ਉਸ ਦੀ ਮੌਤ ਦੀ ਖ਼ਬਰ ਆਈ, ਉੱਥੇ ਹੀ ਇਕ ਡੱਬੀ ਵਿੱਚ ਖ਼ਬਰ ਲੱਗੀ। ਜਿਸ ਵਿੱਚ ਮੇਰੇ ਨਾਮ 'ਤੇ ਜਥੇਬੰਦੀ ਵੱਲੋਂ ਜ਼ਿੰਮੇਵਾਰੀ ਲਈ ਗਈ। ਮੇਰੀ ਭਾਲ ਲਈ ਘਰ ਛਾਪਾ ਮਾਰਿਆ ਤਾਂ ਅੱਗੋਂ ਤਾਲਾ ਲੱਗਿਆ ਮਿਲਿਆ।**




## ਭਾਗ 15

ਰਾਤ ਦੀ ਰੋਟੀ ਖਾ ਕੇ, ਡਰਾਈਵਰ ਤਾਂ ਮੰਜੇ 'ਤੇ ਲੰਮਾਂ ਪੈ ਗਿਆ। ਸੋਨੂੰ ਆਮ ਵਾਂਗ ਗੱਡੀ ਦੇ ਕੈਬਨ ਵਿੱਚ ਚਲਾ ਗਿਆ। ਨਿਰਮਲ ਰਾਤ ਭਰ ਰੋਜ਼ ਵਾਂਗ ਉਸ ਵੱਲ ਨਿਗ੍ਹਾ ਰੱਖਦਾ।

ਸਵੇਰੇ ਨਾਸ਼ਤਾ ਪਾਣੀ ਕਰਕੇ ਨਿਰਮਲ ਨੇ ਗੱਡੀ ਰੋਡ 'ਤੇ ਪਾ ਲਈ ਤੇ ਸੋਨੂੰ ਨੂੰ ਕਿਹਾ, ਅੱਜ ਆਪਾਂ, ਆਸਨਸੋਲ ਪੁੱਜ ਜਾਵਾਂਗੇ, ਉੱਥੇ ਆਪਾਂ ਗੱਡੀ ਖ਼ਾਲੀ ਕਰ ਕੇ ਕਲਕੱਤਾ ਜਾਵਾਂਗੇ, ਤੂੰ ਆਪਣੀ ਕਹਾਣੀ ਅੱਜ ਪੂਰੀ ਸੁਣਾ ਦੇਵੇਂ ਤਾਂ ਚੰਗੀ ਗੱਲ ਹੈ।

ਸੋਨੂੰ ਫਿਰ ਸ਼ੁਰੂ ਹੋ ਗਿਆ, ਉੱਥੋਂ ਹੀ ਮੈਨੂੰ ਤੇ ਜਸਵਿੰਦਰ ਸਿੰਘ ਜੱਸਾ ਨੂੰ ਇਕੱਠੇ ਦੁਆਬੇ ਦੇ ਹੋਣ ਕਾਰਨ ਹੀ ਵਾਪਿਸ ਤੋਰਨ ਦੀ ਤਿਆਰੀ ਕਰਕੇ ਉਸੇ ਤਰ੍ਹਾਂ ਵੱਖ-ਵੱਖ ਰਾਹਾਂ ਤੋਂ ਸਾਨੂੰ ਨਵਾਂ ਸ਼ਹਿਰ ਦੇ ਇਲਾਕੇ ਵਿੱਚ ਪੁੱਜਦਾ ਕਰ ਦਿੱਤਾ ਗਿਆ। ਉੱਥੋਂ ਆ ਕੇ ਵੀ ਅਸੀਂ ਦੱਸ ਦਿਨ ਐਧਰ ਉਧਰ ਪਿੰਡਾਂ ਵਿੱਚ ਘੁੰਮਦੇ ਰਹੇ। ਇਕ ਦਿਨ ਮੈਂ ਤੇ ਜੱਸਾ ਨਵਾਂਸ਼ਹਿਰ ਤੋਂ ਰਾਹੋਂ ਵੱਲ ਜਾਣ ਲਈ ਬੱਸ ਫੜਣ ਲਈ ਚੰਡੀਗੜ੍ਹ ਚੌਂਕ ਵੱਲ ਆ ਰਹੇ ਸੀ ਤਾਂ ਕਚਹਿਰੀ ਲਾਗੇ ਅਚਾਨਕ ਵਰਿੰਦਰ ਮਿਲ ਗਿਆ। ਅਸੀਂ ਇਕ ਦੂਜੇ ਵੱਲ ਦੇਖਿਆ ਤਾਂ ਉਹ ਚੁੱਪ-ਚਾਪ ਨਾਲ ਹੀ ਬਣੀ ਚਾਹ ਵਾਲੀ ਦੁਕਾਨ ਅੰਦਰ ਵੜ ਗਿਆ। ਮੈਂ ਤੇ ਜੱਸਾ ਵੀ ਉਸ ਮਗਰ ਦੁਕਾਨ ਅੰਦਰ ਵੜ ਗਏ। ਉਹ ਮੈਨੂੰ ਘੁੱਟ ਕੇ ਜੱਫੀ ਪਾ ਮਿਲਿਆ। ਮੈਂ ਕੋਈ ਹੋਰ ਗੱਲ ਕਰਦਾ ਉਸ ਨੇ ਕਿਹਾ, ਤੇਰਾ ਸ਼ਿਕਾਰ ਬਿੱਲੂ ਥਾਣੇਦਾਰ ਅੱਜ ਕੱਲ੍ਹ ਦੁਪਹਿਰ ਨੂੰ ਜੀ.ਟੀ. ਰੋਡ 'ਤੇ ਰਾਮਾ ਮੰਡੀ ਚੌਂਕ ਤੋਂ ਅੱਗੇ ਫਗਵਾੜਾ ਰੋਡ 'ਤੇ ਨਾਕਾ ਲਗਾਉਂਦਾ ਹੈ। ਵਾਪਸੀ 'ਤੇ ਉਸ ਨਾਲ ਜਿਪਸੀ 'ਤੇ ਸਿਰਫ਼ ਇਕ ਡਰਾਈਵਰ ਤੇ ਉਸ ਦਾ ਗੰਨਮੈਨ ਹੁੰਦਾ। ਦੇਖ ਲੈ ਜੇਕਰ ਟੈਮ ਚੱਕ ਹੁੰਦਾ ਤੇ ਚੱਕ ਲਈ।

ਦੱਸ ਕੁ ਮਿੰਟ ਰੁੱਕ ਕੇ ਉਹ ਚਲਾ ਗਿਆ। ਅਸੀਂ ਵੀ ਬੱਸ ਫੜ ਰਾਹੋਂ ਲਾਗੇ ਇਕ ਪਿੰਡ ਵਿੱਚ ਪੁੱਜ ਗਏ। ਰਾਤ ਨੂੰ ਪੱਪੀ ਵੀ ਇਕ ਮਾਰੂਤੀ ਕਾਰ ਵਿੱਚ ਸਮਾਨ (ਹਥਿਆਰ) ਲੈ ਕੇ ਪੁੱਜ ਗਿਆ। ਮੈਂ ਦੋਵਾਂ ਨੂੰ ਬਿੱਲੂ ਬਾਰੇ ਸਾਰੀ ਆਪ ਬੀਤੀ ਦੱਸੀ ਤਾਂ ਉਹ ਵੀ ਤਿਆਰ ਹੋ ਗਏ। ਅਗਲੇ ਦਿਨ ਅਸੀਂ ਤਿਆਰੀ ਕਰਕੇ ਕਾਰ ਵਿੱਚ ਬੈਠ ਜਲੰਧਰ ਵੱਲ ਚੱਲ ਪਏ। ਮੈਂ ਪਿਛਲੀ ਸੀਟ 'ਤੇ ਇਕ ਰਿਵਾਲਵਰ ਲੈ ਕੇ ਬੈਠ ਗਿਆ। ਪੱਪੀ ਕਾਰ ਚਲਾਉਣ ਲੱਗ ਪਿਆ। ਜੱਸਾ ਏ. ਕੇ. 47 ਨਾਲ ਮੇਰੇ ਦੂਜੇ ਪਾਸੇ ਬੈਠ ਗਿਆ। ਉੱਥੇ ਅਸੀਂ ਤਾਂ ਰੇਕੀ ਕਰਨ ਹੀ ਗਏ ਸੀ ਪਰ ਉਸ ਦੀ ਮੌਤ ਆਈ ਹੋਈ ਸੀ। ਉਹ ਜਿਪਸੀ ਦੀ ਅਗਲੀ ਸੀਟ 'ਤੇ ਬੈਠ ਜਲੰਧਰ ਵੱਲ ਜਾਣ ਹੀ ਲੱਗਾ ਸੀ। ਉਸ ਦੀ ਗੱਡੀ ਅਜੇ ਵੀਹ ਕੁ ਦੀ ਸਪੀਡ 'ਤੇ ਹੋਵੇਗੀ। ਪੱਪੀ ਨੇ ਗੱਡੀ ਬਰਾਬਰ ਲਾ ਕੇ ਮੈਨੂੰ ਕਿਹਾ, ਚੱਲ ਬਈ ਚਿਮਟਾ ਖੜਕਾ ਦੇ।

ਮੈਂ ਰਿਵਾਲਵਰ ਕੱਢ ਕੇ ਉਸ ਦੇ ਸਿਰ ਦਾ ਨਿਸ਼ਾਨਾ ਲਾ ਕੇ ਗੋਲੀਆਂ ਮਾਰੀਆਂ। ਉਸ ਦੀ ਧੌਣ ਡਰਾਈਵਰ ਵੱਲ ਡਿੱਗ ਪਈ ਤੇ ਪੱਪੀ ਨੇ ਕਾਰ ਖਿੱਚ ਲਈ। ਉਸ ਦੇ ਗੰਨਮੈਨ ਨੂੰ ਮੌਕਾ ਹੀ ਨਾ ਮਿਲਿਆ ਅੱਗੋਂ ਕੋਈ ਜਵਾਬੀ ਫਾਇਰ ਕਰਨ ਦਾ। ਅਸੀਂ ਰਾਮਾ ਮੰਡੀ ਚੌਂਕ ਤੋਂ ਆਦਮਪੁਰ ਵੱਲ ਦੀ ਪਿੰਡਾਂ ਵਿੱਚੋਂ ਹੁੰਦੇ ਵਾਪਿਸ ਟਿਕਾਣੇ 'ਤੇ ਆ ਪੁੱਜੇ। ਸ਼ਾਮ ਦੇ ਸਾਢੇ ਸੱਤ ਦੀਆਂ ਖ਼ਬਰਾਂ ਵਿੱਚ ਉਸ ਦੀ ਮੌਤ ਦੀ ਖ਼ਬਰ ਆ ਗਈ। ਅਗਲੇ ਦਿਨ ਅਖ਼ਬਾਰਾਂ ਵਿੱਚ ਜਿਥੇ ਉਸ ਦੀ ਮੌਤ ਦੀ ਖ਼ਬਰ ਆਈ, ਉੱਥੇ ਹੀ ਇਕ ਡੱਬੀ ਵਿੱਚ ਖ਼ਬਰ ਲੱਗੀ। ਜਿਸ ਵਿੱਚ ਮੇਰੇ ਨਾਮ 'ਤੇ ਜਥੇਬੰਦੀ ਵੱਲੋਂ ਜ਼ਿੰਮੇਵਾਰੀ ਲਈ ਗਈ। ਮੇਰੀ ਭਾਲ ਲਈ ਘਰ ਛਾਪਾ ਮਾਰਿਆ ਤਾਂ ਅੱਗੋਂ ਤਾਲਾ ਲੱਗਿਆ ਮਿਲਿਆ।

ਨਿਰਮਲ ਨੇ ਹੱਸ ਕੇ ਕਿਹਾ, ਫਿਰ ਬਣ ਹੀ ਗਿਆ ਰਾਂਝਾ ਜੋਗੀ, ਐਥੇ ਬਸ ਤਾਂ ਨਹੀਂ ਹੋਈ ਹੋਣੀ?

ਸੋਨੂੰ ਨੇ ਬੜੇ ਆਰਾਮ ਨਾਲ ਕਿਹਾ, ਇਸ ਤੋਂ ਅੱਗੇ ਤਾਂ ਬਹੁਤ ਕੁਝ ਹੋਇਆ ਪਰ ਦੋ ਕੁ ਮਹੀਨੇ ਬਾਅਦ ਹੀ ਸਾਡਾ ਏਰੀਆ ਕਮਾਂਡਰ ਜਗਦੀਸ਼ ਸਿੰਘ ਉਰਫ਼ ਦੀਸ਼ਾ ਫਿਲੌਰ ਵੱਲ ਦੇ ਇਕ ਪਿੰਡ ਵਿੱਚ ਜਿਸ ਘਰ ਵਿੱਚ ਰੁਕਿਆ ਸੀ। ਉਨ੍ਹਾਂ ਨੇ ਪੁਲਸ ਨੂੰ ਇਤਲਾਹ ਦੇ ਦਿੱਤੀ ਤਾਂ ਉਸ ਨੇ ਸਾਇਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਦੇ ਦਿੱਤੀ ਪਰ ਪੁਲਸ ਹੱਥ ਜਿਉਂਦਾ ਨਾ ਆਇਆ। ਉਸ ਤੋਂ ਬਾਅਦ ਮੈਨੂੰ ਦੁਆਬੇ ਦਾ ਏਰੀਆ ਕਮਾਂਡਰ ਲਾ ਦਿੱਤਾ ਗਿਆ।

ਨਿਰਮਲ ਨੇ ਆਪਣੇ ਸੁਭਾਅ ਅਨੁਸਾਰ ਫਿਰ ਇਕ ਹੋਰ ਸਵਾਲ ਕਰ ਦਿੱਤਾ, ਤੂੰ ਕਿਵੇਂ ਐਨੀਂ ਦੇਰ ਬਚਿਆ ਰਿਹਾ?

ਸੋਨੂੰ ਨੇ ਮੁਸਕਰਾ ਕੇ ਕਿਹਾ, ਹਾਂ, ਬਾਈ ਇਹ ਗੱਲ ਤਾਂ ਮੇਰੇ ਵੀ ਅੱਜ ਤੱਕ ਸਮਝ ਨਹੀਂ ਆਈ, ਹਾਂ ਪਰ ਅਸੀਂ ਤਿੰਨੇ ਇਕੱਠੇ ਰਹਿੰਦੇ ਤੇ ਇਕ ਦੂਜੇ ਦੀ ਸਲਾਹ ਬਿਨਾਂ ਨਹੀਂ ਚੱਲਦੇ ਸੀ, ਨਾਲ ਹੀ ਅਸੀਂ ਆਪਣੀਆਂ ਠਹਿਰਾਂ 'ਤੇ ਕਿਸੇ ਹੋਰ ਨੂੰ ਲੈ ਕੇ ਨਹੀਂ ਜਾਂਦੇ ਸੀ।

ਨਿਰਮਲ ਨੇ ਫਿਰ ਪੁੱਛਿਆ, ਤੇਰਾ ਕਦੀ ਪੁਲਸ ਨਾਲ ਮੁਕਾਬਲਾ ਮਤਲਬ ਆਹਮਣਾ-ਸਾਹਮਣਾ ਨਹੀਂ ਹੋਇਆ?

ਸੋਨੂੰ ਨੇ ਹੱਸ ਕੇ ਕਿਹਾ, ਇਕ ਵਾਰ ਨਹੀਂ ਚਾਰ ਵਾਰ ਹੋਇਆ ਪਰ ਪਤਾ ਨਹੀਂ ਚੱਲਿਆ ਕਿਵੇਂ ਘੇਰਿਆਂ ਵਿੱਚੋਂ ਨਿਕਲਦੇ ਰਹੇ। ਬਈ ਇਕ ਮੁਕਾਬਲੇ ਦੀ ਗੱਲ ਦੱਸਦਾ ਤੁਹਾਨੂੰ, ਅਸੀਂ ਆਦਮਪੁਰ ਦੇ ਲਾਗੇ ਡਰੋਲੀ ਪਿੰਡ ਦੇ ਖੇਤਾਂ ਵਿੱਚ ਇਕ ਠਾਹਰ 'ਤੇ ਬੈਠੇ ਸੀ। ਅਸੀਂ ਉੱਥੋਂ ਰਾਤ ਨੂੰ ਹੁਸ਼ਿਆਰਪੁਰ ਵੱਲ ਜਾਣਾ ਸੀ। ਉਸ ਦਿਨ ਮੇਰੇ ਨਾਲ ਜੱਸਾ ਤੇ ਦੋ ਹੋਰ ਮੁੰਡੇ ਸਨ। ਉੱਥੇ ਕਿਸੇ ਨੇ ਮੁਖ਼ਬਰੀ ਕਰ ਦਿੱਤੀ ਤੇ ਸਾਨੂੰ ਘੇਰਾ ਪੈ ਗਿਆ। ਪੁਲਸ ਤੇ ਸੀ. ਆਰ. ਪੀ. ਦਾ ਸਾਂਝਾ ਘੇਰਾ ਸੀ। ਜਦ ਸਾਨੂੰ ਦਿਖ ਗਿਆ ਕਿ ਐਥੋਂ ਹੁਣ ਨਿਕਲਣਾ ਔਖਾ ਹੈ ਤਾਂ ਸਾਡੇ ਨਾਲ ਇਕ ਸ਼ੇਰ ਸਿੰਘ ਨਾਂ ਦਾ ਮੁੰਡਾ ਸੀ। ਉਹ ਬੜਾ ਫੁਰਤੀਲਾ ਸੀ ਉਸ ਨੇ ਅੱਗੇ ਜਾ ਕੇ ਫਾਇਰ ਖੋਲ੍ਹ ਦਿੱਤਾ ਤੇ ਪੁਲਸ ਦੇ ਜਵਾਬੀ ਫਾਇਰ ਤੋਂ ਪਹਿਲਾਂ ਹੀ ਉਹ ਭੱਜ ਕੇ ਦੂਜੇ ਪਾਸਿਉਂ ਫਾਇਰ ਕਰਨ ਲੱਗ ਪਿਆ। ਪੁਲਸ ਦਾ ਸਾਰਾ ਧਿਆਨ ਉਸ ਵੱਲ ਹੋ ਗਿਆ ਤਾਂ ਅਸੀਂ ਉੱਥੋਂ ਘੇਰੇ ਵਿੱਚੋਂ ਬਾਹਰ ਤਾਂ ਆ ਗਏ ਪਰ ਪਤਾ ਨਹੀਂ ਚੱਲਿਆ ਕਿ ਕਿਧਰੋਂ ਗੋਲੀ ਆ ਕੇ ਮੇਰੇ ਡੌਲੇ 'ਤੇ ਲੱਗੀ ਤਾਂ ਜੱਸੇ ਨੇ ਅੱਗੋਂ ਫਾਇਰ ਨਾ ਕਰਨ ਦਿੱਤਾ ਤੇ ਅੱਗੇ ਜਾ ਕੇ ਅਸੀਂ ਇਕ ਖਾਲ੍ਹ ਵਿੱਚ ਬੈਠ ਗਏ। ਉਧਰੋਂ ਸ਼ੇਰ ਸਿੰਘ ਜੈਕਾਰੇ ਲਾਉਂਦਾ ਫਾਇਰ ਕਰੀ ਜਾ ਰਿਹਾ ਸੀ ਫੇਰ ਇਕ ਦਮ ਗੋਲੀ ਚਲਣੀ ਬੰਦ ਹੋ ਗਈ। ਅਸੀਂ ਸਮਝ ਗਏ ਸ਼ੇਰਾ ਸ਼ਹੀਦ ਹੋ ਗਿਆ। ਅਸੀਂ ਦਿਨ ਚੜ੍ਹਨ ਦਾ ਇੰਤਜ਼ਾਰ ਕਰਨ ਲੱਗ ਪਏ। ਹਲਕਾ ਜਿਹਾ ਚਾਨਣ ਹੋ ਗਿਆ। ਉੱਥੇ ਪੁਲਸ ਵਾਲੇ ਘੱਟੋ-ਘੱਟ ਚਾਰ ਮਰੇ ਹੋਣਗੇ। ਐਨੀਂ ਦੇਰ ਵਿੱਚ ਅਸੀਂ ਸੜਕ 'ਤੇ ਆ ਗਏ। ਮੇਰੇ ਜ਼ਖ਼ਮ 'ਤੇ ਜੱਸੇ ਨੇ ਆਪਣੀ ਪੱਗ ਦਾ ਕੱਪੜਾ ਪਾੜ ਕੇ ਮੇਰੀ ਬਾਂਹ 'ਤੇ ਬੰਨ੍ਹ ਦਿੱਤਾ। ਉੱਥੋਂ ਨਿਕਲ ਅਸੀਂ ਸੜਕ 'ਤੇ ਆਏ ਤਾਂ ਅਚਾਨਕ ਇਕ ਛੋਟਾ ਟਰੱਕ ਆ ਰਿਹਾ ਸੀ। ਜੱਸੇ ਨੇ ਅੱਗੇ ਹੋ ਕੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ। ਨਹਿਰ ਦੇ ਨਾਲ-ਨਾਲ ਸੜਕ ਹੋਣ ਕਰਕੇ ਉਸ ਨੂੰ ਟਰੱਕ ਰੋਕਣਾ ਪਿਆ। ਜੱਸੇ ਦੇ ਕਹਿਣ 'ਤੇ ਅਸੀਂ ਟਰੱਕ ਵਿੱਚ ਬੈਠ ਗਏ ਤਾਂ ਉਹ ਸਾਡੇ ਕੋਲ ਹਥਿਆਰ ਦੇਖ ਕੇ ਘਬਰਾ ਗਿਆ। ਜੱਸੇ ਨੇ ਉਸ ਨੂੰ ਕਿਹਾ ਡਰ ਨਾ ਭਾਈ ਬੱਸ ਸਾਨੂੰ ਹੁਸ਼ਿਆਰਪੁਰ ਰੋਡ 'ਤੇ ਲਾਹ ਦਈਂ। ਫਿਰ ਉਸ ਦਾ ਕੱਪੜਿਆਂ ਵਾਲਾ ਝੋਲਾ ਖ਼ਾਲੀ ਕਰਵਾ ਹਥਿਆਰ ਉਸ ਵਿੱਚ ਪਾ ਲਏ ਤੇ ਸੜਕ 'ਤੇ ਚੜ੍ਹਦਿਆਂ ਅਸੀਂ ਟਰੱਕ ਰੁਕਵਾ ਉਤਰ ਗਏ। ਮੈਂ ਤੇ ਜੱਸਾ ਫਗਵਾੜਾ ਵੱਲੋਂ ਆ ਰਹੀ ਹੁਸ਼ਿਆਰਪੁਰ ਵਾਲੀ ਬੱਸ ਚੜ੍ਹ ਗਏ ਤੇ ਸਾਡਾ ਤੀਜਾ ਸਾਥੀ ਜੱਸੇ ਦੇ ਕਹਿਣ 'ਤੇ ਫਗਵਾੜੇ ਵੱਲ ਚਲਾ ਗਿਆ। ਜੱਸੇ ਦੀ ਹੁਸ਼ਿਆਰਪੁਰ ਮੁਹੱਲਾ ਟਿੱਬਾ ਸਾਹਿਬ ਵਿੱਚ ਇਕ ਆਰ.ਐਮ.ਪੀ. ਡਾਕਟਰ ਕੋਲ ਠਹਿਰ ਸੀ। ਉੱਥੇ ਹੀ ਫਿਰ ਮੇਰਾ ਇਲਾਜ ਹੋਇਆ।

ਸ਼ਾਮ ਪੈ ਗਈ ਸੀ। ਨਿਰਮਲ ਨੇ ਗੱਡੀ ਰੋਕ ਕੇ ਇਕ ਰਾਹਗੀਰ ਤੋਂ ਹਿੰਦੀ ਵਿੱਚ ਉਸ ਫੈਕਟਰੀ ਦਾ ਪਤਾ ਪੁੱਛਿਆ ਤੇ ਉਸ ਦੇ ਦੱਸੇ ਅਨੁਸਾਰ ਗੱਡੀ ਉਸ ਪਾਸੇ ਤੋਰ ਲਈ। ਪੰਜ ਮਿੰਟ ਬਾਅਦ ਗੱਡੀ ਇਕ ਵੱਡੀ ਫੈਕਟਰੀ ਦੇ ਗੇਟ ਤੋਂ ਇਕ ਪਾਸੇ ਖੜ੍ਹੀ ਕੀਤੀ। ਕਾਗਜ਼ ਪੱਤਰ ਲੈ ਕੇ ਗੇਟ ਅੱਗੇ ਖੜ੍ਹੇ ਚੌਕੀਦਾਰ ਨੂੰ ਕਾਗਜ਼ ਦਿਖਾ ਕੇ ਨਿਰਮਲ ਨੇ ਕਿਹਾ, ਆਪਕਾ ਸਮਾਨ ਆਇਆ ਹੈ, ਪੰਜਾਬ ਸੇ, ਬਾਬੂ ਕੋ ਪੂਛੋ, ਗਾਡੀ ਕਹਾਂ ਖ਼ਾਲੀ ਹੋਗੀ?

ਚੌਕੀਦਾਰ ਬਿਨਾਂ ਕੁਝ ਬੋਲੇ ਅੰਦਰ ਚਲਾ ਗਿਆ। ਉਸ ਨਾਲ ਅੰਦਰੋਂ ਇਕ ਹੋਰ ਬਾਬੂ ਜਿਹਾ ਆ ਗਿਆ ਤੇ ਬੋਲਿਆ, ਆਪ ਚਾਏ ਪਾਣੀ ਪੀਓ, ਅੱਧੇ ਘੰਟੇ ਬਾਅਦ ਗਾਡੀ ਖ਼ਾਲੀ ਹੋਏਗੀ।

ਨਿਰਮਲ ਨੇ ਕਿਹਾ, ਚਲੋ ਠੀਕ ਹੈ, ਪਰ ਜਲਦੀ ਕਰਵਾ ਦੇਣਾ।

ਬਾਬੂ ਦੇ ਅੰਦਰ ਜਾਣ ਤੋਂ ਬਾਅਦ ਨਿਰਮਲ ਤੇ ਸੋਨੂੰ ਸਾਹਮਣੇ ਬਣੇ ਇਕ ਚਾਹ ਦੇ ਖੋਖੇ 'ਤੇ ਜਾ ਕੇ ਚਾਹ ਪੀਣ ਲਈ ਮਿੱਟੀ ਦੇ ਬਣੇ ਬੈਂਚ 'ਤੇ ਜਾ ਬੈਠੇ।

**ਚਲਦਾ......**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**714. ਭਗਤ ਕਬੀਰ ਜੀ ਦੇ ਸਾਕਤਾਂ ਤੇ ਅਮੋਲਕ ਬਚਨ ਕੀ ਹਨ?**

ਹੇ ਕਬੀਰ! ਸੰਤਾਂ ਦੇ ਮਰਨ ਤੇ ਅਫ਼ਸੋਸ ਕਰਨ ਦੀ ਲੋੜ ਨਹੀਂ, ਕਿਉਂਕਿ ਸੰਤ ਆਪਣੇ (ਮੂਲ ਪ੍ਰਭੂ ਦੇ) ਘਰ ਵਿਚ ਚਲੇ ਜਾਂਦੇ ਹਨ । ਰੋਵੋ ਉਸ ਵਿਚਾਰੇ ਸਾਕਤ ਦੇ ਮਰਨ ਤੇ ਜੋ ਕਿ ਨਾਮ ਨਾ ਜਪਣ ਕਰਕੇ (ਆਪਣੇ ਕੀਤੇ ਮੰਦ ਕਰਮਾਂ ਕਰਕੇ) ਹਰੇਕ ਹੱਟੀ ਤੇ ਵਿਕਦਾ ਹੈ; ਭਾਵ ਅਨੇਕਾਂ ਜੂਨੀਆਂ ਵਿਚ ਭਟਕਦਾ ਹੈ । "ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥ ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥16॥ ਅੰਗ 1365" ।

ਹੇ ਕਬੀਰ! ਸਾਕਤ ਪੁਰਸ਼ ਲਸਣ ਦੀ ਗੱਠੀ ਵਾਂਗ ਹੈ । ਲਸਣ ਨੂੰ ਕਿਸੇ ਕੋਨੇ 'ਚ ਬਹਿ ਕੇ ਵੀ ਖਾ ਲਈਏ, ਤਾਂ ਭੀ ਉਹ ਆਖਿਰ (ਆਪਣੀ ਬਦਬੂ ਕਾਰਨ) ਪਰਗਟ ਹੋ ਜਾਂਦਾ ਹੈ (ਇਸੇ ਤਰ੍ਹਾਂ ਸਾਕਤ ਵੀ ਆਪਣੇ ਮੰਦੇ ਕਰਮਾਂ ਕਰਕੇ ਜੱਗ ਜ਼ਾਹਿਰ ਹੋ ਜਾਂਦਾ ਹੈ) । "ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥ ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ॥17॥ ਅੰਗ 1365" ।

ਹੇ ਕਬੀਰ! ਭਗਤ ਦੀ ਕੁੱਤੀ ਭੀ ਭਲੀ ਹੈ, ਪਰ ਸਾਕਤ ਦੀ ਮਾਂ ਭੀ ਬੁਰੀ ਹੈ । ਭਗਤ ਦੀ ਕੁੱਤੀ ਸਦਾ ਪ੍ਰਭੂ ਦੇ ਨਾਮ ਦੀ ਵਡਿਆਈ ਸੁਣਦੀ ਹੈ, ਜਦ ਕਿ ਸਾਕਤ ਦੀ ਮਾਂ ਪਾਪ ਵਿਹਾਝਣ ਜਾਂਦੀ ਹੈ । "ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ ॥ ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ ॥52॥ ਅੰਗ 1367" ।

ਕਬੀਰ ਜੀ ਸਾਕਤ ਨਾਲੋਂ ਸੂਰ ਨੂੰ ਅੱਛਾ ਦੱਸਦੇ ਹਨ ਜੋ ਕਿ ਸਾਰੇ ਪਿੰਡ ਨੂੰ ਸਾਫ ਰੱਖਦਾ ਹੈ (ਗੰਦ ਖਾ ਕੇ) । ਉਹ ਵਿਚਾਰਾ ਸਾਕਤ ਮਰ ਗਿਆ ਉਸਦਾ ਕੋਈ ਨਾਂ ਵੀ ਨਹੀਂ ਲੈਂਦਾ । "ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥ ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈ ਹੈ ਨਾਉ ॥143॥ ਅੰਗ 1372" ।

ਪਰ ਸਾਕਤ ਦਾ ਵੀ ਕੀ ਕਸੂਰ, ਕੁੱਤਾ ਸਾਕਤ ਜੋ ਕੁਝ ਕਰਦਾ ਹੈ, (ਆਪਣੇ ਪਿਛਲੇ ਕੀਤੇ ਕਰਮਾਂ ਦਾ) ਪ੍ਰੇਰਿਆ ਹੋਇਆ ਹੀ ਕਰਦਾ ਹੈ । ਜੋ ਕੁਝ ਮੁੱਢ ਤੋਂ ਇਸ ਦੇ ਮੱਥੇ ਉੱਤੇ ਲੇਖ ਲਿਖਿਆ ਹੁੰਦਾ ਹੈ, ਉਸੇ ਤਰ੍ਹਾਂ ਹੀ ਕਰਮ ਕਰੀ ਜਾਂਦਾ ਹੈ । "ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥4॥ ਅੰਗ 481" ।

**715. ਸਤਿਗੁਰੂ ਜੀ ਸਾਕਤ ਨੂੰ ਕੀ ਉਪਦੇਸ਼ ਦਿੰਦੇ ਹਨ?**

ਹੇ ਗੁਣਹੀਨ ਸਾਕਤਾ! ਆਪਣਾ ਮੂਲ (ਪ੍ਰਭੂ ਨੂੰ) ਪਛਾਣ; ਭਾਵ ਆਪਣੇ ਮੂਲ ਨਾਲ ਜੁੜ। "ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥ ਅੰਗ 63" । ਹੇ ਭਾਰ ਢੋਣ ਵਾਲ਼ੇ ਪਸ਼ੂ (ਜਿਵੇਂ ਕਿ ਖੋਤਾ) ਤੁੱਲ ਸਾਕਤ! ਉਹ ਪ੍ਰਭੂ ਜੰਮਦਾ ਮਰਦਾ ਨਹੀਂ! "ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥2॥ ਅੰਗ 1136" । ਕਬੀਰ ਜੀ ਫੁਰਮਾਉਂਦੇ ਹਨ ਕਿ ਮੈਂ ਪੁਕਾਰ ਕੇ ਆਖਦਾ ਹਾਂ 'ਹੇ ਮੂਰਖ ਸਾਕਤ! ਸਮਝ ਤੇ ਦੇਖ, ਮਾਇਆ ਮੋਹ ਨੇ ਬਹੁਤ ਘਰ ਬਰਬਾਦ ਕਰ ਦਿੱਤੇ ਹਨ । ਪ੍ਰਭੂ ਦੇ ਭਗਤ ਸਦਾ ਸੁਖੀ ਰਹਿੰਦੇ ਹਨ । "ਕਹਤ ਕਬੀਰ ਹਉ ਕਹਉ ਪੁਕਾਰਿ ॥ ਸਮਝਿ ਦੇਖੁ ਸਾਕਤ ਗਾਵਾਰ ॥ ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥4॥4॥12॥ ਅੰਗ 1160" । ਨੋਟ: ਇਸ ਸ਼ਬਦ ਵਿਚ ਪੰਚਮ ਪਾਤਿਸ਼ਾਹ ਨੇ ਕਬੀਰ ਜੀ ਦਾ ਹਵਾਲਾ ਦਿੱਤਾ ਹੈ ।

**716. ਸਾਕਤ ਦੀ ਸੰਗਤ ਨਾਲ ਕੀ ਹੁੰਦਾ ਹੈ? ਕੀ ਸਾਕਤ ਦੀ ਸੰਗਤ ਕਰਨੀ ਚਾਹੀਦੀ ਹੈ ?**

ਸਾਕਤ ਦੀ ਸੰਗਤ ਵਿਚ ਬੰਦਾ ਮਾੜੇ ਕੰਮ ਕਰਦਾ ਹੈ । "ਸਾਕਤ ਸੰਗਿ ਵਿਕਰਮ ਕਮਾਏ ॥ ਅੰਗ 105" । ਇਸ ਕਰਕੇ ਗੁਰੂ ਸਾਹਿਬਾਨ ਤੇ ਭਗਤ ਸਾਹਿਬਾਨ ਸਾਕਤ ਦੀ ਸੰਗਤ ਨਾ ਕਰਨ ਦਾ ਉਪਦੇਸ਼ ਦਿੰਦੇ ਹਨ । ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦਾ ਨਾਮ ਵਿਸਾਰ ਦਿੱਤਾ, ਉਹ ਸਾਕਤ ਤੇ (ਪ੍ਰਭੂ ਦੇ) ਚੋਰ ਹੁੰਦੇ ਹਨ; ਹੇ ਮਨ! ਉਹਨਾਂ ਦੇ ਨੇੜੇ ਨਾ ਜਾਹ । "ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ ॥4॥ ਅੰਗ 170" । ਪ੍ਰਭੂ ਤੋਂ ਬੇਮੁਖ ਸਾਕਤ ਦੀ ਸੰਗਤ ਨਾ ਕਰਿਓ, (ਕਿਉਂਕਿ) ਸਿਰਜਨਹਾਰ ਨੇ ਆਪ ਉਹਨਾਂ ਨੂੰ ਮਾਰ ਦਿੱਤਾ ਹੁੰਦਾ ਹੈ; ਭਾਵ ਉਹਨਾਂ ਦਾ ਪਰਮਾਰਥ ਜੀਵਨ ਦਾ ਖਾਤਮਾ ਕਰ ਦਿੱਤਾ ਹੁੰਦਾ ਹੈ । "ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ ॥ ਅੰਗ 312" । ਹੇ ਮੇਰੇ ਮਨ! ਸਾਕਤ ਪੁਰਖਾਂ ਨਾਲੋਂ ਆਪਣੇ ਆਪ ਨੂੰ ਸਦਾ ਪਰੇ ਰੱਖ, ਪਰੇ ਰੱਖ । ਹੇ ਮਨ! ਸਾਕਤ ਝੂਠੇ ਮਨੁੱਖ ਦੀ ਪ੍ਰੀਤ ਭੀ ਝੂਠੀ ਹੁੰਦੀ ਹੈ, ਇਹ ਕਦੇ ਤੋੜ ਨਹੀਂ ਨਿਭਦੀ, ਇਹ ਜ਼ਰੂਰ ਟੁੱਟ ਜਾਂਦੀ ਹੈ । ਫਿਰ, ਸਾਕਤ ਦੀ ਸੰਗਤਿ ਵਿਚ ਰਿਹਾਂ ਮਾਇਆ ਦੇ ਬੰਧਨਾਂ ਤੋਂ ਖ਼ਲਾਸੀ ਨਹੀਂ ਹੁੰਦੀ । "ਉਲਟੀ ਰੇ ਮਨ ਉਲਟੀ ਰੇ॥ ਸਾਕਤ ਸਿਉ ਕਰਿ ਉਲਟੀ ਰੇ ॥ ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥1॥ ਰਹਾਉ ॥ ਅੰਗ 535" । ਹੇ ਕਿਰਪਾ ਦੇ ਘਰ ਪ੍ਰਭੂ! ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ! ਮੈਂ ਤੇਰੇ ਪਾਸੋਂ ਇਕ ਦਾਨ ਮੰਗਦਾ ਹਾਂ (ਮਿਹਰ ਕਰ) ਮੇਰਾ ਮੂੰਹ ਕਿਸੇ ਸਾਕਤ ਨਾਲ਼ ਨਾ ਜੁੜੇ; ਭਾਵ ਕਿਸੇ ਸਾਕਤ ਨਾਲ਼ ਵਾਹ ਨਾ ਪਵੇ । "ਮਾਗਉ ਦਾਨੁ ਕ੍ਰਿਪਾਲ ਕ੍ਰਿਪਾਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ ॥ ਅੰਗ 535" । ਜਿਥੋਂ ਤਕ ਵੱਸ ਚੱਲੇ, ਸਾਕਤ ਮਨੁੱਖ ਦਾ ਸਾਥ ਨਹੀਂ ਕਰਨਾ ਚਾਹੀਦਾ । ਕਿਉਂਕਿ ਉਸ ਮਨੁੱਖ ਨੂੰ ਮਿਲਿਆਂ ਪ੍ਰਭੂ ਵਿਸਰ ਜਾਂਦਾ ਹੈ ਤੇ ਉਹ ਮੂੰਹ ਕਾਲ਼ਾ ਕਰਕੇ (ਵਿਕਾਰਾਂ ਦੀ ਕਾਲਖ ਲਾ ਕੇ) ਦੁਨੀਆਂ ਤੋਂ ਚਲਾ ਜਾਂਦਾ ਹੈ । "ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥ ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੁੋ ਮੁਹਿ ਕਾਲੈ ਉਠਿ ਜਾਇ ॥ ਅੰਗ 641" । ਸਾਕਤ ਮਨੁੱਖ ਨਾਲ ਦੋਸਤੀ ਕੀਤਿਆਂ ਨਿਭਦੀ ਨਹੀਂ, ਅੱਧ ਵਿਚੋਂ ਹੀ ਟੁੱਟ ਜਾਂਦੀ ਹੈ । ਜੋ ਮਨੁੱਖ ਪ੍ਰਭੂ ਦੀ ਭਗਤੀ ਕਰਨ ਵਾਲੇ ਬੰਦਿਆਂ ਦੀ ਸੇਵਾ ਕਰਦਾ ਹੈ ਉਹ ਇਸ ਲੋਕ ਤੇ ਪਰਲੋਕ ਵਿਚ ਮਾਇਆ ਦੇ ਬੰਧਨਾਂ ਤੋਂ ਛੁੱਟ ਜਾਂਦਾ ਹੈ ।

"ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥ ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥4॥ ਅੰਗ 811" । ਸਾਕਤ ਜਿੰਨੇ ਵੀ ਗੀਤ ਨਾਦ ਧੁਨੀਆਂ ਗਾਉਂਦਾ ਹੈ ਬੋਲ ਬੋਲਦਾ ਹੈ ਉਹ ਸਭ ਵਿਅਰਥ ਜਾਂਦੇ ਹਨ (ਕਿਉਂਕਿ ਉਹਨਾਂ ਵਿਚ ਪ੍ਰਭੂ ਦਾ ਨਾਮ, ਪ੍ਰਭੂ ਦੀ ਉਸਤਤਿ ਨਹੀਂ ਹੁੰਦੀ) । ਹੇ ਮੇਰੇ ਪ੍ਰਭੂ ਮੇਰੇ ਕੰਨਾਂ ਨੂੰ ਸਾਕਤ ਦੇ ਅਜਿਹੇ ਗੀਤ/ਬੋਲ ਨਾ ਸੁਣਾਇਓ । "ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥ ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥1॥ ਰਹਾਉ॥ ਅੰਗ 820" ।

ਸਾਕਤ, ਜਿਸ ਨੇ ਪ੍ਰਭੂ ਦਾ ਨਾਮ ਉੱਕਾ ਹੀ ਭੁਲਾ ਦਿੱਤਾ ਹੈ, ਨਾਲ਼ ਕਦੇ ਮੇਲ ਮਿਲਾਪ ਨਾ ਕਰੋ । ਸਾਕਤ ਦੇ ਬਚਨਾਂ ਨਾਲ ਮਨੁੱਖ ਬਿੱਛੂ ਦੇ ਡੰਗ ਵਾਂਗ ਡੰਗਿਆ ਜਾਂਦਾ ਹੈ, ਇਸ ਕਰਕੇ ਸਾਕਤ (ਦਾ ਸੰਗ) ਛੱਡ ਕੇ ਉਸ ਤੋਂ ਪਰੇ ਤੋਂ ਪਰੇ ਹੋ ਜਾਣਾ ਚਾਹੀਦਾ ਹੈ। "ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ ॥ ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ॥5॥ ਅੰਗ 981" ।

ਚਲਦਾ...

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................
ADDRESS..................................................
.................................POST CODE...........................
TEL..........................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

## ਸੇਂਟ ਪੈਂਕ੍ਰਾਸ ਸਟੇਸ਼ਨ ਤੋਂ £6 ਲੱਖ (600,000 ਪੌਂਡ) ਦੇ ਸਮਾਨ ਦੀ ਚੋਰੀ ਕਰਨ ਵਾਲੇ ਜੇਲ੍ਹ ਭੇਜੇ ਗਏ

ਲੰਡਨ ਦੇ ਸੇਂਟ ਪੈਂਕ੍ਰਾਸ ਸਟੇਸ਼ਨ 'ਤੇ ਯਾਤਰੀਆਂ ਦਾ ਕੀਮਤੀ ਸਮਾਨ ਚੋਰੀ ਕਰਨ ਵਾਲੇ ਤਿੰਨ ਵਿਅਕਤੀਆਂ ਨੂੰ ਅਦਾਲਤ ਨੇ ਜੇਲ੍ਹ ਦੀ ਸਜ਼ਾ ਸੁਣਾਈ ਹੈ। ਇਹ ਗਿਰੋਹ ਖਾਸ ਤੌਰ 'ਤੇ ਅਮੀਰ ਯਾਤਰੀਆਂ ਨੂੰ ਨਿਸ਼ਾਨਾ ਬਣਾਉਂਦਾ ਸੀ।16 ਅਕਤੂਬਰ 2025 ਨੂੰ, ਤਿੰਨ ਔਰਤਾਂ ਯੂਰੋਸਟਾਰ ਰਾਹੀਂ ਲੰਡਨ ਪਹੁੰਚੀਆਂ। ਜਦੋਂ ਉਨ੍ਹਾਂ ਦਾ ਡਰਾਈਵਰ ਸਮਾਨ ਕਾਰ ਵਿੱਚ ਰੱਖ ਰਿਹਾ ਸੀ, ਤਾਂ ਦੋ ਚੋਰਾਂ ਨੇ ਮੌਕੇ ਦਾ ਫਾਇਦਾ ਚੁੱਕਦੇ ਹੋਏ ਦੋ ਸੂਟਕੇਸ ਚੋਰੀ ਕਰ ਲਏ। ਇਨ੍ਹਾਂ ਸੂਟਕੇਸਾਂ ਵਿੱਚ £600,000 ਤੋਂ ਵੱਧ ਕੀਮਤ ਦੇ ਗਹਿਣੇ ਅਤੇ ਹੋਰ ਕੀਮਤੀ ਚੀਜ਼ਾਂ ਸਨ, ਜੋ ਅੱਜ ਤੱਕ ਬਰਾਮਦ ਨਹੀਂ ਹੋਈਆਂ।

ਅਦਾਲਤ ਨੇ Abdel Aitkeibr (35) ਨੂੰ 2 ਸਾਲ 6 ਮਹੀਨੇ, Medih Faith (41) ਨੂੰ 2 ਸਾਲ 4 ਮਹੀਨੇ, ਅਤੇ ਇਕ ਹੋਰ ਮੈਂਬਰ Faysal Benoumecihara (27) ਨੂੰ ਵੱਖ-ਵੱਖ ਚੋਰੀਆਂ ਦੇ ਮਾਮਲਿਆਂ ਵਿੱਚ 2 ਸਾਲ 3 ਮਹੀਨੇ ਦੀ ਸਜ਼ਾ ਸੁਣਾਈ। ਜਾਂਚ ਦੌਰਾਨ CCTV ਫੁਟੇਜ ਅਤੇ ਮੋਬਾਈਲ ਫੋਨ ਤੋਂ ਮਿਲੇ ਸਬੂਤਾਂ ਨੇ ਗਿਰੋਹ ਦੀਆਂ ਸਰਗਰਮੀਆਂ ਬੇਨਕਾਬ ਕੀਤੀਆਂ। ਬ੍ਰਿਟਿਸ਼ ਟਰਾਂਸਪੋਰਟ ਪੁਲਿਸ ਨੇ ਕਿਹਾ ਕਿ ਇਹ ਗਿਰੋਹ ਸੰਗਠਿਤ ਢੰਗ ਨਾਲ ਰੇਲਵੇ ਸਟੇਸ਼ਨਾਂ 'ਤੇ ਯਾਤਰੀਆਂ ਨੂੰ ਨਿਸ਼ਾਨਾ ਬਣਾਉਂਦਾ ਸੀ। ਪੁਲਿਸ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਭੀੜ-ਭਾੜ ਵਾਲੀਆਂ ਥਾਵਾਂ 'ਤੇ ਆਪਣੇ ਸਮਾਨ ਦਾ ਖਾਸ ਧਿਆਨ ਰੱਖਣ

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੁ ਬੈਠਾ ਅਮਰੁ ਸਰੂਪ ਹੋਇ




## ਕਿਸ਼ਤ–43

ਕਾਰੋਬਾਰ ਵਿਚ ਦੀਵਾਲੀਆ ਹੋਏ ਨੂੰ ਮੁੜ ਖੜਾ ਕਰਨ ਵਾਲੇ ਦੀ ਬਖ਼ਸ਼ਿਸ਼ ਨੂੰ ਭੁਲਾ ਕੇ ਦੁਬਾਰਾ ਸਿਖਰ ਤੋਂ ਡਿੱਗਾ ਦੀਵਾਲੀਆ ਜੇ ਫਿਰ ਚਰਨਾਂ ਵਿਚ ਆ ਡਿੱਗੇ ਤਾਂ ਨੇਕ-ਬਖ਼ਤੀ ਭਰਪੂਰ, ਹਰ ਨਿਰਾਸੇ ਦੇ ਸਹਾਇਕ, ਹਰ ਪਾਪੀ ਅਤੇ ਦੋਸ਼ੀ ਦੇ ਸ਼ਰਨ-ਪਾਲਕ ਅਰ ਕਰਤਾਰ ਦਾ ਪ੍ਰਛਾਵਾਂ –ਸਤਿਗੁਰੂ ਅਮਰਦਾਸ ਪਾਤਸ਼ਾਹ ਜੀ ਫਿਰ ਕੇਵਲ ਬਖ਼ਸ਼ਦੇ ਹੀ ਨਹੀਂ, ਮੂੰਹ ਛੁਪਾ ਕੇ ਭੱਜੇ ਹੋਏ ਗੰਗੇ ਨੂੰ ਸੀਨੇ ਨਾਲ ਲਾ ਕੇ ਗੁਰੂ ਕਾ 'ਗੰਗੂ ਸ਼ਾਹ' ਆਖਦਿਆਂ ਮੰਜੀ ਦੇ ਕੇ ਸਰਮੌਰ ਇਲਾਕੇ ਦਾ ਸਤਿਕਾਰਯੋਗ ਪ੍ਰਚਾਰਕ ਥਾਪ ਦੇਂਦੇ ਹਨ।

ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ – ਬੇਣੀ (ਪੰਡਤ)

ਉਪਰੋਕਤ ਸਿਰਲੇਖ ਪੰਚਮ ਪਾਤਸ਼ਾਹ ਜੀ ਦੇ ਇਸ ਪਾਵਨ ਸ਼ਬਦ 'ਚੋਂ ਹੈ। ਅਗੇ ਚੱਲਣ ਤੋਂ ਪਹਿਲਾਂ ਇਸ ਸ਼ਬਦ ਨੂੰ ਭਾਵ-ਅਰਥਾਂ ਸਹਿਤ ਵਿਚਾਰਨ ਦਾ ਯਤਨ ਕਰਨਾ:

ਅਵਰਿ ਸਭਿ ਭੁਲੇ ਭ੍ਰਮਤ ਨ ਜਾਨਿਆ॥
ਏਕੁ ਸੁਧਾਖਰੁ ਜਾਕੈ ਹਿਰਦੈ ਵਸਿਆ
ਤਿਨਿ ਬੇਦਹਿ ਤਤੁ ਪਛਾਨਿਆ॥1॥ਰਹਾਉ॥
ਪਰਵਿਰਤਿ ਮਾਰਗੁ ਜੇਤਾ ਕਿਛੁ
ਹੋਈਐ ਤੇਤਾ ਲੋਗ ਪਚਾਰਾ॥
ਜਉ ਲਉ ਰਿਦੈ ਨਹੀ ਪਰਗਾਸਾ
ਤਉ ਲਉ ਅੰਧ ਅੰਧਾਰਾ॥1॥
ਜੈਸੇ ਧਰਤੀ ਸਾਧੈ ਬਹੁਬਿਧਿ
ਬਿਨੁ ਬੀਜੈ ਨਹੀ ਜਾਂਮੈ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ
ਤੁਟੈ ਨਾਹੀ ਅਭਿਮਾਨੈ॥2॥
ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ
ਨੈਨੂ ਕੈਸੇ ਰੀਸੈ॥
ਬਿਨੁ ਗੁਰ ਭੇਟੇ ਮੁਕਤਿ ਨ ਕਾਹੂ
ਮਿਲਤ ਨਹੀ ਜਗਦੀਸੈ॥3॥
ਖੋਜਤ ਖੋਜਤ ਇਹੈ ਬੀਚਾਰਿਓ
ਸਰਬ ਸੁਖਾ ਹਰਿ ਨਾਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਾ ਕੈ ਲੇਖੁ ਮਥਾਮਾ॥4॥11॥ਗੁ.ਗ੍ਰ.ਸਾ.
ਪੰਨਾ 1205

–ਧਰਮ-ਗ੍ਰੰਥਾਂ ਦਾ ਵਿਦਵਾਨ ਹੋ ਕੇ ਜਗਤ-ਜੇਤੂ ਹੋਣਾ ਜਾਂ ਕਰਤਾਰੀ ਯਾਦ ਵਿਚ ਜੁੜ ਕੇ ਮਨ ਨੂੰ ਜਿੱਤਣਾ- ਸ਼ਰੇਸ਼ਟ ਹੈ? ਬਹੁਤ ਵੱਡੇ ਭਾਗਾਂ ਵਾਲਾ ਹੈ ਇਹ ਵਿਦਵਾਨ –ਬੇਣੀ- ਜੋ ਇਕੋ ਚੋਟ ਨਾਲ ਸਮਝ ਗਿਆ ਅਰ ਜਿਸ ਦੀ ਲਿਵ ਕਰਤਾਰ ਨਾਲ ਲੱਗ ਗਈ, ਆਪਣੀ ਹਉਮੈ ਸਹਿਤ ਸਭ ਕੁਝ ਬਿਆਸ ਵਿਚ ਪ੍ਰਵਾਹ ਕੇ ਗੁਰੂ ਕੀਆਂ ਅਸੀਸਾਂ ਦਾ ਪਾਤਰ ਬਣ ਗਿਆ।

ਲਾਹੌਰ ਦੇ ਨੇੜੇ ਚੂਹਣੀਆਂ ਨਗਰ ਦਾ ਰਹਿਣ ਵਾਲਾ ਇਹ ਪੁਰਸ਼ –ਬੇਣੀ ਆਪਣੇ ਸਮੇਂ ਦਾ ਬਹੁਤ ਵਿਦਵਾਨ ਪੰਡਿਤ ਸੀ ਜਿਸ ਨੂੰ ਨਯਾਇ ਸ਼ਾਸਤ੍ਰ ਆਦਿ ਗ੍ਰੰਥ ਜ਼ੁਬਾਨੀ ਯਾਦ ਸਨ। ਜਦੋਂ ਕਿਧਰੇ ਇਹ ਕਿਸੇ ਵਿਦ-ਵਾਨ ਬਾਰੇ ਸੁਣਦਾ ਤਾਂ ਫ਼ੌਰਨ ਓਥੇ ਪਹੁੰਚਦਾ ਅਰ ਉਸ ਨੂੰ ਵੰਗਾਰ ਕੇ ਸ਼ਾਸਤਾਰਥ ਭਾਵ ਬਹਿਸ/ਚਰਚਾ ਕਰਦਾ ਪਰ ਚਰਚਾ ਕਰਨ ਤੋਂ ਪਹਿਲਾਂ ਉਸ ਨੂੰ ਕਹਿ ਦੇਂਦਾ ਕਿ ਜੇ ਉਹ ਚਰਚਾ ਵਿਚ ਹਾਰ ਗਿਆ ਤਾਂ ਉਸ ਦੇ ਸਾਰੇ ਗ੍ਰੰਥ ਮੇਰੇ ਹੋਣਗੇ ਅਰ ਜੇ ਉਹ ਜਿੱਤ ਗਿਆ ਤਾਂ ਇਹ ਆਪਣੇ ਸਾਰੇ ਗ੍ਰੰਥ ਉਸ ਨੂੰ ਸੌਂਪ ਦੇਵੇਗਾ। ਅਜਿਹਾ ਦ੍ਰਿੜ-ਵਿਸ਼ਵਾਸੀ ਹੋ ਕੇ ਚਲਦਾ ਬੇਣੀ ਪੰਡਿਤ ਸਭਨਾਂ ਨੂੰ ਨਿਵਾਉਂਦਾ ਗਿਆ ਅਰ ਉਨ੍ਹਾਂ ਦੇ ਗ੍ਰੰਥਾਂ ਨੂੰ ਇਕੱਠੇ ਕਰਦਾ ਗਿਆ। ਸੁਭਾਵਿਕ ਹੈ ਕਿ ਇਨ੍ਹਾਂ ਜਿੱਤਾਂ ਨੇ ਉਸ ਨੂੰ ਅਭਿਮਾਨੀ ਬਣਾ ਦਿੱਤਾ ਕਿ ਸ਼ਾਸਤਾਰਥ ਵਿਚ ਹਰਾਉਣ ਵਾਲਾ ਹੁਣ ਉਸ ਦੇ ਸਾਹਮਣੇ ਕੋਈ ਨਹੀਂ ਰਿਹਾ, ਇਸ ਤਰਹ ਇਹ ਆਪਣੇ ਆਪ ਨੂੰ ਦਿਗ-ਵਿਜਈ ਭਾਵ ਸੰਸਾਰ-ਜੇਤੂ ਸਮਝਣ ਲੱਗਾ। ਇਸ ਦੇ ਨਾਲ ਉਹ ਕਰਮ-ਕਾਂਡੀ ਵੀ ਪੂਰਾ ਸੀ ਜੋ ਤੀਰਥ ਇਸ਼ਨਾਨ, ਮੂਰਤੀ ਪੂਜਾ ਕਰਦਾ ਅਰ ਵਰਤ ਆਦਿ ਵੀ ਰੱਖਦਾ ਸੀ। ਅਜਿਹੀ ਪ੍ਰਭੁਤਾ ਵਾਲੇ ਨਾਲ ਵਿਦਿਆਰਥੀਆਂ ਦੀ ਭੀੜ ਹੋ ਗਈ ਜਿਧਰ ਜਾਂਦਾ ਭੀੜ ਨਾਲ ਜਾਂਦੀ। ਉਸ ਦੇ ਚੰਗੇ ਭਾਗ! ਜਦੋਂ ਉਸ ਦੇ ਕੰਨੀਂ ਗੁਰੂ ਸਾਹਿਬ ਜੀ ਦੀ ਵਡਿਆਈ ਪਈ ਤਾਂ ਉਹ ਆਪਣੇ ਗ੍ਰੰਥਾਂ ਦੇ ਊਠ ਲੱਦ ਕੇ ਹੁਮ-ਹੁਮਾ ਕੇ ਗੋਇੰਦਵਾਲ ਸਾਹਿਬ ਆ ਪਹੁੰਚਿਆ।

ਸਭ ਪੰਡਤ ਗੁਣੀ ਜੀਤ ਤਿਨ ਲੀਏ।
ਪੁਸਤਕ ਛੀਨ ਨੌ ਭਾਰ ਤਿਨ ਕੀਏ।
ਚਲਾ ਚਲਾ ਸਤਿਗੁਰ ਪਹਿ ਆਇਆ।
**ਮਨ ਬਿਜੇ ਬਿਦਿਆ ਅੰਹਕਾਰ ਬਢਾਇਆ।3॥**

ਦਰਬਾਰ ਵਿਚ ਆਏ ਪੰਡਿਤ ਬੇਣੀ ਨੂੰ ਗੁਰੂ ਸਾਹਿਬ ਨੇ ਸਨਮਾਨ ਨਾਲ ਆਪਣੇ ਨੇੜੇ ਬਿਠਾ ਲਿਆ। ਜੁੜੇ ਹੋਏ ਸਿੱਖਾਂ ਵੱਲ ਵੇਖ ਕੇ ਕਹਿਣ ਲੱਗਾ,

'ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਇਨ੍ਹਾਂ ਨੂੰ ਸ਼ਾਸਤ੍ਰਾਂ ਅਨੁਸਾਰ ਚੱਲਣ ਭਾਵ ਤਪ ਕਰਨ, ਤੀਰਥ ਇਸ਼ਨਾਨ ਕਰਨ, ਦਾਨ ਕਰਨ, ਬਰਤ ਰੱਖਣ ਆਦਿ ਨਹੀਂ ਉਪਦੇਸ਼ਦੇ ਤਾਂ ਇਨ੍ਹਾਂ ਦਾ ਅੰਤਹਕਰਣ ਕਿਵੇਂ ਨਿਰਮਲ ਹੋਵੇਗਾ? ਜੇ ਤੁਸੀਂ ਇਨ੍ਹਾਂ ਦਾ ਭਲਾ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਸ਼ਾਸਤ੍ਰਾਂ ਦੀ ਮਰਯਾਦਾ ਅਨੁਸਾਰ ਇਨ੍ਹਾਂ ਨੂੰ ਤੋਰਨਾ ਚਾਹੀਦਾ ਹੈ'।

ਸੁਣ ਕੇ ਗੁਰੂ ਪਾਤਸ਼ਾਹ ਜੀ ਨੇ ਕਿਹਾ,

'ਪੰਡਿਤ ਜੀ! ਹੱਠ ਕਰ ਕੇ ਭੁੱਖੇ ਰਹਿਣ, ਨੰਗੇ ਰਹਿਣ ਅਤੇ ਅੱਗ ਜਾਂ ਬਰਫ਼ਾਂ ਵਿਚ ਬੈਠਣ ਨਾਲ ਮਨ ਨਿਰਮਲ ਹੋ ਜਾਂਦਾ ਹੈ? ਤੀਰਥ ਨਾਉਣ੍ਹ ਨਾਲ ਮਨ ਨਿਰਮਲ ਹੋ ਜਾਂਦਾ ਹੈ? ਇਹ ਸਭ ਖੇਚਲਾਂ ਹੀ ਖੇਚਲਾਂ ਹਨ, ਪ੍ਰਾਪਤੀ ਕੁਝ ਵੀ ਨਹੀਂ। ਹਾਂ, ਹਉਮੈ ਜ਼ਰੂਰ ਵਧਦੀ ਹੈ'।

ਅਬਿਚਲ ਪਦਵੀ ਪਾਇ ਨ ਕੋਊ।
ਹੰਤਾ ਸਹਿਤ ਕਰਮ ਸ਼ੁਭ ਜੋਊ।
ਖੇਦ ਬਹੁਤ ਫ਼ਲ ਥੋਰੋ ਪਾਇ।
ਨਾਸ਼ਵੰਤ ਜੇ ਇਹ ਸਮੁਦਾਇ।20॥

'ਪਹਿਲੀ ਗੱਲ ਇਹ ਹੈ ਕਿ ਕੀ ਅਜਿਹੇ ਕਰਮ ਆਮ ਗ੍ਰਿਹਸਥੀ ਲਈ ਕਰਨੇ ਸੰਭਵ ਹਨ? ਪਰ, ਜੇ ਕੋਈ ਕਰ ਵੀ ਲਵੇ ਤਾਂ ਕੀਹ ਇਹ ਕਰ ਕੇ ਮਨ ਨਿਰਮਲ ਹੋ ਜਾਂਦਾ ਹੈ? ਅਸੀਂ ਲੰਮੇ ਨਿਜੀ ਤਜਰਬੇ ਦੇ ਆਧਾਰ 'ਤੇ ਕਹਿ ਸਕਦੇ ਹਾਂ –ਮਨਿ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥ ਪੰਨਾ 558 ਜਗਤ-ਗੁਰੂ ਸਤਿਗੁਰੂ ਨਾਨਕ ਸਾਹਿਬ ਜੀ ਦਾ ਸਾਨੂੰ ਧੰਨਵਾਦ ਕਰਨਾ ਚਾਹੀਦਾ ਹੈ ਜੋ ਕਈ ਸਾਲਾਂ ਤੋਂ ਸਾਨੂੰ ਸਮਝਾ ਰਹੇ ਹਨ ਕਿ ਇਨ੍ਹਾਂ ਫੋਕਟ ਧਾਰਮਕ ਕਰਮਾਂ ਵਿਚ ਪਿਆਂ ਸਾਡੇ ਜੀਵਨ ਵਿਚ ਨਿਰਮਲਤਾ ਬਿਲਕੁਲ ਤਦ ਤੱਕ ਨਹੀਂ ਆਉਂਦੀ ਜਦ ਤੱਕ ਅਸੀਂ ਇਨ੍ਹਾਂ ਸਾਰੇ ਕਰਮਾਂ ਵੱਲ ਕੰਡ ਕਰ ਕੇ ਸਮੱਗਰ ਰੂਪ ਵਿਚ ਕਰਤਾਰ ਦੀ ਸ਼ਰਨੀ ਪੈ ਕੇ ਇਕਾਗਰਤਾ ਨਾਲ ਉਸ ਦੇ ਪਵਿੱਤ੍ਰ ਗੁਣਾਂ ਦਾ ਸਿਮਰਨ ਨਹੀਂ ਕਰਦੇ। ਉਨ੍ਹਾਂ ਦੇ ਬਚਨ ਹਨ:

ਰਾਮਕਲੀ ਮਹਲਾ 1॥
ਹਠੁ ਨਿਗ੍ਰਹੁ ਕਰਿ ਕਾਇਆ ਛੀਜੈ॥
ਵਰਤੁ ਤਪਨੁ ਕਰਿ ਮਨੁ ਨਹੀ ਭੀਜੈ॥
ਰਾਮ ਨਾਮ ਸਰਿ ਅਵਰੁ ਨ ਪੂਜੈ॥1॥
ਗੁਰੁ ਸੇਵ ਮਨਾ ਹਰਿ ਜਨ ਸੰਗਿ ਕੀਜੈ॥
ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ
ਡਸਿ ਨ ਸਕੈ ਹਰਿ ਕਾ ਰਸੁ ਪੀਜੈ॥1॥
ਰਹਾਉ॥ ਵਾਦੁ ਪੜੈ ਰਾਗੀ ਜਗੁ ਭੀਜੈ॥
ਤ੍ਰੈ ਗੁਣ ਬਿਖਿਆ ਜਨਮਿ ਮਰੀਜੈ॥
ਰਾਮ ਨਾਮ ਬਿਨੁ ਦੂਖੁ ਸਹੀਜੈ॥2॥
ਚਾੜਸਿ ਪਵਨੁ ਸਿੰਘਾਸਨੁ ਭੀਜੈ॥
ਨਿਉਲੀ ਕਰਮ ਖਟੁ ਕਰਮ ਕਰੀਜੈ॥
ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ॥3॥
ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ॥
ਅੰਤਰਿ ਚੋਰੁ ਕਿਉ ਸਾਦੁ ਲਹੀਜੈ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ॥4॥
ਅੰਤਰਿ ਮੈਲੁ ਤੀਰਥ ਭਰਮੀਜੈ॥
ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥
ਕਿਰਤੁ ਪਇਆ ਦੋਸੁ ਕਾ ਕਉ ਦੀਜੈ॥5॥
ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥
ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥
ਮਨਮੁਖਿ ਜਨਮੈ ਜਨਮਿ ਮਰੀਜੈ'॥6॥

ਤੀਜੇ ਪਾਤਸ਼ਾਹ ਜੀ ਜਦੋਂ ਗੁਰੂ ਨਾਨਕ ਸਾਹਿਬ ਜੀ ਦੇ ਬਚਨਾਂ ਦੀ ਏਥੋਂ ਤੱਕ ਵਿਆਖਿਆ ਕਰ ਚੁੱਕੇ ਤਾਂ ਪੰਡਤ ਬੇਣੀ ਬੋਲ ਉੱਠੇ,

'ਗੁਰੂ-ਬਾਬਾ ਜੀ ਨੇ ਫਿਰ ਮਨ ਨਿਰਮਲ ਕਰਨ ਦਾ ਕੋਈ ਹੱਲ ਵੀ ਦੱਸਿਆ'?

'ਬਿਲਕੁਲ। ਆਪ ਨੇ ਫ਼ੁਰਮਾਇਆ:

ਸਤਿਗੁਰ ਪੂਛਿ ਸੰਗਤਿ ਜਨ ਕੀਜੈ॥
ਮਨੁ ਹਰਿ ਰਾਚੈ ਨਹੀ ਜਨਮਿ ਮਰੀਜੈ॥
ਰਾਮ ਨਾਮ ਬਿਨੁ ਕਿਆ ਕਰਮੁ ਕੀਜੈ॥7॥
ਊਂਦਰ ਦੂੰਦਰ ਪਾਸਿ ਧਰੀਜੈ॥
ਧੁਰ ਕੀ ਸੇਵਾ ਰਾਮੁ ਰਵੀਜੈ॥
**ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ॥8॥5॥**
ਗੁ.ਗ੍ਰ.ਸਾ. ਪੰਨਾ 905

'ਜੋ ਲੋਕ ਗੁਰਮਤ ਅਨੁਸਾਰ ਚਲਦੇ ਹਨ ਉਨ੍ਹਾਂ ਦਾ ਮਨ ਕਰਤਾਰ ਨਾਲ ਇਕ ਸੁਰ ਹੋ ਜਾਂਦਾ ਹੈ, ਮਨ ਟਿਕ ਕੇ ਦੁਖ-ਸੁਖ ਊਚ-ਨੀਚ ਅਰ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ'।

'ਤੁਸੀਂ ਵਿਚਾਰੋ ਕਿ ਧਰਮ ਗ੍ਰੰਥਾਂ ਨੂੰ ਪੜ੍ਹ ਕੇ, ਯਾਦ ਕਰ ਕੇ ਫਿਰ ਵਾਦ-ਵਿਵਾਦ ਕਰ ਕੇ ਕਦੀ ਵਿਚਾਰਿਆ ਵੀ ਹੈ ਕਿ ਸਾਡੇ ਆਪਣੇ ਮਨ ਦੀ ਕੀ ਆਵਸਥਾ ਹੈ? ਕੀ ਇਹ ਵੀ ਕਰਤਾਰ ਦੇ ਨੇੜੇ ਹੈ ਜਾਂ ਅਜੇ ਹਉਮੈ ਵਿਚ ਹੀ ਫਸਿਆ ਹੋਇਆ ਹੈ? ਕੀ ਇਹ ਊਚ-ਨੀਚ ਵਿਚੋਂ ਨਿਕਲ ਗਿਆ ਹੈ ਜਾਂ ਅਜੇ ਵੀ ਉਸੇ ਵਿਚ ਗਲੀਚ ਹੈ'?

'ਨਹੀਂ ਜੀ, ਕਦੀ ਨਹੀਂ ਵਿਚਾਰਿਆ। ਇਸ ਪਾਸੇ ਨਾ ਕਦੀ ਆਪਣਾ ਧਿਆਨ ਗਿਆ ਨਾ ਕਦੀ ਕਿਸੇ ਵਿਦਵਾਨ ਨੇ ਦਿਵਾਇਆ,' ਬੇਣੀ ਜੀ ਉੱਤਰ ਦਿੱਤਾ।

ਹਾਥ ਜੋਰ ਪੁਨ ਬਿਨਤੀ ਕਰੀ।
ਮੋਹ ਬਿਦਿਆ ਬਾਦ ਮੋ ਸੁਧ ਨਹੀ ਪਰੀ।
ਤੀਰਥ ਬਰਤ ਸਾਧਨ ਮੈ ਕਰਾ।
ਬਿਦਿਆ ਹੰਕਾਰ ਮਨ ਮੋ ਮੈ ਧਰਾ।13।
ਮ.ਪ੍ਰ.

**ਚਲਦਾ.....**

ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ
ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।
01332 372 851
07966 388 388

# ਜਦੋਂ ਪਿੰਡ ਬਿਲਗਾ ਵਿਖੇ ਪੰਚਮ ਪਾਤਸ਼ਾਹ ਬਰਾਤ ਸਮੇਤ ਠਹਿਰੇ

**4 ਜੁਲਾਈ ਨੂੰ ਵਿਆਹ ਪੁਰਬ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਦੁਆਬੇ ਦੀ ਧਰਤੀ ਦਾ ਇਤਿਹਾਸਕ ਪਿੰਡ ਬਿਲਗਾ (ਜਲੰਧਰ) ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚਰਨ ਛੋਹ ਪ੍ਰਾਪਤ ਇਤਿਹਾਸਕ ਪਿੰਡ ਹੈ। ਇਹ ਪਿੰਡ ਪੰਜਾਬ ਦੇ ਵੱਡੇ ਪਿੰਡਾਂ ਵਿੱਚੋਂ ਪ੍ਰਸਿੱਧੀ ਪ੍ਰਾਪਤ ਨਗਰ ਹੈ। ਇਸ ਧਰਤੀ ਨੇ ਸਮੇਂ-ਸਮੇਂ ਅਨੇਕਾਂ ਧਾਰਮਿਕ, ਰਾਜਨੀਤਿਕ ਅਤੇ ਉਘੀਆਂ ਸਮਾਜ ਸੇਵਕ ਸ਼ਖ਼ਸੀਅਤਾਂ ਨੂੰ ਜਨਮ ਦਿੱਤਾ। ਇਹ ਪਿੰਡ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਫਿਲੌਰ ਵਿਖੇ ਸਥਿਤ ਹੈ। ਇਤਿਹਾਸਕ ਤੱਥਾਂ ਮੁਤਾਬਕ ਇਹ ਪਿੰਡ ਗੁਰੂ-ਕਾਲ ਸਮੇਂ ਝੌਂਪੜੀਆਂ ਵਿੱਚ ਵੱਸਦਾ ਸੀ। ਇਹ ਝੌਂਪੜੀਆਂ ਹਰ ਸਾਲ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋ ਜਾਂਦੀਆਂ ਸਨ। ਗੁਰੂ ਨਾਨਕ ਸਾਹਿਬ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਮਾਤਾ ਗੰਗਾ ਜੀ ਨੂੰ ਵਿਆਹੁਣ ਲਈ ਇਥੋਂ ਨੇੜੇ ਵੱਸੇ ਪਿੰਡ ਮੌ-ਸਾਹਿਬ ਬਰਾਤ ਸਮੇਤ ਪਿੰਡ ਬਿਲਗਾ ਤੋਂ ਗੁਜ਼ਰ ਰਹੇ ਸਨ। ਇਸ ਸਮੇਂ ਪਿੰਡ ਬਿਲਗਾ ਵਿੱਚ ਵੱਸਣ ਵਾਲੇ ਸ਼ਰਧਾਵਾਨ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਦੇ ਬੇਨਤੀ ਕਰਨ 'ਤੇ ਕੁਝ ਅਰਸੇ ਲਈ ਗੁਰੂ ਸਾਹਿਬ ਨੇ ਪੜਾਅ ਕੀਤਾ ਸੀ। ਸਮੁੱਚੇ ਪਿੰਡ ਵਾਸੀਆਂ ਨੇ ਗੁਰੂ ਸਾਹਿਬ ਅਤੇ ਬਰਾਤ ਦੀ ਆਉ ਭਗਤ ਅਤੇ ਸੇਵਾ ਬੜੀ ਸ਼ਰਧਾ ਤੇ ਪ੍ਰੇਮ ਨਾਲ ਕੀਤੀ। ਇਤਿਹਾਸਕ ਹਵਾਲਿਆਂ ਮੁਤਾਬਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪੜਾਅ ਦੌਰਾਨ ਇਸ਼ਨਾਨ ਤੋਂ ਬਾਅਦ ਪਹਿਨਣ ਵਾਲੇ ਬਸਤਰ ਬਦਲੇ ਸਨ। ਇਸ ਸਮੇਂ ਗੁਰੂ ਸਾਹਿਬ ਦੇ ਨਾਲ ਆਏ ਸੰਗੀ ਬਰਾਤੀਆਂ ਵਿੱਚ ਆਏ ਭਾਈ ਸੱਤਾ ਜੀ ਅਤੇ ਭਾਈ ਬਲਵੰਤ ਜੀ ਨੇ ਧੁਰ ਕੀ ਬਾਣੀ ਦਾ ਕੀਰਤਨ ਵੀ ਕੀਤਾ।

ਪਿੰਡ ਵਾਸੀਆਂ ਨੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ ਕਿ ਸਾਡੀਆਂ ਕੱਚੀਆਂ ਕੱਖਾਂ ਕਾਨਿਆਂ ਦੀਆਂ ਕੁੱਲੀਆਂ ਹਰ ਸਾਲ ਅੱਗ ਨਾਲ ਸੜ ਕੇ ਤਬਾਹ ਹੋ ਜਾਂਦੀਆਂ ਹਨ। ਕਈ ਵਾਰ ਕੁਦਰਤ ਦੇ ਕਹਿਰ ਦਾ ਸ਼ਿਕਾਰ ਹੋ ਜਾਂਦੀਆਂ ਹਨ। ਤੁਸੀਂ ਗੁਰੂ ਨਾਨਕ ਸਾਹਿਬ ਦੇ ਪੰਜਵੇਂ ਸਰੂਪ ਹੋ ਸਾਡੇ 'ਤੇ ਕ੍ਰਿਪਾ ਕਰੋ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ ਕਾਲ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ, ਸ੍ਰੀ ਤਰਨ-ਤਾਰਨ ਸਾਹਿਬ ਦੇ ਸਰੋਵਰ ਤੇ ਸ਼ਹਿਰ ਤੋਂ ਇਲਾਵਾ, ਛੇਹਰਟਾ ਸਾਹਿਬ, ਸ੍ਰੀ ਕਰਤਾਰ-ਪੁਰ ਸਾਹਿਬ (ਜਲੰਧਰ), ਸ੍ਰੀ ਹਰਗੋਬਿੰਦਪੁਰ ਆਦਿ ਸ਼ਹਿਰਾਂ ਤੇ ਨਗਰਾਂ ਦੀ ਉਸਾਰੀ ਕਰਵਾਈ, ਨੇ ਬਚਨ ਕੀਤਾ ਸਮਾਂ ਆਉਣ 'ਤੇ ਸ੍ਰੀ ਅਕਾਲ ਪੁਰਖ ਦੇ ਹੁਕਮ ਮੁਤਾਬਕ ਵੱਡਾ ਪਿੰਡ/ਨਗਰ ਵੱਸੇਗਾ। ਅੱਜ ਪਿੰਡ ਬਿਲਗਾ ਦੀਆਂ ਸਤ ਪੱਤੀਆਂ ਹਨ। ਪੰਜਾਬ ਦਾ ਵੱਡਾ ਪਿੰਡ ਹੋਣ ਕਰਕੇ ਹਜ਼ਾਰਾਂ ਲੋਕ ਦੇਸ਼-ਵਿਦੇਸ਼ ਵਿੱਚ ਚੰਗਾ ਕਾਰੋਬਾਰ ਕਰ ਰਹੇ ਹਨ।

ਗੁਰੂ ਸਾਹਿਬ ਦਾ ਵਿਆਹ ਮਾਤਾ ਗੰਗਾ ਜੀ ਨਾਲ 1589 ਈ: ਵਿੱਚ ਹੋਇਆ, ਪਿੰਡ ਬਿਲਗਾ ਜਿਥੇ ਗੁਰੂ ਸਾਹਿਬ ਬਰਾਤ ਸਮੇਤ ਠਹਿਰੇ, ਉਸੇ ਪਵਿੱਤਰ ਅਸਥਾਨ 'ਤੇ ਸਿੱਖ ਸੰਗਤ ਨੇ ਸ਼ਰਧਾ ਸਹਿਤ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਾਰੀ ਕੀਤੀ। ਜਿਥੇ ਗੁਰੂ ਅਰਜਨ ਦੇਵ ਜੀ ਦੇ ਵਿਆਹ ਦੀਆਂ ਰਸਮਾਂ ਮਾਤਾ ਗੰਗਾ ਜੀ ਨਾਲ ਸੰਪੂਰਨ ਹੋਈਆਂ, ਉਥੇ ਵੀ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਤੇ ਪਿੰਡ ਮੌ-ਸਾਹਿਬ ਵਿੱਚ ਵੀ ਸੁਸ਼ੋਭਿਤ ਹੈ। ਬਿਲਗਾ ਪਿੰਡ ਦੇ ਵਿੱਚਕਾਰ ਗੁਰਦੁਆਰਾ ਸਾਹਿਬ ਦੀ ਇਮਾਰਤ ਸੁਭਾਇਮਾਨ ਹੈ। ਦੱਸਿਆ ਜਾਂਦਾ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ-ਕਾਲ ਦੌਰਾਨ ਇਸ ਪਵਿੱਤਰ ਅਸਥਾਨ ਦੇ ਨਾਂਅ ਜਗੀਰ ਵੀ ਲੱਗਵਾਈ। ਅੱਜ ਕੱਲ੍ਹ ਇਸ ਬਿਲਗਾ ਦੇ ਇਸ ਗੁਰਦੁਆਰਾ ਸਾਹਿਬ ਅਤੇ ਮੌ-ਸਾਹਿਬ (ਮਾਉ-ਸਾਹਿਬ) ਦਾ ਸਿੱਧਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਗੁ: ਸ੍ਰੀ ਗੁਰੂ ਅਰਜਨ ਦੇਵ ਜੀ ਬਿਲਗਾ ਵਿਖੇ ਗੁਰੂ ਸਾਹਿਬ ਜੀ ਦੀਆਂ ਸਰੀਰਕ ਛੋਹ ਪ੍ਰਾਪਤ ਪਵਿੱਤਰ ਬਸਤਰ, ਕੁੜਤਾ, ਪਜਾਮਾ, ਸਿਮਰਨਾ, ਸੇਲੀ-ਟੋਪੀ, ਚੰਦਨ ਦੀ ਚੌਕੀ ਆਦਿ ਸੁਸ਼ੋਭਿਤ ਹਨ। ਇਨ੍ਹਾਂ ਦੇ ਦਰਸ਼ਨ ਸਮੇਂ-ਸਮੇਂ ਕਰਵਾਏ ਜਾਂਦੇ ਹਨ। ਪ੍ਰਵਾਸੀ ਭਾਰਤੀ ਇਲਾਕੇ ਦੀ ਸੰਗਤ ਦੇ ਉੱਦਮ ਨਾਲ ਮਾਹਿਰਾਂ ਦੇ ਸਹਿਯੋਗ ਨਾਲ ਇਨ੍ਹਾਂ ਵਸਤੂਆਂ ਦੀ ਸਾਂਭ ਸੰਭਾਲ ਵਿਗਿਆਨਕ ਢੰਗ ਨਾਲ ਸੁਚੱਜੀ ਤਰ੍ਹਾਂ ਕੀਤੀ ਜਾਂਦੀ ਹੈ। ਗੁਰੂ ਸਾਹਿਬ ਦੀ ਬਰਾਤ ਵਿੱਚ ਬਾਬਾ ਬੁੱਢਾ ਸਾਹਿਬ, ਭਾਈ ਗੁਰਦਾਸ ਜੀ, ਭਾਈ ਸੰਗਾ ਜੀ, ਸਾਂਈ ਮੀਆਂ ਮੀਰ ਜੀ, ਭਾਈ ਮੰਝ ਜੀ, ਭਾਈ ਸਾਹਲੋ ਆਦਿ ਵਰਗੀਆਂ ਅਨੇਕਾਂ ਆਤਮ-ਰਸੀ ਪਵਿੱਤਰ ਰੂਹਾਂ ਦੇ ਮਾਲਕ ਗੁਰਸਿੱਖ ਵੀ ਸ਼ਾਮਿਲ ਸਨ।

ਇਸ ਪਵਿੱਤਰ ਅਸਥਾਨ 'ਤੇ ਹਰ ਸਾਲ ਵਿਆਹ ਪੁਰਬ ਦੇ ਸਬੰਧ ਵਿੱਚ 18 ਤੋਂ 20 ਹਾੜ ਨੂੰ ਤਿੰਨ ਦਿਨਾਂ ਸਲਾਨਾ ਜੋੜ-ਮੇਲਾ ਹੁੰਦਾ ਹੈ। ਇਸ ਤੋਂ ਅਗਲੇ ਤਿੰਨ ਦਿਨ ਮੌ-ਸਾਹਿਬ ਵਿਖੇ ਵੀ ਵਿਆਹ ਪੁਰਬ ਦੇ ਸਮਾਗਮ ਹੁੰਦੇ ਹਨ। ਲਗਾਤਾਰ ਧਾਰਮਿਕ ਦੀਵਾਨ ਸਜਦੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਸ ਵਾਰ ਵੀ ਤਿੰਨ ਜੁਲਾਈ ਦੀ ਰਾਤ ਨੂੰ ਸੋਦਰ ਰਹਿਰਾਸ ਜੀ ਦੇ ਪਾਠ ਤੋਂ ਉਪਰੰਤ ਮਹਾਨ ਗੁਰਮਤਿ ਸਮਾਗਮ ਹੋ ਰਿਹਾ ਹੈ। ਇਸੇ ਰਾਤ ਅੰਮ੍ਰਿਤ ਵੇਲੇ ਪੰਜ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਅਨੰਦ ਕਾਰਜ ਵੀ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਰਾਤ ਭਰ ਪੰਥ ਪ੍ਰਸਿੱਧ ਜਥੇ ਪਾਵਨ ਬਾਣੀ ਦੇ ਕੀਰਤਨ ਨਾਲ ਸੰਗਤ ਨੂੰ ਸਰਸ਼ਾਰ ਕਰਦੇ ਹਨ। ਇਹ ਕਾਰਜ ਪਿੰਡ ਵਾਸੀਆਂ, ਇਲਾਕਾ ਵਾਸੀਆਂ ਅਤੇ ਗੁਰਦੁਆਰਾ ਪ੍ਰਬੰਧਕਾਂ ਦੇ ਸਹਿਯੋਗ ਨਾਲ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ (ਜੋ ਇਸੇ ਪਿੰਡ ਦੇ ਜੰਮਪਲ ਹਨ) ਦੁਆਰਾ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਹੋਰ ਸਮਾਜ ਸੇਵੀ ਕਾਰਜਾਂ ਵਿੱਚ ਲੋੜ-ਵੰਦ ਪਰਿਵਾਰਾਂ ਵਿੱਚ ਮੁਫ਼ਤ ਰਾਸ਼ਨ, ਲੋੜ-ਵੰਦ ਬੱਚਿਆਂ ਦੀ ਪੜ੍ਹਾਈ ਆਦਿ ਕਾਰਜ ਵੀ ਕੀਤੇ ਜਾਂਦੇ ਹਨ। ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠਾਂ ਦੇ ਭੋਗਾਂ ਤੋਂ ਉਪਰੰਤ ਲਗਾਤਾਰ ਦੀਵਾਨ ਸਜਦਾ ਹੈ। ਲੰਗਰਾਂ ਵਿੱਚ ਵੱਖ-ਵੱਖ ਤਰ੍ਹਾਂ ਦੇ ਪਕਵਾਨ ਵਿਆਹ ਪੁਰਬ ਜਾਣ ਕੇ ਸੰਗਤ ਦੀ ਸੇਵਾ ਲਈ ਤਿਆਰ ਕਰਕੇ ਵਰਤਾਏ ਜਾਂਦੇ ਹਨ। ਪਿੰਡ ਬਿਲਗਾ ਅਤੇ ਮੌ-ਸਾਹਿਬ ਵਿਖੇ ਲਗਾਤਾਰ ਜੋੜ ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਗੁਰੂ-ਘਰਾਂ ਵਿੱਚ ਸੰਗਤ ਹਾਜ਼ਰੀ ਭਰਦੀ ਹੈ। ਹਰ ਸਾਲ ਇਹ ਸਮਾਗਮ ਯਾਦਗਾਰੀ ਹੋ ਨਿਬੜਦਾ ਹੈ।

## ਲੰਡਨ ਟਰਾਂਸਪੋਰਟ 'ਤੇ ਵੱਡੇ ਸਾਇਬਰ ਹਮਲੇ ਦੇ ਮਾਮਲੇ ਵਿੱਚ ਦੋ ਨੌਜਵਾਨਾਂ ਨੇ ਦੋਸ਼ ਕਬੂਲੇ

ਲੰਡਨ ਦੀ ਜਨਤਕ ਆਵਾਜਾਈ ਸੰਸਥਾ Transport for London (TfL) 'ਤੇ ਹੋਏ ਵੱਡੇ ਸਾਇਬਰ ਹਮਲੇ ਦੇ ਮਾਮਲੇ ਵਿੱਚ ਦੋ ਨੌਜਵਾਨਾਂ ਨੇ ਅਦਾਲਤ ਵਿੱਚ ਆਪਣੇ ਦੋਸ਼ ਕਬੂਲ ਕਰ ਲਏ ਹਨ। ਇਸ ਹਮਲੇ ਕਾਰਨ TfL ਦੀਆਂ ਕਈ ਆਨਲਾਈਨ ਸੇਵਾਵਾਂ ਮਹੀਨਿਆਂ ਤੱਕ ਪ੍ਰਭਾਵਿਤ ਰਹੀਆਂ ਅਤੇ ਸੰਸਥਾ ਨੂੰ ਲਗਭਗ £39 ਮਿਲੀਅਨ (ਤਕਰੀਬਨ 3.9 ਕਰੋੜ ਪੌਂਡ) ਦਾ ਨੁਕਸਾਨ ਝੱਲਣਾ ਪਿਆ। ਅਦਾਲਤ ਵਿੱਚ ਦੱਸਿਆ ਗਿਆ ਕਿ ਦੋਵਾਂ ਮੁਲਜ਼ਮਾਂ ਨੇ ਕੰਪਿਊਟਰ ਪ੍ਰਣਾਲੀ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋ ਕੇ ਠਡ.ਲ ਦੀਆਂ ਸੇਵਾਵਾਂ ਵਿੱਚ ਰੁਕਾਵਟ ਪੈਦਾ ਕੀਤੀ। ਇਸ ਕਾਰਨ ਹਜ਼ਾਰਾਂ ਯਾਤਰੀਆਂ ਨੂੰ ਆਨਲਾਈਨ ਸੇਵਾਵਾਂ, ਅਕਾਊਂਟ ਐਕਸੈੱਸ ਅਤੇ ਹੋਰ ਡਿਜ਼ੀਟਲ ਸਹੂਲਤਾਂ ਵਰਤਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਾਂਚ ਏਜੰਸੀਆਂ ਨੇ ਕਿਹਾ ਕਿ ਹਮਲੇ ਤੋਂ ਬਾਅਦ ਸੁਰੱਖਿਆ ਪ੍ਰਣਾਲੀ ਨੂੰ ਮੁੜ ਬਹਾਲ ਕਰਨ, ਸਿਸਟਮ ਅਪਗ੍ਰੇਡ ਕਰਨ ਅਤੇ ਪ੍ਰਭਾਵਿਤ ਸੇਵਾਵਾਂ ਨੂੰ ਦੁਬਾਰਾ ਚਾਲੂ ਕਰਨ ਲਈ ਠਡ.ਲ ਨੂੰ ਭਾਰੀ ਖਰਚਾ ਕਰਨਾ ਪਿਆ। ਦੋਵਾਂ ਦੋਸ਼ੀਆਂ ਨੂੰ ਸਜ਼ਾ ਕਿੰਨੀ ਦਿੱਤੀ ਜਾਵੇਗੀ, ਇਸ ਬਾਰੇ ਫੈਸਲਾ ਅਦਾਲਤ ਵੱਲੋਂ ਬਾਅਦ ਵਿੱਚ ਸੁਣਾਇਆ ਜਾਵੇਗਾ। ਇਸ ਮਾਮਲੇ ਨੂੰ ਬ੍ਰਿਟੇਨ ਵਿੱਚ ਸਰਕਾਰੀ ਬੁਨਿਆਦੀ ਢਾਂਚੇ 'ਤੇ ਹੋਏ ਸਭ ਤੋਂ ਗੰਭੀਰ ਸਾਇਬਰ ਹਮਲਿਆਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ।

## ਗੁਰੂ ਨਾਨਕ ਗੁਰਦੁਆਰਾ ਸਾਊਥ ਬ੍ਰਮਿੰਘਮ ਵਿਖੇ

## ਗ੍ਰਥੀ ਸਿੰਘ ਦੀ ਲੋੜ ਹੈ

***ਉਮੀਦਵਾਰ ਟੀਅਰ-5 ਦੇ ਮੁਤਾਬਕ ਹੇਠ ਲਿਖੀਆਂ ਸੇਵਾਵਾਂ ਨਿਭਾ ਸਕਦਾ ਹੋਵੇ ਜੀ :-***

ਗੁਰਬਾਣੀ ਪੜਨੀ, ਕੀਰਤਨ ਕਰਨਾ, ਅਰਦਾਸ, ਰੋਜ਼ਾਨਾ ਅਤੇ ਹਫ਼ਤਾਵਾਰੀ ਦੀਵਾਨ, ਵਿਆਹ ਅਤੇ ਕੁੜਮਾਈ, ਅੰਤਿਮ ਸੰਸਕਾਰ ਅਤੇ ਹੋਰ ਧਾਰਮਿਕ ਸੇਵਾਵਾਂ ਆਦਿ । ਤਜ਼ਰਬੇਕਾਰ ਅਤੇ ਯੋਗ ਵਿਅਕਤੀਆਂ ਨੂੰ ਪਹਿਲ ਦਿੱਤੀ ਜਾਵੇਗੀ । ਇਹ ਯੋਗਤਾ ਰੱਖਣ ਵਾਲੇ ਨੂੰ 37 ਘੰਟੇ/ਹਫਤਾ ਕੰਮ, ਯੂ ਕੇ ਦੇ ਘੱਟੋ-ਘੱਟ ਵੇਜ ਕਾਨੂੰਨ ਮੁਤਾਬਕ ਤਨਖਾਹ ਦਿੱਤੀ ਜਾਵੇਗੀ। ਤੁਹਾਡੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜ਼ਾਜ਼ਤ ਹੋਣੀ ਜ਼ਰੂਰੀ ਹੈ। ਰਿਹਾਇਸ਼ ਦਾ ਪ੍ਰਬੰਧ ਹੈ ।

**ਉਮੀਦਵਾਰ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਵੀ ਕਰ ਸਕਦਾ ਹੈ।**

**ਅਰਜ਼ੀ ਭੇਜਣ ਦੀ ਆਖਰੀ ਤਰੀਕ 17 ਜੁਲਾਈ 2026**

## VACANCY - at Guru Nanak Gurdwara South Birmingham.

We need Granthi Singh (Tier 5) to do the following duties. Reading from Guru Granth Sahib Ji, singing Hymns, saying prayers, conducting daily and weekly Diwans, marriages & engagements, funeral and other religious ceremonies. Preference will be given to qualified and experienced person. The post is for 37 hours per week and earnings will be in accordance with UK minimum wage law. You should have no limit for working in UK. Full boarding and lodging facilities are available.

***Please apply or contact management committee.***

**Closing date: 17th July 2026**

**Contact: President Kulwinder Singh: 07817 721091**
**Head Granthi Kirpal Singh : 07480 175308**

**GURU NANAK GURDWARA SOUTH BIRMINGHAM**
***629-631 STRATFORD ROAD, SPARKHILL, BIRMINGHAM, B11 4LS***

# PANJAB TIMES FEATURE:- Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਪ੍ਰਿੰ. ਡਾ. ਸੁਜਿੰਦਰ ਸਿੰਘ
ਸੰਘਾ ਓ.ਬੀ.ਈ



# *ਈਰਾਂਨ-ਅਮਰੀਕਾ ਦੀ 'ਜੰਗ-ਬੰਦੀ' ਅੰਤਿਮ ਹਲ ਨਹੀਂ
# *ਪੰਜਾਬ-ਭਾਰਤ ਲਈ ਉਭਰ ਸਕਦੀ ਹੈ ਨਵੀਂ ਦਿਸ਼ਾ-ਦ੍ਰਸ਼ਟੀ

**1950ਵੇਂ-60ਵੇਂ-70ਵੇਂ ਦੇ ਦਹਾਕਿਆਂ ਵਾਲਾ ਉਤਸ਼ਾਹ ਸੁਰਜੀਤ ਕਰਨ ਲਈ, ਪੰਜਾਬ ਦਾ ਮਾਹੌਲ ਤੇ ਸਹੂਲਤਾਂ ਸਾਜ਼ਗਾਰ ਬਣਾਉਣੇ ਪੈਣਗੇ। ਬੀਤੇ ਅਤੇ ਗਵਾਚੇ 40 ਵਰਿਆਂ ਤੋਂ ਸਬਕ ਲੈ ਕੇ, ਭਵਿੱਖਤ ਮੌਕੇ ਸਾਂਭਣ-ਸੰਵਾਰਨ ਵਲ ਤੁਰਨਾਂ ਜਰੂਰੀ ਹੋਵੇਗਾ। ਪੰਜਾਬ ਦੇ ਬਾਹਰ ਜਾ ਰਹੇ ਸਰਮਾਏ ਦਾ ਰੁਖ ਮੋੜਨਾਂ ਪਵੇਗਾ। ਪ੍ਰਵਾਸੀ ਪੀੜੀਆਂ ਦੇ ਵਾਰਿਸ, ਰਹਿੰਦੀਆਂ ਜਾਇਦਾਦਾਂ ਵੇਚਣ ਤੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਤਕ ਹੀ ਸੀਮਤ ਨਾ ਰਹਿ ਜਾਂਣ। ਪੰਜਾਬ-ਭਾਰਤ ਨੂੰ ਵਿਰਸੇ ਨਾਲ ਜੁੜਿਓ, ਆਮ ਸੈਰ-ਸਪਾਟੇ ਅਤੇ ਖਰੀਦੋ-ਫਰੋਖਤ ਤੋਂ ਆਉਣ ਵਾਲੀ ਸਿਧੀ ਆਮਦਨ ਅਤੇ ਟੈਕਸ ਵੀ, ਹੋਰਨਾਂ ਦੇਸ਼ਾਂ ਵਲ ਜਾ ਰਹੇ ਹਨ।**

ਤਿੰਨ ਮਹੀਨੇ ਚਲੀ ਤਬਾਹਕੁੰਨ ਜੰਗ ਪਿਛੇ ਵਜਾਹ ਇਜਰਾਇਲ, ਇਸ ਦੇਸ਼ ਪੱਖੀ ਅਮਰੀਕਾ 'ਚ ਪ੍ਰਭਾਵਸ਼ਾਲੀ ਲਾਬੀ, ਤੇਲ ਅਤੇ ਮਾਰੂ ਹਥਿਆਰਾਂ ਦੀ ਸਨਅਤ ਦੇ ਵਪਾਰਕ ਹਿੱਤ ਸਨ। ਬਾਵਯੂਦ ਸੀਮਤ ਕੌਮਾਂਤਰੀ ਵਿਰੋਧਾਂ ਦੇ, ਇਜਰਾਇਲੀ ਹਿੱਤਾਂ ਲਈ ਅਮਰੀਕਨ ਸਰਗਰਮੀਆਂ ਅਤੇ ਦਬਾਅ ਅਗਾਂਹ ਨੂੰ ਵੀ ਚਲਦੇ ਰਹਿਣਗੇ। ਜਦ ਤੱਕ ਇਜਰਾਇਲ ਵਿਸਥਾਰਵਾਦ ਛੱਡ ਕੇ ਅਜਾਦ ਫ਼ਲਸਤੀਨ ਦੀ ਸਥਾਪਤੀ ਨੂੰ ਨਹੀਂ ਮੰਨਦਾ, ਇਸ ਖਿੱਤੇ ਵਿੱਚ ਘਸਮਾਣ ਖਤਮ ਨਹੀਂ ਹੋਣਾਂ। ਹੁਣ ਤੱਕ ਤਾਂ ਭਾਰਤ ਦੀ ਵਿਦੇਸ਼ ਨੀਤੀ ਵੀ ਦੋਂ-ਦੇਸ਼ਾਂ ਦੀ ਸਥਾਪਨਾਂ ਦੇ ਹਕ ਵਿੱਚ ਰਹੀ ਹੈ।

ਅਸੂਲਾਂ ਅਤੇ ਸਥਿਰ ਤਰਕ ਤੋਂ ਸਖਣਾਂ ਇਹ ਮੌਜੂਦਾ ਵਿਸ਼ਵ ਘਸਮਾਂਣ ਮਾਨਵਤਾ ਦੇ ਭਵਿੱਖ ਲਈ, ਇਕ ਤਵਾਰੀਖੀ ਚੁਣੌਤੀ ਬਣ ਰਿਹੈ। ਸਵਾਰਥੀ ਜੰਗਜੂ ਤਾਕਤਾਂ - ਜ਼ਿੰਦਗੀਆਂ, ਜਨ-ਜੀਵਨ, ਜਾਨ-ਮਾਲ, ਪੈਦਾਵਾਰ ਦੇ ਸੋਮਿਆਂ, ਵਪਾਰ, ਵਾਤਾਵਰਣ, ਸੇਵਾ-ਸਹੂਲਤਾਂ, ਵਿਕਾਸ ਦੇ ਮੌਕੇ... ਤਬਾਹ ਕਰ ਰਹੀਆਂ ਹਨ। ਸਮਕਾਲੀ ਘਸਮਾਂਣਾਂ ਨੂੰ ਸਹੇੜਨ ਲਈ ਅਮਰੀਕਾ, ਇਜਰਾਇਲ ਅਤੇ ਰੂਸ ਦੇ ਵੋਟਰਾਂ ਵਲੋਂ, ਪਛਮੀਂ ਏਸ਼ੀਆ, ਮਧ-ਪੂਰਵ, ਯੋਰਪ ਦੇ ਪੂਰਵੀ ਖਿਤਿਆਂ ਨੂੰ ਹਮਲਾਵਰੀ ਜੰਗ ਦੇ ਮੈਦਾਨ ਬਣਾ ਦੇਣ ਦਾ ਕੋਈ ਵੀ ਜਮਹੂਰੀ ਫਤਵਾ ਨਹੀਂ ਦਿਤਾ ਹੋਇਆ। ਨਾਂ ਹੀ ਇਹ ਸੰਸਦੀ, ਸੰਯੁਕਤ ਰਾਸ਼ਟਰੀ ਅਤੇ ਮਾਨਵੀ ਪ੍ਰਕਿਰਿਆਵਾਂ ਅਧਾਰਿਤ ਜੰਗੀ ਫੈਸਲੇ ਹਨ। ਨਾਂ ਹੀ ਈਰਾਂਨ ਦੇ ਲੋਕਾਂ ਅਤੇ ਕੌਮਾਂਤਰੀ ਵਿਵਸਥਾਵਾਂ ਵਲੋਂ, ਦਹਿਸ਼ਤ ਫੈਲਾਉਣ ਅਤੇ ਵਪਾਰਕ ਸਮੁੰਦਰੀ ਰਾਹ ਰੋਕਣ ਲਈ ਕੋਈ ਫਤਵੇ ਦਿਤੇ ਹੋਏ ਸਨ।

ਵਰਤਮਾਨ ਘਾਤਕ ਘਸਮਾਂਣ ਅਤੇ ਵਿਸ਼ਵ ਆਰਥਿਕ ਸੰਕਟ ਲਈ, ਵਖ-ਵਖ ਪ੍ਰਸੰਗਾਂ ਵਿੱਚ ਜਿੰਮੇਵਾਰੀ ਟਰੰਪ-ਨੈਤਿਨਆਹੂ-ਖਮੀਨੀਆਂ-ਪੂਤਨ ਆਦਿ ਦੀ ਫੌਜੀ ਤੇ ਰਾਜਸੀ ਸ਼ਕਤੀ ਅਧਾਰਤ, ਆਪ-ਹੁਦਰੀ ਅਤੇ ਸਵੈ-ਹਿਤੀ ਸਿਆਸਤ ਹੈ। ਅਗਾਂਹ ਹੋਰ ਮਾਰੂ ਜੰਗੀ ਵਿਸਥਾਰ ਅਤੇ ਪ੍ਰਮਾਣੂ ਖਤਰਿਆਂ ਨੂੰ ਰੋਕਣਾਂ, ਹੋਰ ਵੀ ਵੱਡਾ ਚੈਲਿੰਜ ਬਣ ਗਿਆ ਹੈ। ਭਾਰਤ ਦੀ ਪ੍ਰਧਾਨਗੀ ਅਧੀਨ 'ਬਰਿਕਸ', ਉਧਰ ਯੋਰਪੀਅਨ ਯੂਨੀਅਨ ਅਤੇ ਕਾਮਨਵੈਲਥ ਦੇਸ਼, ਅਮਨ-ਵਾਰਤਾ ਹਿਤ ਸੰਭਾਵਿਤ 'ਸਾਂਝੀ ਅਗਵਾਈ' ਨਾਲ, ਇਕ ਵੱਡਾ ਕੌਮਾਂਤਰੀ ਮਹਾਜ ਖੜਾ ਕਰਨ ਯੋਗ ਹਨ - ਪਰ ਕੀ ਇਵੇਂ ਹੋ ਸਕੇਗਾ? ਫਿਰ ਵੀ, ਵਰਤਮਾਨ ਆਗੂ ਡੋਨਲਡ ਟਰੰਪ ਦੀ ਅਗਵਾਈ ਦੇ ਅਸਥਿਰ ਵਰਤਾਰੇ ਨੂੰ ਥੰਮਣ ਲਈ, ਸਮੇਤ ਅਮਰੀਕਨ ਲੋਕ ਦੀ ਰਾਏਆਮਾ ਦੇ, ਜੰਗਾਂ-ਯੁਧਾਂ ਵਿਰੋਧੀ ਉਭਾਰ ਬਣ ਰਿਹਾ ਹੈ। ਵਿਸ਼ਵ ਵਿਆਪੀ ਵਿਭਿੰਨ ਤਜਾਰਤੀ ਲੋੜਾਂ, ਤਕਨੀਤੀ ਖੋਜ-ਵਿਦਿਆ, ਮਾਨਵੀ ਹਿਤ, ਸਮਾਜਿਕ ਇਖਲਾਕ, ਕਦਰਾਂ-ਕੀਮਤਾਂ ਆਦਿ ਸਮੂਹਕ ਤੌਰ ਤੇ ਢਾਲ ਬਣ ਸਕਦੇ ਹਨ।

ਵੀਅਤਨਾਮ, ਦੱਖਣੀ ਅਮਰੀਕਾ, ਇਰਾਕ, ਲੀਬੀਆ, ਅਫਗਾਨਿਸਤਾਨ... ਵਰਗੇ ਹੋਰ ਤਜਰਬਿਆਂ ਰਾਹੀਂ, ਆਮ ਅਮਰੀਕਨ ਅਤੇ ਯੂਰਪੀਅਨ ਲੋਕ ਵੀ ਹੋਰ ਜਾਨ-ਮਾਲ ਦਾ ਨੁਕਸਾਨ ਨਹੀਂ ਕਰਵਾਉਂਣਾ ਚਾਹੁੰਦੇ। ਮੌਜੂਦਾ ਘਸਮਾਂਣ ਪੱਛਮ ਨੂੰ ਵੀ ਘੋਰ ਆਰਥਿਕ ਸੰਕਟ ਵਿੱਚ ਪਾ ਰਿਹਾ ਹੈ, ਬਜਟਾਂ ਤੋਂ ਵਧ ਸਰਮਾਇਆ ਫੌਜਾਂ ਅਤੇ ਮਾਰੂ ਹਥਿਆਰਾਂ ਦੀ ਸਨਅਤ ਤੇ ਲਗ ਰਿਹਾ ਹੈ। ਪੱਛਮ ਦਾ ਬਸਤੀਵਾਦੀ ਇਤਿਹਾਸ, ਸਮਕਾਲੀਨ ਅਮਰੀਕਨ ਵਰਤਾਰੇ ਅਤੇ ਸਤਾਹ ਦੇ ਗਲਿਆਰਿਆਂ 'ਚ ਇਖਲਾਕੀ ਨਿਘਾਰਾਂ ਕਾਰਨ ਮੁਕਾਮ ਡਿੱਗ ਰਿਹਾ ਹੈ। ਵਿਸ਼ਵ ਹੁਣ ਅਮਰੀਕਨ ਜਮਹੂਰੀਅਤਾ, ਮਾਨਵੀ ਅਜਾਦੀ, ਨਸਲੀ ਬਰਾਬਰਤਾ, ਕਾਨੂੰਨ-ਇਨਸਾਫ ਅਤੇ ਸੁਥਰੇ ਪ੍ਰਬੰਧਕੀ ਢਾਂਚਾਗਤ ਮਾਡਲਾਂ ਦੀ ਦਾਅਵੇਦਾਰੀ ਖੋਖਲੀ ਬਣਦੀ ਵੇਖ ਰਿਹਾ ਹੈ। ਯੋਰਪ ਪ੍ਰੇਸ਼ਾਨ ਹੈ, ਡਾਲਰ-ਯੋਰੋ ਦੀ ਥਾਂ ਯੂਆਂਨ, ਰੂਬਲ ਅਤੇ ਰੁਪਿਆ ਲੈਂਣ ਵਲ ਵਧ ਰਿਹੈ। ਜੰਗੀ ਬਰਬਾਦੀ ਮਗਰੋਂ ਉਸਾਰੀ-ਵਿਕਾਸ ਦੇ ਵੱਡੇ ਠੇਕਿਆਂ ਲਈ ਪੱਛਮੀ ਕਾਰਪੋਰੇਸ਼ਨਾਂ ਦੇ ਮੁਕਾਬਲੇ ਅਤੇ ਹਿਸੇਦਾਰੀ ਵਿੱਚ ਚੀਨ, ਰੂਸ, ਭਾਰਤ ਤੇ ਹੋਰ ਦੇਸ਼ ਵੀ ਸ਼ਾਮਲ ਹੋ ਸਕਣ ਲਈ ਯਤਨਸ਼ੀਲ ਹੋਂਣਗੇ।

ਭਾਰਤ ਨੇ ਜੇਕਰ ਵਾਕਿਆ ਹੀ ਵਿਕ-ਾਸਤ ਹੁੰਦਿਆਂ ਵਿਸ਼ਵ ਆਰਥਿਕ ਪ੍ਰਸੰਗ ਵਿੱਚ, 2047 ਤੱਕ ਦੂਜੇ ਅਤੇ 2075 ਤੱਕ ਪਹਿਲੇ ਦਰਜੇ ਦੀ ਵੱਡੀ ਆਰਥਿਕਤਾ ਦੇ ਮੁਕਾਮ ਤੇ ਪੁੱਜਣਾਂ ਹੈ ਤਾਂ, ਕੁਝ ਖਾਸ ਪਹਿਲੂਆਂ ਤੇ ਨਿਰੰਤਰ ਰਣਨੀਤਕ ਤਰੀਕੇ ਕਾਰਜਸ਼ੀਲ ਹੋਣਾਂ ਪਵੇਗਾ। ਪਹਿਲਾਂ ਰੂਸ-ਯੂਕਰੇਨ, ਇਜਰਾਇਲ-ਫਿਲਸਤੀਨ ਅਤੇ ਹੁਣ ਅਮਰੀਕਾ-ਈਰਾਨ ਵਾਲੇ ਨਿਘਾਰਿਕ ਜੰਗੀ ਵਰਤਿਆ ਤੋਂ ਸਬਕ ਸਿਖਣੇ ਪੈਣਗੇ। ਭਾਰਤ-ਪਾਕਿਸਤਾਨ ਨੂੰ, ਸਮੇਤ ਦਰਿਆਈ ਪਾਣੀਆਂ, ਕਸ਼ਮੀਰ, ਨਸ਼ਿਆ ਦੀ ਸਮਗਲਿੰਗ ਅਤੇ ਦਹਿਸ਼ਤਗਰਦੀ ਨਾਲ ਜੁੜਿਓ ਸਮੂਹਿਕ ਮਸਲਿਆਂ ਨੂੰ, ਦੋਵਲੀ ਵਾਰਤਾਲਾਪ ਅਤੇ ਸੰਧੀਆਂ ਰਾਹੀਂ ਹਲ ਕਰਨੇ ਪੈਂਣਗੇ। ਇਸ ਵਾਸਤੇ ਫੈਸਲਾਕੁੰਨ ਕੰਮ ਕਰਨਾਂ ਪਵੇਗਾ, ਪਾਕਿਸਤਾਨ ਜੇ ਈਰਾਨ-ਅਮਰੀਕਾ ਵਿਚਾਲੇ ਇਮਾਨਦਾਰੀ ਨਾਲ ਨਿਠ ਕੇ ਡਿਪਲੋਮੈਟਿਕ ਰੋਲ ਨਿਭਾਉਂਣ ਯੋਗ ਹੈ ਤਾਂ ਭਾਰਤ ਨਾਲ ਤਾਲਮੇਲ ਅਤੇ ਸਬੰਧ ਵੀ ਸੁਧਾਰਨ ਵਲ ਵਧ ਸਕਦੈ। ਜੰਗਾਂ-ਯੁਧਾਂ ਦੇ ਹਥਿਆਰਾਂ ਤੇ ਲਗਦਾ ਟੈਕਸਾਂ ਦਾ ਪੈਸਾ, ਦਖਣ-ਪਛਮੀ ਏਸ਼ੀਆ ਦੇ ਸਭ ਦੇਸ਼ਾਂ ਨਾਲ ਆਰਥਿਕ ਯੂਨੀਅਨ ਸਥਾਪਤ ਕਰਕੇ, ਸਥਾਨਕ ਕਰੰਸੀਆਂ ਅਧਾਰਤ ਵਪਾਰ-ਵਿਕਾਸ-ਵਿਸਥਾਰ ਤੇ ਲਾਉਣਾਂ ਲਾਹੇਵੰਦ ਹੋਵੇਗਾ। ਆਪਣੇਂ ਰਾਸ਼ਟਰ-ਹਿਤੀ ਤਰਕ ਨਾਲ, ਭਾਰਤ ਵਿਸ਼ਵ ਵਿਆਪਕ ਅਯਾਤ-ਨਿਰਯਾਤ ਸਭ ਵੱਡੇ-ਛੋਟੇ ਦੇਸ਼ਾਂ ਨਾਲ ਉਸਾਰਨ ਦੀ ਵਿਧੀ ਨੂੰ ਖੁਦਮੁਖਤਆਰੀ ਅਤੇ ਹੋਰ ਦ੍ਰਿੜਤਾ ਨਾਲ ਕਾਰਜਸ਼ੀਲਤਾ 'ਚ ਲਿਆਵੇ। ਅੰਦਰੂਨੀਂ ਰਾਸ਼ਟਰ-ਕੌਮੀ ਏਕਤਾ ਲਈ, ਅਨੇਕਤਾ ਦਾ ਸਤਿਕਾਰ ਕਰੇ ਅਤੇ ਲਟਕਦਿਆਂ ਮਸਲਿਆਂ ਨੂੰ ਹਲ ਕਰੇ। ਰਾਜਾਂ, ਘਟ ਗਿਣਤੀਆਂ ਅਤੇ ਹੋਰਨਾਂ ਵਰਗਾਂ ਦੀ ਸਵੈ-ਪਹਿਚਾਣ, ਹਿੱਤਾਂ ਅਤੇ ਉਮੀਦਾਂ ਦਾ ਸੰਵਿਧਾਨਕ ਹਲ ਅਮਲ ਵਿੱਚ ਲਿਆਵੇ। ਰਾਸ਼ਟਰ ਦੀ ਆਰਥਿਕਤਾ ਵਿੱਚ ਦੇਸ਼ ਵਿਆਪੀ ਪਿੰਡਾਂ, ਨਗਰਾਂ, ਸ਼ਹਿਰਾਂ, ਇਲਾਕਿਆਂ ਅਤੇ ਰਾਜਾਂ ਨੂੰ ਸਰਗਰਮ ਭਾਈਵਾਲ ਬਣਾਉਂਣ ਨਾਲ, ਵਿਕਾਸ ਹੋਰ ਤੇਜ਼ ਹੋ ਸਕਦਾ ਹੈ।

ਪੰਜਾਬ ਦੀ ਨਵੀਂ ਬਣਨ ਵਾਲੀ 2027-2032 ਦੀ ਸਰਕਾਰ ਨੂੰ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪ੍ਰਸਥਿਤੀਆਂ ਦੇ ਹਾਂਣੀਂ ਬਣਨਾਂ ਪਵੇਗਾ। ਕੌਮਾਂਤਰੀ ਚੇਤਨਤਾ ਨਾਲ ਭਵਿੱਖਤ ਉਸਾਰੀ-ਵਿਕਾਸ ਲਈ ਨਵੀਂਆਂ ਨੀਹਾਂ ਰਖਣੀਆਂ ਪੈਣਗੀਆਂ। ਪੰਜਾਬ, ਸਮੂਹਿਕ ਪੰਜਾਬੀ, ਪੰਜਾਬੀਅਤ ਅਤੇ ਸਿੱਖ-ਪੰਥ ਹੁਣ ਅੰਤਰ-ਰਾਜੀ ਅਤੇ ਕੌਮਾਂਤਰੀ ਹਸਤੀ ਹਨ। ਪੰਜਾਬ ਤੋਂ ਬਾਹਰ ਦੇਸ਼-ਵਿਦੇਸ਼ਾਂ 'ਚ ਵਸਦੇ ਪੰਜਾਬੀ, ਰਾਜ ਦੀ ਆਰਥਿਕਤਾ, ਵਿਦਿਆ, ਤਕਨੀਕ, ਸੇਹਤ-ਸੰਭਾਲ, ਵਿਰਸੇ ਦੀ ਸਾਂਭ-ਵਿਕਾਸ ਅਦਿ ਵਿਚ ਵੱਡਾ ਰੋਲ ਨਿਭਾਉਣ ਦੇ ਸਮਰੱਥ ਹਨ।1950ਵੇਂ-60ਵੇਂ-70ਵੇਂ ਦੇ ਦਹਾਕਿਆਂ ਵਾਲਾ ਉਤਸ਼ਾਹ ਸੁਰਜੀਤ ਕਰਨ ਲਈ, ਪੰਜਾਬ ਦਾ ਮਾਹੌਲ ਤੇ ਸਹੂਲਤਾਂ ਸਾਜ਼ਗਾਰ ਬਣਾਉਂਣੇਂ ਪੈਣਗੇ। ਬੀਤੇ ਅਤੇ ਗਵਾਚੇ 40 ਵਰਿਆਂ ਤੋਂ ਸਬਕ ਲੈ ਕੇ, ਭਵਿੱਖਤ ਮੌਕੇ ਸਾਂਭਣ-ਸੰਵਾਰਨ ਵਲ ਤੁਰਨਾਂ ਜਰੂਰੀ ਹੋਵੇਗਾ। ਪੰਜਾਬ ਦੇ ਬਾਹਰ ਜਾ ਰਹੇ ਸਰਮਾਏ ਦਾ ਰੁਖ ਮੋੜਨਾਂ ਪਵੇਗਾ। ਪ੍ਰਵਾਸੀ ਪੀੜੀਆਂ ਦੇ ਵਾਰਿਸ, ਰਹਿੰਦੀਆਂ ਜਾਇਦਾਦਾਂ ਵੇਚਣ ਤੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਤਕ ਹੀ ਸੀਮਤ ਨਾ ਰਹਿ ਜਾਂਣ। ਪੰਜਾਬ-ਭਾਰਤ ਨੂੰ ਵਿਰਸੇ ਨਾਲ ਜੁੜਿਓ, ਆਮ ਸੈਰ-ਸਪਾਟੇ ਅਤੇ ਖਰੀਦੋ-ਫਰੋਖਤ ਤੋਂ ਆਉਣ ਵਾਲੀ ਸਿਧੀ ਆਮਦਨ ਅਤੇ ਟੈਕਸ ਵੀ, ਹੋਰਨਾਂ ਦੇਸ਼ਾਂ ਵਲ ਜਾ ਰਹੇ ਹਨ। ਭਾਰਤ ਸਰਕਾਰ ਨਾਲ ਤਾਲਮੇਲ ਬਣਾਕੇ ਵਪਾਰ, ਧਾਰਮਿਕ ਯਾਤਰਾਵਾਂ ਅਤੇ ਟੂਰਿਜ਼ਮ ਲਈ ਬਾਰਡਰ ਖੁਲ੍ਹਵਾਉਣਾਂ; ਪੰਜਾਬ ਦੀ ਆਰਥਿਕਤਾ ਲਈ ਅਤਿਅੰਤ ਲਾਹੇਵੰਦ ਹੋਵੇਗਾ। ਪਾਕਿਸਤਾਨ ਰਾਹੀਂ ਹੋਈ ਅਮਰੀਕਨ-ਈਰਾਨੀਂ ਜੰਗਬੰਦੀ, ਜੇ ਸਮਝੌਤੇ ਤੱਕ ਪਹੁੰਚ ਜਾਵੇ ਤਾਂ ਸਰਹੱਦੀ ਰੋਕਾਂ ਮੁਕਾ ਕੇ, ਆਵਾਜਾਈ ਅਤੇ ਵਪਾਰਕ ਦਰਵਾਜ਼ੇ ਖੁਲ੍ਹ ਸਕਦੇ ਹਨ।

ਹਰ ਤਣਾਅ ਵਾਰਤਾਲਾਪ ਅਤੇ ਸੰਵਾਦ ਨਾਲ ਸੁਲਝਾਉਂਣਾ ਸੰਭਵ ਹੈ। ਦੇਸ਼ਾਂ-ਵਿਦੇਸ਼ਾਂ ਦੇ ਸਬੰਧਾਂ ਦੀ ਤਰਾਂ ਹੀ ਅਜੋਕੈ ਕੌਮਾਂਤਰੀ ਪੰਜਾਬ 'ਚ, ਪੰਜਾਬੀਆਂ ਅਤੇ ਸਿੱਖ-ਪੰਥ ਵਿੱਚ ਵਿਭਿੰਨ ਰਾਜਨੀਤਕ ਪਰਤਾਂ, ਝੁਕਾਅ ਅਤੇ ਧਾਰਾਵਾਂ ਹਨ। 2027-2032 ਦੀ ਪੰਜਾਬ ਸਰਕਾਰ ਨੂੰ ਬੀਤੇ ਨਾਲ ਸਭਿਅਕ ਤਰੀਕੇ ਨਿਭਦਿਆਂ, ਸਰਬਪੱਖੀ ਸਬੰਧਾਂ ਰਾਹੀਂ, ਸਮਰੱਥ ਤਰੀਕੇ ਤਰੇੜਾਂ ਭਰਦਿਆਂ, ਭਵਿੱਖ ਨਵਿਆਉਣ ਤੇ ਸੰਵਾਰਨ ਦਾ ਮੌਕਾ ਹੋਵੇਗਾ। ਘਾਤਕ ਸਮਕਾਲੀਨ ਘਸਮਾਂਣਾਂ ਦਾ ਸਨੇਹਾ ਸਪੱਸ਼ਟ ਹੈ: ਕੀ ਖੱਟਿਆ ਲਿਆ ਅਮਰੀਕਾ ਨੇ? ਦੇਸ਼-ਦੁਨੀਆਂ ਦੇ ਪ੍ਰਸੰਗ ਨੂੰ ਸਮਝਦਿਆਂ ਪੰਜਾਬ ਨੂੰ ਬਚਾਉਣ ਅਤੇ ਉਸਾਰਨ ਦਾ ਮੌਕਾ ਸਮੇਂ ਦੀ ਵੱਡੀ ਲੋੜ ਹੈ। ਸਵਾਲਾਂ ਦਾ ਸਵਾਲ ਅਤੇ ਉਤਰਾਂ ਦਾ ਉਤਰ ਇਹੋ ਹੋਵੇਗਾ ਕਿ ਕਿਸ ਹਦ ਤਕ 2027-32 ਦੀ ਨਵੀਂ ਪੰਜਾਬ ਸਰਕਾਰ, ਅੰਤਰ-ਰਾਜੀ, ਰਾਸ਼ਟਰੀ ਅਤੇ ਕੌਮਾਂਤਰੀ ਸਿੱਖ-ਪੰਥ ਅਤੇ ਪੰਜਾਬੀਆਂ ਦੀ ਸਮਰੱਥਾ, ਸੋਮਿਆ ਅਤੇ ਤਜ਼ਰਬਿਆਂ ਨੂੰ ਪੰਜਾਬ ਵਾਸਤੇ ਵਰਤੌਂ ਵਿਚ ਲਿਆ ਸਕੇਗੀ। ਪੰਜਾਬ ਦੀ ਅੰਦਰੂੰਨੀ-ਬਹਿਰੂੰਨੀ ਸੁਰੱਖਿਆ, ਅਮਨ-ਕਾਨੂੰਨ ਪਖੋਂ ਸਥਿਰਤਾ, ਨੌਜਵਾਨ ਪੀੜੀ ਦੀ ਸਾਂਭ-ਸੰਭਾਲ ਆਦਿ... 2027-32 ਦੀ ਸਰਕਾਰ ਸਾਹਮਣੇ ਬੁਨਿਆਦੀ ਅਤੇ ਵੱਡੇ ਚੈਲਿੰਜ ਹੋਣਗੇ। ਇਹਨਾਂ ਨਾਲ ਸਿਝਦਿਆਂ ਹੀ ਪੰਜਾਬ ਦੇ ਆਰਥਿਕ, ਸਮਾਜਿਕ, ਵਿਦਿਅਕ, ਤਕਨੀਕੀ, ਵਤਾਵਰਣੀਂ ਅਤੇ ਸਭਿਆਚਾਰਕ ਕਲਿਆਂਣ ਹੋ ਸਕਣਗੇ। ਪੰਜਾਬ ਦੇਸ਼-ਵਿਦੇਸ਼ ਦੇ ਹਾਂਣ ਦਾ ਬਣਕੇ ਅਗਾਂਹ ਵਧ ਸਕਦਾ ਹੈ।

**(ਲੇਖਕ ਯੂ ਕੇ 'ਚ ਪਹਿਲੇ ਏਸ਼ੀਅਨ ਕਾਲਜ ਪ੍ਰਿੰਸੀਪਲ ਤੇ ਚੀਫ ਅਗਜ਼ੈਕਟਿਵ ਵਜੋਂ ਸੇਵਾਮੁਕਤ ਹੋ ਕੇ, 11 ਪ੍ਰਕਾਸ਼ਨਾਵਾਂ ਮੁਕੰਮਲ ਕਰਨ ਉਪਰੰਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਲਸਫੇ ਦੀ ਸਮਕਾਲੀਨ ਅਗਵਾਈ ਤੇ ਕੰਮ ਕਰ ਰਹੇ ਹਨ)**

# ਹੱਥ 'ਤੇ ਸਰ੍ਹੋਂ

ਨਿਰਮਲ ਸਿੰਘ ਕੰਧਾਲਵੀ



ਬਲਜੀਤ ਕੋਲ ਗਿਣਤੀ ਦੇ ਦਿਨਾਂ ਦੀ ਹੀ ਛੁੱਟੀ ਸੀ। ਕਈ ਕੰਮ ਉਹਨੇ ਕਰਨੇ ਸਨ। ਸਿਆਲ ਦੇ ਛੋਟੇ ਛੋਟੇ ਦਿਨ ਸਨ, ਇਕ ਅੱਧੇ ਰਿਸ਼ਤੇਦਾਰ ਨੂੰ ਮਿਲਣ ਗਿਆਂ ਹੀ ਸਾਰੀ ਦਿਹਾੜੀ ਲੰਘ ਜਾਂਦੀ ਸੀ। ਉਹਦੀ ਇਕ ਦੂਰੋਂ ਲਗਦੀ ਮਾਸੀ ਸੀ ਜਿਨ੍ਹਾਂ ਦਾ ਪਿੰਡ ਕੋਈ ਦਸ ਕੁ ਮੀਲਾਂ ਦੀ ਵਿੱਥ 'ਤੇ ਸੀ। ਐਤਕੀਂ ਉਹ ਚਾਹੁੰਦਾ ਸੀ ਕਿ ਉਸ ਨੂੰ ਨਾ ਮਿਲਣ ਜਾਵੇ ਪਰ ਉਹਦੀ ਮਾਂ ਨੇ ਜ਼ੋਰ ਪਾ ਕੇ ਉਹਨੂੰ ਜਾਣ ਲਈ ਇਕ ਕਿਸਮ ਦਾ ਮਜ਼ਬੂਰ ਹੀ ਕਰ ਦਿੱਤਾ ਸੀ। ਉਹਨੇ ਪ੍ਰੋਗਰਾਮ ਬਣਾਇਆ ਕਿ ਉਹ ਸਵੇਰੇ ਸਵੇਰੇ ਜਾ ਕੇ ਦੁਪਹਿਰ ਹੁੰਦੀ ਤੱਕ ਮੁੜ ਆਵੇਗਾ।

ਉਹ ਕਾਫ਼ੀ ਸਾਝਰੇ ਹੀ ਮਾਸੀ ਦੇ ਪਿੰਡ ਪਹੁੰਚ ਗਿਆ। ਧੁੱਪੇ ਵਿਹੜੇ 'ਚ ਕੁਰਸੀਆਂ ਡਾਹ ਦਿੱਤੀਆਂ ਗਈਆਂ। ਮਾਸੀ ਨੇ ਰਸਮੀ ਜਿਹੀ ਰਾਜ਼ੀ-ਖ਼ੁਸ਼ੀ ਪੁੱਛਣ ਤੋਂ ਬਾਅਦ ਆਪਣੀਆਂ ਕਹਾਣੀਆਂ ਛੇੜ ਲਈਆਂ। ਆਪਣੇ ਮੁੰਡੇ ਹਰਪਾਲ ਨੂੰ ਬਾਹਰ ਭੇਜਣ ਲਈ ਉਹ ਬਲਜੀਤ ਦੀਆਂ ਸਲਾਹਾਂ ਲੈਣ ਲਗੀ। ਬਲਜੀਤ ਨੂੰ ਪਤਾ ਸੀ ਕਿ ਮਾਸੀ ਅਜੇ ਵੀ ਉਸ ਨਾਲ ਗੁੱਸੇ ਸੀ ਕਿਉਂਕਿ ਉਹਨੇ ਹਰਪਾਲ ਨੂੰ ਇੰਗਲੈਂਡ ਲੰਘਾਉਣ ਬਾਰੇ ਕੁਝ ਨਹੀਂ ਸੀ ਕੀਤਾ। ਮਾਸੀ ਨੂੰ ਭਾਵੇਂ ਪਤਾ ਵੀ ਸੀ ਕਿ ਬਲਰਾਜ ਨੂੰ ਇੰਗਲੈਂਡ ਜਾ ਕੇ ਕਾਫ਼ੀ ਔਕੁੜਾਂ ਦਾ ਸਾਹਮਣਾ ਕਰਨਾ ਪਿਆ ਸੀ ਪਰ ਮਾਸੀ ਨੂੰ ਇਨ੍ਹਾਂ ਗੱਲਾਂ 'ਚ ਕੋਈ ਦਿਲਚਸਪੀ ਨਹੀਂ ਸੀ, ਉਹ ਅਪਣਾ ਹੀ ਰਾਗ਼ ਅਲਾਪੀ ਜਾਂਦੀ ਸੀ। ਬਲਜੀਤ ਨੇ ਮਾਸੀ ਨੂੰ ਵਿੰਗੇ ਟੇਢੇ ਢੰਗ ਨਾਲ਼ ਆਪਣੀਆਂ ਮਜ਼ਬੂਰੀਆਂ ਦੱਸੀਆਂ ਪਰ ਮਾਸੀ ਕਿੱਥੇ ਯਕੀਨ ਕਰਦੀ ਸੀ। ਮਾਸੀ ਲਈ ਤਾਂ ਇੰਗਲੈਂਡ ਵਿਚ ਸ਼ਹਿਦ ਦੀਆਂ ਨਦੀਆਂ ਅਤੇ ਸੋਨੇ ਦੇ ਪਹਾੜ ਸਨ। ਉਸ ਨੇ ਬੜੀਆਂ ਮਿਹਣਿਆਂ ਭਰੀਆਂ ਚਿੱਠੀਆਂ ਵੀ ਬਲਜੀਤ ਨੂੰ ਲਿਖੀਆਂ ਸਨ।

ਇਕੋ ਇਕ ਲੜਕਾ ਸੀ ਉਹਦਾ। ਜ਼ਮੀਨ ਜਾਇਦਾਦ ਵੀ ਚੰਗੀ ਸੀ। ਪਰ ਮਾਸੀ ਹਰ ਹਾਲਤ ਵਿਚ ਹਰਪਾਲ ਨੂੰ ਬਾਹਰ ਭੇਜਣ 'ਤੇ ਤੁਲੀ ਹੋਈ ਸੀ। ਉਹਦੇ ਜੇਠ ਦਾ ਮੁੰਡਾ ਕਿਸੇ ਤਰ੍ਹਾਂ ਅਮਰੀਕਾ ਲੰਘ ਗਿਆ ਸੀ, ਬਸ ਉਦੋਂ ਤੋਂ ਮਾਸੀ ਦੇ ਦਿਮਾਗ਼ ਵਿਚ ਵਿਦੇਸ਼ ਦਾ ਭੂਤ ਬੈਠ ਗਿਆ ਸੀ।

ਪਿਛਲੇ ਸਾਲ ਬਲਜੀਤ ਨੂੰ ਇੰਗਲੈਂਡ ਵਿਚ ਹੀ ਪਤਾ ਲੱਗ ਗਿਆ ਸੀ ਕਿ ਹਰਪਾਲ ਚੋਰੀਂ ਇਟਲੀ ਨੂੰ ਜਾਂਦਾ ਹੋਇਆ ਰਾਹ ਵਿਚ ਹੀ ਪੁਲੀਸ ਦੇ ਹੱਥ ਆ ਗਿਆ ਸੀ ਤੇ ਉਹਨੀਂ ਜਹਾਜ਼ੇ ਚੜ੍ਹਾ ਕੇ ਡੀਪੋਰਟ ਕਰ ਦਿੱਤਾ ਸੀ। ਦਿੱਲੀ ਉੱਤਰਦਿਆਂ ਹੀ ਉਹਨੂੰ ਪੁਲਿਸ ਨੇ ਕਾਬੂ ਕਰ ਲਿਆ। ਕਾਫ਼ੀ ਖੱਜਲ ਖੁਆਰੀ ਅਤੇ ਪੰਡ ਰੁਪੱਈਆਂ ਦੀ ਲਾ ਕੇ ਉਹਦਾ ਪਿਉ ਉਹਨੂੰ ਛੁਡਵਾ ਕੇ ਲਿਆਇਆ ਸੀ। ਲੋਕ ਦੱਬਵੀਂ ਜ਼ੁਬਾਨ ਵਿਚ ਵਧਾਈਆਂ ਵੀ ਦਿੰਦੇ ਸਨ ਕਿ ਸ਼ੁਕਰ ਕਰੋ ਕਿ ਮੁੰਡਾ ਮਾਲਟਾ ਕਿਸ਼ਤੀ-ਕਾਂਡ ਵਰਗੇ ਹਾਦਸੇ ਵਿਚ ਆਪਣੀ ਜਾਨ ਨਹੀਂ ਸੀ ਗੰਵਾ ਬੈਠਾ। ਉਹਦਾ ਬਾਪ ਉਹਨੂੰ ਕਿਤੇ ਵੀ ਭੇਜ ਕੇ ਰਾਜ਼ੀ ਨਹੀਂ ਸੀ। ਪਰ ਮਾਂ ਪੁੱਤ ਇਕ ਪਾਸੇ ਤੇ ਬਾਪੂ ਇਕ ਪਾਸੇ।

ਬਲਜੀਤ ਨੇ ਆਪ ਕੋਈ ਗੱਲ ਨਾ ਛੇੜੀ ਉਹਨੂੰ ਪਤਾ ਸੀ ਕਿ ਮਾਸੀ ਨੇ ਇਸੇ ਬਹਾਨੇ ਉਹਨੂੰ ਫੇਰ ਮਿਹਣੇ ਮਾਰਨੇ ਸਨ। ਮਾਸੀ ਨੇ ਸਗੋਂ ਆਪ ਹੀ ਚਟਖ਼ਾਰੇ ਲਾ ਲਾ ਕੇ ਹਰਪਾਲ ਦੀ ਵਾਪਿਸ ਮੁੜਨ ਦੀ ਕਹਾਣੀ ਸੁਣਾਈ ਤੇ ਨਾਲ ਹੀ ਉਹਨੇ ਪੜਦੇ ਨਾਲ ਦੱਸਿਆ ਕਿ ਹਰਪਾਲ ਹੁਣ ਨਾਮ ਬਦਲ ਕੇ ਹੋਰ ਪਾਸਪੋਰਟ ਬਣਵਾ ਰਿਹਾ ਸੀ। ਮਾਸੀ ਨੂੰ ਹੁਣ ਬਸ ਇਕੋ ਚਿੰਤਾ ਵੱਢ ਵੱਢ ਖਾਂਦੀ ਸੀ ਕਿ ਏਨਾ ਚਿਰ ਹੋ ਗਿਆ ਸੀ ਪਾਸਪੋਰਟ ਬਣ ਕੇ ਨਹੀਂ ਸੀ ਆਇਆ ਅਜੇ।

ਉਹ ਸਾਰੇ ਚਾਹ ਪੀ ਰਹੇ ਸਨ ਕਿ ਬਾਹਰ ਗਲੀ ਚੋਂ ਆਵਾਜ਼ ਆਈ "ਟੇਵੇ ਲੁਆ ਲਉ, ਪੱਤਰੀ ਪੜ੍ਹਾ ਲਉ, ਵਿਗੜੇ ਕਾਰਜ ਸੁਆਰ ਲਉ।" ਮਾਸੀ ਚਾਹ ਵਿਚੇ ਹੀ ਛੱਡ ਕੇ ਬਾਹਰਲੇ ਗੇਟ ਵਲ ਨੂੰ ਦੌੜੀ ਤੇ ਜੋਤਸ਼ੀ ਨੂੰ ਅੰਦਰ ਲੈ ਆਈ। ਜੋਤਸ਼ੀ ਨੇ ਆਪਣਾ ਸਾਈਕਲ ਕੰਧ ਨਾਲ ਖੜ੍ਹਾ ਕਰ ਦਿੱਤਾ ਅਤੇ ਬੜੇ ਆਰਾਮ ਨਾਲ ਮੰਜੇ ਉੱਪਰ ਬੈਠ ਗਿਆ ਅਤੇ ਉਹਨੇ ਸਾਰੇ ਚਿਹਰਿਆਂ ਉੱਪਰ ਇਕ ਪੜਚੋਲਵੀਂ ਨਜ਼ਰ ਸੁੱਟੀ।

"ਹਾਂ ਤੋ, ਮਾਤਾ ਜੀ ਕਿਆ ਕਸ਼ਟ ਹੈ," ਜੋਤਸ਼ੀ ਨੇ ਆਪਣੀ ਐਨਕ ਦੀ ਡੰਡੀ ਠੀਕ ਕਰਦਿਆਂ ਪੁੱਛਿਆ।

ਬਲਜੀਤ ਦਾ ਜੀਅ ਕੀਤਾ ਕਿ ਉਹ ਜੋਤਸ਼ੀ ਤੋਂ ਪੁੱਛੇ ਪਈ ਭੜੂਆ ਜੇ ਤੈਂ ਘਰ ਵਾਲਿਆਂ ਤੋਂ ਹੀ ਕਸ਼ਟ ਪਤਾ ਕਰਨੈ ਫਿਰ ਤੂੰ ਜੋਤਸ਼ੀ ਕਾਹਦਾ ਐਂ? ਪਰ ਉਹ ਮਾਸੀ ਦੇ ਸੁਭਾਅ ਤੋਂ ਵਾਕਿਫ਼ ਸੀ ਜਿਸ ਕਰ ਕੇ ਉਹ ਚੁੱਪ ਹੀ ਰਿਹਾ। ਮਾਸੀ ਦੀ ਧਾਗੇ ਤਵੀਤਾਂ ਵਿਚ ਅਥਾਹ ਸ਼ਰਧਾ ਸੀ। ਉਹਨੂੰ ਯਾਦ ਸੀ ਕਿ ਇਕ ਵਾਰੀ ਨਿੱਕੇ ਹੁੰਦਿਆਂ ਉਹ ਜਦੋਂ ਮਾਸੀ ਦੇ ਕੋਲ ਆਇਆ ਹੋਇਆ ਸੀ ਤਾਂ ਇਕ ਦਿਨ ਉਹ ਵਾਲ ਖਿਲਾਰ ਕੇ ਖੇਲ੍ਹਣ ਲੱਗ ਪਈ ਸੀ। ਮਾਸੜ ਖੇਤੋਂ ਭੁੱਖਾ-ਭਾਣਾ ਮੁੜਿਆ ਤਾਂ ਮਾਸੀ ਕਹੇ ਉਹਦੇ ਨੇੜੇ ਨਾ ਕੋਈ ਆਵੇ, ਨਹੀਂ ਤਾਂ ਸਭ ਨੂੰ ਭਸਮ ਕਰ ਦਊ। ਮਾਸੜ ਨੇ ਅੱਗਾ ਦੇਖਿਆ ਨਾ ਪਿੱਛਾ ਧੈਂ ਧੈਂ ਕਰ ਕੇ ਪਰੈਣੀ ਨਾਲ ਮਾਸੀ ਧਾਫੜ ਦਿੱਤੀ। ਉਸ ਤੋਂ ਬਾਅਦ ਕਦੇ ਮਾਸੀ ਵਿਚ ਓਪਰੀ ਸ਼ੈਅ ਨਹੀਂ ਆਈ। ਪਰ ਜਿਵੇਂ ਚੋਰ ਚੋਰੀ ਤਾਂ ਛੱਡ ਦਿੰਦੈ ਪਰ ਹੇਰਾ ਫੇਰੀ ਨਹੀਂ ਛੱਡਦਾ, ਇਸੇ ਤਰ੍ਹਾਂ ਹੀ ਮਾਸੀ ਨੇ ਵੀ ਜੋਤਸ਼ੀਆਂ ਤੇ ਧਾਗੇ ਤਵੀਤਾਂ ਵਾਲਿਆਂ ਦਾ ਖਹਿੜਾ ਨਾ ਛੱਡਿਆ।

"ਪੰਡਤ ਜੀ, ਕਾਕੇ ਦੇ ਪਾਸਕੋਰਟ ਦੇ ਕੰਮ 'ਚ ਕਿਸੇ ਔਂਤ ਜਾਣੇ ਨੇ ਕੁਸ ਕੀਤਾ ਹੋਇਐ, ਇਹ ਰੰਡੀਆਂ ਖਸਮਾਂ ਖਾਣੀਆਂ ਸਾਰਾ ਦਿਨ ਟੂਣੇ ਟਾਮਣ ਈ ਕਰਵਾਉਂਦੀਆਂ ਰਹਿੰਦੀਆਂ," ਮਾਸੀ ਹੁਣ ਗੁਆਂਢੀਆਂ ਦੇ ਘਰ ਵਲ ਬਾਹਾਂ ਉਲਾਰ ਉਲਾਰ ਕੇ ਸਲਵਾਤਾਂ ਦੇਣ ਲੱਗ ਪਈ ਸੀ।

ਜੋਤਸ਼ੀ ਨੂੰ ਬਣਿਆਂ ਬਣਾਇਆ ਮਸਾਲਾ ਮਿਲ ਰਿਹਾ ਸੀ ਪਰ ਉਹ ਡਰਦਾ ਵੀ ਸੀ ਕਿ ਜੇ ਉਹਦੇ ਬੈਠਿਆਂ ਬੈਠਿਆਂ ਦੋਨਾਂ ਟੱਬਰਾਂ ਵਿਚ ਲੜਾਈ ਹੋ ਗਈ ਤਾਂ ਕਿਤੇ ਉਹਦਾ ਆਪਣਾ ਹੀ ਛਿੱਤਰ- ਪੌਲਾ ਨਾ ਹੋ ਜਾਵੇ ਤੇ ਨਾਲੇ ਬਣੀ ਬਣਾਈ ਸਾਮੀ ਮਾਰੀ ਜਾਊ।

"ਮਾਤਾ ਜੀ, ਸਾਡੇ ਕੋਲ ਹਰ ਮਰਜ਼ ਦਾ ਉਪਾਅ ਹੈਗਾ, ਉੱਚੀ ਬੋਲਿਆਂ ਦੇਵਤੇ ਨਾਰਾਜ਼ ਹੋ ਜਾਂਦੇ ਐ, ਲੋਕਾਂ ਨੇ ਭੈੜੇ ਕੰਮ ਕਰੀ ਜਾਣੇ ਐ ਤੇ ਅਸੀਂ ਲੋਕਾਂ ਦਾ ਭਲਾ ਕਰੀ ਜਾਣੈ," ਜੋਤਸ਼ੀ ਢਿੱਡ ਵਿਚ ਵੜਦਾ ਜਾ ਰਿਹਾ ਸੀ। ਮਾਸੀ ਵੀ ਹੁਣ ਕੁਝ ਢਿੱਲੀ ਪੈ ਗਈ ਸੀ। ਜੋਤਸ਼ੀ ਖ਼ਾਲੀ ਕਾਗ਼ਜ਼ 'ਤੇ ਲੀਕਾਂ ਮਾਰ ਮਾਰ ਖਾਨੇ ਬਣਾ ਰਿਹਾ ਸੀ।

"ਮਾਤਾ ਜੀ, ਤੇਰੇ ਕਿਸੇ ਦੁਸ਼ਮਣ ਨੇ ਤੁਹਾਡੇ ਘਰ 'ਤੇ ਚੌਵੀਏ ਦਾ ਟੂਣਾ ਕਰਵਾਇਆ ਹੋਇਐ, ਮੈਂ ਦੇਖ ਲਿਐ, ਇਹ ਟੂਣਾ ਬਹੁਤ ਨਹਿਸ਼ ਹੁੰਦੈ, ਬਣੇ ਬਣਾਏ ਕੰਮ ਵਿਗਾੜ ਦਿੰਦੈ," ਜੋਤਸ਼ੀ ਨੇ ਐਨਕਾਂ ਦੇ ਉਪਰੋਂ ਦੀ ਦੇਖਦਿਆਂ ਕਿਹਾ।

"ਮੈਨੂੰ ਤਾਂ ਪਹਿਲਾਂ ਹੀ ਸ਼ੱਕ ਸੀ ਇਹਨਾਂ ਔਂਤ ਜਾਣੀਆਂ 'ਤੇ। ਇਹ ਕਲਜੋਗਣਾਂ ਟੂਣੇ ਟਾਮਣ ਕਰਨ ਵਾਲੇ ਧਗੜਿਆਂ ਨੂੰ ਸਾਰਾ ਸਾਰਾ ਦਿਨ ਆਪਣੇ ਘਰੀਂ ਵਾੜ ਰਖਦੀਆਂ। ਪੰਡਤ ਜੀ, ਮਾਰੋ ਕੋਈ ਰੇਖ 'ਚ ਮੇਖ, ਕੱਖ ਨਾ ਰਵ੍ਹੇ ਇਹਨਾਂ ਹੈਂਸਿਆਰੀਆਂ ਦਾ," ਮਾਸੀ ਅਜੇ ਵੀ ਗਰਮ ਸੀ ਪਰ ਹੁਣ ਉਹ ਗੁਆਂਢੀਆਂ ਦੇ ਘਰ ਵਲ ਬਾਹਾਂ ਉਲਾਰ ਉਲਾਰ ਕੇ ਨਹੀਂ ਸੀ ਬੋਲ ਰਹੀ।

"ਮਾਤਾ ਜੀ, ਸਬਰ ਰੱਖੋ ਸਬਰ, ਜਿਹੜਾ ਸਾਡੀ ਕਾਰ ਵਿਚ ਆ ਗਿਆ, ਉਹਦਾ ਅਸੀਂ ਵਾਲ ਵਿੰਗਾ ਨਈਂ ਹੋਣ ਦਿੰਦੇ," ਜੋਤਸ਼ੀ ਦੇ ਚਿਹਰੇ 'ਤੇ ਸਾਮੀ ਫ਼ਸ ਜਾਣ ਦਾ ਇਕ ਅਜਬ ਜਿਹਾ ਸਕੂਨ ਸੀ।

"ਭ ਮਾਰ੍ਹਾਜ ਜੀ, ਇਹ ਚੌਵੀਆ ਕੀ ਹੁੰਦੈ ਜੀ?" ਮਾਸੀ ਨੇ ਜੋਤਸ਼ੀ ਤੋਂ ਆਪਣੀ ਸ਼ੰਕਾ ਨਵਿਰਤ ਕਰਨੀ ਚਾਹੀ।

ਮਾਸੀ ਦੇ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਜੋਤਿਸ਼ੀ ਨੇ ਬੜੀ ਘੋਖਵੀਂ ਨਜ਼ਰ ਨਾਲ ਬਲਜੀਤ ਵਲ ਦੇਖਿਆ ਜਿਵੇਂ ਤਾੜ ਰਿਹਾ ਹੋਵੇ ਕਿ ਇਹ ਸੂਟ ਬੂਟ ਵਾਲਾ ਬੰਦਾ ਕਿਤੇ ਸ਼ਿਕਾਰ ਹੀ ਨਾ ਭਜਾ ਦੇਵੇ ਕਿਉਂਕਿ ਉਹ ਹੁਣ ਤੱਕ ਕੁਝ ਵੀ ਬੋਲਿਆ ਨਹੀਂ ਸੀ। ਜੋਤਸ਼ੀ ਨੂੰ ਬਲਜੀਤ ਦੀ ਚੁੱਪ ਅੰਦਰੋ ਅੰਦਰੀ ਬਹੁਤ ਤੰਗ ਕਰ ਰਹੀ ਸੀ ਜਿਵੇਂ ਇਹ ਬੰਦਾ ਅਚਾਨਕ ਵਿਸਫੋਟ ਕਰ ਕੇ ਉਸ ਦੀ ਸਾਰੀ ਖੇਡ ਖ਼ਰਾਬ ਕਰ ਦੇਵੇਗਾ। ਉਧਰ ਬਲਜੀਤ ਦੇ ਮਨ ਵਿਚ ਜੋਤਸ਼ੀ ਦੇ ਪਾਖੰਡ ਵਿਰੁੱਧ ਯੁੱਧ ਚਲ ਰਿਹਾ ਸੀ। ਉਹਦਾ ਮਨ ਤਾਂ ਕਰਦਾ ਸੀ ਕਿ ਜੋਤਸ਼ੀ ਦੀ ਪੋਲ ਖੋਲ੍ਹ ਦੇਵੇ ਪਰ ਦੂਜੇ ਪਾਸੇ ਮਾਸੀ ਦਾ ਪੱਕੀ ਇੱਟ ਵਰਗਾ ਵਿਸ਼ਵਾਸ਼। ਉਹਨੇ ਮਨ ਹੀ ਮਨ ਸੋਚਿਆ ਕਿ ਮਾਸੀ ਤਾਂ ਅੱਗੇ ਹੀ ਉਹਨੂੰ ਉਲਾਂਭੇ ਦਿੰਦੀ ਐ ਤੇ ਰੱਬ ਨਾ ਕਰੇ ਜੇ ਹਰਪਾਲ ਦੇ ਪਾਸਪੋਰਟ ਦਾ ਕੰਮ ਵਿਗੜ ਗਿਆ ਜਾਂ ਜੇ ਕੋਈ ਹੋਰ ਮਾਮਲਾ ਪੁੱਠਾ ਪੈ ਗਿਆ ਤਾਂ ਮਾਸੀ ਫਿਰ ਸਾਰੀ ਉਮਰ ਦਾ ਕਲੰਕ ਉਹਦੇ ਮੱਥੇ 'ਤੇ ਹੀ ਥੱਪ ਦੇਵੇਗੀ। ਸੋ, ਲੰਮੀ ਸੋਚ ਕੇ ਉਹ ਚੁੱਪ ਹੀ ਰਿਹਾ।

"ਮਾਤਾ ਜੀ, ਇਹ ਚੌਵੀਏ ਦਾ ਟੂਣਾ ਹੁੰਦੈ, ਇਹ ਟੂਣਾ ਚੌਵੀ ਦਿਨ ਵਗਦੇ ਪਾਣੀ 'ਚ ਖੜ੍ਹੇ ਹੋ ਕੇ ਸਿੱਧ ਕਰਨਾ ਪੈਂਦੈ। ਜਿਸ ਬੰਦੇ 'ਤੇ ਇਹ ਟੂਣਾ ਕੀਤਾ ਜਾਵੇ, ਉਸ ਦੇ ਹਰ ਕੰਮ ਵਿਘਨ ਪੈਂਦੇ ਆ ਫਿਰ," ਇੰਨਾ ਕਹਿ ਕੇ ਜੋਤਸ਼ੀ ਨੇ ਫਿਰ ਬਲਜੀਤ ਵਲ ਦੇਖਿਆ ਜਿਵੇਂ ਪੂਰੀ ਤਸੱਲੀ ਕਰ ਲੈਣੀ ਚਾਹੁੰਦਾ ਹੋਵੇ ਕਿ ਉਹ ਉਹਦੇ ਕੰਮ ਵਿਚ ਦਖ਼ਲ ਨਹੀਂ ਦੇਵੇਗਾ।

"ਪੰਡਤ ਜੀ ਇਹਦਾ ਕੋਈ ਉਪਾਅ?" ਮਾਸੀ ਕਾਹਲੀ ਪਈ ਹੋਈ ਸੀ।

"ਮਾਤਾ ਜੀ, ਜਿਹੜੇ ਰੱਬ ਨੇ ਮੁਸੀਬਤਾਂ



ਪੈਦਾ ਕਰੀਆਂ, ਉਨ੍ਹਾਂ ਦੇ ਇਲਾਜ ਵੀ ਨਾਲ ਈ ਦੱਸੇ ਐ, ਬੱਸ ਉਪਾਅ ਕਰਵਾਉਣ ਵਾਲਾ ਪੂਰੀ ਸ਼ਰਧਾ ਰੱਖਦਾ ਹੋਵੇ, ਸ਼ੱਕ ਨਾ ਕਰੇ।

ਮਾਤਾ ਜੀ, ਲਉ ਸੁਣੋ, ਮਜ਼ਬੂਤ ਜਿਹਾ ਕੱਪੜਾ ਲੈ ਕੇ ਛੇ ਗਿੱਠਾਂ ਇਕ ਪਾਸੇ ਨੂੰ ਅਤੇ ਚਾਰ ਗਿੱਠਾਂ ਇਕ ਪਾਸੇ ਨੂੰ ਮਿਣ ਕੇ ਉਹਦਾ ਥੈਲਾ ਬਣਾ ਕੇ ਕਣਕ ਨਾਲ ਜਾਂ ਆਟੇ ਨਾਲ ਭਰੋ, ਘਰੇ ਸੋਨੇ ਦੇ ਗਹਿਣੇ ਤਾਂ ਹੋਣੇ ਈਂ ਆਂ, ਸੋਨੇ ਦੀਆਂ ਜ਼ੰਜੀਰੀਆਂ ਹੋਣ ਜਿਹਨਾਂ ਦੀ ਲੰਬਾਈ ਚੌਵੀ ਇੰਚ ਹੋਵੇ। ਇਸ ਉਪਾਅ 'ਚ ਮਾਤਾ ਜੀ ਚੌਵੀਏ ਦਾ ਪੂਰਾ ਹਿਸਾਬ ਰੱਖਣਾ ਪੈਂਦੈ ਨਹੀਂ ਤਾਂ ਉਪਾਅ ਕਰਨ ਕਰਵਾਉਣ ਵਾਲੇ ਦੀ ਖ਼ੈਰ ਨਈਂ, ਹਾਂ ਸੱਚ, ਚੌਵੀ ਇੰਚ ਉੱਚੀ ਬਾਲਟੀ ਦੇਸੀ ਘਿਉ ਨਾਲ ਭਰੋ ਤੇ ਬਾਕੀ ਮੇਰੇ 'ਤੇ ਛੱਡੋ," ਜੋਤਸ਼ੀ ਨੇ ਵਿਹੜੇ ਦੇ ਦੂਜੇ ਬੰਨੇ ਮੱਝਾਂ ਬੰਨ੍ਹੀਆਂ ਦੇਖ ਕੇ ਘਿਉ ਦਾ ਆਰਡਰ ਵੀ ਨਾਲ ਹੀ ਕਰ ਦਿੱਤਾ ਸੀ।

ਬਸ ਫਿਰ ਕੀ ਸੀ ਮਾਸੀ ਭੰਬੀਰੀ ਹੋ ਗਈ। ਕੁਛ ਹੀ ਦੇਰ 'ਚ ਉਹਨੇ ਸਾਰਾ ਸਾਮਾਨ ਤਿਆਰ ਕਰ ਕੇ ਜੋਤਸ਼ੀ ਦੇ ਸਾਈਕਲ 'ਤੇ ਲਦਾ ਦਿੱਤਾ। ਜੋਤਸ਼ੀ ਨੇ ਤਾਂਬੇ ਦੇ ਇਕ ਤਵੀਤ ਵਿਚ ਕਾਗਜ਼ ਦੇ ਨਿੱਕੇ ਨਿੱਕੇ ਕੁਝ ਟੁਕੜੇ ਤੁੰਨੇ ਤੇ ਮਾਸੀ ਨੂੰ ਫੜਾ ਕੇ ਤਾਗੀਦ ਕੀਤੀ ਕਿ ਸਵੇਰੇ ਸੁੱਚੇ ਮੂੰਹ ਤਵੀਤ ਨੂੰ ਧੂਫ਼ ਦੇ ਕੇ ਕਾਕੇ ਦੇ ਡੌਲੇ ਨਾਲ ਬੰਨ੍ਹ ਦੇਵੇ। ਜੋਤਸ਼ੀ ਨੇ ਇਹ ਕਹਿ ਕੇ ਉਥੋਂ ਖਿਸਕਣ ਦੀ ਕੀਤੀ ਕਿ ਉਹਨੇ ਘਰ ਜਾ ਕੇ ਚੌਵੀਏ ਦੇ ਮੰਤਰ ਨੂੰ ਸਿੱਧ ਕਰਨ ਲਈ ਪਾਠ ਕਰਨਾ ਸੀ।

ਜੋਤਸ਼ੀ ਨੂੰ ਗਿਆਂ ਅਜੇ ਅੱਧਾ ਘੰਟਾ ਵੀ ਨਹੀਂ ਸੀ ਹੋਇਆ ਕਿ ਡਾਕੀਏ ਨੇ ਆ ਬੂਹਾ ਖੜਕਾਇਆ ਤੇ ਬੋਲਿਆ "ਓਏ ਹਰਪਾਲ, ਓਏ ਹਰਪਾਲ, ਤੇਰੀ ਰਜਿਸਟਰੀ ਆ ਗਈ ਬਈ, ਮੈਨੂੰ ਲਗਦੈ ਇਹਦੇ 'ਚ ਤੇਰਾ ਪਾਸ-ਪੋਰਟ ਈ ਹੋਣੈ। ਪਾਸਪੋਰਟ ਦਫ਼ਤਰ 'ਚ ਹੜਤਾਲ ਰਹੀ ਐ, ਇਸੇ ਕਰ ਕੇ ਲੇਟ ਹੋ ਗਿਐ ਬਈ।"

ਹਰਪਾਲ, ਜੋ ਕਿ ਅਜੇ ਹੁਣੇ ਹੀ ਚੁਬਾਰੇ ਚੋਂ ਕੋਈ ਚੀਜ਼ ਲੈਣ ਗਿਆ ਸੀ ਦੁੜੰਗੇ ਮਾਰਦਾ ਹੋਇਆ ਆਇਆ ਤੇ ਉਹਨੇ ਆਉਂਦੇ ਨੇ ਡਾਕੀਏ ਦੇ ਹੱਥੋਂ ਰਜਿਸਟਰੀ ਲੈ ਕੇ ਇੰਜ ਪਾੜੀ ਜਿੱਦਾਂ ਆਵਾਰਾ ਕੁੱਤੇ ਪਿੰਡ 'ਚ ਆਏ ਨਵੇਂ ਪਟਵਾਰੀ ਦਾ ਪਜਾਮਾ ਪਾੜਦੇ ਐ। ਰਜਿਸਟਰੀ ਵਿਚ ਪਾਸਪੋਰਟ ਹੀ ਸੀ।

ਮਾਸੀ ਇਕੋ ਗੱਲ ਕਹੀ ਜਾਂਦੀ ਸੀ, "ਜੋਤਸ਼ੀ ਨੇ ਹੱਥ 'ਤੇ ਸਰ੍ਹੋਂ ਜਮਾ 'ਤੀ, ਜੋਤਸ਼ੀ ਨੇ ਹੱਥ 'ਤੇ ਸਰ੍ਹੋਂ ਜਮਾ 'ਤੀ।"

# SEEKS GOVERNOR'S INTERVENTION FOR IMPARTIAL INQUIRY AND RESTORATION OF COMMUNAL HARMONY IN UTTARAKHAND INCIDENT


– ਲੇਖਕ –

ਇਕਬਾਲ ਸਿੰਘ ਲਾਲਪੁਰਾ

ਫੋਨ: 91 97800 03333




Dr. Iqbal Singh Lalpura, former Chairman of the National Commission for Minorities, Government of India, and former IPS Officer, has written to His Excellency the Governor of Uttarakhand seeking immediate intervention and appropriate directions to the State Government regarding the recent clash involving Nihang Sikhs and local residents in Karnaprayag, Chamoli district.

Expressing deep concern over the unfortunate incident, Dr. Lalpura stated that what reportedly began as a road rage and parking dispute has acquired disturbing dimensions, leading to apprehensions and misunderstandings among members of the Sikh community across the country. According to representations received from members of the Nihang community, they were allegedly attacked first and reacted in self-defence. However, instead of conducting an impartial investigation to establish the sequence of events and identify the actual aggressors, the local police reportedly arrested the Nihang Sikhs and seized their traditional weapons.

Dr. Lalpura pointed out that Sikhs are a notified minority community under the National Commission for Minorities Act, 1992, and that Article 25 of the Constitution of India specifically recognizes the right of Sikhs to wear and carry the Kirpan as an integral part of their faith. Nihang Sikhs have historically carried spears and other traditional arms as part of their martial heritage and these constitutional and religious rights must be duly respected.

He expressed concern that the handling of the incident by the local police has created confusion and resentment and that a local altercation is now being perceived and propagated in some quarters as an attack on members of the Sikh minority community. Such perceptions, he said, are harmful to communal harmony and to the centuries-old bonds of brotherhood and mutual respect between Sikhs and the people of Uttarakhand.

Dr. Lalpura emphasized that Dehradun owes its historical identity to Guru Ram Rai Ji, the revered elder son of the Seventh Sikh Guru, Sri Guru Har Rai Ji, and that Sikhs have had a peaceful and constructive presence in the region for centuries.

In his representation to the Governor, Dr. Lalpura has sought:

• An impartial investigation by senior police officers at the level of Inspector General of Police or above.

• Examination of the role of all parties involved, including local residents and police officials, so that responsibility is fixed solely on the basis of evidence.

• Preservation and examination of social media posts, videos uploaded by members of the public, CCTV footage and other digital evidence to ascertain the true sequence of events.

• Confidence-building measures to prevent misunderstanding and to ensure that the incident is not given a communal colour.

• Dialogue and reconciliation between the two groups through the intervention of the State administration, community leaders and religious representatives to restore trust and goodwill.

Dr. Lalpura has also urged the authorities to ensure that justice is not only done but is seen to be done, so that communal harmony and the long-standing bonds between the Sikh community and the people of Uttarakhand are preserved.

Copies of the representation have been forwarded to the Hon'ble Chief Minister of Uttarakhand, the Secretary, National Commission for Minorities, Government of India, and the Chief Secretary, Government of Uttarakhand.

Issued by:
Dr. Iqbal Singh Lalpura
Former Chairman
National Commission for
Minorities, Government of India
Former IPS Officer

# ਬਰਤਾਨੀਆਂ ਵਿੱਚ ਦਸਤਾਰ ਲਈ ਸੰ਼ਘਰਸ਼ ਕਰਨ ਵਾਲੇ ਗਿਆਨੀ ਸੁੰਦਰ ਸਿੰਘ ਸਾਗਰ ਦੇ ਪੁਰਾਣੇ ਘਰ ਨੂੰ ਇਤਿਹਾਸਕ ਦਰਜ਼ਾ ਦਿੰਦਿਆਂ ਨੀਲੀ ਤਖ਼ਤੀ ਸਥਾਪਿਤ



ਗਿਆਨੀ ਸੁੰਦਰ ਸਿੰਘ ਸਾਗਰ ਅਤੇ ਉਹਨਾਂ ਦੇ ਘਰ ਦੇ ਬਾਹਰ ਲੱਗੀ ਨੀਲੀ ਤਖ਼ਤੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿੱਚ ਦਸਤਾਰ ਪਹਿਣ ਕੇ ਮੋਟਰ ਸਾਈਕਲ ਚਲਾਉਣ, ਲੋਹ ਟੋਪ ਤੋਂ ਛੋਟ ਅਤੇ ਕੰਮਕਾਰ ਵਾਲੀਆਂ ਥਾਵਾਂ ਤੇ ਦਸਤਾਰ ਪਹਿਣ ਕੇ ਕੰਮ ਕਰਨ ਲਈ ਸਿੱਖਾਂ ਨੇ ਵੱਡੇ ਸ਼ੰਘਰਸ਼ ਕੀਤੇ ਹਨ। ਇਹਨਾਂ ਸ਼ੰਘਰਸ਼ਾਂ ਵਿੱਚ ਓਲਡ ਟ੍ਰੈਫੋਰਡ, ਮਾਨਚੈਸਟਰ ਵਿੱਚ ਰਹਿਣ ਵਾਲੇ ਗਿਆਨੀ ਸੁੰਦਰ ਸਿੰਘ ਸਾਗਰ ਨੇ ਵੱਡਾ ਯੋਗਦਾਨ ਪਾਇਆ। ਬੀਤੇ ਦਿਨੀ ਗਿਆਨੀ ਸੁੰਦਰ ਸਿੰਘ ਸਾਗਰ ਦੇ ਪੁਰਾਣੇ ਨਿਵਾਸ ਅਸਥਾਨ 38 ਰੇਨੋਲਡਜ਼ ਰੋਡ ਓਲਡ ਟ੍ਰੈਫੋਰਡ, ਮਾਨਚੈਸਟਰ ਵਿਖੇ ਉਨ੍ਹਾਂ ਦੇ 109ਵੇਂ ਜਨਮ ਦਿਨ ਮੌਕੇ ਬਲੂ ਪਲੈਕ (ਨੀਲੀ ਤਖ਼ਤੀ) ਸਥਾਪਿਤ ਕੀਤੀ ਗਈ। ਉਦਘਾਟਨੀ ਸਮਾਰੋਹ ਮੌਕੇ ਟ੍ਰੈਫੋਰਡ ਕੌਂਸਲ ਦੀ ਸੱਭਿਆਚਾਰ, ਕਲਾ ਅਤੇ ਵਿਰਾਸਤ ਮਾਮਲਿਆਂ ਦੀ ਕਾਰਜਕਾਰੀ ਮੈਂਬਰ ਕੌਂਸਲਰ ਈਵ ਪਾਰਕਰ ਨੇ ਕਿਹਾ ਕਿ ਗਿਆਨੀ ਸੁੰਦਰ ਸਿੰਘ ਸਾਗਰ ਦੇ ਜੀਵਨ ਅਤੇ ਉਨ੍ਹਾਂ ਦੀ ਇਤਿਹਾਸਕ ਦੇਣ ਦਾ ਜਸ਼ਨ ਮਨਾਉਣ ਲਈ ਭਾਈਚਾਰੇ ਨਾਲ ਸ਼ਾਮਲ ਹੋਣਾ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਦੀ ਦਲੇਰੀ, ਦ੍ਰਿੜਤਾ ਅਤੇ ਬਰਾਬਰੀ ਪ੍ਰਤੀ ਅਟੁੱਟ ਵਚਨਬੱਧਤਾ ਨੇ ਨਾ ਸਿਰਫ਼ ਟ੍ਰੈਫੋਰਡ ਅਤੇ ਗ੍ਰੇਟਰ ਮਾਨਚੈਸਟਰ ਵਿੱਚ ਸਿੱਖਾਂ ਦੇ ਜੀਵਨ ਨੂੰ ਬਦਲਿਆ, ਬਲਕਿ ਸਾਰਿਆਂ ਲਈ ਇੱਕ ਨਿਰਪੱਖ ਅਤੇ ਬਰਾਬਰਤਾ ਵਾਲਾ ਸਮਾਜ ਸਿਰਜਣ ਵਿੱਚ ਵੀ ਮਦਦ ਕੀਤੀ। ਇਹ ਬਲੂ ਪਲੈਕ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਅਤੇ ਹੱਕ ਸੱਚ ਲਈ ਖੜ੍ਹੇ ਹੋਣ ਦੇ ਸਦੀਵੀ ਪ੍ਰਭਾਵ ਦੀ ਹਮੇਸ਼ਾ ਯਾਦ ਦਿਵਾਉਂਦੀ ਰਹੇਗੀ। ਦੱਸਣਯੋਗ ਹੈ ਕਿ ਗਿਆਨੀ ਸਾਗਰ ਦਾ ਜਨਮ ਅਣਵੰਡੇ ਪੰਜਾਬ ਦੇ ਪਿੰਡ ਘਲੋਟੀਆਂ ਕਲਾਂ, ਸਿਆਲਕੋਟ ਵਿੱਚ ਹੋਇਆ ਸੀ ਅਤੇ ਉਹ 1948 ਵਿੱਚ ਮਾਨਚੈਸਟਰ ਆ ਕੇ ਵੱਸ ਗਏ ਸਨ। 1959 ਵਿੱਚ ਬੱਸ ਕੰਡਕਟਰ ਦੀ ਨੌਕਰੀ ਲਈ ਵਰਦੀ ਦੇ ਨਿਯਮਾਂ ਕਾਰਨ ਪੱਗ ਦੀ ਮਨਾਹੀ ਸੀ ਜਿਸ ਲਈ ਉਹਨਾਂ ਸੱਤ ਸਾਲ ਲੰਮਾਂ ਸੰਘਰਸ਼ ਲੜ੍ਹਿਆ। ਅਖ਼ੀਰ ਅਕਤੂਬਰ 1966 ਵਿੱਚ ਉਨ੍ਹਾਂ ਦੀਆਂ ਕੋਸ਼ਿਸ਼ਾਂ ਰੰਗ ਲਿਆਈਆਂ, ਜਦੋਂ ਮਾਨਚੈਸਟਰ ਦੀ ਟ੍ਰਾਂਸਪੋਰਟ ਕਮੇਟੀ ਨੇ ਦਸਤਾਰ ਨੂੰ ਸਰਕਾਰੀ ਵਰਦੀ ਦਾ ਹਿੱਸਾ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ। ਜਿਸ ਤੋਂ ਬਾਅਦ ਉਹਨਾਂ ਮੋਟਰ-ਸਾਈਕਲ ਕਰੈਸ਼ ਹੈਲਮੇਟ (ਧਾਰਮਿਕ ਛੋਟ) ਐਕਟ 1976' ਪਾਸ ਕਰਵਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਗਿਆਨੀ ਸੁੰਦਰ ਸਿੰਘ ਸਾਗਰ ਦਾ 25 ਦਸੰਬਰ 1996 ਨੂੰ 79 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ।


# ਗੁਰੂ ਨਾਨਕ ਗੁਰਦੁਆਰਾ ਗਲਾਸਗੋ (ਸਕੌਟਲੈਂਡ) ਵਿਖੇ 2 ਸੇਵਾਦਾਰਾਂ ਦੀ ਜ਼ਰੂਰਤ

## 2 VACANCIES - Job Title: Minister of Religion at GURU NANAK GURDWARA GLASGOW

An opportunity has arisen for the posts of minister of religion (x2) at Guru Nanak gurdwara, Glasgow. We need Kirtani Jatha of 2 minister of religion (tier 2) to do the following duties:

***Job Purpose:*** Perform and Understand Gurbani Kirtan hymns, katha and playing the Harmonium and Tabla in accordance with the tenets of the Sikh Faith. Main Duties include: Performing Kirtan, Nitnem, Sukhmani Sahib Path, Ardaas and Sukhasan duties, alongside other general Gurdwara duties. Officiating at weddings, funerals and other ceremonies in accordance with Sikh Maryada.

Recite the daily Sikh prayer from Sri Guru Granth Sahib Ji, singing hymns, conduct weekly Diwan and preach Sikh Religion to congregation. Home visitation. To work collaboratively with all internal teams, departments and external agencies. Any other job as directed by the Gurdwara Committee. The Workers will be responsible for locking and unlocking the Gurdwara premises.

***Personnel Specification:*** Working Hours: 20 hours per week

**Salary:** National Minimum Wage per working hour.

**Benefits:** - accommodation within gurdwara (not free)

**Requirements:** Must be able to read and speak Punjabi and English. Must have sufficient experience. Clean character certificate required from previous employer. Good communicational and interpersonal skills.

**Other details:** Applicants have to be a UK resident or have the right to work in the UK.

**Closing Date:** *Please send your application before 3rd July 2026*

***How to Apply-*** *To apply, please complete the application form at the link below or scan the QR code: https://form.jotform.com/Glasgow_info/application-form*

FOR MORE INFORMATION PLEASE CONTACT :- **Whats App 0141 334 9125**

**GURU NANAK GURDWARA**
**19-27 OTAGO ST., GLASGOW, G12 8JJ, U.K.**

### ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਲੇਖ

# ਦਿੱਲੀ ਦੇ ਬਾਦਸ਼ਾਹ ਫ਼ਰੱਖਸੀਅਰ ਨੇ ਬੰਦਾ ਸਿੰਘ ਬਹਾਦਰ ਨੂੰ ਸਿੱਖਾਂ ਵਿੱਚ ਬਦਨਾਮ ਕਰਵਾ ਕੇ ਇਕ ਸਾਜ਼ਿਸ਼ੀ ਨੀਤੀ ਅਨੁਸਾਰ ਗ੍ਰਿਫ਼ਤਾਰ ਕਰਕੇ ਸ਼ਹੀਦ ਕੀਤਾ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



## 27 ਮਈ 1710 ਨੂੰ ਦਰਬਾਰ-ਏ-ਖ਼ਾਲਸਾ ਦੀ ਪਹਿਲੀ ਸੰਸਦ ਰਾਹੀਂ ਬੰਦਾ ਸਿੰਘ ਬਹਾਦਰ ਨੇ ਖ਼ਾਲਸਾ ਰਾਜ ਸਥਾਪਤ ਕਰਕੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਂਅ 'ਤੇ ਸਿੱਕੇ ਤੇ ਮੋਹਰਾਂ ਜਾਰੀ ਕਰ ਦਿੱਤੀਆਂ

1711 ਸਾਲ ਵਿੱਚ ਬੰਦਾ ਸਿੰਘ ਬਹਾਦਰ ਨੇ ਸਾਰੀਆਂ ਪਹਾੜੀ ਰਿਆਸਤਾਂ ਅਤੇ ਰਾਵੀ ਬਿਆਸ ਦਰਿਆਵਾਂ ਦੇ ਮੈਦਾਨੀ ਇਲਾਕੇ ਵਿੱਚ ਪੂਰੀ ਤਰ੍ਹਾਂ ਖ਼ਾਲਸਾ ਰਾਜ ਸਥਾਪਿਤ ਕਰ ਲਿਆ ਸੀ। 1711 ਦੀ ਤਰ੍ਹਾਂ 1712 ਸਾਲ ਵੀ ਖ਼ਾਲਸੇ ਦਾ ਸਾਲ ਸੀ ਅਤੇ ਇਨ੍ਹਾਂ ਦੋ ਸਾਲਾਂ ਦੌਰਾਨ ਰਾਵੀ ਤੋਂ ਲੈ ਕੇ ਜਮਨਾ ਤੱਕ ਦੇ ਖੇਤਰ ਉਪਰ ਵੀ ਖ਼ਾਲਸੇ ਦਾ ਹੀ ਰਾਜ ਸੀ, ਦਿਨ ਰਾਤ ਖ਼ਾਲਸੇ ਦੇ ਜੈਕਾਰੇ ਗੂੰਜਦੇ ਸਨ, ਦੂਜੇ ਪਾਸੇ 1712 ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਲਈ ਬੜਾ ਸੰਕਟ ਮਈ ਸਮਾਂ ਸੀ, ਉਸ ਨੂੰ ਲਗਾਤਾਰ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਭੇਜੀਆਂ ਗਈਆਂ ਮੁਹਿੰਮਾਂ ਦੀ ਅਸਫਲਤਾਵਾਂ ਦੀਆਂ ਖ਼ਬਰਾਂ ਮਿਲ ਰਹੀਆਂ ਸਨ।

ਦਿੱਲੀ ਦਾ ਬਾਦਸ਼ਾਹ ਬੰਦਾ ਸਿੰਘ ਬਹਾਦਰ ਦੀ ਯੁੱਧ ਨੀਤੀ ਤੋਂ ਇੰਨਾ ਭੈ-ਭੀਤ ਹੋ ਗਿਆ ਤੇ ਇੰਨਾ ਡਰ ਗਿਆ ਕਿ ਕਿਤੇ ਦਾੜ੍ਹੀ ਵਾਲੇ ਹਿੰਦੂਆਂ ਵਿੱਚ ਕੋਈ ਸਿੱਖ ਹੀ ਨਾ ਹੋਵੇ ਜੋ ਬੰਦਾ ਸਿੰਘ ਬਹਾਦਰ ਲਈ ਸੂਹੀਏ ਦਾ ਕੰਮ ਕਰਦਾ ਹੋਵੇ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਬਾਦਸ਼ਾਹੀ ਦਫ਼ਤਰਾਂ ਵਿੱਚ ਜਿਤਨੇ ਭੀ ਹਿੰਦੂ ਪੇਸ਼ਕਾਰ ਨੌਕਰ ਹਨ ਉਹ ਆਪਣੀਆਂ ਦਾੜ੍ਹੀਆਂ ਮੁੰਨਵਾ ਦੇਣ ਤਾਂ ਕਿ ਹਿੰਦੂ ਸਿੱਖ ਦੇ ਫਰਕ ਦਾ ਪਤਾ ਲੱਗਦਾ ਰਹੇ। ਫਿਰ ਹਿੰਦੂ ਦੀਵਾਨਾਂ ਅਤੇ ਪੇਸ਼ਕਾਰਾਂ ਨੇ ਇਸ ਹੁਕਮ ਦੀ ਤੁਰੰਤ ਪਾਲਣਾ ਕਰਦੇ ਹੋਏ ਤੁਰੰਤ ਦਾੜ੍ਹੀਆਂ ਮੁਨਾ ਦਿੱਤੀਆਂ, ਜਿਸ ਤੋਂ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਖ਼ਿਲਤਾਂ ਬਖ਼ਸ਼ੀਆਂ। ਹੋਰ ਬਹਾਦਰ ਸ਼ਾਹ ਦਿਨ-ਪਰ ਦਿਨ ਬੰਦਾ ਸਿੰਘ ਬਹਾਦਰ ਦੇ ਖ਼ੌਫ਼ ਨਾਲ ਬੇਚੈਨ ਰਹਿਣ ਲੱਗ ਪਿਆ ਤੇ ਅੰਤ ਵਿੱਚ ਇੰਨਾ ਬੇਜਾਰ ਹੋ ਗਿਆ ਕਿ ਉਹ ਆਪਣਾ ਦਿਮਾਗੀ ਸੰਤੁਲਨ ਗਵਾ ਬੈਠਾ ਤੇ ਸਿੱਟੇ ਵਜੋਂ ਬਹਾਦਰ ਸ਼ਾਹ ਪਾਗਲ ਹੋ ਗਿਆ। ਸੈਨਿਕ ਜਰਨੈਲਾਂ ਅਤੇ ਰਾਜ ਦਰਬਾਰੀਆਂ ਦੀਆਂ ਨਿਗਾਹਾਂ ਕਾਂ ਵਾਂਗ ਬਾਦਸ਼ਾਹ ਵੱਲ ਲੱਗੀਆਂ ਹੋਈਆਂ ਸਨ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਪਾਸ ਇੰਨੀ ਤਾਕਤ ਸੀ ਕਿ ਉਹ ਮੁਗਲਸ਼ਾਹੀ ਦੀ ਡਾਵਾਂਡੋਲ ਹਾਲਤ ਦਾ ਫਾਇਦਾ ਉਠਾਉਣ ਲਈ ਆਪਣੀ ਪੂਰੀ ਤਾਕਤ ਨਾਲ ਪਹਾੜਾਂ ਉਤੋਂ ਉਤਰ ਕੇ ਮੈਦਾਨੀ ਇਲਾਕਿਆਂ ਵਿੱਚ ਆ ਗਿਆ ਸੀ। ਜਨਵਰੀ ਫ਼ਰਵਰੀ ਦੇ ਦੋਵੇਂ ਮਹੀਨੇ ਸਾਰੀ ਮੁਗਲਸ਼ਾਹੀ ਬਾਦਸ਼ਾਹ ਦੇ ਆਲੇ ਦੁਆਲੇ ਕੇਂਦਰਿਤ ਹੋਈ ਰਹੀ ਤੇ ਅਖੀਰ 27-28 ਫ਼ਰਵਰੀ, 1712 ਦੀ ਵਿੱਚਕਾਰਲੀ ਰਾਤ ਨੂੰ ਬਾਦਸ਼ਾਹ ਮਰ ਗਿਆ ਸੀ। ਇਹੀ ਸਮਾਂ ਸੀ ਜਦੋਂ ਬੰਦਾ ਸਿੰਘ ਬਹਾਦਰ ਨੇ ਪਹਾੜਾਂ ਤੋਂ ਤੂਫਾਨ ਵਾਂਗ ਮੈਦਾਨਾਂ ਵਿੱਚ ਆ ਕੇ ਪੰਜਾਬ ਵਿੱਚ ਆਪਣੇ ਅਫ਼ਸਰ ਤਾਇਨਾਤ ਕਰ ਦਿੱਤੇ, ਉਹ ਫਿਰ ਤੋਂ ਲੋਹਗੜ੍ਹ ਦੇ ਕਿਲ੍ਹੇ ਵਿੱਚ ਆ ਗਿਆ ਸੀ। ਫਿਰ ਤੋਂ ਕਿਲ੍ਹੇ ਦੀ ਤਾਮੀਰ ਕਰਵਾਈ ਗਈ, ਖ਼ਾਲਸੇ ਦੇ ਸਿੱਕੇ ਤੇ ਮੋਹਰਾਂ ਜਾਰੀ ਰੱਖੀਆਂ, ਕਲਾਨੌਰ,



ਬਟਾਲਾ ਅਤੇ ਹੁਸ਼ਿਆਰਪੁਰ ਦਾ ਇਲਾਕਾ ਪਹਿਲੋਂ ਹੀ ਬੰਦਾ ਸਿੰਘ ਦੇ ਕਬਜ਼ੇ ਵਿੱਚ ਸੀ। ਜੇ ਇਉਂ ਕਹਿ ਲਿਆ ਜਾਵੇ ਕਿ ਰਾਵੀ-ਬਿਆਸ ਦੇ ਦਬਾਬ ਦਾ ਉਪਰਲਾ ਇਲਾਕਾ ਅਤੇ ਸਾਰੇ ਬਿਸਤ-ਦਬਾਬ ਸਮੇਤ ਪਹਾੜੀ ਰਿਆਸਤਾਂ ਦਾ ਅਤੇ ਸਤਲੁੱਜ ਤੋਂ ਜਮੁਨਾ ਤੱਕ ਦਾ ਵਿਸ਼ਾਲ ਖੇਤਰ ਖ਼ਾਲਸੇ ਦੀ ਸਲਤਨਤ ਸੀ ਤਾਂ ਵੀ ਇਸ ਵਿੱਚ ਕੋਈ ਅਤਿ ਕਥਨੀ ਨਹੀਂ ਹੋ ਸਕਦੀ।

ਬਹਾਦਰ ਸ਼ਾਹ ਬਾਦਸ਼ਾਹ ਕੀ ਮਰਿਆ ਕਿ ਉਸ ਦੇ ਚਾਰੇ ਪੁੱਤਰਾਂ ਵਿੱਚ ਤਖ਼ਤ ਪ੍ਰਾਪ-ਤੀ ਲਈ ਜੰਗ ਛਿੜ ਪਈ, ਇਸ ਜੰਗ ਵਿੱਚ ਬਾਦਸ਼ਾਹ ਦੇ ਪੁੱਤਰ ਜਹਾਂਦਾਰ ਸ਼ਾਹ ਦੀ ਜਿੱਤ ਹੋਈ ਪਰ ਉਹ ਅਤਿ ਦਰਜੇ ਦਾ ਸ਼ਰਾਬੀ ਅਤੇ ਵਿੱਭਚਾਰੀ ਸੀ। ਜੋ ਜ਼ਿਆਦਾ ਦੇਰ ਰਾਜ ਪ੍ਰਬੰਧ ਨਾ ਚਲਾ ਸਕਿਆ। 31 ਜਨਵਰੀ, 1713 ਨੂੰ ਜਹਾਂਦਾਰ ਦੇ ਭਤੀਜੇ ਫ਼ਰੱਖਸੀਅਰ ਨੇ ਜਹਾਂਦਾਰ ਨੂੰ ਕਤਲ ਕਰਵਾ ਦਿੱਤਾ ਤੇ ਫ਼ਰੱਖਸੀਅਰ ਆਪ ਦਿੱਲੀ 'ਤੇ ਕਾਬਜ਼ ਹੋ ਗਿਆ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਨੇ ਖ਼ਾਲਸਾ ਰਾਜ ਦੀਆਂ ਹੱਦਾਂ ਵਧਾਉਣ ਲਈ ਲਾਹੌਰ ਦੇ ਸੂਬੇਦਾਰ ਅਤੇ ਦਿੱਲੀ ਦੇ ਬਾਦਸ਼ਾਹ ਦੇ ਨੱਕ ਵਿੱਚ ਦਮ ਕੀਤਾ ਹੋਇਆ ਸੀ। ਖ਼ਾਲਸਾ ਫੌਜਾਂ ਅਤੇ ਸ਼ਾਹੀ ਸੈਨਾ ਵਿੱਚਕਾਰ ਹੋਈਆਂ ਜੰਗਾਂ ਵਿੱਚ ਮੁਗ਼ਲ ਸਾਮਰਾਜ ਦੇ ਚੋਟੀ ਦੇ 30 ਤੋਂ ਵੱਧ ਜਰਨੈਲ ਅਤੇ ਸੂਬਾ ਸਰਹੰਦ ਵਰਗੇ ਵੱਡੇ-ਵੱਡੇ ਅਹਿਲਕਾਰ ਮਾਰੇ ਜਾ ਚੁੱਕੇ ਸਨ। ਦੁਨੀਆਂ ਵਿੱਚ ਸਭ ਤੋਂ ਤਾਕਤਵਰ ਮੰਨੇ ਜਾਣ ਵਾਲੇ ਦਿੱਲੀ ਦੇ ਦੋ ਬਾਦਸ਼ਾਹ ਖ਼ਾਲਸਾ ਰਾਜ ਦੀ ਬਲੀ ਚੜ੍ਹ ਚੁੱਕੇ ਸਨ। ਫ਼ਰੱਖਸੀਅਰ ਭਾਵੇਂ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋ ਗਿਆ ਸੀ ਪਰ ਬੰਦਾ ਸਿੰਘ ਬਹਾਦਰ ਦੀ ਏਨੀ ਤਾਕਤ ਵੱਧ ਚੁੱਕੀ ਸੀ ਕਿ ਫ਼ਰੱਖਸੀਅਰ ਦਾ ਕੋਈ ਵੀ ਮੁਗ਼ਲ ਜਰਨੈਲ ਪੰਜਾਬ ਵੱਲ ਨੂੰ ਮੂੰਹ ਕਰਨ ਨੂੰ ਤਿਆਰ ਨਹੀਂ ਸੀ, ਲਾਹੌਰ ਦੇ ਸੂਬੇਦਾਰ ਨੂੰ ਤਾਂ ਫ਼ਿਕਰ ਪਿਆ ਹੋਇਆ ਸੀ ਕਿ ਖ਼ਾਲਸਾ ਫੌਜਾਂ ਕਿਤੇ ਲਾਹੌਰ ਅਤੇ ਦਿੱਲੀ ਉਤੇ ਹਮਲੇ ਕਰਕੇ ਲਾਹੌਰ 'ਤੇ ਕਾਬਜ਼ ਨਾ ਹੋ ਜਾਣ, ਕਿਉਂਕਿ ਬੰਦਾ ਸਿੰਘ ਬਹਾਦਰ ਨੇ ਦਿੱਲੀ ਦੇ ਬਾਦਸ਼ਾਹ ਅਤੇ ਲਾਹੌਰ ਦੇ ਸੂਬੇਦਾਰ ਦੇ ਜ਼ੁਲਮ ਅਤੇ ਅਤਿਆਚਾਰ ਰੋਕਣ ਲਈ ਅਤੇ ਖ਼ਾਲਸਾ ਰਾਜ ਦੀਆਂ ਹੱਦਾਂ ਵਧਾਉਣ ਵਾਲੀ ਲੜੀ ਜਾ ਰਹੀ ਲੜਾਈ ਨੂੰ ਧਾਰਮਿਕ ਲੜਾਈ ਨਹੀਂ ਸੀ ਬਣਨ ਦਿੱਤਾ।

ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਪੰਜ ਹਜ਼ਾਰ ਮੁਸਲਮਾਨ ਵੀ ਭਰਤੀ ਹੋ ਗਏ ਸਨ। ਬੰਦਾ ਸਿੰਘ ਬਹਾਦਰ ਨੇ ਮੁਸਲਮਾਨ ਸਿਪਾਹੀਆਂ ਨੂੰ ਨਮਾਜ਼ ਪੜ੍ਹਨ ਅਤੇ ਉਨ੍ਹਾਂ ਦੀਆਂ ਸਾਰੀਆਂ ਧਾਰਮਿਕ ਰਸਮਾਂ ਇਸਲਾਮ ਮੱਤ ਅਨੁਸਾਰ ਮਨਾਉਣ ਦੀ ਖੁੱਲ੍ਹ ਦਿੱਤੀ ਹੋਈ ਸੀ ਅਤੇ ਤਨਖ਼ਾਹ ਵੀ ਮੁਗ਼ਲ ਬਾਦਸ਼ਾਹ ਨਾਲੋਂ ਜ਼ਿਆਦਾ ਦਿੰਦਾ ਸੀ। ਇਕ ਮੁਸਲਮਾਨ ਅਹਿਲਕਾਰ ਦੀਨਦਾਰ ਖਾਂ ਅੰਮ੍ਰਿਤ ਛੱਕ ਕੇ ਦੀਨਦਾਰ ਸਿੰਘ ਬਣ ਗਿਆ ਸੀ ਅਤੇ ਇਕ ਖ਼ਬਰ ਨਵੀਸ, ਨਸੀਰ ਖਾਨ ਅੰਮ੍ਰਿਤ ਛੱਕ ਕੇ ਨਸੀਰ ਸਿੰਘ ਬਣ ਗਿਆ ਸੀ। ਬੰਦਾ ਸਿੰਘ ਬਹਾਦਰ ਦੀਆਂ ਚੜ੍ਹਦੀ ਕਲਾਂ ਵਾਲੀਆਂ ਇਹ ਖ਼ਬਰਾਂ ਸੁਣ ਕੇ ਖ਼ਾਲਸਾ ਫੌਜ ਸ਼ਾਹੀ ਫੌਜਾਂ ਨਾਲੋਂ ਜ਼ਿਆਦਾ ਤਾਕਤਵਰ ਹੋ ਰਹੀ ਹੈ, ਫ਼ਰੱਖਸੀਅਰ ਨੇ ਰਾਜ ਸੱਤਾ ਸੰਭਾਲਦਿਆਂ ਹੀ ਲਾਹੌਰ ਦੇ ਸੂਬੇਦਾਰ ਅਬੱਦੁਸ ਸਮੱਦ ਖਾਨ ਸਮੇਤ ਸਾਰੇ ਮੁਗ਼ਲ ਜਰਨੈਲਾਂ ਨੂੰ ਸੱਦ ਕੇ ਬੰਦਾ ਸਿੰਘ ਬਹਾਦਰ ਨੂੰ ਮਾਰਨ ਜਾਂ ਜਿਉਂਦਿਆਂ ਗ੍ਰਿਫ਼ਤਾਰ ਕਰਨ ਲਈ ਹੁਕਮ ਸੁਣਾ ਦਿੱਤਾ ਪਰ ਲਾਹੌਰ ਦੇ ਸੂਬੇਦਾਰ ਸਮੇਤ ਸਾਰੇ ਮੁਗ਼ਲ ਜਰਨੈਲਾਂ ਨੇ ਇਕ ਮੱਤ ਹੁੰਦਿਆਂ ਫ਼ਰੱਖਸੀਅਰ ਬਾਦਸ਼ਾਹ ਨੂੰ ਕਿਹਾ ਕਿ ਬੰਦਾ ਸਿੰਘ ਦੀ ਅਗਵਾਈ ਵਿੱਚ ਲੜ ਰਹੀਆਂ ਖ਼ਾਲਸਾ ਫੌਜਾਂ ਨੂੰ ਮੈਦਾਨ ਵਿੱਚ ਲੜਕੇ ਹਰਾਉਣਾ ਬਹੁਤ ਔਖਾ ਹੈ ਇਸ ਕਰਕੇ ਨੀਤੀ ਇਹ ਵਰਤੀ ਜਾਵੇ ਕਿ ਖ਼ਾਲਸਾ ਫੌਜਾਂ ਵਿੱਚ ਫੁੱਟ ਪਾ ਕੇ ਉਨ੍ਹਾਂ ਨੂੰ ਦੋ ਧੜਿਆਂ ਵਿੱਚ ਵੰਡ ਲਿਆ ਜਾਵੇ, ਪਹਿਲਾਂ ਉਨ੍ਹਾਂ ਦੇ ਇਕ ਧੜੇ ਨੂੰ ਆਪਣੇ ਨਾਲ ਜੋੜ ਕੇ ਦੂਜੇ ਧੜੇ ਨੂੰ ਖ਼ਤਮ ਕਰ ਦਿੱਤਾ ਜਾਵੇ ਅਤੇ ਬਾਅਦ ਵਿੱਚ ਦੂਜੇ ਧੜੇ ਦਾ ਵੀ ਉਹ ਹੀ ਹਸ਼ਰ ਕੀਤਾ ਜਾਵੇ।

ਫ਼ਰੱਖਸੀਅਰ ਨੂੰ ਅਬੱਦੁਸ ਸਮੱਦ ਖਾਨ ਅਤੇ ਉਸ ਦੇ ਸਾਥੀ ਜਰਨੈਲਾਂ ਦੀ ਇਹ ਸਲਾਹ ਪਸੰਦ ਆਈ, ਇਸ ਕੁਟਿਲ ਨੀਤੀ ਨੂੰ ਅਮਲ ਵਿੱਚ ਲਿਆਉਣ ਲਈ ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਦੇ ਖ਼ਿਲਾਫ਼ ਸਿੱਖਾਂ ਵਿੱਚੋਂ ਹੀ ਐਸੇ ਸਿੱਖ ਲੱਭਣੇ ਸ਼ੁਰੂ ਕਰ ਦਿੱਤੇ ਜਿਹੜੇ ਬੰਦਾ ਸਿੰਘ ਬਹਾਦਰ ਨੂੰ ਹਰਾਉਣ ਲਈ ਸਰਕਾਰ ਨਾਲ ਮਿਲ ਕੇ ਚੱਲ ਸਕਦੇ ਹੋਣ ਅਤੇ ਦੂਜੀ ਚਾਲ ਇਹ ਚੱਲੀ ਕਿ ਮੁਸਲਮਾਨਾਂ ਨੂੰ ਜਹਾਦ ਦੇ ਨਾਂ ਹੇਠ ਖ਼ਾਲਸਾ ਰਾਜ ਦੇ ਵਿਰੁੱਧ ਲੜਨ ਲਈ ਲਾਮਵੰਦ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਦੋਹਾਂ ਹੀ ਮੁਹਾਜ਼ਾਂ ਤੋਂ ਮੁਗ਼ਲ ਸ਼ਾਹੀ ਨੇ ਬੰਦਾ ਸਿੰਘ ਬਹਾਦਰ ਅਤੇ ਖ਼ਾਲਸਾ ਰਾਜ ਦੇ ਖ਼ਿਲਾਫ਼ ਮੁਹਿੰਮ ਛੇੜ ਦਿੱਤੀ।

ਸਿੱਖਾਂ ਵਿੱਚੋਂ ਇਕ ਮੁਤਬੰਨਾ ਪੁੱਤਰ ਕਹੇ ਜਾਣ ਵਾਲਾ ਅਜੀਤ ਸਿੰਘ ਬੰਦਾ ਸਿੰਘ ਬਹਾਦਰ ਦੇ ਖ਼ਿਲਾਫ਼ ਸਿੱਖ ਨੇਤਾ ਦੇ ਤੌਰ 'ਤੇ ਖੜਾ ਗਿਆ। ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਸਲ ਸਾਹਿਬਜ਼ਾਦਾ ਬਣਾ ਕੇ ਪੇਸ਼ ਕੀਤਾ ਗਿਆ ਸੀ, ਮਾਤਾ ਸੁੰਦਰ ਕੌਰ ਜੀ ਦਾ ਨਾਮ ਵੀ ਇਸ ਨਾਲ ਜੋੜਿਆ ਗਿਆ ਸੀ। ਹੋ ਸਕਦਾ ਹੈ ਮਾਤਾ ਜੀ ਨੂੰ ਇਸ ਸਾਜਿਸ਼ ਦਾ ਕੋਈ ਪਤਾ ਵੀ ਨਾ ਹੋਵੇ। ਪੰਜ ਮੈਂਬਰੀ ਖ਼ਾਲਸਾ ਦੇ ਦੋ ਮੈਂਬਰਾਂ ਬਾਵਾ ਵਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਨੂੰ ਵੀ ਤੋੜ ਲਿਆ ਗਿਆ। ਇਨ੍ਹਾਂ ਦੋਹਾਂ ਮੈਂਬਰਾਂ ਨੂੰ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੀ ਵੰਸ਼ ਵਿੱਚੋਂ ਹੋਣ ਵਾਲੇ ਤ੍ਰਿਹਣ-ਭੱਲੇ ਸਾਹਿਬਜ਼ਾਦੇ ਕਹਿ ਕੇ ਲੋਕਾਂ ਵਿੱਚ ਵੱਡਿਆਇਆ ਗਿਆ ਸੀ। ਇਸ ਧੜੇ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਸਲ ਖ਼ਾਲਸਾ (ਤੱਤ ਖ਼ਾਲਸਾ) ਕਿਹਾ ਗਿਆ, ਬੰਦਾ ਸਿੰਘ ਬਹਾਦਰ ਨੂੰ ਨਕਲੀ ਖ਼ਾਲਸਾ (ਬੰਦਈ ਖ਼ਾਲਸਾ) ਕਿਹਾ ਜਾਣ ਲੱਗ ਪਿਆ ਅਤੇ ਬੰਦਾ ਸਿੰਘ ਬਹਾਦਰ ਬਾਰੇ ਹੋਰ ਵੀ ਬਹੁਤ ਕੂੜ ਪ੍ਰਚਾਰ ਕੀਤਾ ਗਿਆ, ਰਤਨ ਸਿੰਘ ਭੰਗੂ ਦੀ ਲਿਖਤ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਇਸ ਦਾ ਵਿਸਥਾਰ ਵੀ ਦਿੱਤਾ ਹੋਇਆ ਹੈ। ਰਤਨ ਸਿੰਘ ਭੰਗੂ ਦੀ ਇਹ ਲਿਖਤ ਪੜ੍ਹ ਕੇ ਕਈ ਸੱਜਣ ਟਪਲਾ ਵੀ ਖਾ ਜਾਂਦੇ ਹਨ ਕਿ ਸ਼ਾਇਦ ਰਤਨ ਸਿੰਘ ਭੰਗੂ ਨੇ ਬੰਦਾ ਸਿੰਘ ਬਹਾਦਰ ਬਾਰੇ ਜਾਣ ਬੁੱਝ ਕੇ ਗਲਤ ਬਿਆਨੀ ਕੀਤੀ ਹੈ,

**ਬਾਕੀ ਹਿਸਾ 34 ਸਫ਼ੇ ਤੇ ਪੜ੍ਹੋ**

33 ਸਫ਼ੇ ਦੀ ਬਾਕੀ

ਪਰ ਹਕੀਕਤ ਵਿੱਚ ਐਸਾ ਨਹੀਂ ਹੈ ਕਿਉਂਕਿ ਰਤਨ ਸਿੰਘ ਭੰਗੂ ਨੇ ਤਾਂ ਬੰਦਾ ਸਿੰਘ ਬਹਾਦਰ ਬਾਰੇ ਜੋ ਉਸ ਦੇ ਵਿਰੋਧੀਆਂ ਵੱਲੋਂ ਅਫ਼ਵਾਹਾਂ ਫੈਲਾਈਆਂ ਗਈਆਂ ਸਨ ਉਹ ਜਿਵੇਂ ਉਸ ਨੇ ਸੁਣੀਆਂ ਲਿਖ ਦਿੱਤੀਆਂ, ਪਰ ਇਸ ਦਾ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਰਤਨ ਸਿੰਘ ਭੰਗੂ ਬੰਦਾ ਸਿੰਘ ਬਹਾਦਰ ਬਾਰੇ ਵਿਰੋਧੀਆਂ ਵੱਲੋਂ ਉਡਾਈਆਂ ਹੋਈਆਂ ਅਫ਼ਵਾਹਾਂ ਨੂੰ ਸੱਚ ਮੰਨਦਾ ਹੈ। ਦਿੱਲੀ ਦੇ ਬਾਦਸ਼ਾਹ ਫ਼ਰੱਖਸੀਅਰ ਅਤੇ ਲਾਹੌਰ ਦੇ ਸੂਬੇਦਾਰ ਅਬੱਦੁਸ ਸਮੁੰਦ ਖਾਂ ਦੀ ਕੁਟਿਲ ਨੀਤੀ ਦਾ ਬੰਦਾ ਸਿੰਘ ਬਹਾਦਰ ਨੂੰ ਉਦੋਂ ਪਤਾ ਲੱਗਾ ਜਦੋਂ ਉਸ ਦੇ ਸਾਥੀ ਬਾਵਾ ਵਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਮੁਗ਼ਲੀਆ ਹਕੂਮਤ ਨਾਲ ਮਿਲ ਗਏ ਅਤੇ ਉਨ੍ਹਾਂ ਦੀ ਡਿਊਟੀ ਸੀ ਕਿ ਉਹ ਸਿੱਖ ਸੰਗਤਾਂ ਨੂੰ ਪੇਂਡੂ ਖੇਤਰਾਂ ਵਿੱਚ ਬੰਦਾ ਸਿੰਘ ਬਹਾਦਰ ਦੇ ਹੱਕ ਵਿੱਚ ਨਾ ਉੱਠਣ ਦੇਣ ਅਤੇ 30 ਦੇ ਲੱਗਪਗ ਹਿੰਦੂ ਰਾਜੇ ਵੀ ਬੰਦਾ ਸਿੰਘ ਦੇ ਵਿਰੁੱਧ ਮੁਗ਼ਲੀਆ ਹਕੂਮਤ ਵੱਲੋਂ ਹੋ ਕੇ ਲੜੇ ਅਤੇ ਬੰਦਾ ਸਿੰਘ ਨੂੰ ਹਰਾਉਣ ਦੀ ਮੁਹਿੰਮ ਦਾ ਸਾਰਾ ਖਰਚਾ ਲਾਹੌਰ ਦੇ ਹਿੰਦੂ ਖ਼ਤਰੀਆਂ ਨੇ ਕੀਤਾ ਸੀ। 17 ਅਪ੍ਰੈਲ, 1715 ਨੂੰ ਜੰਗ ਦੀ ਸ਼ੁਰੂਆਤ ਕੀਤੀ ਗਈ, ਪਹਿਲੀ ਗਹਿਗੱਚ ਲੜਾਈ ਕੋਟ ਮਿਰਜ਼ਾ ਖਾਨ ਵਿਖੇ ਹੋਈ, ਇਥੇ ਸਿੰਘ ਜਾਨਾਂ ਤੋੜ ਕੇ ਲੜੇ, ਪਰ ਪਿੱਛੇ ਹਟਣਾ ਪਿਆ ਸਾਰੇ ਪਾਸਿਉਂ ਸਿੰਘ ਜਥੇ ਜ਼ਖ਼ਮੀ ਹੋਏ ਸ਼ੇਰਾਂ ਵਾਂਗ ਪਿੱਛੇ ਹੱਟ ਰਹੇ ਸਨ, ਆਖਿਰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਘਿਰ ਗਏ, ਗੜ੍ਹੀ ਦਾ ਘੇਰਾ ਲੱਗਪਗ ਅੱਠ ਮਹੀਨੇ ਰਿਹਾ, ਗੜ੍ਹੀ ਦੇ ਅੰਦਰੋਂ ਰਾਸ਼ਨ ਪਾਣੀ ਵੀ ਮੁੱਕ ਗਿਆ ਅਤੇ ਗੋਲੀ ਸਿੱਕਾ ਵੀ ਖ਼ਤਮ ਹੋ ਗਿਆ ਅਤੇ ਮੁਗ਼ਲ ਫੌਜਾਂ ਨੇ ਵੀ ਇਹ ਭਾਂਪ ਲਿਆ ਕਿ ਹੁਣ ਗੜ੍ਹੀ ਦੇ ਅੰਦਰੋਂ ਕੋਈ ਵੀ ਹਿੱਲ ਜੁੱਲ ਨਹੀਂ ਹੋ ਰਹੀ ਤਾਂ ਉਨ੍ਹਾਂ ਨੇ ਗੜ੍ਹੀ ਦਾ ਦਰਵਾਜ਼ਾ ਤੋੜ ਦਿੱਤਾ, ਅੱਠ ਮਹੀਨਿਆਂ ਤੋਂ ਭੁੱਖੇ ਭਾਣੇ ਬੀਮਾਰ ਸਿੰਘਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਅਤੇ ਬੰਦਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਕੇ ਦੁਸ਼ਮਣ ਉੱਤੇ ਹਮਲਾ ਕਰ ਦਿੱਤਾ, ਦੁਸ਼ਮਣ ਦੀ ਫੌਜ ਦੀ ਗਿਣਤੀ ਬਹੁਤ ਜ਼ਿਆਦਾ ਸੀ ਉਤੇ ਉਹ ਤਾਜ਼ਾ ਦਮ ਵੀ ਸਨ, ਦੂਜੇ ਪਾਸੇ ਬੰਦਾ ਸਿੰਘ ਬਹਾਦਰ ਦੇ ਬਹੁਤ ਥੋੜ੍ਹੇ ਜਿਹੇ ਸਾਥੀ ਹੀ ਬਚੇ ਸਨ ਅਤੇ ਉਹ ਵੀ ਭੁੱਖ ਤੇ ਬੀਮਾਰੀ ਨਾਲ ਨਿਢਾਲ ਹੋ ਚੁੱਕੇ ਸਨ ਅਤੇ ਬੰਦਾ ਸਿੰਘ ਬਹਾਦਰ ਦੇ ਗ੍ਰਿਫ਼ਤਾਰ ਹੋਣ ਦਾ ਮੁੱਖ ਕਾਰਨ ਉਸ ਦੇ ਸਾਥੀ ਬਾਵਾ ਵਿਨੋਦ ਸਿੰਘ, ਬਾਵਾ ਕਾਹਨ ਸਿੰਘ ਵੱਲੋਂ ਕੀਤੀ ਗਈ ਗੱਦਾਰੀ ਸੀ, ਉਨ੍ਹਾਂ ਦੀ ਗ਼ਦਾਰੀ ਕਰਕੇ ਹੀ ਬੰਦਾ ਸਿੰਘ ਬਹਾਦਰ ਆਪਣੇ ਗਿਣਤੀ ਦੇ ਸਾਥੀਆਂ ਸਮੇਤ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਘਿਰਿਆ ਸੀ।

ਦਸੰਬਰ ਦੇ ਅਖੀਰ ਵਿੱਚ ਬੰਦਾ ਸਿੰਘ ਬਹਾਦਰ ਤੇ ਉਸ ਦੇ ਦੂਸਰੇ ਕੈਦੀ ਸਾਥੀਆਂ ਨੂੰ ਲਾਹੌਰ ਲਿਆਂਦਾ ਗਿਆ, ਮੁਗ਼ਲ ਹਾਕਮਾਂ ਦੀ ਨਿਗਰਾਨੀ ਹੇਠ ਲਾਹੌਰ ਤੋਂ ਜਦੋਂ ਇਹ ਕੈਦੀਆਂ ਦਾ ਕਾਫ਼ਲਾ ਦਿੱਲੀ ਨੂੰ ਰਵਾਨਾ ਹੋਇਆ ਤਾਂ ਰਸਤੇ ਵਿੱਚੋਂ ਕਈ ਬੇਗੁਨਾਹ ਸਿੱਖ ਵੀ ਕੈਦ ਕਰਕੇ ਕਾਫ਼ਲੇ ਦੇ ਨਾਲ ਤੋਰ ਲਏ ਗਏ। ਇਹ ਸਮੁੱਚਾ ਕਾਫ਼ਲਾ ਬੜੇ ਹੀ ਸਖ਼ਤ ਫੌਜੀ ਪਹਿਰੇ ਹੇਠ 27 ਫ਼ਰਵਰੀ, 1716 ਨੂੰ ਦਿੱਲੀ ਦੇ ਆਗਰਾਬਾਦ ਦਰਵਾਜ਼ੇ ਕੋਲ ਪੁੱਜਿਆ, 27 ਫ਼ਰਵਰੀ 1716 ਨੂੰ ਇਸ ਸਮੁੱਚੇ ਕਾਫ਼ਲੇ ਨੂੰ ਜਲੂਸ ਦੀ ਸ਼ਕਲ ਵਿੱਚ ਦਿੱਲੀ ਦੇ ਬਜ਼ਾਰਾਂ ਵਿੱਚੋਂ ਦੀ ਲਿਜਾਇਆ ਗਿਆ। ਬੰਦਾ ਸਿੰਘ ਬਹਾਦਰ ਅਤੇ ਉਸ ਦੇ 17 ਸੀਨੀਅਰ ਸਾਥੀਆਂ ਨੂੰ ਤ੍ਰਿਪੋਲੀਆਂ ਕਿਲ੍ਹੇ ਦੀ ਕੈਦ ਵਿੱਚ ਬੰਦ ਕਰ ਦਿੱਤਾ ਗਿਆ ਸੀ, ਜਦੋਂ ਕਿ ਉਸ ਦੇ ਬਾਕੀ 740 ਸਿੰਘਾਂ ਨੂੰ ਅਲੱਗ ਕਿਲ੍ਹੇ ਵਿੱਚ ਰੱਖਿਆ ਗਿਆ ਅਤੇ ਮਗਰੋਂ, 100 ਸਿੰਘਾਂ ਦੇ ਜਥੇ ਨੂੰ ਹਰ ਰੋਜ਼ ਕਤਲ ਕੀਤਾ ਜਾਂਦਾ। 10 ਮਾਰਚ ਨੂੰ ਦੋ ਅੰਗ੍ਰੇਜ਼ ਸਫ਼ੀਰਾਂ ਜੋਹਨ ਸਰਮਨ ਅਤੇ ਐਡਵਡ ਸਟੀਫਨਸਨ ਨੇ ਆਪਣੇ ਅੱਖੀਂ ਇਸ ਕਤਲੇਆਮ ਨੂੰ ਦੇਖਿਆ ਅਤੇ ਉਨ੍ਹਾਂ ਨੇ ਕਲਕੱਤੇ ਵਿਖੇ ਆਪਣੇ ਬੌਸ ਨੂੰ ਲਿਖੀ ਚਿੱਠੀ ਵਿੱਚ ਇਸ ਬਾਰੇ ਵਿਸਥਾਰ ਪੂਰਬਕ ਦੱਸਿਆ ਸੀ। ਉਨ੍ਹਾਂ ਕੰਪਨੀ ਨੂੰ ਲਿਖੀ ਚਿੱਠੀ ਵਿੱਚ ਅੰਕਤ ਕੀਤਾ ਕਿ ਜਿਸ ਧੀਰਜ ਨਾਲ ਉਹ ਆਪਣੀ ਤਕਦੀਰ ਨੂੰ ਪ੍ਰਵਾਣ ਕਰਦੇ ਸਨ ਇਹ ਵੱਡੇ ਮਾਅਰਕੇ ਦੀ ਗੱਲ ਹੈ। ਅੰਤ ਤੀਕ ਕੋਈ ਵੀ ਅਜਿਹੀ ਜਾਣਕਾਰੀ ਨਹੀਂ ਮਿਲੀ ਕਿ ਜਿਸ ਵਿੱਚ ਉਨ੍ਹਾਂ ਵਿੱਚੋਂ ਕਿਸੇ ਇਕ ਨੇ ਵੀ ਆਪਣੇ ਧਰਮ ਨੂੰ ਤਿਆਗਿਆ ਹੋਵੇ। ਇਨ੍ਹਾਂ ਕਤਲਾਂ ਵਿੱਚ ਇਕ ਸਿੱਖ ਨੌਜਵਾਨ ਦੇ ਦ੍ਰਿੜ ਇਰਾਦੇ ਦੀ ਗੱਲ ਵੀ ਅੱਖੀਂ ਦੇਖਣ ਵਾਲੇ ਲੇਖਕਾਂ ਨੇ ਲਿਖੀ ਹੈ ਕਿ ਉਸ ਸਿੱਖ ਨੌਜਵਾਨ ਦੀ ਮਾਤਾ ਨੇ ਕਿਹਾ ਕਿ ਮੇਰਾ ਪੁੱਤਰ ਸਿੱਖ ਨਹੀਂ ਇਸ ਕਰਕੇ ਉਸ ਨੂੰ ਛੱਡ ਦਿੱਤਾ ਜਾਵੇ। ਜਦ ਉਸ ਨੌਜਵਾਨ ਨੂੰ ਪੁੱਛਿਆ ਗਿਆ ਕਿ ਜੇ ਤੂੰ ਮੰਨ ਲਵੇਂ ਕਿ ਤੂੰ ਸਿੱਖ ਨਹੀਂ ਹਿੰਦੂ ਹੈਂ, ਤਾਂ ਤੈਨੂੰ ਛੱਡ ਦਿੱਤਾ ਜਾਵੇਗਾ, ਪਰ ਉਸ ਸਿੱਖ ਨੌਜਵਾਨ ਨੇ ਦ੍ਰਿੜ ਇਰਾਦੇ ਨਾਲ ਕਿਹਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਹੈ, ਹਿੰਦੂ ਨਹੀਂ, ਇਸ ਕਰਕੇ ਉਸ ਨੂੰ ਵੀ ਉਸ ਦੇ ਸਾਥੀਆਂ ਨਾਲ ਕਤਲ ਕਰ ਦਿੱਤਾ ਗਿਆ।

ਇਨ੍ਹਾਂ 740 ਸਿੰਘਾਂ ਦੇ ਕਤਲ ਤੋਂ ਬਾਅਦ ਵਾਰੀ ਆਈ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀ ਸਿੱਖ ਜਰਨੈਲਾਂ ਦੀ, ਬੰਦਾ ਸਿੰਘ ਬਹਾਦਰ ਦੇ ਸਾਹਮਣੇ ਹੀ ਮਹਿਰੌਲੀ ਵਿਖੇ ਖ਼ੁਆਜਾ ਕੁੱਤਬਦੀਨ ਬਖਤਿਆਰ ਕਾਕੀ ਦੀ ਮਾਜਾਰ ਦੇ ਨਜ਼ਦੀਕ ਉਸ ਦੇ ਸੀਨੀਅਰ ਸਾਥੀਆਂ ਭਾਈ ਬਾਜ ਸਿੰਘ, ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ, ਭਾਈ ਫਤਹਿ ਸਿੰਘ, ਭਾਈ ਗੁਲਾਬ ਸਿੰਘ ਆਦਿ ਨੂੰ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹਾਦਤਾਂ ਦੇ ਮਗਰੋਂ ਬੰਦਾ ਸਿੰਘ ਬਹਾਦਰ ਨੂੰ ਸਿਦਕ ਤੋਂ ਡੁਲਾਉਣ ਲਈ ਉਸ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਦਾ ਕਾਲਜਾ ਕੱਢ ਕੇ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਤੁੰਨਣ ਦੀ ਕੋਸ਼ਿਸ਼ ਕੀਤੀ ਗਈ ਅਤੇ ਬੰਦਾ ਸਿੰਘ ਬਹਾਦਰ ਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ, ਫਿਰ ਉਸ ਦਾ ਖੱਬਾ ਪੈਰ ਵੱਡ ਦਿੱਤਾ ਗਿਆ, ਉਸ ਦੇ ਪਿੱਛੋਂ ਉਸ ਦੇ ਦੋਨੋਂ ਹੱਥ ਵੱਡ ਕੇ ਵੱਖ-ਵੱਖ ਕਰ ਦਿੱਤੇ ਗਏ ਤੇ ਅੰਤ ਵਿੱਚ ਦੋਨੋਂ ਅੱਖਾਂ ਕੱਢ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸ਼ਹੀਦੀ 9 ਜੂਨ, 1716 ਨੂੰ ਹੋਈ। ਬੰਦਾ ਸਿੰਘ ਬਹਾਦਰ ਆਖਰੀ ਸਾਹ ਤੱਕ ਆਪਣੇ ਸਿੱਖੀ ਸਿਦਕ ਵਿੱਚ ਅਡੋਲ ਅਤੇ ਵਾਹਿਗੁਰੂ ਦੀ ਰਜ਼ਾ ਵਿੱਚ ਰਿਹਾ।

ਗੁਰੂ ਗੋਬਿੰਦ ਸਿੰਘ ਵੱਲੋਂ ਥਾਪਿਆ ਪੰਥ ਖ਼ਾਲਸੇ ਦਾ ਪਹਿਲਾ ਜਰਨੈਲ ਬੰਦਾ ਸਿੰਘ ਬਹਾਦਰ ਹੀ ਸੀ, ਜਿਸ ਨੇ ਸਿੰਘਾਂ ਨੂੰ ਨਿਰੋਲ ਅਤੇ ਅਡੋਲ ਕੌਮੀਅਤ ਦਾ ਸਬਕ ਪੜ੍ਹਾਇਆ ਅਤੇ ਖ਼ਾਲਸੇ ਨੂੰ ਹਸੂੰ ਹਸੂੰ ਕਰਦੇ ਆਪਾ ਵਾਰ ਦੇਣਾ ਸਿਖਾਇਆ। ਇਸ ਮਹਾਨ ਸ਼ਹਾਦਤ ਦੀ ਪਵਿੱਤਰ ਉਦਾਹਰਣ ਦਾ ਖਿਆਲ ਹੀ ਸਿੰਘਾਂ ਦੇ ਮਨਾਂ ਨੂੰ ਚੜ੍ਹਦੀਆਂ ਕਲਾਂ ਵਿੱਚ ਲਿਜਾਣ ਲਈ ਸਹਾਇਤਾ ਕਰਦਾ ਹੈ। ਇਹ ਬੰਦਾ ਸਿੰਘ ਬਹਾਦਰ ਹੀ ਸੀ ਜਿਸ ਦੇ ਰਾਹੀਂ ਖ਼ਾਲਸੇ ਦੀਆਂ ਜਿੱਤਾਂ ਦਾ ਰਸਤਾ ਖੁੱਲ੍ਹਾ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਨਾਦੀ ਸੰਤਾਨ ਖ਼ਾਲਸੇ ਨੇ ਸੁਤੰਤਰਤਾ ਦੀ ਜੋ ਚੰਗਿਆੜੀ ਸੁਲਗਾਈ ਸੀ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਨੂੰ ਐਸੀ ਹਵਾ ਝੱਲੀ ਜੋ ਬੁਝਾਈ ਨਾ ਜਾ ਸਕੀ, ਸਗੋਂ ਭਾਂਬੜ ਵਾਂਗ ਮੱਚ ਉਠੀ ਅਤੇ ਪੰਜਾਬ ਨੂੰ ਮੁਗ਼ਲਾਂ ਅਤੇ ਅਫ਼ਗਾਨਾਂ ਕੋਲੋਂ ਅਜ਼ਾਦ ਕਰਵਾ ਕੇ ਹੀ ਠੰਡੀ ਹੋਈ।

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਵੀ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਸਿੱਖਾਂ ਨੇ ਸੰਘਰਸ਼ ਜਾਰੀ ਰੱਖਿਆ, ਅਠ੍ਹਾਰਵੀਂ ਸਦੀ ਵਿੱਚ ਖ਼ਾਲਸੇ ਨੇ ਰਾਜ ਕਰੇਗਾ ਖ਼ਾਲਸਾ ਦੇ ਨਿਸ਼ਾਨੇ ਦੀ ਪੂਰਤੀ ਲਈ ਸਿਰਾਂ ਦੇ ਮੁੱਲ ਪੁਆਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਬੰਦ-ਬੰਦ ਕਟਵਾਏ ਤੇ ਅਣਗਿਣਤ ਸ਼ਹਾਦਤਾਂ ਦਿੱਤੀਆਂ। ਘੋੜਿਆਂ ਦੀਆਂ ਕਾਠੀਆਂ 'ਤੇ ਰਾਤਾਂ ਗੁਜ਼ਾਰੀਆਂ ਅਤੇ ਅਨੇਕਾਂ ਅਸਾਵੀਆਂ ਲੜਾਈਆਂ ਲੜੀਆਂ ਤੇ ਜਿੱਤੀਆਂ। ਸਿੱਖਾਂ ਦੇ ਗੁਰੀਲਾ ਜੰਗ ਦਾ ਨਤੀਜਾ ਸੀ ਕਿ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ 50 ਸਾਲ ਬਾਅਦ ਖ਼ਾਲਸੇ ਨੇ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਨੂੰ ਉਦੋਂ ਸੱਚ ਕਰ ਵਿਖਾਇਆ ਜਦੋਂ 1765 ਈ: ਨੂੰ ਸਿੱਖ ਮਿਸਲਾਂ ਨੇ ਮੁਗ਼ਲਾਂ ਤੇ ਅਫ਼ਗਾਨਾਂ ਦੀਆਂ ਗੋਡਣੀਆਂ ਲੁਆਕੇ ਪੰਜਾਬ ਉੱਤੇ ਖ਼ਾਲਸਾ ਰਾਜ ਸਥਾਪਤ ਕਰ ਲਿਆ ਸੀ, ਇਸ ਕਰਕੇ ਪੰਜਾਬ ਸਿੱਖ ਕੌਮ ਦਾ ਹੋਮਲੈਂਡ ਹੈ। 800 ਸਾਲਾਂ ਦੇ ਦੌਰ ਵਿੱਚ ਸਿੱਖ ਇਸ ਖਿੱਤੇ ਵਿੱਚ ਪਹਿਲੇ ਹੁਕਮਰਾਨ ਸਨ ਜਿਹੜੇ ਇਸ ਧਰਤੀ ਦੇ ਜੰਮੇ ਜਾਏ ਸਨ।

ਭੁੱਲਾਂ ਚੁੱਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

# ਦਿਲਜੀਤ ਦੁਸਾਂਝ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਕਰਵਾਇਆ ਨੱਚਣ ਟੱਪਣ ਦਾ ਸ਼ੋਅ, ਖਾਲਿਸਤਾਨੀ ਝੰਡਿਆਂ ਨਾਲ ਸਿੰਘਾਂ ਦਾ ਸਟੇਜ 'ਤੇ ਵਿਰੋਧ

ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):- ਪੰਜਾਬੀ ਗਾਇਕ ਦਿਲਜੀਤ ਦੁਸਾਂਝ ਦਾ ਸੈਨ ਫ੍ਰਾਂਸਿਸਕੋ ਵਿੱਚ ਹੋਇਆ ਸ਼ੋਅ ਉਸ ਵੇਲੇ ਵਿਵਾਦਾਂ ਵਿੱਚ ਘਿਰ ਗਿਆ ਜਦੋਂ ਖਾਲਿਸਤਾਨ ਰੈਫਰੈਂਡਮ ਨਾਲ ਜੁੜੇ ਕੁਝ ਕਾਰਕੁਨ ਸਟੇਜ 'ਤੇ ਪਹੁੰਚ ਗਏ, ਜਿਨ੍ਹਾਂ ਵੱਲੋਂ ਖਾਲਿਸਤਾਨੀ ਝੰਡੇ ਲਹਿਰਾਏ ਗਏ ਅਤੇ ਨਾਅਰੇਬਾਜ਼ੀ ਕੀਤੀ ਗਈ। ਕਾਰਕੁਨਾਂ ਨੇ 18 ਜੂਨ ਨੂੰ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਤੀਜੀ ਬਰਸੀ ਨਾਲ ਸੰਬੰਧਿਤ ਦਿਨ ਸੀ, ਸ਼ੋਅ ਕਰਵਾਏ ਜਾਣ 'ਤੇ ਸਖ਼ਤ ਇਤਰਾਜ਼ ਜਤਾਇਆ। ਇਸ ਦੌਰਾਨ ਪੰਥਕ ਹਲਕਿਆਂ ਵੱਲੋਂ ਵੀ ਇਸ ਪ੍ਰੋਗਰਾਮ ਦੀ ਨਿਖੇਧੀ ਕੀਤੀ ਗਈ ਅਤੇ ਇਸ ਨੂੰ ਸਿੱਖ ਰਵਾਇਤਾਂ ਅਤੇ ਸ਼ਹੀਦੀ ਦਿਹਾੜਿਆਂ ਦੀ ਮਰਿਆਦਾ ਦੇ ਉਲਟ ਦੱਸਿਆ ਗਿਆ।



ਇਸ ਮੌਕੇ ਐਸਐਫਜੇ ਦੇ ਭਾਈ ਸਰਬਜੀਤ ਸਿੰਘ ਸਾਬੀ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਗੁਰੂ ਸਾਹਿਬਾਨਾਂ ਦੇ ਸ਼ਹੀਦੀ ਦਿਹਾੜਿਆਂ ਵਰਗੇ ਪਵਿੱਤਰ ਦਿਨਾਂ 'ਤੇ ਨੱਚਣ-ਟੱਪਣ ਅਤੇ ਮਨੋਰੰਜਨ ਦੇ ਪ੍ਰੋਗਰਾਮ ਕਰਵਾਉਣਾ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਸਾਨੂੰ ਸ਼ਹੀਦਾਂ ਦੀ ਯਾਦ ਵਿੱਚ ਸਿਮਰਨ, ਅਰਦਾਸ ਅਤੇ ਗੁਰਮਤਿ ਅਨੁਸਾਰ ਜੀਵਨ ਜਿਉਣ ਦੀ ਪ੍ਰੇਰਣਾ ਦਿੰਦਾ ਹੈ, ਨਾ ਕਿ ਮਨੋਰੰਜਨਕ ਸਮਾਗਮਾਂ ਦੀ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਨੌਜਵਾਨਾਂ ਨੂੰ ਆਪਣੇ ਇਤਿਹਾਸ, ਗੁਰੂ ਸਾਹਿਬਾਨਾਂ ਦੀਆਂ ਮਹਾਨ ਕੁਰਬਾਨੀਆਂ ਅਤੇ ਪੰਥਕ ਵਿਰਸੇ ਤੋਂ ਦੂਰ ਕਰਨ ਦਾ ਕਾਰਨ ਬਣ ਸਕਦੇ ਹਨ। ਭਾਈ ਸਾਬੀ ਨੇ ਇਹ ਵੀ ਦੋਸ਼ ਲਾਇਆ ਕਿ ਦਿਲਜੀਤ ਦੁਸਾਂਝ ਵੱਲੋਂ ਅਮਿਤਾਭ ਬੱਚਨ ਪ੍ਰਤੀ ਜਨਤਕ ਤੌਰ 'ਤੇ ਪ੍ਰਗਟ ਕੀਤੇ ਗਏ ਸਤਿਕਾਰ ਕਾਰਨ ਵੀ ਸਿੱਖ ਸੰਗਤਾਂ ਵਿੱਚ ਰੋਸ ਪਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ 1984 ਦੇ ਸਿੱਖ ਕਤਲੇਆਮ ਨਾਲ ਜੋੜੇ ਜਾਂਦੇ "ਖੂਨ ਦਾ ਬਦਲਾ ਖੂਨ" ਵਾਲੇ ਨਾਅਰੇ ਜੋ ਕਿ ਅਮਿਤਾਭ ਬੱਚਨ ਵਲੋਂ ਲਗਾਏ ਗਏ ਕਿਹਾ ਜਾਂਦਾ ਹੈ, ਦੇ ਮਾਮਲੇ ਨੂੰ ਲੈ ਕੇ ਵੀ ਸਿੱਖ ਹਲਕਿਆਂ ਵਿੱਚ ਲੰਬੇ ਸਮੇਂ ਤੋਂ ਇਤਰਾਜ਼ ਪ੍ਰਗਟ ਕੀਤੇ ਜਾਂਦੇ ਰਹੇ ਹਨ। ਭਾਈ ਸਾਬੀ ਨੇ ਕਿਹਾ ਕਿ ਦਿਲਜੀਤ ਦੁਸਾਂਝ ਨੂੰ ਇਸ ਮਾਮਲੇ ਸਬੰਧੀ ਸਿੱਖ ਕੌਮ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਦਿਲਜੀਤ ਦੁਸਾਂਝ ਵਿਰੁੱਧ ਪੰਥਕ ਮਰਿਆਦਾ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ। ਨਾਲ ਹੀ ਉਨ੍ਹਾਂ ਮੰਗ ਕੀਤੀ ਕਿ ਦਿਲਜੀਤ ਦੁਸਾਂਝ ਅਤੇ ਪ੍ਰੋਗਰਾਮ ਦੇ ਪ੍ਰਬੰਧਕ ਸਮੁੱਚੀ ਸਿੱਖ ਸੰਗਤ ਕੋਲੋਂ ਮੁਆਫ਼ੀ ਮੰਗਣ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਗੁਰੇਜ਼ ਕਰਨ। ਅੰਤ ਵਿਚ ਦੁਸਾਂਝ ਨੂੰ ਚੇਤਾਵਨੀ ਦੇਂਦਿਆ ਕਿਹਾ ਜਦੋ ਤਕ ਓਹ ਪੰਥ ਕੋਲੋਂ ਮੁਆਫੀ ਨਹੀਂ ਮੰਗਣਗੇ ਓਨ੍ਹਾ ਦੇ ਹਰ ਪ੍ਰੋਗਰਾਮ ਵਿਚ ਵਿਰੋਧ ਹੁੰਦਾ ਰਹੇਗਾ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕੈਰੋਂ

ਪੰਜਾਬ ਦੇ ਪਹਿਲਾਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਅੱਜ-ਕੱਲ੍ਹ ਨਵੇਂ ਬਣੇ ਜ਼ਿਲ੍ਹਾ ਤਰਨ ਤਾਰਨ ਵਿੱਚ ਪਿੰਡ ਕੈਰੋਂ ਆਉਂਦਾ ਹੈ। ਕੈਰੋਂ ਦਾ ਅਕਸ਼ਾਂਸ਼ 310-19 ਅਤੇ ਰੇਖਾਂਸ਼ ਦੇਸ਼ਾਂਤਰ 740-52 ਹੈ। ਇਸ ਪਿੰਡ ਵਿੱਚ ਗੁਰੂ ਅਰਜਨ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਝੜ੍ਹ ਸਾਹਿਬ ਹੈ। ਇਹ ਗੁਰ-ਦੁਆਰਾ ਸਾਹਿਬ ਪਿੰਡ ਦੇ ਪੱਛਮ ਵੱਲ ਅੱਧਾ ਕਿਲੋਮੀਟਰ ਦੂਰ ਹੈ। ਇਥੇ ਗੁਰੂ ਸਾਹਿਬ ਆਪਣੀ ਮਾਝਾ ਇਲਾਕੇ ਦੀ ਪ੍ਰਚਾਰ ਫੇਰੀ ਸਮੇਂ ਆ ਕੇ ਕੁਝ ਸਮਾਂ ਠਹਿਰੇ ਸਨ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਸਾਹਿਬ ਨੇ ਆਪਣਾ ਘੋੜਾ ਕਰੀਰ ਦਰੱਖਤ (Capparis aphylla) ਨਾਲ ਬੰਨ੍ਹਿਆ ਸੀ, ਜੋ 1976 ਤੱਕ ਮੌਜੂਦ ਸੀ। ਇਸ ਪੁਰਾਣੀ ਇਮਾਰਤ ਜੋ 1925 ਵਿੱਚ ਬਣੀ ਸੀ, ਨੂੰ ਢਾਹ ਕੇ ਦੁਬਾਰਾ 1976 ਵਿੱਚ ਨਵੇਂ ਸਿਰਿਉਂ ਤਾਮੀਰ ਕੀਤੀ ਗਈ ਹੈ ਅਤੇ ਇਹ ਕਰੀਰ ਦਾ ਦਰਖ਼ਤ ਵੀ ਉਖਾੜ ਦਿੱਤਾ ਗਿਆ ਹੈ। ਅਜੋਕੀ ਇਮਾਰਤ ਵਿੱਚ ਸੰਗਮਰਮਰ ਦਾ ਹਾਲ, ਜਿਸ ਦੇ ਵਿੱਚਕਾਰ ਪ੍ਰਕਾਸ਼ ਅਸਥਾਨ ਬਣਿਆ ਹੋਇਆ ਹੈ। ਆਸ-ਪਾਸ ਵਰਾਂਡਾ ਵੀ ਤਾਮੀਰ ਕੀਤਾ ਗਿਆ ਹੈ। ਗੁਰਦੁਆਰੇ ਦੇ ਉੱਤਰ ਵੱਲ ਛੋਟਾ ਜਿਹਾ ਅੱਠ ਕੋਨਾਂ ਵਾਲਾ ਸਰੋਵਰ ਵੀ ਬਣਾਇਆ ਗਿਆ ਹੈ। ਗੁਰਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-
1.ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਕੈਥਲ

ਹਰਿਆਣਾ ਰਿਆਸਤ ਦਾ ਜ਼ਿਲ੍ਹਾ ਨਗਰ ਕੈਥਲ ਹੈ, ਜਿਥੇ ਇਕ ਇਤਿਹਾਸਕ ਗੁਰਦੁਆਰਾ ਹੈ। ਕੈਥਲ ਦਾ ਅਕਸ਼ਾਂਸ਼ 290-47 ਅਤੇ ਰੇਖਾਂਸ਼ ਦੇਸ਼ਾਂਤਰ 760-23 ਹੈ। ਭਾਈ ਭਗਤੂ ਦੇ ਵੰਸ਼ ਵਿੱਚੋਂ ਭਾਈ ਦੇਸਾ ਸਿੰਘ (ਬਰਾੜ ਜਾਤ ਦਾ ਸਿੱਧੂ ਜੱਟ) ਨੇ 1767 ਵਿੱਚ ਇਸ ਨੂੰ ਫ਼ਤਹਿ ਕੀਤਾ। ਭਾਈ ਉਦੈ ਸਿੰਘ ਦੇ ਦੇਹਾਂਤ (15 ਮਾਰਚ 1843) ਮਗਰੋਂ ਇਹ ਇਲਾਕਾ ਅੰਗ੍ਰੇਜ਼ਾਂ ਦੇ ਅਧੀਨ ਹੋ ਗਿਆ, ਕਿਉਂਕਿ ਉਦੈ ਸਿੰਘ ਦੇ ਘਰ ਕੋਈ ਔਲਾਦ ਨਾ ਹੋਈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਸੰਤੋਖ ਸਿੰਘ ਨੇ ਇਸੇ ਕੈਥਲ ਨਗਰ ਵਿੱਚ ਆਪਣੀ ਮਹਾਨ ਰਚਨਾ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼) ਲਿਖੀ ਹੈ। ਭਾਈ ਸੰਤੋਖ ਸਿੰਘ, ਭਾਈ ਉਦੈ ਸਿੰਘ ਦੇ ਰਾਜ ਕਵੀ ਸਨ। ਇਸ ਸ਼ਹਿਰ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਨਾਲ ਸੰਬੰਧਿਤ ਦੋ ਇਤਿਹਾਸਕ ਗੁਰਦੁਆਰੇ ਹਨ। ਇਕ ਗੁਰਦੁਆਰਾ ਨਿੰਮ ਸਾਹਿਬ ਪਾਤਸ਼ਾਹੀ




ਨੌਵੀਂ ਅਤੇ ਦੂਜਾ ਗੁਰਦੁਆਰਾ ਮੰਜੀ ਸਾਹਿਬ। ਇਹ ਗੁਰ-ਅਸਥਾਨ ਨੋਟੀਫਾਈਡ ਹਨ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹਨ।

### (ੳ) ਗੁਰਦੁਆਰਾ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ :

ਇਹ ਗੁਰਦੁਆਰਾ ਪੁਰਾਣੇ ਸ਼ਹਿਰ ਦੇ ਬਾਹਰਵਾਰ ਪੱਛਮ ਵੱਲ ਹੈ, ਜਿਸ ਨੂੰ ਪੁਰਾਣੇ ਸਮਿਆਂ ਤੋਂ ਠੰਢਾਰ ਤੀਰਥ ਪੁਰ ਆਖਿਆ ਜਾਂਦਾ ਹੈ। ਇਥੇ ਪੁਰਾਣਾ ਨਿੰਮ ਦਾ (Margossa) ਦਰਖ਼ਤ ਹੁੰਦਾ ਸੀ, ਜਿਸ ਹੇਠ ਬੈਠ ਕੇ ਗੁਰੂ ਤੇਗ ਬਹਾਦਰ ਸਾਹਿਬ ਪ੍ਰਚਾਰ ਕਰਦੇ ਸਨ। ਗੁਰੂ ਸਾਹਿਬ ਨੇ ਇਸੇ ਨਿੰਮ ਦੇ ਪੱਤਿਆਂ ਨਾਲ ਕਈ ਬੀਮਾਰਾਂ ਦਾ ਰੋਗ ਦੂਰ ਕੀਤਾ। ਗੁਰਦੁਆਰੇ ਦਾ ਪ੍ਰਕਾਸ਼ ਅਸਥਾਨ ਨਿੰਮ ਵਾਲੀ ਥਾਂ 'ਤੇ ਹੀ ਉਸਾਰਿਆ ਗਿਆ ਹੈ। 20ਵੀਂ ਸਦੀ ਦੇ ਤੀਜੇ ਦਹਾਕੇ ਤੱਕ ਨਿੰਮ ਦਰਖ਼ਤ ਮੌਜੂਦ ਸੀ, ਜੋ ਅਚਾਨਕ ਅੱਗ ਲੱਗਣ ਨਾਲ ਨਸ਼ਟ ਹੋ ਗਿਆ ਸੀ।

ਅਜੋਕੇ ਗੁਰਦੁਆਰੇ ਵਿੱਚ ਵੱਡਾ ਦੀਵਾਨ ਹਾਲ ਹੈ, ਜੋ ਚਾਰ ਦੀਵਾਰੀ ਅਹਾਤੇ ਵਿੱਚ ਹੈ। ਗੁਰਦੁਆਰੇ ਨਾਲ ਸਰੋਵਰ ਵੀ ਬਣਿਆ ਹੋਇਆ ਹੈ। ਗੁਰੂ ਕਾ ਲੰਗਰ ਵੱਖਰੀ ਦੋ ਮੰਜ਼ਲੀ ਇਮਾਰਤ ਵਿੱਚ ਹੈ। ਨਿਸ਼ਾਨ ਸਾਹਿਬ ਉਪਰ ਸੋਨੇ ਦਾ ਖੰਡਾ ਦੂਰੋਂ ਨਜ਼ਰੀਂ ਪੈਂਦਾ ਹੈ। ਹਾਲ ਸਮਕੋਣ ਅਕਾਰ ਦਾ ਹੈ, ਅਤੇ ਆਸ-ਪਾਸ ਵਰਾਂਡਾ ਵੀ ਹੈ। ਇਸ ਨਾਲ 5 ਏਕੜ ਜ਼ਮੀਨ ਲੱਗੀ ਹੋਈ ਹੈ।

### (ਅ) ਗੁਰਦੁਆਰਾ ਮੰਜੀ ਸਾਹਿਬ :

ਇਹ ਗੁਰਦੁਆਰਾ ਸ਼ਹਿਰ ਦੇ ਅੰਦਰ ਹੈ। ਇਥੇ ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ ਰੋਡਾ ਬੱਧੀ, ਤਰਖਾਣ ਰਹਿੰਦਾ ਸੀ। ਜਦੋਂ ਉਸ ਨੂੰ ਪਤਾ ਚਲਿਆ ਕਿ ਗੁਰੂ ਸਾਹਿਬ ਨੇ ਸ਼ਹਿਰ ਤੋਂ ਬਾਹਰ ਡੇਰੇ ਲਾਏ ਹਨ ਤਾਂ ਉਹ ਗੁਰੂ ਜੀ ਨੂੰ ਆਪਣੇ ਘਰ ਲਿਆਉਣ ਵਾਸਤੇ ਤੁਰ ਪਿਆ। ਗੁਰੂ ਸਾਹਿਬ ਨੇ ਇਸ ਦੀ ਬੇਨਤੀ ਪ੍ਰਵਾਨ ਕਰਕੇ ਕੁਝ ਦਿਨ ਇਸ ਤਰਖਾਣ ਦੇ ਘਰ ਠਹਿਰੇ। ਇਸ ਦੇ ਘਰ ਬਾਹਰ ਖੁੱਲ੍ਹੀ ਥਾਂ ਵਿੱਚ ਸੰਗਤ ਗੁਰੂ ਸਾਹਿਬ ਦੇ ਉਪਦੇਸ਼ ਸੁਣਨ ਲਈ ਇਕੱਠੀ ਹੁੰਦੀ। ਭਾਈ ਦੇਸੂ ਸਿੰਘ ਦੇ ਸਪੁੱਤਰ ਭਾਈ ਲਾਲ ਸਿੰਘ ਨੇ ਛੋਟਾ ਜਿਹਾ ਗੁਰਦੁਆਰਾ ਇਸੇ ਥਾਂ ਤਾਮੀਰ ਕੀਤਾ ਸੀ। ਹੁਣ ਨਵੀਂ ਇਮਾਰਤ ਦਾ ਨਿਰਮਾਣ ਕੀਤਾ ਗਿਆ ਹੈ। ਇਸ ਨਾਲ 50 ਏਕੜ ਜ਼ਮੀਨ ਲੱਗੀ ਹੋਈ ਸੀ।

ਪੁਸਤਕ ਸੂਚੀ:-
1.ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਦੂਜੀ ਜਿਲਦ, ਪਟਿਆਲਾ, 1996

## ਕੈਲੇ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿੱਚ ਇਕ ਪਿੰਡ ਕੈਲੇ ਹੈ, ਜੋ ਮਲਿੱਨਪੁਰ ਤੋਂ 15 ਕਿਲੋਮੀਟਰ ਦੂਰ ਸਥਿਤ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰ-ਦੁਆਰਾ ਹੈ, ਜਿਸ ਨੂੰ ਮੰਜੀ ਸਾਹਿਬ ਆਖਿਆ ਜਾਂਦਾ ਹੈ। ਹੁਣ ਗੁਰਦੁਆਰਾ ਸਾਹਿਬ ਦੀ ਇਮਾਰਤ ਨਵੀਂ ਬਣਾਈ ਗਈ ਹੈ।

## ਕੋਟ ਸਮੀਰ

ਕੋਟ ਸਮੀਰ ਨੂੰ ਕੋਟ ਸ਼ਮੀਰ ਵੀ ਆਖਿਆ ਜਾਂਦਾ ਹੈ। ਇਹ ਪੰਜਾਬ ਦੇ ਬਠਿੰਡਾ ਤੋਂ ਦੱਖਣ-ਪੂਰਵ ਵੱਲ 12 ਕਿਲੋਮੀਟਰ ਦੂਰ ਹੈ। ਇਹ ਰੇਲਵੇ ਸਟੇਸ਼ਨ ਕਰਤਾਰ ਸਿੰਘ ਵਾਲਾ ਤੋਂ 5 ਕਿਲੋਮੀਟਰ ਦੂਰ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਤਲਵੰਡੀ ਸਾਬੋ 1706 ਵਿੱਚ ਰਹਿਣ ਦੌਰਾਨ ਇਥੇ ਆਏ ਸਨ। ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਅਨੁਸਾਰ ਭਾਈ ਡੱਲਾ, ਮੁਕਾਮੀ ਮੁਖੀ ਅਤੇ ਸ਼ਰਧਾਲੂ ਨੇ ਗੁਰੂ ਸਾਹਿਬ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਜੰਦਲ ਵਾਲਾ ਟਿੱਬਾ, ਜਿਸ ਨੂੰ ਰੇਤ ਦਾ ਟਿੱਬਾ ਵੀ ਆਖਿਆ ਜਾਂਦਾ ਹੈ, ਕੋਲ ਹੋਈ ਸੀ। ਹੁਣ ਇਹ ਟਿੱਬਾ ਪਿੰਡ ਤੋਂ 2 ਕਿਲੋਮੀਟਰ ਦੂਰ ਦੱਖਣ ਵੱਲ ਹੈ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਪਾਤਸ਼ਾਵੀ ਦਸਵੀਂ ਹੇਠਲੇ ਟਿੱਬੇ 'ਤੇ ਪਿੰਡ ਦੇ ਪੱਛਮ ਵੱਲ ਹੈ। ਨਵੀਂ ਗੁਰਦੁਆਰਾ ਇਮਾਰਤ ਵਿੱਚ ਇਕ ਹਾਲ, ਪ੍ਰਕਾਸ਼ ਅਸਥਾਨ ਅਤੇ ਇਕ ਕਮਰਾ ਅਤੇ ਕੰਵਲ ਗੁੰਬਦ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਸਾਰੇ ਪ੍ਰਮੁੱਖ ਗੁਰਪੁਰਬਾਂ 'ਤੇ ਵੱਡੇ ਦੀਵਾਨ ਸਜਦੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਗੁਰਦੁਆਰੇ ਨਾਲ 63 ਏਕੜ ਜ਼ਮੀਨ ਪਟਿਆਲਾ ਰਿਆਸਤ ਵੱਲੋਂ ਲੱਗੀ ਹੋਈ ਹੈ। ਬਠਿੰਡਾ ਦਾ ਅਕਸ਼ਾਂਸ਼ 300-14 ਅਤੇ ਰੇਖਾਂਸ਼ ਦੇਸ਼ਾਂਤਰ 740-59 ਹੈ।

ਪੁਸਤਕ ਸੂਚੀ:-1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਅੰਮ੍ਰਿਤਸਰ, 1968
2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
3. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
4. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990

## ਕੋਇਟਾ

ਬਲੋਚਿਸਤਾਨ ਦਾ ਇਕ ਪ੍ਰਮੁੱਖ ਨਗਰ ਕੋਇਟਾ ਹੈ। ਕੋਇਟਾ ਸ਼ਹਿਰ ਦੀ ਮਸਜਿਦ ਸੜਕ ਉੱਤੇ ਹੀ ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਤਿਲਗੰਜੀ ਸਾਹਿਬ ਹੈ। ਗੁਰੂ ਸਾਹਿਬ ਨੇ ਤੀਜੀ ਉਦਾਸੀ ਸਮੇਂ ਆਪਣੇ ਮੁਬਾਰਕ ਕਦਮ ਇਥੇ ਪਾਏ ਸਨ। ਜਦੋਂ ਗੁਰੂ ਸਾਹਿਬ ਇਥੇ ਪੁੱਜੇ ਤਾਂ ਅਨੇਕਾਂ ਸ਼ਰਧਾਲੂਆਂ ਨੇ ਆਪ ਜੀ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਨੇ ਸ਼ਰਧਾਲੂਆਂ ਨੂੰ ਇਕ ਤਿਲ ਦਾ ਪ੍ਰਸ਼ਾਦ ਛਕਾ ਕੇ ਪ੍ਰਸੰਨ ਕੀਤਾ। ਇਸੇ ਕਾਰਨ ਗੁਰਦੁਆਰੇ ਦਾ ਨਾਂ ਵੀ ਤਿਲਗੰਜੀ ਹੋ ਗਿਆ ਭਾਵ ਤਿਲਾਂ ਦਾ ਖਜ਼ਾਨਾ ਹੋ ਗਿਆ। ਇਸ ਗੁਰਦੁਆਰੇ ਨੂੰ ਗੁਰਦੁਆਰਾ ਪਹਿਲੀ ਪਾਤਸ਼ਾਹੀ ਤਿਲਗੰਜੀ ਸਾਹਿਬ, ਕੋਇਟਾ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰ-ਦੁਆਰੇ ਦੀ ਇਮਾਰਤ ਬਹੁਤ ਪੱਕੀ ਬਣੀ ਹੋਈ ਹੈ ਅਤੇ ਮੁੱਖ ਦਰਵਾਜ਼ੇ 'ਤੇ ਬੜੀ ਚਿੱਤਰਕਾਰੀ ਹੋਈ ਹੈ। ਇਸ ਸਮੇਂ ਇਸ ਪਵਿੱਤਰ ਅਸਥਾਨ ਉਪਰ ਗੌਰਮਿੰਟ ਸੰਡੇਮਨ ਹਾਈ ਸਕੂਲ ਖੋਲ੍ਹ ਦਿੱਤਾ ਗਿਆ ਹੈ। ਗੁਰਦੁਆਰੇ ਦੀ ਖਾਲੀ ਜ਼ਮੀਨ ਉੱਤੇ ਸਕੂਲ ਦੀ ਨਵੀਂ ਇਮਾਰਤ ਬਣਾ ਦਿੱਤੀ ਗਈ ਹੈ। ਗੁਰਦੁਆਰਾ ਸਾਹਿਬ ਖਾਲੀ ਪਿਆ ਹੈ। ਗੁਰਦੁਆਰੇ ਦਾ ਪ੍ਰਮੁੱਖ ਦਰਵਾਜ਼ਾ ਮਸੀਤ ਵਰਗਾ ਲੱਗਦਾ ਹੈ ਅਤੇ ਅੰਦਰ ਸੋਹਣੀ ਅਤੇ ਵੱਡੀ ਗੁੰਬਦਦਾਰ ਇਮਾਰਤ ਹੈ। ਯਾਤਰੀਆਂ ਲਈ ਰਿਹਾਇਸ਼ੀ ਸਰਾਂ, ਲੰਗਰ ਹਾਲ ਅਤੇ ਪ੍ਰਕਾਸ਼ ਅਸਥਾਨ ਬਹੁਤ ਹੀ ਸੁੰਦਰ ਬਣੇ ਹੋਏ ਹਨ। ਕੋਇਟਾ ਦੀ ਸੰਗਤ ਨੇ ਇਸ ਦਾ ਕਬਜ਼ਾ ਲੈਣ ਲਈ ਅਦਾਲਤ ਵਿੱਚ ਮੁਕੱਦਮਾ ਕੀਤਾ ਹੋਇਆ ਹੈ।

ਪੁਸਤਕ ਸੂਚੀ:-1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998 2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

ਬਾਕੀ ਅਗਲੇ ਹਫ਼ਤੇ ਪੜ੍ਹੋ

# ਕਾਵਿ-ਕਿਆਰੀ



## ਤੂੰ ਆਈ ਤਾਂ

ਤੂੰ ਆਈ ਤਾਂ
ਫੁੱਲਾਂ ਚ ਵੀ ਮਹਿਕਾਂ ਆਈਆਂ
ਗਿੱਲੇ ਵਾਲ ਹੀ ਛੰਡੇ ਜ਼ਰਾ
ਤਾਂ ਘਟਾਵਾਂ ਛਾਈਆਂ

ਤੇਰੀ ਇਕ ਮੁਸਕਾਨ ਨਾਲ
ਰਾਤਾਂ ਵਿੱਚ ਚਾਨਣੀ ਵਿਛੀ
ਤੇਰੇ ਨੈਣਾਂ ਤੋਂ
ਤਾਰਿਆਂ ਨੇ ਅਦਾਵਾਂ ਪਾਈਆਂ

ਤੇਰੇ ਪੱਬਾਂ ਦੀ ਆਹਟ ਨੇ
ਕਰਿਸ਼ਮੇ ਕਰ ਦਿੱਤੇ
ਸੁੱਕੀਆਂ ਡਾਲੀਆਂ 'ਤੇ ਵੀ
ਬਹਾਰਾਂ ਛਾਈਆਂ

ਤੇਰਾ ਸ਼ਬਾਬ ਤੱਕਿਆ
ਤਾਂ ਸਵੇਰ ਹੋ ਗਈ
ਸੁੰਨੇ ਵਿਹੜਿਆਂ ਚ ਵੀ
ਸੂਰਜ ਨੇ ਰਿਸ਼ਮਾਂ ਸਜਾਈਆਂ

ਤੇਰੀਆਂ ਯਾਦਾਂ ਦਾ ਦੀਵਾ
ਸੀਨੇ 'ਤੇ ਜਗਦਾ ਰਿਹਾ
ਕਾਲੀਆਂ ਰਾਤਾਂ ਨੇ ਵੀ
ਰੌਸ਼ਨੀਆਂ ਪਾਈਆਂ

ਤੇਰੇ ਰੁਖ਼ਸਾਰ-ਏ-ਤਾਬਿਸ਼
ਦਾ ਨੂਰ ਵੇਖੋ
ਜਦੋਂ ਵੀ ਤੂੰ ਮਿਲੀ
ਦੁਆਵਾਂ ਰੰਗ ਲਿਆਈਆਂ

ਤੇਰੀਆਂ ਨਜ਼ਰਾਂ ਨੇ
ਵੀਰਾਨ-ਏ-ਦਿਲ ਸੰਵਾਰ ਦਿੱਤੇ
ਮੁਰਝਾਏ ਫੁੱਲਾਂ ਤੇ ਵੀ
ਲਾਲੀਆਂ ਛਾਈਆਂ

ਤੇਰੇ ਹੋਠਾਂ ਦੀ ਖ਼ਾਮੋਸ਼ੀ
ਵੀ ਗ਼ਜ਼ਲ ਬਣ ਗਈ
ਮੇਰੇ ਸਫ਼ਿਆਂ ਨੇ ਵੀ
ਨਵੀਆਂ ਨਜ਼ਮਾਂ ਬਣਾਈਆਂ

ਹੁਸਨ ਤੇਰਾ
ਜਿਵੇਂ ਫਿਜ਼ਾ-ਏ-ਨਗ਼ਮਾ
ਵੇਖ ਵੇਖ ਸ਼ਾਮਾਂ ਨੂੰ ਵੀ
ਅੰਗੜਾਈਆਂ ਆਈਆਂ

ਅਮਰਜੀਤ ਟਾਂਡਾ
* * * * *

## ਯਾਦ ਆਵਾਂਗਾ


ਡਾ. ਮੁਹਿੰਦਰ ਸਿੰਘ ਰਾਏ



ਤਸਵੀਰ ਮੇਰੀ ਦੀਆਂ ਅੱਖਾਂ ਸਵਾਲ ਕਰਨਗੀਆਂ।
ਹੋਰ ਕਿੰਨੀਆਂ ਕੁ ਲਾਵਾਰਿਸ ਲਾਸ਼ਾਂ ਬਨਣਗੀਆਂ।
ਜਦ ਸਜ-ਵਿਆਹੀਆਂ ਚੂੜੇ ਲਾਹ ਧਰਨਗੀਆਂ।
ਤਾਂ ਮੈਂ ਯਾਦ ਆਵਾਂਗਾ, ਬਣ ਕੇ ਖਿਆਲ ਆਵਾਂਗਾ।
ਜਦ ਆ ਕੇ ਕਿਸੇ ਬੇਕਸੂਰ ਦਾ ਨਾਮ ਪੁੱਛਣਗੇ।
ਉਸ ਦਿਨ ਕੱਚੇ ਘਰਾਂ ਦੇ ਦਿਲ ਕੰਬਣਗੇ।
ਮੱਲੋ-ਮੱਲੀ ਹੱਥ ਦੋਵੇਂ ਅਸਮਾਨ ਵੱਲ ਉੱਠਣਗੇ।
ਤਾਂ ਮੈਂ ਯਾਦ ਆਵਾਂਗਾ, ਬਣ ਕੇ ਖਿਆਲ ਆਵਾਂਗਾ।
ਜਦ ਕਦੇ ਵੀ ਪਿੰਡ ਵਿੱਚ ਪੁਲਿਸ ਆਵੇਗੀ।
ਰਾਤ ਦੇ ਸੀਨੇ 'ਚੋਂ ਅਵਾਜ਼ ਗੋਲੀ ਦੀ ਆਵੇਗੀ।
ਕੋਈ ਮਾਂ, ਕੋਈ ਭੈਣ ਉੱਚੀ ਉੱਚੀ ਵੈਣ ਪਾਵੇਗੀ।
ਤਾਂ ਮੈਂ ਯਾਦ ਆਵਾਂਗਾ, ਬਣ ਕੇ ਖਿਆਲ ਆਵਾਂਗਾ।
ਜਦ ਪੁਲਿਸ ਦੀਆਂ ਅੱਖਾਂ 'ਚ ਪਾਪ ਬਲਣਗੇ।
ਉਹ ਫਿਰ ਸੱਚ ਦੇ ਮੁਖੜੇ ਤੇ ਕਾਲਖ ਮਲਣਗੇ।
ਉਸ ਘਰ ਦੇ ਬਨੇਰੇ ਤੇ ਨਾ ਕਦੀ ਦੀਵੇ ਜਲਣਗੇ।
ਤਾਂ ਮੈਂ ਯਾਦ ਆਵਾਂਗਾ, ਬਣ ਕੇ ਖਿਆਲ ਆਵਾਂਗਾ।
ਰੱਖੀਆਂ ਸੀ ਕਿਸੇ ਨੇ ਆਉਣ ਦੀਆਂ ਉਡੀਕਾਂ।
ਪਾਈਆਂ ਸੀ ਔਂਸੀਆਂ ਮਾਰ ਫ਼ਰਸ਼ਾਂ ਤੇ ਲੀਕਾਂ।
ਪਰ ਜਦੋਂ ਲੋਕਾਂ ਨੇ ਸੁਣੀਆਂ ਠਾਣਿਆਂ 'ਚੋਂ ਚੀਕਾਂ।
ਤਾਂ ਮੈਂ ਯਾਦ ਆਵਾਂਗਾ, ਬਣ ਕੇ ਖਿਆਲ ਆਵਾਂਗਾ।
ਜਦ ਕੋਈ ਬਜ਼ੁਰਗ ਨਹਿਰ ਦੇ ਪੁਲ਼ ਤੇ ਰੋਵੇਗਾ।
ਉੱਥੇ ਬਹੁਤ ਇਕੱਠ ਲੋਕਾਂ ਦਾ ਹੋਵੇਗਾ।
ਕੋਈ ਰੋ ਰੋ ਕੇ ਲਾਸ਼ ਹੰਝੂਆਂ ਨਾਲ ਧੋਵੇਗਾ।
ਤਾਂ ਮੈਂ ਯਾਦ ਆਵਾਂਗਾ, ਬਣ ਕੇ ਖਿਆਲ ਆਵਾਂਗਾ।
ਜਦ ਕੁੱਜੇ ਵਿੱਚ ਕਿਸੇ ਦੇ ਫੁੱਲ ਆਵਣਗੇ ।
ਚੱਲ ਬਈ ਪੰਜਾਬ ਦੇ ਸ਼ੇਰਾ ਅਵਾਜ਼ ਲਾਵਣਗੇ।
ਤੇ ਕੀਰਤਪੁਰ ਸਾਹਿਬ ਫੁੱਲ ਤਾਰਨ ਜਾਵਣਗੇ।
ਤਾਂ ਮੈਂ ਯਾਦ ਆਵਾਂਗਾ, ਬਣ ਕੇ ਖਿਆਲ ਆਵਾਂਗਾ।

*Don't settle for a relationship, that won't let you be yourself."*
*Oprah Winfrey*

## ਸੰਗ ਸਾਥ



ਰਹਿੰਦਾ ਵਿਗੋਚਾ ਸਦਾ ਹੀ ਸੋਹਣੇ ਜਏ ਸਾਥ ਦਾ
ਹੁਣ ਕਿਹੜਾ ਦੱਸੂ ਦੋਸਤੋ, ਬਣਨਾ ਕੀ ਆਸ ਦਾ

ਦਿਲ ਦੇਣ ਲੈਣ ਲੱਗੇ, ਨਾ ਫ਼ਾਕ ਹੋਵੇ ਦਿਲ ਵਿਚ
ਪੈਂਦਾ ਹੈ ਅਸਰ ਮਾਸ ਤੇ ਏਨਾ ਲਿਬਾਸ ਦਾ

ਬਸ ਮੌਜ ਮੌਜ ਵਿਚ ਹੀ, ਮੌਜੀ ਨੂੰ ਭੁੱਲ ਜਾਂਦਾ
ਸਿੱਟਾ ਕੀ ਨਿਕਲਣਾ ਹੈ, ਕੀਤੇ ਵਿਲਾਸ ਦਾ

ਕਿਹੜਾ ਨਹੀਂ ਜਾਣਦਾ ਕਿ, ਕਬਰਾਂ 'ਚ ਅੰਤ ਹੋਣਾ
ਰਿਸ਼ਤਾ ਰਹੂ ਜੇ ਸੀਮਤ, ਬੱਸ ਹੱਡ ਮਾਸ ਦਾ

ਦੂਜੇ ਨੂੰ ਦੋਸ਼ ਦੇਣ ਦਾ ਰਿਵਾਜ਼ ਪੈ ਗਿਆ ਹੈ
ਕਾਰਨ ਤਾਂ ਦਿਲ ਹੀ ਹੁੰਦਾ, ਹੋਏ ਦਿਲ ਉਦਾਸ ਦਾ

ਮਰ ਜਾਣੇ ਜੱਗ ਨੂੰ ਜਿਉਣ ਦੀ ਠੱਗੀ ਨੇ ਮਾਰਿਆ
ਆਪਾਂ ਤਾਂ ਨਹੀਂ ਹੈ ਮਰਨਾ ਏਦਾਂ ਹੈ ਭਾਸਦਾ

ਕਿਤੇ ਦੇਖਦੇ ਹੀ ਦੇਖਦੇ ਦ੍ਰਿਸ਼ਟੀ ਜੇ ਬਦਲ ਲਈਏ
ਰਿਸ਼ਤਾ ਹੋ ਜਾਣਾ ਜ਼ਿਹਨੀ ਸਭ ਆਸ ਪਾਸ ਦਾ


ਫਿਰ ਲੋਟ ਪੋਟ ਹੋਣੋ ਵੀ ਰਹਿ ਨਹੀਂ ਹੈ ਹੋਣਾ
ਹੁੰਦਾ ਹੈ ਅਸਰ ਏਨਾ ਇੱਕ ਸ਼ਬਦ ਖਾਸ ਦਾ

ਰੂਹ ਨਾਲ ਲਾ ਲੈ ਯਾਰੀ ਜੱਗ ਹੋ ਜਾਊਗਾ ਤੇਰਾ
ਰੁਕ ਜੂ ਉਜਾੜਾ 'ਢੇਸੀ', ਆਤਮ ਨਿਵਾਸ ਦਾ

ਕੁਲਵੰਤ ਸਿੰਘ ਢੇਸੀ, ਯੂ ਕੇ

## ਸਾਬਤੀ

ਕੁਲਵੰਤ ਸਿੰਘ ਢੇਸੀ ਯੂ ਕੇ



ਲਾਗ ਡਾਟ ਨਾ ਤਾਤ ਪਰਾਈ ਅੰਦਰ ਵੈਰ ਹੋਵੇ
ਸਾਡਾ ਆਪਾ ਸਾਡੇ ਲਈ ਹੀ ਕਾਹਤੋਂ ਗ਼ੈਰ ਹੋਵੇ

ਟੁੱਟੇ ਦਿਲ ਹੀ ਇੱਕ ਦੂਜੇ ਨੂੰ ਟੁੱਟ ਟੁੱਟ ਪੈਂਦੇ ਨੇ
ਸਾਬਤੀ ਵਿਚ ਸਵਾਲ ਨਹੀਂ ਕੋਈ ਐਰ ਗ਼ੈਰ ਹੋਵੇ

ਉਹਨੇ ਵੀ ਤਾਂ ਸੂਚੀ ਵਿਚ ਸ਼ਾਮਲ ਹੋ ਜਾਣਾ ਹੈ
ਦਿਲੋਂ ਜਦੋਂ ਕੋਈ ਆਖੇ ਕਿ ਸਭ ਸੁੱਖ ਖ਼ੈਰ ਹੋਵੇ

ਧਰਮ ਦੇ ਨਾਂ 'ਤੇ ਰਾਮ 'ਤੇ ਅੱਲਾ ਵੱਖ ਰਹਿਣਗੇ ਜੇ
ਧਰਮਾਂ ਦੇ ਵਿਚ ਦੱਸੋ ਕਿਓਂ ਨਾ ਛਿੜਦੀ ਝੈਰ ਹੋਵੇ

ਅੰਗ ਹੀਣ ਦੀ ਸੱਚ ਪੁੱਛੋ ਅਰਦਾਸ ਇੱਕੋ ਹੁੰਦੀ
ਹਰ ਬੰਦੇ ਦਾ ਸਹੀ ਸਲਾਮਤ ਹੱਥ ਪੈਰ ਹੋਵੇ

ਕਹਿਣ ਨੂੰ ਸਾਰੇ ਕਹਿੰਦੇ ਨੇ ਕਿ ਗਰਬ ਬੜਾ ਮਾੜਾ
ਚਿੱਤੋਂ ਹਰ ਕੋਈ ਕਹਿੰਦਾ ਹੈ ਨਾ ਐਰ ਗ਼ੈਰ ਹੋਵੇ


ਏਸ ਗੱਲੋਂ ਤਾਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ
ਬੰਦੇ ਦਾ ਹੋਣਾ ਹੀ ਕੀ ਜੇ ਫੋਕਾ ਫੈਰ ਹੋਵੇ

ਨਵੀਂ ਨਵੀਂ ਹੀ ਲੱਗਣੀ ਹੈ ਇਹ ਦੁਨੀਆਂ ਸਾਰੀ ਹੀ
ਜਦੋਂ ਗਜ਼ਲ ਨਾਲ ਜੋਟੀ ਪਾ ਯਾਰਾਂ ਦੀ ਸੈਰ ਹੋਵੇ

ਪੜ੍ਹਦੇ ਹੜ੍ਹਦੇ 'ਢੇਸੀ' ਨੂੰ ਇਹ ਕਦੋਂ ਪਤਾ ਲੱਗੂ
ਇੱਕੋ ਅੱਖਰ ਨਾਲ ਸੌਖਿਆਂ ਭੌਜਲ ਤੈਰ ਹੋਵੇ

* * * * * *

## ਪੱਤਰਕਾਰਾਂ ਦੀ ਕਪਾਹ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517


ਤਖਤ ਸਾਹਿਬ 'ਤੇ ਦੇਖ ਮਨਰਜੀਆਂ ਨੂੰ
ਦੁਖੀ ਦਿਲਾਂ 'ਚੋਂ ਨਿੱਕਲਦੀ ਆਹ ਬੇਲੀ।
ਫੜਕੇ 'ਕੈਮਰੇ ਮਾਈਕ' ਹਨ ਤੁਰੇ ਫਿਰਦੇ
ਸਵਾਲ ਪੁੱਛਦੇ ਨੇ 'ਖਾਹ-ਮੁਖਾਹ' ਬੇਲੀ।
ਲਾਈਕ ਵਿਊਜ਼ ਕਮੈਂਟਾਂ ਦੀ ਹੋੜ ਅੰਦਰ
ਪੱਤਰਕਾਰੀ ਨੂੰ ਲਾ ਰਹੇ ਨੇ ਢਾਹ ਬੇਲੀ।
ਮਨਘੜੰਤ ਹੀ ਚੱਕਵੀਆਂ ਸੁਰਖੀਆਂ ਨੇ
ਵਿੱਚ ਮੀਡ੍ਰੀਏ ਪਾਇਆ ਏ ਗਾਹ ਬੇਲੀ।
ਲੱਗਾ ਹੋਇਆ ਏ ਬਹੁਤਿਆਂ ਚੈਨਲਾਂ ਨੂੰ
ਤੇਲ ਬਲਦੀ 'ਤੇ ਪਾਉਣ ਦਾ ਪਾਹ ਬੇਲੀ।
ਪੰਥਕ ਹਿਰਦਿਆਂ ਵਿੱਚ ਤਾਂ 'ਹੌਲ' ਪੈਂਦੇ
ਪੱਤਰਕਾਰਾਂ ਲਈ 'ਖਿੜੀ ਕਪਾਹ' ਬੇਲੀ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਕਬੀਰ ਜੀ ਨੇ ਜਾ ਕਥਾ ਸੁਣੀ, ਜੁ ਸ੍ਰੀ ਰਾਮਾਨੰਦ ਜੀ, ਸ੍ਰੀ ਬਾਬੇ ਜੀ ਦਾ ਸ਼ਿਸ਼ ਹੋਯਾ ਤਾ ਕਬੀਰ ਜੀ ਫੂਲ ਪਾਨ ਲੈ ਕੇ ਬਾਬੇ ਕਾ ਦਰਸ਼ਨ ਕਰਨ ਆਏ । ਆਇ ਕਰਤਾਰ ਕਰਤਾਰ ਕਰ ਬੈਠ ਗਏ । ਤਾਂ ਬਾਬੇ ਕਹਾ, ਆਉ ਭਗਤ ਕਬੀਰ ਕੁਸ਼ਲ ਹੈ ਜੀ ! ਮੈਨੇ ਸੁਨਿਆ ਹੈ ਆਪਨੇ, ਰਾਮਾਨੰਦ ਜੀ ਕਾ ਸੰਸਯ ਦੂਰ ਕੀਆ ਹੈ । ਹਮਾਰੇ ਭਰਮ ਕਾ ਭੀ ਛੇਦਨ ਕਰੋ । ਤੁਮ ਜੋ ਭਗਤਾਂ ਵਿਖੇ ਗੁਰੂ ਸੂਰਜ ਪ੍ਰਕਾਸ਼ ਭਏ ਹੋ, ਸਰਬ ਜਗਤ ਕਲਿਆਣ ਲਈ ਤੁਮਾਰਾ ਅਵਤਾਰ ਹੈ । ਤਾਂ ਬਾਬੇ ਕਹਾ ਤੁਸੀਂ ਭੀ ਬਚਨ ਕਰੋ ।**




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ–48**

## ਸਤਿਗੁਰ ਵਾਚ:

ਸੁਨਹੁ ਰੇ ਚੇਲਾ ਸਿਖਿਆ ਏਕ ਹਮਾਰੀ
ਮਨ ਤਨ ਪਵਣ ਕਰਹੁ ਜਬ ਏਕੋ
ਸੁੰਨੇ ਲਾਵਹੁ ਤਾੜੀ।
ਕਰਮ ਅਕਰਮ ਦੋਊ ਪਖਿ
ਤਿਆਗਹੁ ਸੁਰਤਿ ਨਿਰਤੁ ਬਿਧ ਮੇਲੋ।
ਜਾਗ੍ਰਿਤ ਕਲਾ ਰਹੋ ਤੁਮ ਨਿਸ
ਦਿਨ ਸਹਿਜ ਕਲਾ ਮਹਿ ਖੇਲੋ।
ਤਜਿ ਮਾਇਆ ਨਿਰਮਾਇਲ ਹੋਵਹੁ
ਮਨ ਕੇ ਤਜਹੁ ਬਿਕਾਰਾ।
ਨਾਨਕ ਕਹੈ ਸੁਨਹੁ ਕੰਬੀਰਾ ਇਤਿ
ਬਿਧ ਮਿਲੇ ਅਪਾਰਾ।2।

## ਕਬੀਰ ਵਾਚ:

ਸੁਆਮੀ ਮਾਇਆ ਪ੍ਰਬਲੁ ਜਨ
ਤੇਰਾ ਨਿਰਬਲ ਕਿਵ ਮਨ ਅਸਥਿਰੁ ਹੋਈ।
ਕਾਮ ਕ੍ਰੋਧ ਬਿਆਪਿਤ ਹੈ ਮੋ ਕਉ
ਸੁਰਤਿ ਨਿਰਤਿ ਬਿਧਿ ਖੋਈ।
ਮਨ ਰਾਖੋ ਤਉ ਪਉਨ ਸਿਧਾਰੇ ਪਉਨ
ਰਹੇ ਮਨ ਜਾਈ।
ਸੁਆਮੀ ਮਨ ਤਨੁ ਪਉਨ ਹੋਇ ਜਬ
ਏਕੋ ਸਾ ਬਿਧਿ ਦੇਹੁ ਬਤਾਈ।3।
ਆਸਣ ਥਿਰੁ ਕਰਿ ਬੈਠੇਹੁ ਪੂਤਾ
ਉਨਮਨ ਧਿਆਨ ਲਗਾਵਹ।
ਭੋਜਨ ਅਲੁਖ ਖੰਡਿਤ ਕਰ ਨਿੰਦ੍ਰਾ
ਕਾਮ ਕ੍ਰੋਧ ਜਲਾਵਹੁ।
ਦਹਿ ਦਿਸ ਧਾਵਤ ਇਕਤ ਘਰਿ
ਰਾਖਹੁ ਸੁਰਤਿ ਨਿਰਤ ਰਸੁ ਪੀਜੈ।
ਜੋ ਅੰਤਰਿ ਸੇ ਬਾਹਰਿ ਦੇਖਹੁ ਇਸ
ਬਧਿ ਮਨ ਬਸਿ ਕੀਜੈ।4।
ਕਿਆ ਲੈ ਸੋਵਉ ਕਿਆ ਲੈ
ਜਾਗਉ ਕਿਆ ਲੈ ਰਹਉ ਉਦਾਸਾ।
ਕਵਨ ਅਗਨਿ ਕੀ ਧੂਈ ਤਾਪੋ
ਕਵਨ ਮੜੀ ਮਹਿ ਬਾਸਾ।
ਸੁਰਤਿ ਲੈ ਜਾਗਹ ਕਰਮ ਲੈ ਸੋਵਹੁ
ਬ੍ਰਹਮ ਅਗਨਿ ਤੁਮ ਤਾਪੋ।
ਨਿਸ ਬਾਸਰ ਤੁਮੁ ਖੋਜ ਖੋਜਾਵਹੁ
ਇਉ ਕਰਿ ਰਹੋ ਉਦਾਸੋ।5।
ਇਹ ਬੀਚਾਰ ਸੁਨਹੁ ਰੇ ਚੇਲਾ ਇਹ
ਲੱਛਣ ਤੁਮ ਭਾਖਹੁ।
ਗੁਰ ਪ੍ਰਸਾਦਿ ਸੁਰਤਿ ਜੀਆ ਰਾਖਹੁ
ਸੁੰਨਿ ਮੁੰਡਲ ਮਹਿ ਧ੍ਰਾਪਹੁ।6।
ਊਹਾ ਜਾਇ ਨਾ ਕਹੋ ਸੰਦੇਸ਼ਾ
ਕਿਆ ਅਚਰਜ ਹੋਇ ਜਾਈ।
ਮਮ ਭੈ ਹੋਇ ਕਹਾ ਗੁਰ ਪੂਰੇ ਸਾ ਬਿਧਿ
ਦੇਹੁ ਬਤਾਈ।7।
ਸਸੀਅਰੁ ਚੜਿ ਦੇਖੋ ਤਬ ਲੋਕਾ
ਤਹਾਂ ਚੀਟੀ ਫੇਰ ਨਾ ਹੋਤਾ।
ਨਾਨਕ ਕਹੈ ਸੁਨਹੁ ਕਬੀਰਾ ਇਉ
ਮਿਲੈ ਪਰਮੁ ਤਤ ਜੋਤਾ।8।
ਧੰਨ ਧੰਨ ਗੁਰੂ ਨਾਨਕ ਜਿਹ ਸੰਗ
ਮੋਹਿ ਉਧਾਰੇ।
ਮੁਕਤਿ ਮਿਲਾਵਣ ਹਾਰੇ।

## ਸ਼ਬਦ ਕਬੀਰ ਭਗਤ ਕਾ:

ਜਬ ਹਮ ਭਗਤ ਭਏ ਸੁਖਦੇਉ।
ਜਨਕ ਬਿਦੋਹ ਕੀਆ ਗੁਰਦੇਉ।
ਕਲਿ ਮਹਿ ਜੁਲਾਹਾ ਨਾਉ ਕੰਬੀਰ।
ਬਕਬਕਾ ਚਿਤ ਰਹੈ ਨਾ ਧੀਰੁ।
ਬਹੁਤ ਭਾਂਤਿ ਜਬ ਸਿਮਰਨ ਕੀਨਾ।
ਤਉ ਭੀ ਏਹੁ ਮਨ ਚੰਚਲ ਨਾਹੀ ਭੀਨਾ।
ਹਾਰਿ ਪਰਿਉ ਸਤਿਗੁਰੂ ਕੇ ਦੁਆਰ।
ਗੁਰ ਰਾਮੁ ਨਾਮ ਦੇ ਲੀਏ ਉਬਾਰੁ।
ਕਰ ਗਿਆਨ ਜਬ ਭਏ ਉਦਾਸੀ।
ਤਬ ਕਾਟੀ ਜਮੁ ਕੀ ਫਾਸੀ।
ਸਤਿ ਪੁਰਖੁ ਸਤਿਗੁਰ ਤੇ ਜਾਤਾ ਗਏ
ਸੁ ਸੰਹਸਾ ਪੀਰ।
ਜੁਗੋ ਜੁਗੋ ਗੁਰੂ ਨਾਨਕ ਜਪਿਆ
ਕੀਟ ਮੁਰੀਦ ਕਬੀਰ।
ਸੁਨਿ ਉਪਦੇਸ਼ ਪੂਰੇ ਸਤਿਗੁਰ ਕਾ
ਮਨ ਭਇਆ ਅਨੰਦ।
ਮੁਕਤਿ ਕਾ ਦਾਤਾ ਬਾਬਾ ਨਾਨਕ
ਰੰਚਕ ਰਾਮਾਨੰਦ।1। (ਸਫ਼ਾ 105)

ਤਬ ਬਾਬਾ ਜੀ ਨਿਰੰਕਾਰ ਕਾ ਸਰੂਪ ਉਥੇ ਜੋ ਅੰਤਰ ਧਿਆਨ ਧਰਿ ਹੋਏ ਕਰਤਾਰਪੁਰ ਆਏ ਨਿਕਲੇ ਕੀਰਤਨ ਹੋਵੈ ਸਬਦ ਗਾਵੀਐ। (ਪੁਰਾਤਨ ਜਨਮਸਾਖੀ)

ਇਸ ਜਨਮਸਾਖੀ ਵਿੱਚ ਗੁਰੂ ਨਾਨਕ ਅਤੇ ਕਬੀਰ ਜੀ ਦੀ ਗੋਸ਼ਟੀ ਦਾ ਸਾਰ ਦਿੱਤਾ ਹੈ। ਵਧੇਰੇ ਵਿਸਥਾਰ ਇਕ ਹੋਰ ਪੁਰਾਣੀ ਲਿਖਤੀ ਜਨਮਸਾਖੀ ਵਿੱਚ ਮਿਲਦਾ ਹੈ, ਜੋ ਲੇਖਕ ਨੂੰ ਬੁਰਹਾਨਪੁਰ ਦੇ ਇਕ ਡੇਰੇ ਤੋਂ ਪ੍ਰਾਪਤ ਹੋਈ ਹੈ:–

ਇਹ ਮਹੱਤਵਪੂਰਨ ਰਚਨਾ ਗੋਸ਼ਟ ਕਬੀਰ ਜੀ ਦੀ ਦੇ ਸਿਰਲੇਖ ਹੇਠਾਂ ਕਈ ਪੁਰਾਣੀਆਂ ਹੱਥ ਲਿਖਤਾਂ ਵਿੱਚ ਆਈ ਹੈ। ਜਿਸ ਦੀ ਦੋ ਸੌ ਸਾਲ ਪਹਿਲਾਂ ਦੀ ਨਕਲ ਬੁਰਹਾਨਪੁਰ ਵਾਲੀ ਜਨਮਸਾਖੀ ਦੀ ਪੋਥੀ ਵਿੱਚ ਮਿਲਦੀ ਹੈ। ਇਸ ਜਨਮਸਾਖੀ ਜਿਸ ਦੀਆਂ ਬਾਕੀ ਸਾਖੀਆਂ ਪੁਰਾਤਨ ਜਾਂ ਆਦਿ ਸਾਖੀਆਂ ਨਾਲ ਮਿਲਦੀਆਂ ਹਨ ਵਿੱਚ ਪ੍ਰਾਣ ਸੰਗਲੀ ਵਾਲਾ ਭਾਗ ਵੀ ਸ਼ਾਮਿਲ ਹੈ। ਸੰਤ ਸੰਪੂਰਨ ਸਿੰਘ ਜੀ (ਤਰਨਤਾਰਨ ਵਾਲਿਆਂ) ਤਿੰਨ ਭਾਗਾਂ ਵਿੱਚ ਪ੍ਰਾਣ ਸੰਗਲੀ (ਹਿੰਦੀ ਵਿੱਚ) ਛਾਪੀ ਹੈ, ਉਸਦੇ ਦੂਜੇ ਭਾਗ ਵਿੱਚ ਸਫ਼ਾ 250 ਤੇਰ੍ਹਵੇਂ ਅਧਿਆਏ ਦੇ ਰੂਪ ਵਿੱਚ, ਇਹ ਰਚਨਾ ਪ੍ਰਕਾਸ਼ਤ ਹੈ। ਇਹ ਪ੍ਰਾਣ ਸੰਗਲੀ ਪੋਥੀ, ਸੰਨ 1917 ਵਿੱਚ ਪ੍ਰਕਾਸ਼ਿਤ ਕਰ ਦਿੱਤੀ ਗਈ ਸੀ, ਉਸ ਦੇ ਵਿੱਚ ਇਸ ਦਾ ਸਿਰਲੇਖ ਹੈ:

ਗੋਸ਼ਟ ਕਬੀਰ ਜੀ ਨਾਲ ਹੋਈ, ਮਹਲਾ 1

ਜਿਵੇਂ ਰਾਮਾਨੰਦ ਨਾਲ ਹੋਈ ਗੋਸ਼ਟ ਵਿੱਚ ਪੜ੍ਹ ਆਏ ਹਾਂ, ਪਤਾ ਲੱਗਣ ‘ਤੇ ਕਬੀਰ ਜੀ ਨੂੰ ਗੁਰੂ ਨਾਨਕ ਜੀ ਨਾਲ ਮਿਲਣ ਲਈ ਅਤੇ ਕੁਝ ਜਾਨਣ ਲਈ ਕਿਵੇਂ ਖ਼ਿਆਲ ਉਪਜੇ? ਇਹ ਵਾਰਤਕ ਰੂਪ ਵਿੱਚ ਭੂਮਕਾ ਪ੍ਰਾਣ ਸੰਗਲੀ ਸਟੀਕ ਵਿੱਚੋਂ ਹੀ ਦਿੱਤੀ ਜਾਂਦੀ ਹੈ, ਜੋ ਇਕ ਤਰ੍ਹਾਂ ਉਪਰ ਦਿੱਤੀਆਂ ਗੋਸ਼ਟੀਆਂ ਦੀ ਭੂਮਿਕਾ ਹੈ:

ਕਬੀਰ ਜੀ ਨੇ ਜਾ ਕਥਾ ਸੁਣੀ, ਜੁ ਸ੍ਰੀ ਰਾਮਾਨੰਦ ਜੀ, ਸ੍ਰੀ ਬਾਬੇ ਜੀ ਦਾ ਸ਼ਿਸ਼ ਹੋਯਾ ਤਾ ਕਬੀਰ ਜੀ ਫੂਲ ਪਾਨ ਲੈ ਕੇ ਬਾਬੇ ਕਾ ਦਰਸ਼ਨ ਕਰਨ ਆਏ। ਆਇ ਕਰਤਾਰ ਕਰਤਾਰ ਕਰ ਬੈਠ ਗਏ। ਤਾਂ ਬਾਬੇ ਕਹਾ, ਆਉ ਭਗਤ ਕਬੀਰ ਕੁਸ਼ਲ ਹੈ ਜੀ! ਮੈਨੇ ਸੁਨਿਆ ਹੈ ਆਪਨੇ, ਰਾਮਾਨੰਦ ਜੀ ਕਾ ਸੰਸਯ ਦੂਰ ਕੀਆ ਹੈ। ਹਮਾਰੇ ਭਰਮ ਕਾ ਭੀ ਛੇਦਨ ਕਰੋ। ਤੁਮ ਜੋ ਭਗਤਾਂ ਵਿਖੇ ਗੁਰੂ ਸੂਰਜ ਪ੍ਰਕਾਸ਼ ਭਏ ਹੋ, ਸਰਬ ਜਗਤ ਕਲਿਆਣ ਲਈ ਤੁਮਾਰਾ ਅਵਤਾਰ ਹੈ। ਤਾਂ ਬਾਬੇ ਕਹਾ ਤੁਸੀਂ ਭੀ ਬਚਨ ਕਰੋ।

ਏਹੋ ਲਿਖਤ, ਨਕਲ ਦੇ ਪਾਏ ਕੁਝ ਪਾਠ ਭੇਦਾਂ ਸਮੇਤ ਭਾਸ਼ਾ ਵਿਭਾਗ ਪਟਿਆਲਾ ਦੇ ਛਾਪੇ ਗੋਸ਼ਟੀਆਂ ਗ੍ਰੰਥ ਵਿੱਚ, ਹੋਰ ਕਈ ਲਿਖਤੀ ਗੋਸ਼ਟਾਂ ਦੇ ਨਾਲ ਸੰਗ੍ਰਹਿ ਕਰਕੇ ਸੰਨ 1970 ਵਿੱਚ ਛਾਪੀ ਹੋਈ ਹੈ। ਗੋਸ਼ਟ ਦਾ ਸਿਰਲੇਖ ਹੈ ਗੋਸ਼ਟੀ ਬਾਬੇ ਨਾਨਕ ਜੀ ਕਬੀਰ ਨਾਲ ਕੀਤੀ। ਛਾਪਣ ਵੇਲੇ ਪ੍ਰਾਣ ਸੰਗਲੀ ਵਾਂਗ ਮਹਲਾ 1 ਲਿਖਤ ਹੋਣ ਦੀ ਸੂਚਨਾ ਕਿਸੇ ਨੇ ਦਿੱਤੀ ਹੈ ਕਿਸੇ ਨੇ ਨਹੀਂ ਦਿੱਤੀ। ਦੋਵਾਂ ਗੋਸ਼ਟਾਂ ਵਿੱਚ ਮੇਲ ਕੀਤਿਆਂ ਮਾਮੂਲੀ ਪਾਠ ਭੇਦ ਛੱਡ ਕੇ ਮੂਲ ਭਾਵ ਇਕ ਭਾਂਤ ਦਾ ਹੈ। ਪੋਥੀਆਂ ਤੋਂ ਪ੍ਰਗਟ ਹੈ ਕਿ ਇਹ ਉਤਾਰਾ ਕਿਸੇ ਹੋਰ ਪੁਰਾਣੀ ਲਿਖਤ ਤੋਂ ਕੀਤਾ ਗਿਆ ਹੈ। ਅੱਗੇ ਸੰਤ ਸੰਪੂਰਨ ਸਿੰਘ ਜੀ ਵੱਲੋਂ ਪ੍ਰਾਣ ਸੰਗਲੀ ਹਿੰਦੀ ਵਿੱਚ ਛਾਪੀ ਪੁਸਤਕ ਵਿੱਚੋਂ ਮੂਲ ਰੂਪ ਵਿੱਚ ਪਾਠ ਦੇ ਰਹੇ ਹਾਂ, ਜਿਸ ਵਿੱਚ ਕੁਝ ਕੁ ਹਿੰਦੀ ਤੇ ਗੁਰਮੁਖੀ ਲਿਖਾਰੀਆਂ ਦੇ ਪਾਏ ਪਾਠ ਭੇਦਾਂ ਤੋਂ ਬਿਨਾਂ ਵਧੇਰੇ ਅੰਤਰ ਨਹੀਂ:

ਗੋਸ਼ਟ ਕਬੀਰ ਜੀ ਨਾਲ ਹੋਈ ਮਹਲਾ 1:
ਕਹੈ ਕਬੀਰਾ ਚਰਨ ਲਾਗ ਕਰਿ
ਕ੍ਰਿਪਾ ਕੀਜੈ ਦੇਵਾ।
ਅਗਮ ਅਗਾਧ ਬਿਖਮ ਪਦ ਕਹੀਐ
ਸੋ ਕਿਤ ਪਾਈਐ ਸੇਵਾ।
ਮੁਹਿ ਸਮਝਾਇ ਕਹੋ ਗੁਰ ਪੂਰੇ
ਭਿੰਨ ਭਿੰਨ ਅਰਥ ਦਿਖਾਵਹੁ।
ਜਿਹ ਬਿਧਿ ਪ੍ਰਮ ਅਭੈ ਪਦ ਪਾਇਐ
ਸੋ ਬਿਧਿ ਮੋਹਿ ਬਤਾਵਹੁ।
ਮਨ ਬਚ ਕਰਮ ਕ੍ਰਿਪਾ ਕਰਿ
ਕਹੀਐ ਕਿਉਂ ਕਰਿ ਮਿਲੈ ਅਪਾਰੋ।
ਚੇਲਾ ਕਹੈ ਸੁਣੇ ਸਤਿਗੁਰ ਜੀ
ਦੀਜੈ ਸ਼ਬਦ ਬਿਚਾਰੋ।1।

## ਗੁਰੂ ਨਾਨਕ ਵਾਚ:

ਨਾਨਕ ਕਹੈ ਸੁਣੋ ਕਬੀਰ ਜੀ
ਸਿਖਿਯਾ ਏਕ ਹਮਾਰੀ।
ਮਨ ਤਨ ਪਵਨ ਜੀਉ ਕਰਿ ਏਕਾ
ਸੁੰਨ ਲਗਾਵਹੁ ਤਾਰੀ।
ਕਰਮ ਅਕਰਮ ਦੋਉ ਪਖ ਤਿਆਗਹੁ
ਸ਼ਬਦ ਸੁਰਤਿ ਨਿਰਤ ਬਿਧ ਮੇਲਹੁ।
ਨਿਸ ਬਾਸਰ ਭ੍ਰਮ ਖੋਜਤ ਖੋਜਤ
ਸਹਿਜ ਕਲਾ ਮੈ ਖੇਲਹੁ।
ਤਜਿ ਮਾਯਾ ਨਿਰਮਾਇਲ ਹੋਵਹੁ
ਮਨ ਕੇ ਤਜਹੁ ਵਿਕਾਰਾ।
ਸਤਿਗੁਰ ਕਹੈ ਸੁਨਹੁ ਰੇ ਚੇਲਾ
ਇਹ ਬਿਧਿ ਮਿਲੈ ਅਪਾਰਾ॥2॥


**ਭਗਤ ਕਬੀਰ ਜੀ:**
ਕਬੀਰ ਕਹੈ ਜੀ ਮਾਇਆ ਪ੍ਰਬਲ
ਨਿਵਲ ਹਉ ਕਿਉ ਮਨ ਅਸਥਿਰ ਹੋਈ।
ਕਾਮ ਕ੍ਰੋਧ ਵਿਆਪਤ ਸਦਾਸਦ
ਸੁਰਤ ਨਿਰਤ ਦੋਇ ਖੋਈ।
ਮਨ ਰਾਖਉ ਤਉ ਪਵਨ ਸਿਧਾਰੇ
ਰਹੇ ਪਵਨ ਮਨ ਜਾਈ।
ਮਨ ਤਉ ਪਵਨ ਜਿਉ ਹੋਇ ਏਕਾ
ਸੋ ਬਿਧ ਦੇਉ ਬਤਾਈ॥3॥

**ਗੁਰੂ ਨਾਨਕ ਜੀ:**
ਨਾਨਕ ਆਸਣ ਦ੍ਰਿੜ ਕਰ ਪੂਤਾ,
ਉਨ ਮਨ ਧਿਆਨ ਲਗਾਵਹੁ।
ਅਲਪ ਆਹਤ ਖੰਡਤ ਕਹਿ ਨਿੰਦਰਾ
ਕਾਮ ਕ੍ਰੋਧ ਪਰਜਾਲਹੁ।
ਦਹਿ ਦਿਸ ਰੋਕ ਏਕ ਦਰ ਰਾਖਹੁ
ਸੁਰਤ ਨਿਰਤ ਰਸ ਪੀਜੈ।
ਜੋ ਅੰਤਰ ਸੋ ਬਾਹਰ ਦੀਸੈ ਇਤ ਬਿਧ
ਮਨ ਵਸਿ ਕੀਜੈ॥4॥

**ਭਗਤ ਕਬੀਰ ਜੀ:**
ਕਬੀਰ ਕਵਨ ਸੂਖਮ ਕਵਨ ਅਸਥੂਲ,
ਕਵਨ ਡਾਲ ਕਵਨ ਹੈ ਮੂਲ।
ਕਯਾ ਲੈ ਸੋਵੈ ਕਯਾ ਲੈ ਜਾਗਹਿ
ਕਯਾ ਲੈ ਰਹੇ ਉਦਾਸਾ।
ਕਵਨ ਅਗਨਿ ਕੀ ਧੂਣੀ ਤਾਪਉ
ਕਵਨ ਮੰਡਲ ਮਹਿ ਵਾਸਾ॥5॥

ਚਲਦਾ......

## ਸਿਹਤ ਤੇ ਸੁੰਦਰਤਾ



# ਆਈਸਕ੍ਰੀਮ ਖਾਂਦੇ ਹੀ ਕਿਉਂ ਘੁੰਮਣ ਲੱਗਦਾ ਹੈ ਸਿਰ ? ਜਾਣੋ 'ਬ੍ਰੇਨ ਫ੍ਰੀਜ਼' ਦੇ ਪਿੱਛੇ ਦਾ ਦਿਲਚਸਪ ਵਿਗਿਆਨ



ਗਰਮੀਆਂ ਦੇ ਮੌਸਮ ਵਿੱਚ ਠੰਢੀ-ਠੰਢੀ ਆਈਸਕ੍ਰੀਮ ਜਾਂ ਕੋਲਡ ਡਰਿੰਕਸ ਦਾ ਮਜ਼ਾ ਲੈਣਾ ਹਰ ਕਿਸੇ ਨੂੰ ਪਸੰਦ ਹੁੰਦਾ ਹੈ। ਪਰ ਕੀ ਕਦੇ ਤੁਹਾਡੇ ਨਾਲ ਅਜਿਹਾ ਹੋਇਆ ਹੈ ਕਿ ਆਈਸਕ੍ਰੀਮ ਦਾ ਇੱਕ ਵੱਡਾ ਬਾਈਟ ਲੈਂਦੇ ਹੀ ਜਾਂ ਕੁੱਝ ਠੰਢਾ ਪੀਂਦੇ ਹੀ ਸਿਰ ਵਿੱਚ ਅਚਾਨਕ ਬਹੁਤ ਤੇਜ਼ ਦਰਦ ਹੋਣ ਲੱਗ ਪਵੇ ? ਜੇਕਰ ਹਾਂ, ਤਾਂ ਘਬਰਾਉਣ ਦੀ ਲੋੜ ਨਹੀਂ ਹੈ। ਡਾਕਟਰੀ ਭਾਸ਼ਾ ਵਿੱਚ ਇਸ ਸਥਿਤੀ ਨੂੰ 'ਬ੍ਰੇਨ ਫ੍ਰੀਜ਼' ਜਾਂ 'ਆਈਸਕ੍ਰੀਮ ਹੈਡੇਕ' ਕਿਹਾ ਜਾਂਦਾ ਹੈ। ਦਿੱਲੀ ਦੇ ਮੈਕਿਊਰ ਐਂਡ ਆਸਥਾ ਹਸਪਤਾਲ ਦੇ ਜਨਰਲ ਫਿਜ਼ੀਸ਼ੀਅਨ ਡਾ. ਪ੍ਰਤੀਕ ਕੁਮਾਰ ਮੁਤਾਬਕ, ਇਹ ਦਰਦ ਕੁਝ ਸੈਕੰਡਾਂ ਜਾਂ ਇੱਕ-ਦੋ ਮਿੰਟਾਂ ਲਈ ਹੁੰਦਾ ਹੈ ਅਤੇ ਬਿਲਕੁਲ ਵੀ ਖ਼ਤਰਨਾਕ ਨਹੀਂ ਹੁੰਦਾ।

ਆਖਰ ਕਿਉਂ ਹੁੰਦਾ ਹੈ ਇਹ ਤੇਜ਼ ਦਰਦ ?-ਜਦੋਂ ਅਸੀਂ ਬਹੁਤ ਤੇਜ਼ੀ ਨਾਲ ਕੋਈ ਠੰਢੀ ਚੀਜ਼ ਖਾਂਦੇ ਜਾਂ ਪੀਂਦੇ ਹਾਂ, ਤਾਂ ਸਾਡੇ ਮੂੰਹ ਦੇ ਉੱਪਰਲੇ ਹਿੱਸੇ (ਤਾਲੂ) ਅਤੇ ਗਲੇ ਦੇ ਪਿਛਲੇ ਹਿੱਸੇ ਦਾ ਤਾਪਮਾਨ ਅਚਾਨਕ ਬਹੁਤ ਘੱਟ ਹੋ ਜਾਂਦਾ ਹੈ।

ਖ਼ੂਨ ਦੀਆਂ ਨਾੜੀਆਂ ਵਿੱਚ ਬਦਲਾਅ: ਇਸ ਅਚਾਨਕ ਹੋਏ ਬਦਲਾਅ ਕਾਰਨ ਉੱਥੇ ਮੌਜੂਦ ਖ਼ੂਨ ਦੀਆਂ ਨਾੜੀਆਂ ਪਹਿਲਾਂ ਤੇਜ਼ੀ ਨਾਲ ਸੁੰਗੜਦੀਆਂ ਹਨ ਅਤੇ ਫਿਰ ਫੈਲਦੀਆਂ ਹਨ। ਇਸੇ ਪ੍ਰਕਿਰਿਆ ਕਾਰਨ ਦਰਦ ਦੇ ਸਿਗਨਲ ਪੈਦਾ ਹੁੰਦੇ ਹਨ, ਜੋ ਸਿਰ ਦੇ ਅਗਲੇ ਹਿੱਸੇ ਵਿੱਚ ਮਹਿਸੂਸ ਹੁੰਦੇ ਹਨ।

ਟ੍ਰਾਈਜੈਮੀਨਲ ਨਰਵ : ਇਸ ਨਾੜੀ ਦਾ ਕੰਮ ਚਿਹਰੇ ਅਤੇ ਸਿਰ ਦੀਆਂ ਸੰਵੇਦਨਾਵਾਂ ਨੂੰ ਦਿਮਾਗ ਤੱਕ ਪਹੁੰਚਾਉਣਾ ਹੈ। ਮੂੰਹ ਦਾ ਤਾਲੂ ਬਹੁਤ ਜ਼ਿਆਦਾ ਠੰਢਾ ਹੋਣ 'ਤੇ ਇਹ ਨਾੜੀ ਸਰਗਰਮ ਹੋ ਜਾਂਦੀ ਹੈ, ਜਿਸ ਕਾਰਨ ਦਿਮਾਗ ਇਸ ਠੰਢਕ ਨੂੰ ਤੇਜ਼ ਸਿਰਦਰਦ ਵਜੋਂ ਮਹਿਸੂਸ ਕਰਦਾ ਹੈ।

ਮਾਈਗ੍ਰੇਨ ਦੇ ਮਰੀਜ਼ਾਂ ਨੂੰ ਵਧੇਰੇ ਖ਼ਤਰਾ-ਜਿਹੜੇ ਲੋਕ ਪਹਿਲਾਂ ਹੀ ਮਾਈਗ੍ਰੇਨ ਦੀ ਸਮੱਸਿਆ ਤੋਂ ਪੀੜਤ ਹਨ, ਉਨ੍ਹਾਂ ਨੂੰ 'ਆਈਸਕ੍ਰੀਮ ਹੈਡੇਕ' ਹੋਣ ਦੀ ਸੰਭਾਵਨਾ ਆਮ ਲੋਕਾਂ ਨਾਲੋਂ ਜ਼ਿਆਦਾ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਦੀਆਂ ਨਸਾਂ ਤਾਪਮਾਨ ਦੇ ਬਦਲਾਅ ਨੂੰ ਲੈ ਕੇ ਜ਼ਿਆਦਾ ਸੰਵੇਦਨਸ਼ੀਲ ਹੁੰਦੀਆਂ ਹਨ। ਹਾਲਾਂਕਿ, ਇਹ ਦਰਦ ਮਾਈਗ੍ਰੇਨ ਦੇ ਅਸਲ ਦਰਦ ਤੋਂ ਬਿਲਕੁਲ ਵੱਖਰਾ ਹੁੰਦਾ ਹੈ।

ਬਚਾਅ ਦੇ ਤਰੀਕੇ ਅਤੇ ਤੁਰੰਤ ਰਾਹਤ ਦੇ ਨੁਸਖੇ-ਜੇਕਰ ਆਈਸਕ੍ਰੀਮ ਖਾਂਦੇ ਸਮੇਂ ਤੁਹਾਨੂੰ ਬ੍ਰੇਨ ਫ੍ਰੀਜ਼ ਹੋ ਜਾਵੇ, ਤਾਂ ਤੁਸੀਂ ਇਨ੍ਹਾਂ ਤਰੀਕਿਆਂ ਨਾਲ ਤੁਰੰਤ ਰਾਹਤ ਪਾ ਸਕਦੇ ਹੋ:

ਆਪਣੀ ਜੀਭ ਨੂੰ ਮੂੰਹ ਦੇ ਅੰਦਰਲੇ ਤਾਲੂ (ਉੱਪਰਲੇ ਹਿੱਸੇ) 'ਤੇ ਲਗਾਓ ਜਾਂ ਹੌਲੀ-ਹੌਲੀ ਨਿੱਘਾ ਸਾਹ ਲਓ। ਇਸ ਨਾਲ ਠੰਢੇ ਹੋਏ ਹਿੱਸੇ ਨੂੰ ਦੁਬਾਰਾ ਗਰਮ ਹੋਣ ਵਿੱਚ ਮਦਦ ਮਿਲੇਗੀ ਅਤੇ ਦਰਦ ਤੁਰੰਤ ਗਾਇਬ ਹੋ ਜਾਵੇਗਾ। 'ਠੰਢੀਆਂ ਚੀਜ਼ਾਂ ਦਾ ਅਨੰਦ ਹਮੇਸ਼ਾ ਹੌਲੀ-ਹੌਲੀ ਲਓ।

ਇੱਕੋ ਵਾਰ ਵਿੱਚ ਬਹੁਤ ਵੱਡੀ ਬੁਰਕ ਲੈਣ ਜਾਂ ਤੇਜ਼ੀ ਨਾਲ ਠੰਢੀਆਂ ਚੀਜ਼ਾਂ ਨਿਗਲਣ ਤੋਂ ਪਰਹੇਜ਼ ਕਰੋ। ਹੌਲੀ ਖਾਣ ਨਾਲ ਮੂੰਹ ਅਤੇ ਗਲੇ ਨੂੰ ਤਾਪਮਾਨ ਦੇ ਹਿਸਾਬ ਨਾਲ ਖ਼ੁਦ ਨੂੰ ਢਾਲਣ ਦਾ ਸਮਾਂ ਮਿਲ ਜਾਂਦਾ ਹੈ।

## * ਚੂੰਡਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਅਮਰੀਕਾ ਨੂੰ ਭਾਰਤ ਦੀ ਤਰੱਕੀ ਰੜਕਦੀ ਹੈ- ਸੰਤ ਸੀਚੇਵਾਲ**

-ਛੜੇ ਜੇਠ ਦੀ ਮੈਂ ਅੱਖ ਵਿਚ ਰੜਕਾਂ, ਕੰਧ ਉੱਤੋਂ ਰਹੇ ਝਾਕਦਾ।




***ਪ੍ਰੋ. ਦਰਸ਼ਨ ਸਿੰਘ ਵਾਲੀ ਸੀ.ਡੀ. ਦੀ ਜਾਂਚ ਕਿਉਂ ਨਹੀਂ ਸੀ ਕੀਤੀ ਗਈ?**

-ਕਿਉਂਕਿ ਇਹ ਸੀ.ਡੀ. ਇਕ ਸਾਜ਼ਿਸ਼ ਅਧੀਨ ਬਣਾਈ ਗਈ ਸੀ।

***ਬਿਹਾਰ 'ਚ ਮਨਰੇਗਾ ਬਕਾਏ ਦਾ ਹੋਵੇਗਾ ਭੁਗਤਾਨ- ਕੇਂਦਰ ਸਰਕਾਰ**

-ਅਸਾਂ ਜੇਠ ਨੂੰ ਲੱਸੀ ਨਹੀਉਂ ਦੇਣੀ, ਦਿਉਰ ਭਾਵੇਂ ਦੁੱਧ ਪੀ ਲਵੇ।



***ਪੰਜਾਬ ਕਾਂਗਰਸ ਦੀ ਲੀਡਰਸ਼ਿੱਪ ਦਾ ਫ਼ੈਸਲਾ ਰਾਹੁਲ ਅਤੇ ਖੜਗੇ ਹੱਥ- ਇਕ ਖ਼ਬਰ**

-ਕੋਈ ਡਰਦੀ ਪੀਹਣ ਨਾ ਜਾਵੇ, ਛੜਿਆਂ ਦੇ ਦੋ ਦੋ ਚੱਕੀਆਂ।



***ਟਰੰਪ ਸਾਬ, ਮੇਰੀ ਮਕਬੂਲੀਅਤ ਤੁਹਾਡੀ ਚਿੰਤਾ ਦਾ ਵਿਸ਼ਾ ਨਹੀਂ, ਤੁਸੀਂ ਆਪਣਾ ਫ਼ਿਕਰ ਕਰੋ- ਜੌਰਜੀਆ ਮੇਲੋਨੀ**

-ਲੱਤ ਮਾਰੂੰਗੀ ਪੰਜੇਬਾਂ ਵਾਲ਼ੀ, ਪਰ੍ਹਾਂ ਹੋ ਜਾ ਚੱਟੂ ਵੱਟਿਆ।




***ਮਹਾਰਾਜਾ ਰਣਜੀਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਬਣਾਵਾਂਗੇ- ਨਿਤਿਨ ਨਬੀਨ**

-ਹੋਕਾ ਦੇਣਗੇ ਵੰਙਾਂ ਦਾ, ਕੱਢ ਦਿਖਾਉਣਗੇ ਚੱਕੀਰਾਹੇ।




***ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਆਉਣ 'ਤੇ ਹੋਵੇਗੀ ਬੰਦੀ ਸਿੰਘਾਂ ਦੀ ਰਿਹਾਈ- ਪਰਮਜੀਤ ਸਿੰਘ ਸਰਨਾ**

-ਪਹਿਲੀਆਂ ਅਕਾਲੀ ਸਰਕਾਰਾਂ ਕੀ ਖੱਟਾ ਪੀਂਦੀਆਂ ਰਹੀਆਂ, ਸਰਨਾ ਸਾਹਿਬ?



***ਅਕਾਲੀ ਦਲ ਪੁਨਰ ਸੁਰਜੀਤ ਅਤੇ ਤਿੰਨ ਹੋਰ ਅਕਾਲੀ ਦਲ ਹੋਏ ਇਕੱਠੇ- ਇਕ ਖ਼ਬਰ**

-ਪਰ ਕਿੰਨੇ ਕੁ ਚਿਰ ਲਈ?



***ਜਥੇਦਾਰ ਨੂੰ ਅਕਾਲੀ ਦਲ ਦੇ ਸਿਆਸੀ ਮੋਹਰੇ ਵਜੋਂ ਕੰਮ ਨਹੀਂ ਕਰਨਾ ਚਾਹੀਦਾ- ਬਲਤੇਜ ਪੰਨੂੰ**

-ਮੇਰੇ ਮਾਹੀ ਨੂੰ ਅਕਲ ਜੇ ਆਵੇ, ਮੈਂ ਸੁੱਖ ਲਵਾਂ ਪੰਜ ਮੱਸਿਆ।



***ਮੇਰੇ ਬਿਨਾਂ ਇਜ਼ਰਾਈਲ ਦੀ ਹੋਂਦ ਸੰਭਵ ਨਹੀਂ-ਟਰੰਪ**

-ਤੇਰੀ ਮੇਰੀ ਇਕ ਜਿੰਦੜੀ, ਐਵੇਂ ਦੋ ਕਲਬੂਤ ਬਣਾਏ।




***ਕਾਂਗਰਸ ਡੁੱਬਦਾ ਜਹਾਜ਼ ਨਹੀਂ, ਵੱਖ ਹੋਏ ਨੇਤਾ ਫੇਰ ਇਕੱਠੇ ਹੋਣ- ਸੰਜੇ ਰਾਉਤ**

-ਵੇ ਮੈਂ ਤ੍ਰਿੰਞਣਾਂ 'ਚ ਬੋਲ ਪਛਾਣਿਆਂ, ਗ਼ਲੀਆਂ 'ਚ ਫਿਰਦੇ ਦਾ।



***ਇਰਾਨ ਨੇ ਸ਼ਰਤਾਂ ਨਾ ਮੰਨੀਆਂ ਤਾਂ ਫੇਰ ਬੰਬਾਰੀ ਕਰਾਂਗੇ- ਟਰੰਪ**

-ਹੋਰ ਜੇ ਕੋਈ ਲੈ ਆਇਆ ਤੇਰੀ ਜੰਞ ਨੀ, ਜੰਗ ਦਾ ਮੈਦਾਨ ਬਣੂੰ ਬੇਲਾ ਝੰਗ ਨੀ।



***ਅਸੀਂ ਦੱਖਣੀ ਲਿਬਨਾਨ ਤੋਂ ਪਿੱਛੇ ਨਹੀਂ ਹਟਾਂਗੇ- ਇਜ਼ਰਾਈਲ**

-ਪੂਛ ਕੁੱਤੇ ਦੀ ਕਦੇ ਨਾ ਹੋਏ ਸਿੱਧੀ, ਬਾਰਾਂ ਸਾਲ ਵਿਚ ਨੌਲ਼ਕੇ ਰੱਖੀਏ ਜੀ।

***ਚੰਡੀਗੜ੍ਹ ਦੇ ਟਕਸਾਲੀ ਆਗੂਆਂ ਨੇ ਅਕਾਲੀ ਦਲ ਪੁਨਰ ਸੁਰਜੀਤ ਦਾ ਪੱਲਾ ਫੜਿਆ- ਇਕ ਖ਼ਬਰ**

-ਨੀ ਮੈਂ ਜਾਣਾ ਜੋਗੀ ਦੇ ਨਾ਼ਲ, ਕੰਨੀਂ ਮੁੰਦਰਾਂ ਪਾ ਕੇ।

***ਟਰੰਪ ਪ੍ਰਸ਼ਾਸਨ ਦਾ ਵੀਜ਼ਾ ਫ਼ੀਸ ਵਧਾਉਣ ਦਾ ਫ਼ੈਸਲਾ ਅਦਾਲਤ ਵਲੋਂ ਗ਼ੈਰ-ਕਾਨੂੰਨੀ ਕਰਾਰ- ਇਕ ਖ਼ਬਰ**

-ਢਿੱਡ ਛਿੱਲ ਲਿਆ ਬੋਸਕੀ ਵਰਗਾ, ਰੋੜਾਂ ਵਾਲ਼ੀ ਕੰਧ ਟੱਪ ਕੇ।

==========

# ਸਿੱਖ ਜਥੇਬੰਦੀਆਂ ਦੇ ਦਬਾਅ ਤੋਂ ਬਾਅਦ ਦੂਜੀ ਧਿਰ ਖ਼ਿਲਾਫ਼ ਵੀ ਕਰਾਸ-ਕੇਸ ਦਰਜ

## ✪ ਨਗਰਾਸੂ ਗੁਰਦੁਆਰਾ ਸਾਹਿਬ ਵਿਖੇ ਚੱਲ ਰਿਹਾ ਤਣਾਅ ਖ਼ਤਮ ਹੋਣ ਦੇ ਨੇੜੇ ✪ ਪ੍ਰਸ਼ਾਸਨਿਕ ਭਰੋਸੇ ਤੋਂ ਬਾਅਦ 2 ਨਿਹੰਗ ਸਿੰਘ ਛੱਤ ਤੋਂ ਹੇਠਾਂ ਆਏ ✪ ਪੁਲਿਸ ਦੀ ਕਥਿਤ ਧੱਕੇਸ਼ਾਹੀ ਦੀ ਜਾਂਚ ਡੀ.ਆਈ.ਜੀ. ਯਸ਼ਵੰਤ ਸਿੰਘ ਨੂੰ ਸੌਂਪੀ ਗਈ

### ਖਾਸ ਰਿਪੋਰਟ



ਬਘੇਲ ਸਿੰਘ ਧਾਲੀਵਾਲ

ਹੇਮਕੁੰਟ ਸਾਹਿਬ ਦੇ ਯਾਤਰਾ ਮਾਰਗ ’ਤੇ ਸੰਗਤਾਂ ਲਈ ਕੀਤੇ ਜਾਂਦੇ ਪ੍ਰਬੰਧਾਂ, ਲੰਗਰਾਂ ਅਤੇ ਸੇਵਾਵਾਂ ਨੂੰ ਰੋਕਣ ਦੀਆਂ ਸ਼ਿਕਾਇਤਾਂ ਸਾਲਾਂ ਤੋਂ ਆ ਰਹੀਆਂ ਹਨ। ਕਦੇ ਲੰਗਰਾਂ ’ਤੇ ਇਤਰਾਜ਼ ਕੀਤੇ ਜਾਂਦੇ ਹਨ, ਕਦੇ ਥਾਂ ਦੇਣ ਤੋਂ ਇਨਕਾਰ ਹੁੰਦਾ ਹੈ ਅਤੇ ਕਦੇ ਆਖ਼ਰੀ ਵੇਲੇ ਸਮਝੌਤੇ ਤੋੜ ਦਿੱਤੇ ਜਾਂਦੇ ਹਨ। ਜੇਕਰ ਇਨ੍ਹਾਂ ਘਟਨਾਵਾਂ ਨੂੰ ਇਕੱਲਿਆਂ ਦੇਖਿਆ ਜਾਵੇ ਤਾਂ ਇਹ ਛੋਟੇ ਵਿਵਾਦ ਲੱਗ ਸਕਦੇ ਹਨ, ਪਰ ਇੱਕ ਲੜੀ ਵਜੋਂ ਦੇਖਣ ’ਤੇ ਫਿਰਕਾਪ੍ਰਸਤੀ ਦੀ ਇੱਕ ਵੱਡੀ ਅਤੇ ਯੋਜਨਾਬੱਧ ਤਸਵੀਰ ਸਾਹਮਣੇ ਆਉਂਦੀ ਹੈ। ?ਇਸ ਮਾਮਲੇ ਵਿੱਚ ਵੀ ਉਹੀ ਪੁਰਾਣਾ ਰੁਝਾਨ ਦੇਖਣ ਨੂੰ ਮਿਲਿਆ, ਜਿੱਥੇ ਘਟਨਾ ਤੋਂ ਤੁਰੰਤ ਬਾਅਦ ਪ੍ਰਸ਼ਾਸਨ ਵੱਲੋਂ ਸਭ ਤੋਂ ਪਹਿਲਾਂ ਸਿੱਖ ਨੌਜਵਾਨਾਂ ਖ਼ਿਲਾਫ਼ ਇੱਕਤਰਫ਼ਾ ਐਫ.ਆਈ.ਆਰ. ਦਰਜ ਕਰਕੇ ਕਾਰਵਾਈ ਕੀਤੀ ਗਈ। ਆਜ਼ਾਦੀ ਤੋਂ ਬਾਅਦ ਕਈ ਵਾਰ ਅਜਿਹਾ ਦੇਖਿਆ ਗਿਆ ਹੈ ਕਿ ਪੀੜਤਾਂ ਨੂੰ ਹੀ ਸਬਰ ਕਰਨ, ਚੁੱਪ ਰਹਿਣ ਜਾਂ ਆਪਣੇ ਵਿਵਹਾਰ ਨੂੰ ਸੁਧਾਰਨ ਦੀ ਸਲਾਹ ਦਿੱਤੀ ਜਾਂਦੀ ਹੈ, ਜਦਕਿ ਬਹੁਗਿਣਤੀ ਦੀ ਹਿੰਸਕ ਭੀੜ ਨੂੰ ਸਮਾਜਿਕ ਅਤੇ ਸਿਆਸੀ ਸੁਰੱਖਿਆ ਦਿੱਤੀ ਜਾਂਦੀ ਹੈ।

ਭਾਵੇਂ ਹੁਣ ਪੰਜਾਬ ਸਰਕਾਰ ਅਤੇ ਸਿੱਖ ਜਥੇਬੰਦੀਆਂ (ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਵਾਰਿਸ ਪੰਜਾਬ ਦੇ ਵਫ਼ਦ) ਦੇ ਭਾਰੀ ਦਬਾਅ ਕਾਰਨ ਉੱਤਰਾਖੰਡ ਪੁਲੀਸ ਨੇ ਦੂਜੀ ਧਿਰ ਖ਼ਿਲਾਫ਼ ਕਰਾਸ-ਕੇਸ ਦਰਜ ਕਰਕੇ ਜਾਂਚ ਹਰਿਦੁਆਰ ਪੁਲੀਸ ਨੂੰ ਸੌਂਪ ਦਿੱਤੀ ਹੈ, ਪਰ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਇਨਸਾਫ਼ ਦੀ ਮੁਢਲੀ ਪ੍ਰਕਿਰਿਆ ਲਈ ਵੀ ਘੱਟਗਿਣਤੀਆਂ ਨੂੰ ਹਮੇਸ਼ਾ ਇੰਨਾ ਵੱਡਾ ਸੰਘਰਸ਼ ਅਤੇ ਦਬਾਅ ਕਿਉਂ ਬਣਾਉਣਾ ਪੈਂਦਾ ਹੈ?

ਹੁਣ ਇਹ ਵਿਵਾਦ ਪ੍ਰਸ਼ਾਸਨਿਕ ਦਖ਼ਲ ਅਤੇ ਗੱਲਬਾਤ ਰਾਹੀਂ ਸੁਲਝਣ ਵੱਲ ਵਧ ਰਿਹਾ ਹੈ। ਪੰਜਾਬ ਸਰਕਾਰ, ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਦੇ ਭਾਰੀ ਦਬਾਅ ਤੋਂ ਬਾਅਦ ਉੱਤਰਾਖੰਡ ਪੁਲਿਸ ਵੱਲੋਂ ਦੂਜੀ ਧਿਰ ਖ਼ਿਲਾਫ਼ ਕਰਾਸ-ਕੇਸ ਦਰਜ ਕਰਨਾ ਅਤੇ ਜਾਂਚ ਹਰਿਦੁਆਰ ਪੁਲਿਸ ਨੂੰ ਤਬਦੀਲ ਕਰਨਾ ਇੱਕ ਹਾਂ-ਪੱਖੀ ਕਦਮ ਹੈ। ਇਸ ਦੇ ਨਾਲ ਹੀ ਪੁਲਿਸ ਦੀ ਕਥਿਤ ਧੱਕੇਸ਼ਾਹੀ ਅਤੇ ਦਸਤਾਰ ਦੀ ਬੇਅਦਬੀ ਦੇ ਦੋਸ਼ਾਂ ਦੀ ਜਾਂਚ ਡੀ.ਆਈ.ਜੀ. ਯਸ਼ਵੰਤ ਸਿੰਘ ਨੂੰ ਸੌਂਪੇ ਜਾਣ ਤੋਂ ਬਾਅਦ




ਨਗਰਾਸੂ ਗੁਰਦੁਆਰੇ ਦੀ ਛੱਤ ’ਤੇ ਮੋਰਚਾ ਲਾਈ ਬੈਠੇ ਨਿਹੰਗ ਸਿੰਘਾਂ ਦਾ ਤਣਾਅ ਵੀ ਖ਼ਤਮ ਹੋਣ ਦੇ ਨੇੜੇ ਪਹੁੰਚ ਗਿਆ ਹੈ। ਪਰ ਇਹ ਪੂਰਾ ਘਟਨਾਕ੍ਰਮ ਸੁਲਝਣ ਦੇ ਬਾਵਜੂਦ ਦੇਸ਼ ਦੇ ਸਮਾਜਿਕ ਤਾਣੇ-ਬਾਣੇ, ਘੱਟਗਿਣਤੀਆਂ ਦੀ ਸੁਰੱਖਿਆ ਅਤੇ ਵਧ ਰਹੇ ਫਿਰਕੂਵਾਦ ਨੂੰ ਲੈ ਕੇ ਕਈ ਗੰਭੀਰ ਸਵਾਲ ਛੱਡ ਗਿਆ ਹੈ।

ਸਭ ਤੋਂ ਵੱਡਾ ਅਤੇ ਚਿੰਤਾਜਨਕ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਇਨਸਾਫ਼ ਦੀ ਮੁਢਲੀ ਪ੍ਰਕਿਰਿਆ - ਯਾਨੀ ਕਿ ਪੀੜਤ ਪੱਖ ਦੀ ਸ਼ਿਕਾਇਤ ’ਤੇ ਪਰਚਾ ਦਰਜ ਕਰਵਾਉਣ - ਲਈ ਵੀ ਘੱਟਗਿਣਤੀਆਂ ਨੂੰ ਹਮੇਸ਼ਾ ਇੰਨਾ ਵੱਡਾ ਸੰਘਰਸ਼ ਅਤੇ ਚੌਤਰਫ਼ਾ ਦਬਾਅ ਕਿਉਂ ਬਣਾਉਣਾ ਪੈਂਦਾ ਹੈ?

ਯਾਦ ਰਹੇ ਕਿ16 ਜੂਨ ਨੂੰ ਕਰਨਪ੍ਰਯਾਗ ਦੇ ਬਜ਼ਾਰ ਵਿੱਚ ਹੋਏ ਇੱਕ ਮਾਮੂਲੀ ਪਾਰਕਿੰਗ ਵਿਵਾਦ ਨੂੰ ਜਿਸ ਤਰ੍ਹਾਂ ਹਿੰਸਕ ਰੂਪ ਦਿੱਤਾ ਗਿਆ ਅਤੇ ਸਿੱਖ ਸ਼ਰਧਾਲੂਆਂ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ, ਉਸ ਤੋਂ ਤੁਰੰਤ ਬਾਅਦ ਸਥਾਨਕ ਪ੍ਰਸ਼ਾਸਨ ਦਾ ਰਵੱਈਆ ਪੱਖਪਾਤੀ ਨਜ਼ਰ ਆਇਆ। ਪ੍ਰਸ਼ਾਸਨ ਨੇ ਬਿਨਾਂ ਕਿਸੇ ਡੂੰਘੀ ਜਾਂਚ ਦੇ ਸਭ ਤੋਂ ਪਹਿਲਾਂ ਸਿੱਖ ਨੌਜਵਾਨਾਂ ਖ਼ਿਲਾਫ਼ ਇੱਕਤਰਫ਼ਾ ਕਾਰਵਾਈ ਕਰਦਿਆਂ 4 ਨਿਹੰਗ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਦਕਿ ਹਿੰਸਕ ਭੀੜ ਦੇ ਹੌਸਲੇ ਬੁਲੰਦ ਰਹੇ। ਆਜ਼ਾਦੀ ਤੋਂ ਬਾਅਦ ਕਈ ਵਾਰ ਅਜਿਹਾ ਦੇਖਿਆ ਗਿਆ ਹੈ ਕਿ ਅਜਿਹੀਆਂ ਘਟਨਾਵਾਂ ਵਿੱਚ ਪੀੜਤਾਂ ਨੂੰ ਹੀ ਸਬਰ ਕਰਨ, ਚੁੱਪ ਰਹਿਣ ਜਾਂ ਆਪਣੇ ਵਿਵਹਾਰ ਨੂੰ ਸੁਧਾਰਨ ਦੀ ਸਲਾਹ ਦਿੱਤੀ ਜਾਂਦੀ ਹੈ, ਜਦਕਿ ਬਹੁਗਿਣਤੀ ਦੀ ਹਿੰਸਕ ਭੀੜ ਨੂੰ ਪ੍ਰਸ਼ਾਸਨਿਕ ਢਾਲ ਮਿਲ ਜਾਂਦੀ ਹੈ।

ਜੇਕਰ ਇਸ ਘਟਨਾ ਨੂੰ ਇਕੱਲਿਆਂ ਦੇਖਿਆ ਜਾਵੇ ਤਾਂ ਇਹ ਇੱਕ ਆਮ ਸਥਾਨਕ ਝਗੜਾ ਲੱਗ ਸਕਦਾ ਹੈ, ਪਰ ਜੇਕਰ ਇਸ ਨੂੰ ਇੱਕ ਲੜੀ ਵਜੋਂ ਦੇਖਿਆ ਜਾਵੇ ਤਾਂ ਫਿਰਕਾਪ੍ਰਸਤੀ ਦੀ ਇੱਕ ਵੱਡੀ ਅਤੇ ਯੋਜਨਾਬੱਧ ਤਸਵੀਰ ਸਾਹਮਣੇ ਆਉਂਦੀ ਹੈ। ਹੇਮਕੁੰਟ ਸਾਹਿਬ ਦੇ ਯਾਤਰਾ ਮਾਰਗ ’ਤੇ ਸੰਗਤਾਂ ਲਈ ਕੀਤੇ ਜਾਂਦੇ ਪ੍ਰਬੰਧਾਂ, ਲੰਗਰਾਂ ਅਤੇ ਸੇਵਾਵਾਂ ਨੂੰ ਰੋਕਣ ਦੀਆਂ ਸ਼ਿਕਾਇਤਾਂ ਸਾਲਾਂ ਤੋਂ ਆ ਰਹੀਆਂ ਹਨ। ਕਦੇ ਲੰਗਰਾਂ ’ਤੇ ਇਤਰਾਜ਼ ਕੀਤੇ ਜਾਂਦੇ ਹਨ, ਕਦੇ ਥਾਂ ਦੇਣ ਤੋਂ ਇਨਕਾਰ ਹੁੰਦਾ ਹੈ ਅਤੇ ਕਦੇ ਆਖ਼ਰੀ ਵੇਲੇ ਸਮਝੌਤੇ ਤੋੜ ਦਿੱਤੇ ਜਾਂਦੇ ਹਨ।

ਇਹ ਸਭ ਉਸ ਬਦਲਦੀ ਮਾਨਸਿਕਤਾ ਦਾ ਸਿੱਟਾ ਹੈ ਜੋ ਅੱਜ ਦੇਸ਼ ਵਿੱਚ ਵਿਭਿੰਨਤਾ ਨੂੰ ਸਵੀਕਾਰ ਕਰਨ ਦੀ ਬਜਾਏ ‘ਇੱਕ ਧਰਮ, ਇੱਕ ਸਭਿਆਚਾਰ ਅਤੇ ਇੱਕ ਪਛਾਣ’ ਦੇ ਢਾਂਚੇ ਨੂੰ ਥੋਪਣ ਦੀ ਕੋਸ਼ਿਸ਼ ਕਰ ਰਹੀ ਹੈ। ਇਸੇ ਬਹੁਗਿਣਤੀਵਾਦ ਦੀ ਧਾਰਨਾ ਕਾਰਨ ਆਮ ਟ੍ਰੈਫਿਕ ਜਾਂ ਪਾਰਕਿੰਗ ਦੇ ਝਗੜੇ ਵੀ ਤੁਰੰਤ ਧਾਰਮਿਕ ਅਤੇ ਫਿਰਕੂ ਰੰਗਤ ਇਖਤਿਆਰ ਕਰ ਲੈਂਦੇ ਹਨ ਅਤੇ ਮੁੱਖ ਧਾਰਾ ਦਾ ਮੀਡੀਆ ਵੀ ਪੀੜਤ ਘੱਟਗਿਣਤੀ ਨੂੰ ਹੀ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਕਾਹਲ ਦਿਖਾਉਂਦਾ ਹੈ।

ਰੁਦਰਪ੍ਰਯਾਗ ਦੇ ਨਗਰਾਸੂ ਗੁਰਦੁਆਰਾ ਸਾਹਿਬ ਵਿਖੇ ਜੋ ਤਣਾਅ ਪੈਦਾ ਹੋਇਆ, ਉਹ ਇਸੇ ਇੱਕਤਰਫ਼ਾ ਪ੍ਰਸ਼ਾਸਨਿਕ ਵਤੀਰੇ ਖ਼ਿਲਾਫ਼ ਪੈਦਾ ਹੋਏ ਰੋਸ ਦਾ ਪ੍ਰਗਟਾਵਾ ਸੀ। ਕਰਨਪ੍ਰਯਾਗ ਵਿੱਚ ਸਿੱਖ ਨੌਜਵਾਨਾਂ ਨਾਲ ਹੋਈ ਕੁੱਟਮਾਰ ਅਤੇ ਪੁਲਿਸ ਦੀ ਇੱਕਤਰਫ਼ਾ ਕਾਰਵਾਈ ਦੇ ਵਿਰੋਧ ਵਿੱਚ 6 ਤੋਂ 8 ਨਿਹੰਗ ਸਿੰਘ ਗੁਰਦੁਆਰਾ ਸਾਹਿਬ ਦੀ ਤੀਜੀ ਮੰਜ਼ਿਲ ਅਤੇ ਛੱਤ ’ਤੇ ਚੜ੍ਹ ਗਏ ਸਨ। ਇਸ ਕਾਰਨ ਇਲਾਕੇ ਵਿੱਚ ਤਣਾਅ ਵਧ ਗਿਆ ਸੀ ਅਤੇ ਸਥਿਤੀ ਨੂੰ ਦੇਖਦਿਆਂ ਪ੍ਰਸ਼ਾਸਨ ਨੂੰ ਉੱਥੇ ਪੁਲਿਸ ਅਤੇ ਆਈ.ਟੀ.ਬੀ.ਪੀ. ਦੇ ਜਵਾਨ ਤਾਇਨਾਤ ਕਰਨੇ ਪਏ ਸਨ। ਹਾਲਾਂਕਿ ਗੁਰਦੁਆਰੇ ਦੀ ਛੱਤ ’ਤੇ ਨਿਹੰਗ ਸਿੰਘਾਂ ਵੱਲੋਂ ਮੋਰਚਾ ਲਾਉਣਾ ਅਤੇ ਪ੍ਰਬੰਧਕਾਂ ਨਾਲ ਕਮਰਿਆਂ ਨੂੰ ਲੈ ਕੇ ਹੋਈ ਬਹਿਸਬਾਜ਼ੀ ਪ੍ਰਸ਼ਾਸਨ ਲਈ ਚੁਣੌਤੀ ਜ਼ਰੂਰ ਬਣੀ, ਪਰ ਇਸ ਦੀ ਬੁਨਿਆਦ ਵਿੱਚ ਇਨਸਾਫ਼ ਨਾ ਮਿਲਣ ਦੀ ਤੜਫ਼ ਹੀ ਕੰਮ ਕਰ ਰਹੀ ਸੀ। ਹੁਣ ਜਦੋਂ ਦੋਵਾਂ ਰਾਜਾਂ (ਪੰਜਾਬ ਅਤੇ ਉੱਤਰਾਖੰਡ) ਦੇ ਮੁੱਖ ਮੰਤਰੀਆਂ ਦੀ ਗੱਲਬਾਤ ਅਤੇ ਸਿੱਖ ਲੀਡਰਸ਼ਿਪ ਦੀ ਮੁਸਤੈਦੀ ਸਦਕਾ ਜਾਂਚ ਨੂੰ ਨਿਰਪੱਖ ਹੱਥਾਂ ਵਿੱਚ ਸੌਂਪ ਦਿੱਤਾ ਗਿਆ ਹੈ, ਤਾਂ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਦੋਵਾਂ ਪੱਖਾਂ ਨਾਲ ਬਿਨਾਂ ਕਿਸੇ ਪੱਖਪਾਤ ਦੇ ਇਨਸਾਫ਼ ਹੋਵੇਗਾ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਸ ਘਟਨਾ ਦੇ ਡੂੰਘੇ ਪਹਿਲੂਆਂ ’ਤੇ ਨਜ਼ਰ ਮਾਰੀਏ ਤਾਂ ਇਹ ਸਵਾਲ ਬੇਹੱਦ ਪ੍ਰਸੰਗਿਕ ਹੋ ਜਾਂਦਾ ਹੈ ਕਿ ਕੀ ਦੇਸ਼ ਵਿੱਚ ਫਿਰਕੂ ਮਾਨਸਿਕਤਾ ਪੈਰ ਪਸਾਰ ਰਹੀ ਹੈ? ਭਾਰਤ ਅੰਦਰ ਸਿਰਜੇ ਜਾ ਰਹੇ ਸਿਆਸੀ ਮਾਹੌਲ ਵਿੱਚ ਵਿਭਿੰਨਤਾ ਨੂੰ ਸਵੀਕਾਰ ਕਰਨ ਦੀ ਬਜਾਏ ‘ਇੱਕ ਸਭਿਆਚਾਰ ਅਤੇ ਇੱਕ ਪਛਾਣ’ ਦੇ ਢਾਂਚੇ ਨੂੰ ਥੋਪਣ ਦੀ ਕੋਸ਼ਿਸ਼ ਹੋ ਰਹੀ ਹੈ। ਇਸ ਕਾਰਨ ਆਮ ਟ੍ਰੈਫਿਕ ਜਾਂ ਪਾਰਕਿੰਗ ਦੇ ਝਗੜੇ ਵੀ ਤੁਰੰਤ ਧਾਰਮਿਕ ਅਤੇ ਫਿਰਕੂ ਰੰਗਤ ਅਖਤਿਆਰ ਕਰ ਲੈਂਦੇ ਹਨ।

ਘਟਨਾ ਵਾਪਰਦਿਆਂ ਹੀ ਮੁੱਖ ਧਾਰਾ ਦੇ ਮੀਡੀਆ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਘੱਟਗਿਣਤੀਆਂ (ਇਸ ਮਾਮਲੇ ਵਿੱਚ ਸਿੱਖ ਨੌਜਵਾਨਾਂ) ਨੂੰ ਹੀ ਦੋਸ਼ੀ ਸਾਬਤ ਕਰਨ ਦੀ ਕਾਹਲ ਦਿਖਾਈ ਗਈ। ਪੀੜਤਾਂ ਨੂੰ ਇਨਸਾਫ਼ ਦੀ ਮੁਢਲੀ ਪ੍ਰਕਿਰਿਆ (ਜਿਵੇਂ ਕਿ ਦੂਜੀ ਧਿਰ ’ਤੇ ਕੇਸ ਦਰਜ ਕਰਵਾਉਣਾ) ਲਈ ਵੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਰਾਜਨੀਤਿਕ ਦਬਾਅ ਦਾ ਸਹਾਰਾ ਲੈਣਾ ਪਿਆ, ਜੋ ਇਹ ਦਰਸਾਉਂਦਾ ਹੈ ਕਿ ਕਾਨੂੰਨ ਦਾ ਸਿਸਟਮ ਸਭ ਲਈ ਇੱਕਸਾਰ ਕੰਮ ਨਹੀਂ ਕਰ ਰਿਹਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਦੀ ਅਸਲ ਤਾਕਤ ਇਸ ਦੀ ਬਹੁ-ਧਾਰਮਿਕ ਅਤੇ ਬਹੁ-ਸਭਿਆਚਾਰਕ ਵਿਭਿੰਨਤਾ ਵਿੱਚ ਹੈ। ਜੇਕਰ ਕਿਸੇ ਵੀ ਨਾਗਰਿਕ ਨੂੰ ਉਸ ਦੀ ਧਾਰਮਿਕ ਪਛਾਣ, ਦਸਤਾਰ ਜਾਂ ਕੇਸਾਂ ਕਰਕੇ ਸੜਕਾਂ ’ਤੇ ਨਫ਼ਰਤ ਜਾਂ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਇਹ ਚਿੰਤਾ ਸਿਰਫ਼ ਸਿੱਖ ਭਾਈਚਾਰੇ ਦੀ ਨਹੀਂ, ਸਗੋਂ ਪੂਰੇ ਮੁਲਕ ਦੇ ਜਮਹੂਰੀ ਢਾਂਚੇ ਲਈ ਇੱਕ ਵੱਡੀ ਚੇਤਾਵਨੀ ਹੈ। ਸਮੇਂ ਦੀਆਂ ਹਕੂਮਤਾਂ, ਪੁਲਿਸ ਪ੍ਰਸ਼ਾਸਨ ਅਤੇ ਨਿਆਂ ਪ੍ਰਣਾਲੀ ਨੂੰ ਹੁਣ ਇਹ ਯਕੀਨੀ ਬਣਾਉਣਾ ਪਵੇਗਾ ਕਿ ਬਹੁਗਿਣਤੀ ਦੀ ਭੀੜ ਕਾਨੂੰਨ ਨੂੰ ਆਪਣੇ ਹੱਥ ਵਿੱਚ ਨਾ ਲਵੇ ਅਤੇ ਇਨਸਾਫ਼ ਲਈ ਕਿਸੇ ਵੀ ਭਾਈਚਾਰੇ ਨੂੰ ਸੜਕਾਂ ’ਤੇ ਉਤਰਨ ਜਾਂ ਮੋਰਚੇ ਲਾਉਣ ਲਈ ਮਜਬੂਰ ਨਾ ਹੋਣਾ ਪਵੇ। ਜੇਕਰ ਅਜਿਹਾ ਨਾ ਹੋਇਆ, ਤਾਂ ਇਹ ਵਧਦਾ ਫਿਰਕੂਵਾਦ ਦੇਸ਼ ਦੀ ਅਖੰਡਤਾ ਅਤੇ ਆਪਸੀ ਭਾਈਚਾਰੇ ਦੀ ਬੁਨਿਆਦ ਨੂੰ ਹਿਲਾ ਕੇ ਰੱਖ ਦੇਵੇਗਾ।

# ਐਂਡੀ ਬਰਨਹੈਮ ਨੇ ਮੇਕਰਫੀਲਡ ਦੇ ਨਵੇਂ ਐਮ ਪੀ ਵਜੋਂ ਚੁੱਕੀ ਸਹੁੰ



ਐਂਡੀ ਬਰਨਹੈਮ ਸੰਸਦ ਵਿੱਚ ਸੌਂਹ ਚੁੱਕਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਐਂਡੀ ਬਰਨਹੈਮ ਨੇ ਹਾਊਸ ਆਫ਼ ਕਾਮਨਜ਼ ਵਿੱਚ ਅੱਜ ਸੰਸਦ ਮੈਂਬਰਾਂ ਦੇ ਸਾਹਮਣੇ ਮੇਕਰਫੀਲਡ ਦੇ ਨਵੇਂ ਐਮ ਪੀ ਵਜੋਂ ਅਧਿਕਾਰਤ ਤੌਰ 'ਤੇ ਸਹੁੰ ਚੁੱਕ ਲਈ ਹੈ। ਮੇਕਰਫੀਲਡ ਦੀ ਜ਼ਿਮਨੀ ਚੋਣ ਵਿੱਚ ਸ਼ਾਨਦਾਰ ਜਿੱਤ ਹਾਸਲ ਕਰਨ ਤੋਂ ਬਾਅਦ, ਗ੍ਰੇਟਰ ਮਾਨਚੈਸਟਰ ਦੇ 56 ਸਾਲਾ ਮੇਅਰ ਨੇ 9 ਸਾਲਾਂ ਦੇ ਲੰਬੇ ਵਕਫ਼ੇ ਬਾਅਦ ਮੁੜ ਸੰਸਦ ਵਿੱਚ ਵਾਪਸੀ ਕੀਤੀ ਹੈ।

ਸਹੁੰ ਚੁੱਕ ਸਮਾਗਮ ਦੌਰਾਨ ਸਪੀਕਰ ਸਰ ਲਿੰਡਸੇ ਹੋਇਲ ਨੇ ਬਰਨਹੈਮ ਨੂੰ ਵਧਾਈ ਦਿੱਤੀ, ਜਦਕਿ ਸਰਕਾਰੀ ਬੈਂਚਾਂ 'ਤੇ ਬੈਠੇ ਕਈ ਸੰਸਦ ਮੈਂਬਰਾਂ ਨੇ ਮੇਜ਼ ਥਪਥਪਾ ਕੇ ਅਤੇ ਨਾਅਰਿਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ।

ਬਰਨਹੈਮ ਦੀ ਇਸ ਸਿਆਸੀ ਵਾਪਸੀ ਨੂੰ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ।

ਲੇਬਰ ਪਾਰਟੀ ਦੇ ਨਿਯਮਾਂ ਮੁਤਾਬਕ ਸਿਰਫ਼ ਮੌਜੂਦਾ ਐਮ ਪੀ ਹੀ ਪਾਰਟੀ ਦੀ ਲੀਡਰਸ਼ਿਪ ਦੀ ਚੋਣ ਲੜ ਸਕਦਾ ਹੈ। ਇਸ ਜਿੱਤ ਨਾਲ "ਕਿੰਗ ਆਫ਼ ਦ ਨੌਰਥ" ਵਜੋਂ ਜਾਣੇ ਜਾਂਦੇ ਬਰਨਹੈਮ ਹੁਣ ਭਵਿੱਖ ਵਿੱਚ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਚੁਣੌਤੀ ਦੇਣ ਦੇ ਯੋਗ ਹੋ ਗਏ ਹਨ।

ਇਸ ਦੇ ਨਾਲ ਹੀ ਐਂਡੀ ਬਰਨਹੈਮ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਖੁਦ ਦਾ ਐਲਾਨ ਵੀ ਕਰ ਦਿੱਤਾ ਹੈ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।


**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

| ਸਰੀਰ ਦੇ ਅੰਗ | Body parts |
|---|---|
| ਤਨ | Body |
| ਕੇਸ | Hair |
| ਸਿਰ | Head |
| ਮੂੰਹ | Face |
| ਅੱਖ | Eye |
| ਕੰਨ | Ear |
| ਨੱਕ | Nose |
| ਬੁੱਲ੍ਹ | Lips |
| ਗਰਦਨ | Neck |
| ਮੋਢਾ | Shoulder |
| ਕੂਹਣੀ | Elbow |
| ਬਾਂਹ | Arm |
| ਗੱਲ੍ਹ | Cheek |
| ਗਲਾ | Throat |
| ਛਾਤੀ | Chest |
| ਦਿਲ | Heart |
| ਹੱਥ | Hand |
| ਅੰਗੂਠਾ | Thumb |
| ਉਂਗਲੀ | Finger |
| ਗੁੱਟ | Wrist |
| ਢਿੱਡ | Belly |
| ਪਿੱਠ | Back |
| ਪੈਰ | Foot |
| ਗਿੱਟਾ | Ankle |

Sikhya - Gurmukhi ii V1.1

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

# ਖੇਰੂੰ-ਖੇਰੂੰ ਹੋਇਆ 'ਪੁਨਰ ਸੁਰਜੀਤ': ਲੀਡਰਸ਼ਿਪ ਦੀ ਨਾਕਾਮੀ ਦਾ ਸਿਖਰ

## ✪ ਚੁੱਲ੍ਹੇ ਸਮੇਟਣ ਦੇ ਹੁਕਮਾਂ ਦੀ ਫੂਕ ਨਿਕਲੀ: ਅਕਾਲੀ ਆਗੂਆਂ ਦੀ ਚੌਧਰ ਦੀ ਭੁੱਖ ਨੇ ਅਕਾਲੀ ਦਲ ਨਾ ਉਸਰਨ ਦਿਤਾ



**ਖਾਸ ਖਬਰ** ਪੰਜਾਬ ਦੀ ਪੰਥਕ ਸਿਆਸਤ ਵਿੱਚ ਤਬਦੀਲੀ ਅਤੇ 'ਬਾਦਲ ਦਲ' ਦੇ ਬਦਲ ਵਜੋਂ ਉੱਭਰੇ 'ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ)' ਦਾ ਹਸ਼ਰ ਵੀ ਉਹੀ ਹੋਣ ਜਾ ਰਿਹਾ ਹੈ ਜੋ ਅਕਸਰ ਬਿਨਾਂ ਕਿਸੇ ਠੋਸ ਵਿਚਾਰਧਾਰਾ ਅਤੇ ਨਿੱਜੀ ਹਿਤਾਂ ਸਿਰ ਖੜ੍ਹੀਆਂ ਹੋਣ ਵਾਲੀਆਂ ਪਾਰਟੀਆਂ ਦਾ ਹੁੰਦਾ ਹੈ। ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਵਾਇਰਲ ਹੋਇਆ ਤਾਜ਼ਾ ਬਿਆਨ-"ਸੱਚੇ ਪਾਤਸ਼ਾਹ ਕੋਈ ਬਹਾਨਾ ਬਣਾ ਦਿਓ ਤਾਂ ਜੋ ਫਾਰਗ ਹੋ ਸਕਾਂ"। ਇੰਟਰਵਿਊ ਵਿਚ ਉਹ ਕਹਿ ਰਹੇ ਹਨ ਕਿ ਉਹ ਸ਼ਰਤਾਂ ਤਹਿਤ ਅੱਗੇ ਲੱਗੇ ਸਨ ਅਤੇ ਪ੍ਰਧਾਨ ਬਣਨ ਵੇਲ਼ੇ ਦੋ ਗੱਲਾਂ ਕਹੀਆਂ ਸਨ, ਇੱਕ ਦੇਖਿਓ ਕਿਤੇ ਮੇਰੇ ਡਾਹਾ ਨਾ ਪਾ ਦਿਓ ਤੇ ਦੂਜਾ ਇਹ ਨਾ ਹੋਵੇ ਕਿ ਬਾਅਦ ਵਿਚ ਪਿੱਛੇ ਕੋਈ ਬੰਦਾ ਨਾ ਦਿਖੇ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਜਦੋਂ ਪਿੱਛੇ ਦੇਖਦਾ ਹਾਂ ਨਾ ਸੁਰਜੀਤ ਸਿੰਘ ਰੱਖੜਾ ਦਿਸਦਾ, ਨਾ ਮਨਪ੍ਰੀਤ ਸਿੰਘ ਇਯਾਲੀ, ਨਾ ਸੁਰਿੰਦਰ ਸਿੰਘ ਭੁੱਲੇਰਾਠਾਂ ਜਾਂ ਹੋਰ ਕੋਈ ਨਜ਼ਰ ਨਹੀਂ ਆਉਂਦਾ। ਇਸ ਕਰਕੇ ਉਹ ਮੌਕਾ ਭਾਲਦੇ ਹਨ ਕਿ ਬਹਾਨਾ ਬਣਾ ਕੇ ਨਿਕਲ ਜਾਵਾਂ।-ਕੋਈ ਸਾਧਾਰਨ ਬੇਨਤੀ ਨਹੀਂ, ਬਲਕਿ ਇੱਕ ਅਜਿਹੀ ਸਿਆਸੀ ਹਾਰ ਦਾ ਪ੍ਰਗਟਾਵਾ ਹੈ ਜਿਸ ਨੇ ਪੰਥਕ ਸਿਆਸਤ ਦੇ ਭਵਿੱਖ 'ਤੇ ਵੱਡੇ ਸਵਾਲੀਆ ਚਿੰਨ੍ਹ ਲਗਾ ਦਿੱਤੇ ਹਨ। ਜਦੋਂ ਜਹਾਜ਼ ਦਾ ਕਪਤਾਨ ਹੀ ਬਹਾਨੇ ਲੱਭ ਕੇ ਭੱਜਣ ਦੀ ਫ਼ਿਰਾਕ ਵਿੱਚ ਹੋਵੇ, ਤਾਂ ਉਸ ਜਹਾਜ਼ ਦੇ ਡੁੱਬਣ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ।

ਗਿਆਨੀ ਹਰਪ੍ਰੀਤ ਸਿੰਘ ਇੱਕ ਧਾਰਮਿਕ ਸ਼ਖ਼ਸੀਅਤ ਵਜੋਂ ਸਤਿਕਾਰਤ ਹੋ ਸਕਦੇ ਹਨ, ਪਰ ਸਿਆਸੀ ਲੀਡਰਸ਼ਿਪ ਲਈ ਜਿਸ ਦ੍ਰਿੜਤਾ, ਰਣਨੀਤੀ ਅਤੇ 'ਸੰਕਟ ਪ੍ਰਬੰਧਨ' ਦੀ ਲੋੜ ਹੁੰਦੀ ਹੈ, ਉਸ ਦੀ ਉਨ੍ਹਾਂ ਵਿੱਚ ਸਪੱਸ਼ਟ ਕਮੀ ਦਿਖੀ। ਜਦੋਂ ਉਹ ਖੁਦ ਕਹਿੰਦੇ ਹਨ ਕਿ "ਹੁਣ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਕੋਈ ਬੰਦਾ ਦਿਖਾਈ ਨਹੀਂ ਦਿੰਦਾ," ਤਾਂ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਇੱਕ ਪ੍ਰਧਾਨ ਵਜੋਂ ਉਹ ਆਪਣੇ ਸਾਥੀਆਂ ਵਿੱਚ ਭਰੋਸਾ ਕਿਉਂ ਨਹੀਂ ਜਗਾ ਸਕੇ? ਸੀਨੀਅਰ ਆਗੂਆਂ ਦਾ ਇੱਕ-ਇੱਕ ਕਰਕੇ ਸਾਥ ਛੱਡਣਾ ਲੀਡਰਸ਼ਿਪ ਦੀ ਨਾਕਾਮੀ ਦੀ ਸਭ ਤੋਂ ਵੱਡੀ ਉਦਾਹਰਨ ਹੈ।

ਇਸ ਨਵੇਂ ਦਲ ਦੇ ਫੇਲ੍ਹ ਹੋਣ ਦਾ ਸਭ ਤੋਂ ਵੱਡਾ ਕਾਰਨ ਅੰਦਰੂਨੀ ਮਤਭੇਦ ਅਤੇ ਵਿਚਾਰਧਾਰਕ ਸਪੱਸ਼ਟਤਾ ਦਾ ਨਾ ਹੋਣਾ ਹੈ। ਪਾਰਟੀ ਦੇ ਅੰਦਰ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਕਰਨ ਦੀ ਜੋ ਖਿੱਚ-ਧੂਹ ਚੱਲ ਰਹੀ ਸੀ, ਉਸ ਨੇ ਪੰਥਕ ਵੋਟਰਾਂ ਅਤੇ ਸੀਨੀਅਰ ਆਗੂਆਂ ਵਿੱਚ ਵੱਡੀ ਨਿਰਾਸ਼ਾ ਪੈਦਾ ਕੀਤੀ। ਮਨਪ੍ਰੀਤ ਸਿੰਘ ਇਯਾਲੀ ਵਰਗੇ ਆਗੂਆਂ ਦਾ ਇਹ ਕਹਿ ਕੇ ਪਾਰਟੀ ਛੱਡਣਾ ਕਿ ਕਿ ਉਹਨਾਂ ਨੇ ਭਾਜਪਾ ਨਾਲ ਗਠਜੋੜ ਕਰਨ ਤੋਂ ਸਾਫ਼ ਇਨਕਾਰ ਕੀਤਾ ਸੀ। ਇਯਾਲੀ ਦਾ ਕਹਿਣਾ ਹੈ ਕਿ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਲੋਕਾਂ ਵਿਚ ਵਿਸ਼ਵਾਸ ਗੁਆ ਚੁੱਕੇ ਲੋਕਾਂ ਨੂੰ ਪਿੱਛੇ ਹਟਣ ਲਈ ਕਿਹਾ ਸੀ, ਪਰ ਲੋਕਾਂ ਵਿਚ ਆਧਾਰ ਗੁਆ ਚੁੱਕੇ ਲੋਕ ਫਿਰ ਅੱਗੇ ਆਉਣ ਨੂੰ ਕਾਹਲੇ ਹਨ।

ਇਯਾਲੀ ਦਾ ਬਿਆਨ ਇਹ ਸਾਬਤ ਕਰਦਾ ਹੈ ਕਿ ਪਾਰਟੀ ਪੰਜਾਬ ਅਤੇ ਪੰਥ ਦੇ ਮੁੱਦਿਆਂ 'ਤੇ ਖੜ੍ਹਨ ਦੀ ਬਜਾਏ ਸਿਰਫ਼ ਸੱਤਾ ਦੇ ਸ਼ਾਰਟਕੱਟ ਲੱਭ ਰਹੀ ਸੀ।

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਇੱਕ ਸਿਆਸੀ ਬਦਲ ਬਣਨ ਲਈ ਸਿਰਫ਼ ਵੱਡੇ ਚਿਹਰੇ ਨਹੀਂ, ਬਲਕਿ ਜ਼ਮੀਨੀ ਪੱਧਰ 'ਤੇ ਜਥੇਬੰਦਕ ਢਾਂਚਾ ਅਤੇ ਆਰਥਿਕ ਸਾਧਨ ਚਾਹੀਦੇ ਹੁੰਦੇ ਹਨ ਨਾਹੀਂ ਵਿਜਨ। 'ਪੁਨਰ ਸੁਰਜੀਤ' ਕੋਲ ਨਾ ਤਾਂ ਕੋਈ ਕਾਡਰ ਸੀ ਅਤੇ ਨਾ ਹੀ ਸਿਆਸੀ ਸਰਗਰਮੀਆਂ ਚਲਾਉਣ ਲਈ ਫੰਡ। ਬਿਨਾਂ ਸਾਧਨਾਂ ਅਤੇ ਬਿਨਾਂ ਵਰਕਰਾਂ ਦੇ ਸਿਆਸਤ ਦੇ ਮੈਦਾਨ ਵਿੱਚ ਬਾਦਲ ਦਲ ਜਾਂ ਹੋਰ ਵੱਡੀਆਂ ਪਾਰਟੀਆਂ ਨੂੰ ਟੱਕਰ ਦੇਣਾ ਮਹਿਜ਼ ਇੱਕ ਖ਼ਾਮਖ਼ਿਆਲੀ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ ਸਾਰੇ ਅਕਾਲੀ ਧੜਿਆਂ ਨੂੰ ਆਪਣੇ 'ਚੁੱਲ੍ਹੇ ਸਮੇਟ ਕੇ' ਇੱਕ ਥਾਂ ਇਕੱਠੇ ਹੋਣ ਦਾ ਇਤਿਹਾਸਕ ਹੁਕਮ ਦਿੱਤਾ ਸੀ। ਪਰ ਅਫ਼ਸੋਸ, ਅਕਾਲੀ ਆਗੂਆਂ ਦੇ ਨਿੱਜੀ ਹੰਕਾਰ ਅਤੇ ਚੌਧਰ ਦੀ ਭੁੱਖ ਅੱਗੇ ਗੁਰੂ ਘਰ ਦਾ ਹੁਕਮਨਾਮਾ ਵੀ ਰੋਲ ਦਿੱਤਾ ਗਿਆ। ਰਵੀਇੰਦਰ ਸਿੰਘ (1920) ਤੋਂ ਇਲਾਵਾ ਕਿਸੇ ਹੋਰ ਨੇ ਆਪਣੀ ਹੋਂਦ ਖ਼ਤਮ ਕਰਕੇ ਇੱਕ ਜੁੱਟ ਹੋਣ ਦੀ ਹਿੰਮਤ ਨਹੀਂ ਦਿਖਾਈ।

ਜਦੋਂ ਸਾਰੇ ਧੜੇ ਸਿਰਫ਼ ਆਪਣੀ ਦੁਕਾਨਦਾਰੀ ਚਮਕਾਉਣ ਵਿੱਚ ਲੱਗੇ ਹੋਣ, ਤਾਂ ਲੋਕ ਕਿਸੇ 'ਨਵੇਂ ਬਦਲ' 'ਤੇ ਵਿਸ਼ਵਾਸ ਕਿਉਂ ਕਰਨ? ਨਤੀਜਾ ਸਾਡੇ ਸਾਹਮਣੇ ਹੈ-ਮਨਪ੍ਰੀਤ ਸਿੰਘ ਇਯਾਲੀ 'ਵਾਰਸ ਪੰਜਾਬ' ਵੱਲ ਤੁਰ ਪਏ, ਸੁਰਜੀਤ ਸਿੰਘ ਰੱਖੜਾ 'ਆਪ' ਦੀ ਬੇੜੀ ਵਿੱਚ ਸਵਾਰ ਹੋ ਗਏ ਅਤੇ ਬਾਕੀ ਕਈ ਆਗੂ ਮੁੜ ਸੁਖਬੀਰ ਸਿੰਘ ਬਾਦਲ ਦੇ ਦਰ 'ਤੇ ਗੋਡੇ ਟੇਕ ਚੁੱਕੇ ਹਨ।

### ਕੀ ਭਵਿੱਖ ਹੈ 'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ' ਦਾ ?

'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ' ਦਾ ਭਵਿੱਖ ਹੁਣ ਲਗਭਗ ਖ਼ਤਮ ਹੋ ਚੁੱਕਾ ਹੈ। ਸਿਆਸੀ ਹਲਕਿਆਂ ਵਿਚ ਅਟਕਲਾਂ ਲਾਈਆਂ ਜਾ ਰਹੀਆਂ ਹਨ ਕਿ ਗਿਆਨੀ ਹਰਪ੍ਰੀਤ ਸਿੰਘ ਕਦੇ ਵੀ ਪ੍ਰਧਾਨ ਦਾ ਅਹੁਦਾ ਛੱਡ ਸਕਦੇ ਹਨ ਅਤੇ ਉਹ ਮੌਕੇ ਦੀ ਤਲਾਸ਼ ਵਿਚ ਹਨ। ਇਸ ਸਾਰੇ ਘਟਨਾਕ੍ਰਮ ਨੇ ਪੰਜਾਬ ਦੇ ਲੋਕਾਂ, ਖ਼ਾਸਕਰ ਸਿੱਖ ਜਗਤ ਨੂੰ, ਇੱਕ ਵਾਰ ਫਿਰ ਵੱਡੀ ਨਿਰਾਸ਼ਾ ਦਿੱਤੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਮਰਦਮਸ਼ੁਮਾਰੀ ਕਾਰਨ ਪੰਜਾਬ ਵਿੱਚ ਸਮੇਂ ਤੋਂ ਪਹਿਲਾਂ ਚੋਣਾਂ ਹੁੰਦੀਆਂ ਹਨ, ਤਾਂ ਇਹ ਖੇਰੂੰ-ਖੇਰੂੰ ਹੋਈ ਰਵਾਇਤੀ ਪੰਥਕ ਸਿਆਸਤ ਕਿਸੇ ਵੀ ਤਰ੍ਹਾਂ ਮੁਕਾਬਲੇ ਵਿੱਚ ਦਿਖਾਈ ਨਹੀਂ ਦੇਵੇਗੀ। ਇਹ ਪੰਜਾਬ ਦੇ ਸਿਆਸੀ ਇਤਿਹਾਸ ਦਾ ਉਹ ਦੌਰ ਹੈ ਜਿੱਥੇ 'ਬਦਲ' ਬਣਨ ਨਿਕਲੇ ਲੋਕ ਖੁਦ ਇੱਕ ਮਜ਼ਾਕ ਬਣ ਕੇ ਰਹਿ ਗਏ ਹਨ, ਅਤੇ ਇਸ ਦੀ ਜ਼ਿੰਮੇਵਾਰੀ ਗਿਆਨੀ ਹਰਪ੍ਰੀਤ ਸਿੰਘ ਦੀ ਕਮਜ਼ੋਰ ਲੀਡਰਸ਼ਿਪ ਅਤੇ ਆਗੂਆਂ ਦੇ ਨਿੱਜੀ ਸਿਆਸੀ ਹਿਤਾਂ ਸਿਰ ਹੀ ਮੜ੍ਹੀ ਜਾਵੇਗੀ। ਪਾਰਟੀ ਦੇ ਆਗੂਆਂ ਵਿੱਚ ਭਾਜਪਾ ਨਾਲ ਗਠਜੋੜ ਕਰਨ ਜਾਂ ਨਾ ਕਰਨ ਨੂੰ ਲੈ ਕੇ ਬਹੁਤ ਵੱਡਾ ਕਲੇਸ਼ ਹੈ। ਦੂਜਾ, ਪਾਰਟੀ ਕੋਲ ਚੋਣਾਂ ਲੜਨ ਜਾਂ ਸਿਆਸੀ ਪ੍ਰੋਗਰਾਮ ਕਰਨ ਲਈ ਆਰਥਿਕ ਸਾਧਨ (ਫੰਡਾਂ) ਦੀ ਭਾਰੀ ਕਮੀ ਹੈ। ਜਦੋਂ ਆਗੂਆਂ ਨੂੰ ਆਪਣਾ ਸਿਆਸੀ ਭਵਿੱਖ ਧੁੰਦਲਾ ਦਿਖਾਈ ਦੇ ਰਿਹਾ ਹੈ, ਤਾਂ ਉਹ ਆਪਣੀ ਹੋਂਦ ਬਚਾਉਣ ਲਈ ਦੂਜੀਆਂ ਪਾਰਟੀਆਂ ਵੱਲ ਭੱਜ ਰਹੇ ਹਨ।

## ਕਿਰਪਾਨ ਦੀ ਪਾਬੰਦੀ ਬਾਰੇ ਮੰਗ ਕਰਨ ਵਾਲੇ ਸ਼ਿਵ ਸੈਨਾ ਆਗੂ ਨੂੰ ਨਿਹੰਗ ਸਿੰਘਾਂ ਨੇ ਘੇਰਿਆ ! ਗੱਡੀ ਦਾ ਸ਼ੀਸ਼ਾ ਵੀ ਭੰਨ੍ਹਿਆ



ਲੁਧਿਆਣਾ-ਲੁਧਿਆਣਾ ਵਿਚ ਸਵੇਰੇ ਸਥਿਤੀ ਤਣਾਅਪੂਰਨ ਹੋ ਗਈ, ਜਦੋਂ ਕੁਝ ਨਿਹੰਗ ਸਿੰਘਾਂ ਵੱਲੋਂ ਸ਼ਿਵ ਸੈਨਾ ਪੰਜਾਬ ਦੇ ਚੇਅਰਮੈਨ ਰਾਜੀਵ ਟੰਡਨ ਦੀ ਗੱਡੀ ਨੂੰ ਰੋਕ ਕੇ ਘੇਰਾ ਪਾ ਲਿਆ। ਰਾਜੀਵ ਟੰਡਨ ਪੁਲਸ ਦੇ ਨਾਲ ਪਾਇਲਟ ਗੱਡੀ ਵਿਚ ਬੈਠ ਕੇ ਕਿੱਧਰੇ ਜਾ ਰਹੇ ਸਨ, ਜਦੋਂ ਨਿਹੰਗ ਸਿੰਘਾਂ ਨੇ ਉਨ੍ਹਾਂ ਦੀ ਗੱਡੀ ਰੋਕ ਲਈ ਤੇ ਇਸ ਦੌਰਾਨ ਗੱਡੀ ਦਾ ਸ਼ੀਸ਼ਾ ਵੀ ਭੰਨ੍ਹ ਦਿੱਤਾ ਗਿਆ। ਇਸ ਦੌਰਾਨ ਪੁਲਸ ਸੁਰੱਖਿਆ ਹੇਠ ਰਾਜੀਵ ਟੰਡਨ ਨੂੰ ਉਸ ਜਗ੍ਹਾ ਤੋਂ ਸੁਰੱਖਿਆ ਲਿਜਾਇਆ ਗਿਆ। ਜਾਣਕਾਰੀ ਮੁਤਾਬਕ, ਫਿਰੋਜ਼ਪੁਰ ਰੋਡ 'ਤੇ ਨਿਹੰਗ ਸਿੰਘਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਇਸ ਦੌਰਾਨ ਜਦੋਂ ਰਾਜੀਵ ਟੰਡਨ ਪਾਇਲਟ ਗੱਡੀ ਵਿਚ ਬੈਠ ਕੇ ਉੱਥੋਂ ਲੰਘਣ ਲੱਗੇ ਤਾਂ ਨਿਹੰਗ ਸਿੰਘਾਂ ਨੇ ਗੱਡੀ ਰੋਕ ਲਈ ਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਰਾਜੀਵ ਟੰਡਨ ਨੇ ਸੋਸ਼ਲ ਮੀਡੀਆ ਰਾਹੀਂ ਕਿਰਪਾਨ 'ਤੇ ਪਾਬੰਦੀ ਲਗਾਉਣ ਦੀ ਮੰਗ ਚੁੱਕੀ ਸੀ, ਜਿਸ ਮਗਰੋਂ ਨਿਹੰਗ ਸਿੰਘਾਂ ਵੱਲੋਂ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਇਸ ਦੌਰਾਨ ਪਾਇਲਟ ਗੱਡੀ ਦਾ ਸ਼ੀਸ਼ਾ ਭੰਨ੍ਹਣ ਵਾਲੇ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਰਾਜੀਵ ਟੰਡਨ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਜੇਕਰ ਪੁਲਸ ਸਮੇਂ ਸਿਰ ਦਖ਼ਲ ਨਾ ਦਿੰਦੀ ਤਾਂ ਸਥਿਤੀ ਹੋਰ ਵਿਗੜ ਸਕਦੀ ਸੀ। ਇਸ ਮਗਰੋਂ ਸ਼ਿਵ ਸੈਨਾ ਵੱਲੋਂ ਪੁਲਸ ਕਮਿਸ਼ਨਰ ਦਫ਼ਤਰ ਦੇ ਬਾਹਰ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ।

# ਪੰਜਾਬ ਚੋਣਾਂ ਲਈ ਭਾਜਪਾ ਦਾ 'ਮਿਸ਼ਨ 117'

## ✪ ਅਮਿਤ ਸ਼ਾਹ ਨੇ ਸੰਭਾਲੀ ਕਮਾਨ, ਕੀ ਬਦਲੇਗਾ ਸਿਆਸੀ ਸਮੀਕਰਨ ? ✪ ਕੀ ਭਾਜਪਾ ਜਿੱਤ ਸਕੇਗੀ ਸਿੱਖ ਅਤੇ ਕਿਸਾਨੀ ਹਲਕਿਆਂ ਦਾ ਦਿਲ ? ✪ ਅਮਿਤ ਸ਼ਾਹ ਦਾ ਪੰਜਾਬ ਫਾਰਮੂਲਾ: ਸਰਹੱਦੀ ਜ਼ਿਲ੍ਹਿਆਂ 'ਤੇ ਵਿਸ਼ੇਸ਼ ਫੋਕਸ ਕਰਨ ਦੇ ਨਿਰਦੇਸ਼

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਕਮਾਨ ਸਿੱਧੇ ਤੌਰ 'ਤੇ ਆਪਣੇ ਹੱਥਾਂ ਵਿੱਚ ਲੈਣਾ ਇਸ ਗੱਲ ਦਾ ਸਪਸ਼ਟ ਸੰਕੇਤ ਹੈ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਹੁਣ ਪੰਜਾਬ ਵਿੱਚ ਇੱਕ 'ਜੂਨੀਅਰ ਪਾਰਟਨਰ' ਵਜੋਂ ਨਹੀਂ, ਸਗੋਂ ਇੱਕ ਮੁੱਖ ਸਿਆਸੀ ਤਾਕਤ ਵਜੋਂ ਸਥਾਪਿਤ ਹੋਣ ਲਈ ਪੱਬਾਂ ਭਾਰ ਹੈ। ਪੱਛਮੀ ਬੰਗਾਲ ਦੀ ਤਰਜ਼ 'ਤੇ ਪੰਜਾਬ ਵਿੱਚ ਵੀ 'ਆਪਣੇ ਦਮ 'ਤੇ ਬਹੁਮਤ' ਹਾਸਲ ਕਰਨ ਦੀ ਰਣਨੀਤੀ ਭਾਜਪਾ ਦੀ ਵਧ ਰਹੀ ਸਿਆਸੀ ਇੱਛਾਵਾਂ ਨੂੰ ਦਰਸਾਉਂਦੀ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਦਿੱਲੀ ਦੀਆਂ ਬੰਦ ਕਮਰਾ ਮੀਟਿੰਗਾਂ ਵਿੱਚ ਬਣੀਆਂ ਰਣਨੀਤੀਆਂ ਪੰਜਾਬ ਦੀ ਗੁੰਝਲਦਾਰ ਜ਼ਮੀਨੀ ਹਕੀਕਤ, ਸਿੱਖ ਮਾਨਸਿਕਤਾ ਅਤੇ ਕਿਸਾਨੀ ਹਲਕਿਆਂ ਦੀ ਨਾਰਾਜ਼ਗੀ ਨੂੰ ਪਾਰ ਕਰ ਸਕਣਗੀਆਂ ?

ਭਾਜਪਾ ਹਾਈਕਮਾਂਡ ਨੇ ਫਿਲਹਾਲ ਆਪਣੇ ਆਗੂਆਂ ਨੂੰ ਇਕੱਲਿਆਂ ਚੋਣਾਂ ਲੜਨ ਦੀ ਤਿਆਰੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਆਪਣੇ ਸਭ ਤੋਂ ਗੰਭੀਰ ਅੰਦਰੂਨੀ ਸੰਕਟ ਅਤੇ ਸਿਆਸੀ ਹਾਸ਼ੀਏ 'ਤੇ ਹੋਣ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਹਾਲਾਂਕਿ ਅਕਾਲੀ ਦਲ ਵੱਲੋਂ ਗਠਜੋੜ ਲਈ ਕੁਝ ਨਰਮ ਸੰਕੇਤ ਜ਼ਰੂਰ ਮਿਲੇ ਹਨ, ਪਰ ਭਾਜਪਾ ਹੁਣ ਵੱਡੇ ਭਰਾ ਵਾਲੀ ਭੂਮਿਕਾ (ਸੀਟਾਂ ਦੀ ਵੰਡ ਵਿੱਚ ਵੱਡਾ ਹਿੱਸਾ) ਚਾਹੁੰਦੀ ਹੈ, ਜਿਸ ਨੂੰ ਮੰਨਣਾ ਅਕਾਲੀ ਦਲ ਦੀ ਹੋਂਦ ਲਈ ਖ਼ਤਰਾ ਬਣ ਸਕਦਾ ਹੈ। ਜੇਕਰ ਭਵਿੱਖ ਵਿੱਚ ਕੋਈ ਸਮਝੌਤਾ ਹੁੰਦਾ ਵੀ ਹੈ, ਤਾਂ ਉਹ ਰਵਾਇਤੀ ਗਠਜੋੜ ਵਰਗਾ ਨਹੀਂ ਹੋਵੇਗਾ, ਸਗੋਂ ਭਾਜਪਾ ਦੀਆਂ ਸ਼ਰਤਾਂ 'ਤੇ ਆਧਾਰਿਤ ਇੱਕ ਮਜਬੂਰੀ ਦਾ ਸੌਦਾ ਹੋਵੇਗਾ।

ਪੰਜਾਬ ਵਿੱਚ ਪੂਰਨ ਸੱਤਾ ਹਾਸਲ ਕਰਨ ਲਈ ਭਾਜਪਾ ਨੂੰ ਕੇਵਲ ਸ਼ਹਿਰੀ ਵੋਟ ਬੈਂਕ ਤੱਕ ਸੀਮਤ ਰਹਿਣ ਦੀ ਬਜਾਏ ਪੰਥਕ ਅਤੇ ਪੇਂਡੂ ਹਲਕਿਆਂ ਵਿੱਚ ਪੈਠ ਬਣਾਉਣੀ ਪਵੇਗੀ। ਇਸ ਰਸਤੇ ਵਿੱਚ ਸਭ ਤੋਂ ਵੱਡਾ ਰੋੜਾ 'ਬੰਦੀ ਸਿੰਘਾਂ ਦੀ ਰਿਹਾਈ' ਅਤੇ ਪੰਜਾਬ ਦੇ ਲਟਕਦੇ ਮਸਲੇ (ਜਿਵੇਂ ਪਾਣੀਆਂ ਦਾ ਵਿਵਾਦ, ਚੰਡੀਗੜ੍ਹ 'ਤੇ ਹੱਕ ਅਤੇ ਰਾਜਾਂ ਦੀ ਵੱਧ ਖੁਦਮੁਖਤਿਆਰੀ) ਹਨ।

ਚੋਣਾਂ ਜਿੱਤਣ ਦੀ ਰਣਨੀਤੀ ਵਜੋਂ ਕੇਂਦਰ ਸਰਕਾਰ ਆਉਣ ਵਾਲੇ ਦਿਨਾਂ ਵਿੱਚ ਕੁਝ ਬੰਦੀ ਸਿੰਘਾਂ ਦੀ ਰਿਹਾਈ ਜਾਂ ਉਨ੍ਹਾਂ ਨੂੰ ਪੈਰੋਲ ਦੇਣ ਵਰਗੇ ਸੰਵੇਦਨਸ਼ੀਲ ਕਦਮ ਚੁੱਕ ਸਕਦੀ ਹੈ ਤਾਂ ਜੋ ਸਿੱਖ ਭਾਈਚਾਰੇ ਵਿੱਚ ਇੱਕ ਸਕਾਰਾਤਮਕ ਸੰਦੇਸ਼ ਦਿੱਤਾ ਜਾ ਸਕੇ।

ਪੱਛਮੀ ਬੰਗਾਲ ਦੀ ਤਰ੍ਹਾਂ ਭਾਜਪਾ ਪੰਜਾਬ ਵਿੱਚ ਵੀ "ਇਕੱਲੇ ਚੱਲੋ ਰੇ" ਦੀ ਨੀਤੀ 'ਤੇ ਕੰਮ ਕਰ ਰਹੀ ਹੈ। ਅਮਿਤ ਸ਼ਾਹ ਦੀ ਰਣਨੀਤੀ ਦੇ ਮੁੱਖ ਬਿੰਦੂ ਹੇਠ ਲਿਖੇ ਹਨ:

ਸ਼੍ਰੋਮਣੀ ਅਕਾਲੀ ਦਲ ਦੇ ਛੋਟੇ ਭਾਈਵਾਲ ਵਜੋਂ ਭਾਜਪਾ ਪਹਿਲਾਂ ਸਿਰਫ਼ 23 ਮੁਕਤਸਰ ਜਾਂ ਸ਼ਹਿਰੀ ਸੀਟਾਂ ਤੱਕ ਸੀਮਤ ਸੀ। ਹੁਣ ਪਾਰਟੀ ਸਾਰੀਆਂ 117 ਸੀਟਾਂ 'ਤੇ ਸੰਗਠਨ ਖੜ੍ਹਾ ਕਰ ਰਹੀ ਹੈ।

ਨਸ਼ਾਖੋਰੀ, ਵਿਗੜ ਰਹੀ ਕਾਨੂੰਨ-ਵਿਵਸਥਾ (ਗੈਂਗਸਟਰ ਕਲਚਰ) ਅਤੇ ਸਰਹੱਦੀ ਖੇਤਰਾਂ ਵਿੱਚ ਕਥਿਤ ਧਰਮ ਪਰਿਵਰਤਨ ਨੂੰ ਮੁੱਖ ਹਥਿਆਰ ਬਣਾ ਕੇ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਦੋਵਾਂ ਨੂੰ ਘੇਰਨਾ ਭਾਜਪਾ ਦਾ ਸਿਆਸੀ ਨਿਸ਼ਾਨਾ ਹੈ।

ਪੰਜਾਬ ਵਿੱਚ ਲਗਭਗ 32% ਦਲਿਤ ਆਬਾਦੀ ਹੈ ਅਤੇ ਵੱਡੀ ਗਿਣਤੀ ਵਿੱਚ ਹਿੰਦੂ ਤੇ ਸ਼ਹਿਰੀ ਸਿੱਖ ਵੋਟਰ ਹਨ। ਭਾਜਪਾ ਇਸ ਵੋਟ ਬੈਂਕ ਨੂੰ ਇੱਕ ਮੰਚ 'ਤੇ ਲਿਆਉਣ ਦੀ ਕੋਸ਼ਿਸ਼ ਵਿੱਚ ਹੈ।


ਭਾਜਪਾ ਕੋਲ ਕੇਂਦਰ ਵਿੱਚ ਸੱਤਾ ਹੋਣ ਕਾਰਨ ਉਹ ਪੰਜਾਬ ਦੇ ਲੋਕਾਂ ਅੱਗੇ "ਡਬਲ ਇੰਜਣ ਸਰਕਾਰ" ਦਾ ਕਾਰਡ ਖੇਡੇਗੀ। ਭਾਜਪਾ ਵਾਅਦਾ ਕਰ ਸਕਦੀ ਹੈ ਕਿ ਜੇਕਰ ਪੰਜਾਬ ਵਿੱਚ ਉਨ੍ਹਾਂ ਦੀ ਸਰਕਾਰ ਬਣਦੀ ਹੈ, ਤਾਂ ਕੇਂਦਰ ਪੰਜਾਬ ਸਿਰ ਚੜ੍ਹੇ 3 ਲੱਖ ਕਰੋੜ ਤੋਂ ਵੱਧ ਦੇ ਕਰਜ਼ੇ ਨੂੰ ਮੁਆਫ਼ ਕਰਨ ਜਾਂ ਵਿਸ਼ੇਸ਼ ਉਦਯੋਗਿਕ ਪੈਕੇਜ ਦੇਣ ਲਈ ਤਿਆਰ ਹੈ।

ਐਸਵਾਈਐਲ ਨਹਿਰ ਅਤੇ ਪਾਣੀਆਂ ਦਾ ਮੁੱਦਾ ਅਜਿਹਾ ਹੈ ਜਿਸ 'ਤੇ ਕੇਂਦਰ ਨੂੰ ਹਰਿਆਣਾ ਅਤੇ ਪੰਜਾਬ ਦੋਵਾਂ ਨੂੰ ਦੇਖਣਾ ਪੈਂਦਾ ਹੈ, ਇਸ ਲਈ ਇਸਦਾ ਸਥਾਈ ਹੱਲ ਚੋਣਾਂ ਤੋਂ ਪਹਿਲਾਂ ਹੋਣਾ ਮੁਸ਼ਕਲ ਹੈ। ਨਸ਼ੇ ਦੇ ਮੁੱਦੇ 'ਤੇ ਬੀ.ਐਸ.ਐਫ. ਦੇ ਅਧਿਕਾਰ ਖੇਤਰ ਨੂੰ ਵਧਾ ਕੇ ਕੇਂਦਰ ਪਹਿਲਾਂ ਹੀ ਸਖ਼ਤੀ ਦਾ ਸੁਨੇਹਾ ਦੇ ਰਿਹਾ ਹੈ।

ਪੰਜਾਬ ਦੀ ਰਾਜਨੀਤੀ ਵਿੱਚ ਮਾਲਵਾ ਅਤੇ ਦੁਆਬਾ ਦੇ ਡੇਰਿਆਂ ਦਾ ਵੋਟ ਬੈਂਕ ਬੇਹੱਦ ਮਜ਼ਬੂਤ ਹੈ। ਭਾਜਪਾ ਦੀ ਰਣਨੀਤੀ ਇਨ੍ਹਾਂ ਡੇਰਿਆਂ ਦੇ ਮੁਖੀਆਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਆਪਣੇ ਪੱਖ ਵਿੱਚ ਕਰਨ ਦੀ ਹੈ। ਸੰਘ ਪਹਿਲਾਂ ਹੀ ਇਨ੍ਹਾਂ ਖੇਤਰਾਂ ਵਿੱਚ ਸਮਾਜਿਕ ਤੌਰ 'ਤੇ ਕਾਫ਼ੀ ਸਰਗਰਮ ਹੈ।

ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਅਜਿਹੇ ਦਿੱਗਜ ਨੇਤਾ ਜੋ ਆਪਣੀ ਲੀਡਰਸ਼ਿਪ ਤੋਂ ਨਾਰਾਜ਼ ਹਨ, ਉਨ੍ਹਾਂ ਨੂੰ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਸ਼ਾਮਲ ਕਰਵਾ ਕੇ ਟਿਕਟਾਂ ਦਿੱਤੀਆਂ ਜਾਣਗੀਆਂ (ਜਿਵੇਂ ਪਹਿਲਾਂ ਵੀ ਕਈ ਸਾਬਕਾ ਕਾਂਗਰਸੀ ਭਾਜਪਾ ਵਿੱਚ ਆ ਚੁੱਕੇ ਹਨ)।

ਮਹਾਰਾਜਾ ਰਣਜੀਤ ਸਿੰਘ ਦੇ 'ਸਰਬੱਤ ਦੇ ਭਲੇ' ਵਾਲੇ ਸ਼ਾਸਨ ਦੇ ਸੰਕਲਪ, ਵੀਰ ਬਾਲ ਦਿਵਸ ਅਤੇ ਸਿੱਖ ਇਤਿਹਾਸ ਦੇ ਮਹਾਨ ਯੋਧਿਆਂ ਦੇ ਪ੍ਰਤੀਕਾਂ ਨੂੰ ਉਭਾਰ ਕੇ ਭਾਜਪਾ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰੇਗੀ ਕਿ ਉਹ



ਸਿੱਖ ਵਿਰੋਧੀ ਨਹੀਂ ਹੈ।

ਪੰਜਾਬ ਦੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਨਸ਼ਿਆਂ, ਕਾਨੂੰਨ-ਵਿਵਸਥਾ ਅਤੇ ਧਰਮ ਪਰਿਵਰਤਨ ਨੂੰ ਮੁੱਖ ਮੁੱਦਾ ਬਣਾ ਕੇ 'ਆਪ' ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਜਦੋਂ ਤੱਕ ਪੰਜਾਬ ਦੇ ਰਵਾਇਤੀ ਅਤੇ ਆਰਥਿਕ ਮਸਲਿਆਂ 'ਤੇ ਕੇਂਦਰ ਵੱਲੋਂ ਕੋਈ ਵੱਡਾ ਪੈਕੇਜ ਜਾਂ ਠੋਸ ਨੀਤੀ ਸਾਹਮਣੇ ਨਹੀਂ ਆਉਂਦੀ, ਉਦੋਂ ਤੱਕ ਲੋਕਾਂ ਦਾ ਪੂਰਨ ਵਿਸ਼ਵਾਸ ਜਿੱਤਣਾ ਮੁਸ਼ਕਲ ਹੋਵੇਗਾ।

ਸਿੱਖ ਅਤੇ ਖਾਸ ਕਰਕੇ ਕਿਸਾਨੀ ਹਲਕਿਆਂ ਵਿੱਚ ਭਾਜਪਾ ਪ੍ਰਤੀ ਅਜੇ ਵੀ ਵੱਡਾ 'ਬੇਗਾਨਗੀ ਅਤੇ ਨਾਰਾਜ਼ਗੀ' ਦਾ ਭਾਵ ਹੈ। ਦਿੱਲੀ ਦੀਆਂ ਬਰੂਹਾਂ 'ਤੇ ਹੋਏ ਕਿਸਾਨ ਅੰਦੋਲਨਾਂ ਦੀਆਂ ਯਾਦਾਂ, ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਨਾ ਮਿਲਣਾ ਅਤੇ ਹਾਲ ਹੀ ਦੇ ਸਾਲਾਂ ਵਿੱਚ ਕਿਸਾਨਾਂ 'ਤੇ ਹੋਏ ਤਸ਼ੱਦਦ ਕਾਰਨ ਪੇਂਡੂ ਪੰਜਾਬ ਭਾਜਪਾ ਨੂੰ ਸਹੂਲਤਜਨਕ ਨਜ਼ਰ ਨਾਲ ਨਹੀਂ ਦੇਖਦਾ। ਭਾਜਪਾ ਵੱਲੋਂ ਚਲਾਈਆਂ ਜਾਣ ਵਾਲੀਆਂ ਵਿਸ਼ੇਸ਼ ਮੁਹਿੰਮਾਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੌਰੇ ਇਸ ਖਾਈ ਨੂੰ ਪੂਰਨ ਦੀ ਕੋਸ਼ਿਸ਼ ਜ਼ਰੂਰ ਕਰਨਗੇ, ਪਰ ਕਿਸਾਨੀ ਲੀਡਰਸ਼ਿਪ ਨੂੰ ਸੰਤੁਸ਼ਟ ਕੀਤੇ ਬਿਨਾਂ ਪਿੰਡਾਂ ਵਿੱਚ ਵੋਟਾਂ ਬਟੋਰਨਾ ਭਾਜਪਾ ਲਈ ਲੋਹੇ ਦੇ ਚਣੇ ਚੱਬਣ ਬਰਾਬਰ ਹੋਵੇਗਾ।

ਪੰਜਾਬ ਦੇ ਸਿਆਸੀ ਮਾਹਿਰ ਹਮੀਰ ਸਿੰਘ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਚੰਡੀਗੜ੍ਹ ਦੀ ਮਾਲਕੀ, ਪੰਜਾਬੀ ਬੋਲਦੇ ਇਲਾਕਿਆਂ ਜਾਂ ਰਿਪੇਰੀਅਨ ਕਾਨੂੰਨਾਂ ਵਰਗੀਆਂ ਰਵਾਇਤੀ ਮੰਗਾਂ 'ਤੇ ਕੋਈ ਵੱਡਾ ਸਮਝੌਤਾ ਨਹੀਂ ਕਰੇਗੀ, ਕਿਉਂਕਿ ਇਸਦਾ ਸਿੱਧਾ ਅਸਰ ਗੁਆਂਢੀ ਰਾਜ ਹਰਿਆਣਾ ਦੀ ਸਿਆਸਤ 'ਤੇ ਪੈਂਦਾ ਹੈ। ਜੇਕਰ ਕੇਂਦਰ ਵੱਲੋਂ ਪਾਕਿਸਤਾਨ ਜਾਣ ਵਾਲੇ ਦਰਿਆਈ ਪਾਣੀਆਂ ਨੂੰ ਰੋਕਣ ਜਾਂ ਮੋੜਨ ਦੀ ਪ੍ਰਕਿਰਿਆ ਤੇਜ਼ ਹੁੰਦੀ ਹੈ, ਤਾਂ ਉਸ ਵਾਧੂ ਪਾਣੀ ਦਾ ਕੁਝ ਹਿੱਸਾ ਪੰਜਾਬ ਦੇ ਖੇਤਾਂ ਵੱਲ ਮੋੜ ਕੇ ਸੂਬੇ ਦੇ ਕਿਸਾਨਾਂ ਨੂੰ ਇੱਕ ਵੱਡੀ 'ਕੁਦਰਤੀ ਰਾਹਤ' ਦੇਣ ਦਾ ਐਲਾਨ ਕੀਤਾ ਜਾ ਸਕਦਾ ਹੈ। ਇਹ ਰਿਪੇਰੀਅਨ ਕਾਨੂੰਨਾਂ ਨੂੰ ਛੇੜੇ ਬਿਨਾਂ ਪੰਜਾਬ ਨੂੰ ਸੰਤੁਸ਼ਟ ਕਰਨ ਦੀ ਚਾਲ ਹੋਵੇਗੀ। ਕੇਂਦਰ ਸਰਕਾਰ ਸਿੱਧੇ ਤੌਰ 'ਤੇ ਤੁਰੰਤ ਕਿਸਾਨੀ ਕਰਜ਼ਾ ਮੁਆਫ਼ੀ ਦਾ ਐਲਾਨ ਨਹੀਂ ਕਰੇਗੀ, ਪਰ ਇਸ ਮੁੱਦੇ ਨੂੰ ਚੋਣ ਮਨੋਰਥ ਪੱਤਰ ਵਿੱਚ ਇੱਕ ਵੱਡੇ ਵਾਅਦੇ ਵਜੋਂ ਸ਼ਾਮਲ ਕਰੇਗੀ, ਤਾਂ ਜੋ ਪੇਂਡੂ ਵੋਟਰਾਂ ਵਿੱਚ ਪਾਰਟੀ ਪ੍ਰਤੀ ਬਣੀ ਨਾਰਾਜ਼ਗੀ ਨੂੰ ਘੱਟ ਕੀਤਾ ਜਾ ਸਕੇ।

ਬੰਦੀ ਸਿੰਘਾਂ ਦੇ ਮੁੱਦੇ 'ਤੇ ਸਾਰੇ ਕੈਦੀਆਂ ਦੀ ਰਿਹਾਈ ਤਾਂ ਸੰਭਵ ਨਹੀਂ, ਪਰ ਚੋਣਾਂ ਤੋਂ ਐਨ ਪਹਿਲਾਂ ਕੁਝ ਅਜਿਹੇ ਚਿਹਰਿਆਂ ਨੂੰ ਰਿਹਾਅ ਜਾਂ ਲੰਮੀ ਪੈਰੋਲ ਦਿੱਤੀ ਜਾ ਸਕਦੀ ਹੈ ਜਿਸ ਨਾਲ ਸਿੱਖ ਹਲਕਿਆਂ ਵਿੱਚ ਭਾਜਪਾ ਵਿਰੋਧੀ ਲਹਿਰ ਨੂੰ ਠੰਢਾ ਕੀਤਾ ਜਾ ਸਕੇ।

ਮੌਜੂਦਾ ਸਿਆਸੀ ਸਥਿਤੀ ਨੂੰ ਦੇਖਦੇ ਹੋਏ ਭਾਜਪਾ ਲਈ ਪੰਜਾਬ ਵਿੱਚ ਆਪਣੇ ਦਮ 'ਤੇ ਸਿੱਧੀ ਸਰਕਾਰ ਬਣਾਉਣਾ ਇੱਕ ਬਹੁਤ ਹੀ ਮੁਸ਼ਕਲ ਕਾਰਜ ਨਜ਼ਰ ਆਉਂਦਾ ਹੈ। ਹਾਲਾਂਕਿ, ਭਗਵੰਤ ਮਾਨ ਸਰਕਾਰ ਵਿਰੁੱਧ ਪੈਦਾ ਹੋ ਰਹੀ ਐਂਟੀ-ਇਨਕੰਬੈਂਸੀ (ਸੱਤਾ ਵਿਰੋਧੀ ਲਹਿਰ), ਕਾਂਗਰਸ ਦੀ ਅੰਦਰੂਨੀ ਧੜੇਬੰਦੀ ਅਤੇ ਅਕਾਲੀ ਦਲ ਦੇ ਕਮਜ਼ੋਰ ਹੋਣ ਕਾਰਨ ਪੰਜਾਬ ਦਾ ਸਿਆਸੀ ਮੈਦਾਨ ਪੂਰੀ ਤਰ੍ਹਾਂ ਖੁੱਲ੍ਹਾ ਹੈ।

ਭਾਜਪਾ ਪੰਜਾਬ ਵਿੱਚ ਇੱਕ ਮਜ਼ਬੂਤ ਵਿਰੋਧੀ ਧਿਰ ਵਜੋਂ ਉੱਭਰ ਸਕਦੀ ਹੈ ਅਤੇ ਕਈ ਸ਼ਹਿਰੀ ਤੇ ਸਰਹੱਦੀ ਸੀਟਾਂ 'ਤੇ ਉਲਟਫੇਰ ਕਰਨ ਦੇ ਸਮਰੱਥ ਹੈ। ਪਰ ਪੂਰਨ ਬਹੁਮਤ ਦੀ ਸਰਕਾਰ ਬਣਾਉਣ ਲਈ ਭਾਜਪਾ ਨੂੰ ਕੇਵਲ ਸਿਆਸੀ ਜੋੜ-ਤੋੜ ਦੀ ਬਜਾਏ ਪੰਜਾਬ ਦੇ ਸਭਿਆਚਾਰਕ, ਕਿਸਾਨੀ ਅਤੇ ਪੰਥਕ ਸਰੋਕਾਰਾਂ ਨੂੰ ਇਮਾਨਦਾਰੀ ਨਾਲ ਅਪਣਾਉਣਾ ਪਵੇਗਾ। ਅਮਿਤ ਸ਼ਾਹ ਦਾ ਪਲਾਨ ਭਾਜਪਾ ਦਾ ਆਧਾਰ ਤਾਂ ਵਧਾ ਸਕਦਾ ਹੈ, ਪਰ ਪੰਜਾਬ ਦੇ ਤਖ਼ਤ ਤੱਕ ਪਹੁੰਚਣ ਦਾ ਰਸਤਾ ਅਜੇ ਵੀ ਬਹੁਤ ਪੇਚੀਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਦਾ ਅਸਲ ਮਕਸਦ ਸ਼ਾਇਦ ਪਹਿਲੀ ਵਾਰ ਵਿੱਚ ਸਰਕਾਰ ਬਣਾਉਣਾ ਨਾ ਹੋਵੇ, ਸਗੋਂ ਪੰਜਾਬ ਵਿੱਚ 'ਕਿੰਗਮੇਕਰ' ਵਜੋਂ ਉਭਰਨਾ ਹੈ। ਜੇਕਰ ਚੋਣਾਂ ਤ੍ਰਿਸ਼ੰਕੂ ਵੱਲ ਜਾਂਦੀਆਂ ਹਨ, ਜਿੱਥੇ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲਦਾ, ਤਾਂ ਭਾਜਪਾ ਅਕਾਲੀ ਦਲ ਜਾਂ ਕਾਂਗਰਸ/ਆਪ ਦੇ ਟੁੱਟੇ ਹੋਏ ਧੜਿਆਂ ਨੂੰ ਨਾਲ ਲੈ ਕੇ ਸੱਤਾ ਦੀ ਚਾਬੀ ਆਪਣੇ ਹੱਥ ਵਿੱਚ ਲੈ ਸਕਦੀ ਹੈ।

ਅਮਿਤ ਸ਼ਾਹ ਦੀ ਇਹ ਹਮਲਾਵਰ ਰਣਨੀਤੀ ਪੰਜਾਬ ਦੇ ਰਵਾਇਤੀ ਵੋਟ ਬੈਂਕ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦੇਵੇਗੀ, ਜਿਸ ਨਾਲ ਮੁਕਾਬਲਾ ਤਿਕੋਣਾ ਜਾਂ ਚੌਕੋਣਾ ਹੋਣਾ ਤੈਅ ਹੈ।

# ਪੰਜਾਬ ਚੋਣਾਂ ਤੋਂ ਪਹਿਲਾਂ 'ਆਪ' ਲਈ ਸਭ ਤੋਂ ਵੱਡੀ ਪੰਥਕ ਚੁਣੌਤੀ

**✪ ਵਿਕਾਸ ਦੇ ਏਜੰਡੇ 'ਤੇ ਭਾਰੂ ਪਿਆ ਜਥੇਦਾਰ ਦਾ ਫਤਵਾ ✪ ਅਕਾਲ ਤਖ਼ਤ ਦੇ ਫ਼ੈਸਲੇ ਨੇ ਬਦਲਿਆ ਪੰਜਾਬ ਦਾ ਚੋਣ ਬਿਰਤਾਂਤ; ਰੱਖਿਆਤਮਕ ਰੁਖ਼ ਵਿਚ ਆਈ ਪੰਜਾਬ ਸਰਕਾਰ ✪ ਅਕਾਲ ਤਖ਼ਤ: ਉਪਰ 29 ਜੂਨ ਨੂੰ 'ਆਪ' ਦੇ ਸਿੱਖ ਮੰਤਰੀਆਂ ਤੇ ਵਿਧਾਇਕਾਂ ਦੀ ਪੇਸ਼ੀ; ਪਾਰਟੀਆਂ ਵਿਚ ਵਧਿਆ ਦਬਾਅ ✪ ਸੁਖਬੀਰ ਸਿੰਘ ਬਾਦਲ ਦਾ ਵੱਡਾ ਐਲਾਨ; 19 ਜੁਲਾਈ ਤੋਂ ਭਗਵੰਤ ਮਾਨ ਖ਼ਿਲਾਫ਼ ਖੁੱਲ੍ਹੇਗਾ 'ਧਰਮ ਯੁੱਧ ਮੋਰਚਾ'**

• ਨਿਊਜ਼ ਵਿਸ਼ਲੇਸ਼ਣ •

ਪੰਜਾਬ ਦੀ ਸਿਆਸਤ ਵਿੱਚ ਧਰਮ ਅਤੇ ਰਾਜਨੀਤੀ ਦਾ ਰਿਸ਼ਤਾ ਹਮੇਸ਼ਾ ਹੀ ਗੂੜ੍ਹਾ ਰਿਹਾ ਹੈ, ਪਰ ਹਾਲ ਹੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਗੁਰੂ ਦੋਖੀ' ਅਤੇ 'ਖਾਲਸਾ ਪੰਥ ਵਿਰੋਧੀ' ਐਲਾਨੇ ਜਾਣ ਤੋਂ ਬਾਅਦ ਇਹ ਟਕਰਾਅ ਇੱਕ ਨਵੇਂ ਅਤੇ ਗੰਭੀਰ ਦੌਰ ਵਿੱਚ ਪ੍ਰਵੇਸ਼ ਕਰ ਗਿਆ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਦੋਂ ਕਿ ਇੱਕ ਸਾਲ ਤੋਂ ਵੀ ਘੱਟ ਸਮਾਂ ਬਾਕੀ ਹੈ, ਇਸ ਫ਼ੈਸਲੇ ਨੇ ਆਮ ਆਦਮੀ ਪਾਰਟੀ ਦੇ 'ਵਿਕਾਸ ਅਤੇ ਸੁਸ਼ਾਸਨ' ਦੇ ਏਜੰਡੇ ਦੇ ਸਾਹਮਣੇ ਇੱਕ ਵੱਡੀ ਪੰਥਕ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਸ ਦੇ ਨਾਲ ਹੀ, ਸ਼ਿਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਐਲਾਨੇ ਗਏ 'ਧਰਮ ਯੁੱਧ ਮੋਰਚੇ' ਨੇ ਰਾਜਸੀ ਮਾਹੌਲ ਨੂੰ ਹੋਰ ਭਖਾ ਦਿੱਤਾ ਹੈ। ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਨਿਰਸੰਦੇਹ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਲਈ ਇੱਕ ਵੱਡਾ ਨੈਤਿਕ ਅਤੇ ਸਿਆਸੀ ਝਟਕਾ ਹੈ। ਇਸ ਦੇ ਨੁਕਸਾਨ ਨੂੰ ਹੇਠ ਲਿਖੇ ਨੁਕਤਿਆਂ ਰਾਹੀਂ ਸਮਝਿਆ ਜਾ ਸਕਦਾ ਹੈ:

ਭਗਵੰਤ ਮਾਨ ਨੇ ਹੁਣ ਤੱਕ ਆਪਣੇ ਆਪ ਨੂੰ ਪੰਜਾਬੀ ਸੱਭਿਆਚਾਰ ਤੇ ਆਮ ਲੋਕਾਂ ਨਾਲ ਜੁੜੇ ਇੱਕ ਨਿਮਰ ਆਗੂ ਵਜੋਂ ਪੇਸ਼ ਕੀਤਾ ਹੈ। ਪਰ ਜਥੇਦਾਰ ਗੜਗਜ ਵਲੋਂ 'ਗੁਰੂ ਦੋਖੀ' ਦਾ ਤਗ਼ਮਾ ਉਨ੍ਹਾਂ ਦੇ ਇਸ ਅਕਸ ਨੂੰ ਸਿੱਧੀ ਸੱਟ ਮਾਰਦਾ ਹੈ। ਪੰਜਾਬ ਦੇ ਰਵਾਇਤੀ ਅਤੇ ਪੇਂਡੂ ਸਿੱਖ ਵੋਟਰਾਂ ਵਿੱਚ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਬਹੁਤ ਮਾਨਤਾ ਹੈ, ਜਿਸ ਕਾਰਨ ਪਾਰਟੀ ਦੇ ਵੋਟ ਬੈਂਕ ਵਿੱਚ ਖੋਰਾ ਲੱਗ ਸਕਦਾ ਹੈ।

ਮੁੱਖ ਮੰਤਰੀ ਅਤੇ ਉਨ੍ਹਾਂ ਦੀ ਪਾਰਟੀ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ 'ਤੇ 'ਸਿਆਸੀ ਆਕਾਵਾਂ' ਦੇ ਇਸ਼ਾਰੇ 'ਤੇ ਕੰਮ ਕਰਨ ਦੇ ਲਗਾਏ ਜਾ ਰਹੇ ਦੋਸ਼ ਸਿੱਖ ਸੰਗਤ ਨੂੰ ਨਾਰਾਜ਼ ਕਰ ਸਕਦੇ ਹਨ। ਸਿੱਖ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਸ਼ਾਸਕ ਨੇ ਅਕਾਲ ਤਖ਼ਤ ਦੇ ਅਧਿਕਾਰ ਨੂੰ ਚੁਣੌਤੀ ਦਿੱਤੀ ਹੈ, ਉਸ ਨੂੰ ਸਿਆਸੀ ਖ਼ਮਿਆਜ਼ਾ ਭੁਗਤਣਾ ਪਿਆ ਹੈ।

ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਪੰਜਾਬ ਦੇ ਸਿੱਖ ਮੰਤਰੀਆਂ ਅਤੇ ਵਿਧਾਇਕਾਂ ਨੂੰ 29 ਜੂਨ ਨੂੰ ਤਲਬ ਕੀਤੇ ਜਾਣ ਅਤੇ ਗ਼ੈਰ-ਸਿੱਖ ਮੰਤਰੀਆਂ ਤੋਂ ਲਿਖਤੀ ਸਪੱਸ਼ਟੀਕਰਨ ਮੰਗੇ ਜਾਣ ਦਾ ਇਹ ਫ਼ੈਸਲਾ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵੱਡਾ ਭੂਚਾਲ ਲਿਆ ਸਕਦਾ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਆਪ' ਦੇ ਸਿੱਖ ਮੰਤਰੀਆਂ ਅਤੇ ਵਿਧਾਇਕਾਂ ਲਈ ਇਹ ਬਹੁਤ ਮੁਸ਼ਕਿਲ ਘੜੀ ਹੈ। ਜੇਕਰ ਉਹ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੁੰਦੇ ਹਨ, ਤਾਂ ਇਹ ਉਨ੍ਹਾਂ ਦੀ ਆਪਣੀ ਸਰਕਾਰ ਦੇ ਫ਼ੈਸਲੇ (ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ-2026) 'ਤੇ ਸਵਾਲ ਖੜ੍ਹੇ ਕਰੇਗਾ। ਜੇਕਰ ਉਹ ਪੇਸ਼ ਨਹੀਂ ਹੁੰਦੇ, ਤਾਂ ਉਨ੍ਹਾਂ ਨੂੰ ਸਿੱਖ ਭਾਈਚਾਰੇ ਅਤੇ ਧਾਰਮਿਕ ਹਲਕਿਆਂ ਵਿੱਚ "ਬਾਗੀ" ਜਾਂ "ਗੁਰੂ-ਘਰ ਦੇ ਵਿਰੋਧੀ" ਵਜੋਂ ਦੇਖਿਆ ਜਾ ਸਕਦਾ ਹੈ, ਜੋ ਕਿ ਪੰਜਾਬ ਦੀ ਸਿਆਸਤ ਵਿੱਚ ਬਹੁਤ ਨੁਕਸਾਨਦੇਹ ਸਾਬਤ ਹੁੰਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਵੱਲੋਂ ਪਹਿਲਾਂ ਹੀ ਇਸ ਫ਼ੈਸਲੇ ਨੂੰ "ਸਿਆਸਤ ਤੋਂ ਪ੍ਰੇਰਿਤ" ਦੱਸਿਆ ਜਾ ਰਿਹਾ ਹੈ। ਇਸ ਨਾਲ ਸਰਕਾਰ ਅਤੇ ਸਿੱਖਾਂ ਦੀ ਸਭ ਤੋਂ ਉੱਚੀ ਧਾਰਮਿਕ ਸੰਸਥਾ ਵਿਚਾਲੇ ਟਕਰਾਅ ਸਿੱਧਾ ਅਤੇ ਹੋਰ ਤਿੱਖਾ ਹੋ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵਰਗੀਆਂ ਵਿਰੋਧੀ ਪਾਰਟੀਆਂ ਦੇ ਸਿੱਖ ਵਿਧਾਇਕ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਆਪਣਾ ਪੱਖ ਰੱਖ ਸਕਦੇ ਹਨ। ਇਸ ਨਾਲ ਉਹ ਆਪਣੇ ਆਪ ਨੂੰ ਧਰਮ ਅਤੇ ਪੰਥ ਦੇ ਵਫ਼ਾਦਾਰ ਸਾਬਤ ਕਰਨ ਦੀ ਕੋਸ਼ਿਸ਼ ਕਰਨਗੇ।

ਵਿਰੋਧੀ ਧਿਰਾਂ ਇਸ ਮੁੱਦੇ ਨੂੰ 'ਆਪ' ਸਰਕਾਰ ਦੇ ਖ਼ਿਲਾਫ਼ ਇੱਕ ਵੱਡਾ ਸਿਆਸੀ ਹਥਿਆਰ ਬਣਾਉਣਗੀਆਂ ਅਤੇ ਸਰਕਾਰ 'ਤੇ "ਪੰਥ ਵਿਰੋਧੀ" ਹੋਣ ਦੇ ਦੋਸ਼ ਲਗਾ ਕੇ ਜਨਤਾ ਵਿੱਚ ਭੰਡੀ ਪ੍ਰਚਾਰ ਕਰਨਗੀਆਂ।

ਪੰਜਾਬ ਦੀ ਸਿਆਸਤ ਪਿਛਲੇ ਇੱਕ ਦਹਾਕੇ ਤੋਂ ਬੇਅਦਬੀ ਦੇ ਮੁੱਦੇ ਦੁਆਲੇ ਘੁੰਮਦੀ ਰਹੀ ਹੈ। ਇਸ ਨਵੇਂ ਐਕਟ ਅਤੇ ਉਸ ਤੋਂ ਬਾਅਦ ਪੈਦਾ ਹੋਏ ਵਿਵਾਦ ਨੇ ਇਸ ਸੰਵੇਦਨਸ਼ੀਲ ਮੁੱਦੇ ਨੂੰ ਦੁਬਾਰਾ ਸਿਆਸਤ ਦੇ ਬਿਲਕੁਲ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਹੁਣ ਆਉਣ ਵਾਲੀਆਂ ਚੋਣਾਂ ਜਾਂ ਸਿਆਸੀ ਸਮੀਕਰਨਾਂ ਵਿੱਚ ਇਹ ਮੁੱਦਾ ਫਿਰ ਤੋਂ ਸਭ ਤੋਂ ਅਹਿਮ ਬਣੇਗਾ।

ਗ਼ੈਰ-ਸਿੱਖ ਮੰਤਰੀਆਂ ਤੋਂ ਵੀ ਲਿਖਤੀ ਸਪੱਸ਼ਟੀਕਰਨ ਮੰਗਿਆ ਗਿਆ ਹੈ, ਇਸ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਧਾਰਮਿਕ ਲਾਈਨਾਂ 'ਤੇ ਵੋਟਾਂ ਦਾ ਧਰੁਵੀਕਰਨ ਹੋ ਸਕਦਾ ਹੈ। 'ਆਪ' ਸਰਕਾਰ ਇਸ ਨੂੰ ਸਿੱਖ ਸੰਸਥਾਵਾਂ ਵੱਲੋਂ ਸਰਕਾਰ ਦੇ ਕੰਮਾਂ ਵਿੱਚ ਲੋੜ ਤੋਂ ਵੱਧ ਦਖ਼ਲਅੰਦਾਜ਼ੀ ਵਜੋਂ ਪੇਸ਼ ਕਰਕੇ ਗ਼ੈਰ-ਸਿੱਖ ਵੋਟਰਾਂ (ਖ਼ਾਸਕਰ ਸ਼ਹਿਰੀ ਹਿੰਦੂ ਵੋਟ ਬੈਂਕ) ਦੀ ਹਮਦਰਦੀ ਜਿੱਤਣ ਦੀ ਕੋਸ਼ਿਸ਼ ਕਰ ਸਕਦੀ ਹੈ।

29 ਜੂਨ ਦੀ ਤਾਰੀਖ਼ ਇਹ ਤੈਅ ਕਰੇਗੀ ਕਿ ਮੌਜੂਦਾ ਦੌਰ ਵਿੱਚ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦਾ ਸਿਆਸਤਦਾਨਾਂ 'ਤੇ ਕਿੰਨਾ ਪ੍ਰਭਾਵ ਹੈ। ਜੇਕਰ ਵੱਡੀ ਗਿਣਤੀ ਵਿੱਚ ਵਿਧਾਇਕ ਪੇਸ਼ ਹੁੰਦੇ ਹਨ, ਤਾਂ ਸੰਸਥਾ ਦੀ ਪੰਥਕ ਮਹਾਨਤਾ ਹੋਰ ਮਜ਼ਬੂਤ ਹੋਵੇਗੀ। ਪਰ ਜੇਕਰ ਸੱਤਾਧਾਰੀ ਧਿਰ ਦੇ ਵਿਧਾਇਕ ਇਸ ਦਾ ਬਾਈਕਾਟ ਕਰਦੇ ਹਨ, ਤਾਂ ਇਹ ਪੰਜਾਬ ਵਿੱਚ ਧਾਰਮਿਕ ਅਥਾਰਟੀ ਅਤੇ ਚੁਣੀ ਹੋਈ ਲੋਕਤੰਤਰਿਕ ਸਰਕਾਰ ਵਿਚਕਾਰ ਇੱਕ ਬਹੁਤ ਵੱਡੀ ਅਤੇ ਲੰਮੀ ਜੰਗ ਦੀ ਸ਼ੁਰੂਆਤ ਹੋਵੇਗੀ।

ਪੰਜਾਬ ਦੇ ਸਿੱਖ ਸਿਆਸਤਦਾਨਾਂ ਲਈ ਹੁਣ ਇਹ ਪਰਖ ਦੀ ਘੜੀ ਹੈ ਕਿ ਉਹ ਆਪਣੇ ਸਿਆਸੀ ਕਰਤੱਵ (ਪਾਰਟੀ/ ਸਰਕਾਰ) ਨੂੰ ਚੁਣਦੇ ਹਨ ਜਾਂ ਆਪਣੇ ਧਾਰਮਿਕ ਕਰਤੱਵ (ਅਕਾਲ ਤਖ਼ਤ ਸਾਹਿਬ ਪ੍ਰਤੀ ਜਵਾਬਦੇਹੀ) ਨੂੰ। ਅਗਲੇ ਕੁਝ ਦਿਨ ਪੰਜਾਬ ਦੀ ਸਿਆਸਤ ਦਾ ਭਵਿੱਖ ਤੈਅ ਕਰਨਗੇ।

ਸੁਖਬੀਰ ਬਾਦਲ ਦਾ 'ਧਰਮ ਯੁੱਧ ਮੋਰਚਾ': ਕਿੰਨਾ ਕੁ ਹੋਵੇਗਾ ਕਾਮਯਾਬ?-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਤੋਂ ਤੁਰੰਤ ਬਾਅਦ ਸ਼ਿਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਗਵੰਤ ਮਾਨ ਨੂੰ ਅਹੁਦੇ ਤੋਂ ਹਟਾਉਣ ਲਈ 19 ਜੁਲਾਈ ਤੋਂ 'ਧਰਮ ਯੁੱਧ ਮੋਰਚਾ' ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਇਹ 'ਧਰਮ ਯੁੱਧ ਮੋਰਚਾ' (19 ਜੁਲਾਈ ਤੋਂ) ਅਕਾਲ ਤਖ਼ਤ ਦੇ ਹੁਕਮਾਂ ਤੋਂ ਬਾਅਦ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਸਿੱਖ ਸਿਆਸਤ ਵਿੱਚ ਅਕਾਲ ਤਖ਼ਤ ਸਾਹਿਬ ਦਾ ਬਹੁਤ ਵੱਡਾ ਸਤਿਕਾਰ ਹੈ। ਜੇਕਰ ਅਕਾਲੀ ਦਲ ਸੰਤ ਸਮਾਜ, ਸਿੱਖ ਬੁੱਧੀਜੀਵੀਆਂ ਅਤੇ ਧਾਰਮਿਕ ਜਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਠੇ ਕਰਨ ਵਿੱਚ ਕਾਮਯਾਬ ਹੋ ਜਾਂਦਾ ਹੈ, ਤਾਂ ਇਹ ਮੋਰਚਾ ਸਰਕਾਰ ਲਈ ਵੱਡੀ ਮੁਸੀਬਤ ਬਣ ਸਕਦਾ ਹੈ।ਅਕਾਲੀ ਦਲ ਨੇ ਐਲਾਨ ਕੀਤਾ ਹੈ ਕਿ ਜਦੋਂ ਤੱਕ ਮੁੱਖ ਮੰਤਰੀ ਨੂੰ ਅਹੁਦੇ ਤੋਂ ਨਹੀਂ ਹਟਾਇਆ ਜਾਂਦਾ, ਉਦੋਂ ਤੱਕ ਪਾਰਟੀ ਦਾ ਕੋਈ ਵੀ ਵਿਧਾਇਕ ਵਿਧਾਨ ਸਭਾ ਦੀ ਕਾਰਵਾਈ ਵਿੱਚ ਹਿੱਸਾ ਨਹੀਂ ਲਵੇਗਾ। ਇਹ ਸਖ਼ਤ ਰੁਖ਼ ਉਨ੍ਹਾਂ ਦੇ ਕਾਰਡਰ ਵਿੱਚ ਨਵੀਂ ਜਾਨ ਫੂਕ ਸਕਦਾ ਹੈ।

ਬਾਦਲ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਸੱਦਾ ਦਿੱਤਾ ਹੈ। ਜੇਕਰ ਹੋਰ ਵਿਰੋਧੀ ਪਾਰਟੀਆਂ ਵੀ ਇਸ ਮੁੱਦੇ 'ਤੇ 'ਆਪ' ਸਰਕਾਰ ਘੇਰਨ ਲਈ ਨਾਲ ਆਉਂਦੀਆਂ ਹਨ, ਤਾਂ ਮੋਰਚੇ ਦਾ ਪ੍ਰਭਾਵ ਵਧੇਗਾ। ਇਹ ਮੋਰਚਾ ਪੰਜਾਬ ਭਰ ਵਿੱਚ ਵੱਖ-ਵੱਖ ਪੰਥਕ ਜਥੇਬੰਦੀਆਂ, ਧਾਰਮਿਕ ਸੰਸਥਾਵਾਂ ਅਤੇ ਸਿਆਸੀ ਪਾਰਟੀਆਂ ਨੂੰ ਇੱਕ ਮੰਚ 'ਤੇ ਲਿਆ ਕੇ ਚੰਡੀਗੜ੍ਹ (ਮੁੱਖ ਮੰਤਰੀ ਨਿਵਾਸ ਦੇ ਘੇਰਾਓ) ਜਾਂ ਅੰਮ੍ਰਿਤਸਰ ਤੋਂ ਸ਼ੁਰੂ ਕਰਕੇ ਪੂਰੇ ਪੰਜਾਬ ਵਿੱਚ ਫੈਲਾਇਆ ਜਾ ਸਕਦਾ ਹੈ। ਬਾਦਲ ਦਾ ਮੁੱਖ ਉਦੇਸ਼ ਸਿੱਖ ਭਾਵਨਾਵਾਂ ਨੂੰ ਲਾਮਬੰਦ ਕਰਕੇ ਮਾਨ ਸਰਕਾਰ 'ਤੇ ਅਸਤੀਫ਼ੇ ਲਈ ਦਬਾਅ ਬਣਾਉਣਾ ਹੈ।

ਇਸ ਮੋਰਚੇ ਦੀ ਕਾਮਯਾਬੀ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਆਮ ਸਿੱਖ ਵੋਟਰ ਇਸ ਨੂੰ ਸੱਚਮੁੱਚ ਇੱਕ ਧਾਰਮਿਕ ਅੰਦੋਲਨ ਮੰਨਦਾ ਹੈ ਜਾਂ ਅਕਾਲੀ ਦਲ ਦੀ ਗੁਆਚੀ ਹੋਈ ਸਿਆਸੀ ਜ਼ਮੀਨ ਨੂੰ ਮੁੜ ਹਾਸਲ ਕਰਨ ਦੀ ਕੋਸ਼ਿਸ਼ ਮੰਨੇਗਾ। ਜੇਕਰ ਅਕਾਲੀ ਦਲ ਬਾਕੀ ਪੰਥਕ ਧਿਰਾਂ ਨੂੰ ਆਪਣੇ ਨਾਲ ਜੋੜਨ ਵਿੱਚ ਕਾਮਯਾਬ ਰਿਹਾ, ਤਾਂ ਇਹ ਮਾਨ ਸਰਕਾਰ ਲਈ ਵੱਡੀ ਮੁਸੀਬਤ ਬਣ ਸਕਦਾ ਹੈ। ਪਰ ਜੇਕਰ ਲੋਕਾਂ ਨੇ ਇਸ ਨੂੰ ਸਿਰਫ਼ "ਬਾਦਲ ਪਰਿਵਾਰ ਦੀ ਸਿਆਸਤ" ਵਜੋਂ ਦੇਖਿਆ, ਤਾਂ ਇਸ ਦਾ ਅਸਰ ਸੀਮਤ ਰਹਿ ਜਾਵੇਗਾ।

ਆਪ ਸਮਰਥਕਾਂ ਦਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਇਸ ਵੀਡੀਓ ਨੂੰ ਪੂਰੀ ਤਰ੍ਹਾਂ ਫ਼ਰਜ਼ੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਬਣੀ ਦੱਸ ਰਹੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੋ ਪ੍ਰਮੁੱਖ ਫੋਰੈਂਸਿਕ ਲੈਬਾਰਟਰੀਆਂ ਦੀਆਂ ਰਿਪੋਰਟਾਂ ਏਡੀਜੀਪੀ ਨੂੰ ਸੌਂਪੀਆਂ ਹਨ, ਜਿਨ੍ਹਾਂ ਮੁਤਾਬਕ ਵੀਡੀਓ ਵਾਲਾ ਵਿਅਕਤੀ ਭਗਵੰਤ ਮਾਨ ਨਹੀਂ ਬਲਕਿ ਕੋਈ ਅਦਾਕਾਰ ਹੈ। ਜੇਕਰ ਪੁਲਿਸ ਜਾਂ ਸਾਈਬਰ ਸੈੱਲ ਦੀ ਜਾਂਚ ਵਿੱਚ ਇਹ ਵੀਡੀਓ ਅਧਿਕਾਰਤ ਤੌਰ 'ਤੇ ਫ਼ਰਜ਼ੀ ਸਾਬਤ ਹੋ ਜਾਂਦੀ ਹੈ, ਤਾਂ ਅਕਾਲੀ ਦਲ ਦਾ ਮੋਰਚਾ ਬੇਅਸਰ ਹੋ ਜਾਵੇਗਾ।

ਪੰਜਾਬ ਦਾ ਚੋਣ ਬਿਰਤਾਂਤ ਕੀ ਹੋਵੇਗਾ?- ਇਸ ਵਿਵਾਦ ਨੇ ਪੰਜਾਬ ਦੇ ਚੋਣ ਬਿਰਤਾਂਤ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ: ਹੁਣ ਤੱਕ 'ਆਪ' ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕ ਅਤੇ ਰੁਜ਼ਗਾਰ ਵਰਗੇ ਵਿਕਾਸ ਦੇ ਮੁੱਦਿਆਂ 'ਤੇ ਚੋਣ ਲੜਨ ਦੀ ਤਿਆਰੀ ਵਿੱਚ ਸੀ। ਪਰ ਹੁਣ ਚੋਣ ਬਿਰਤਾਂਤ 'ਧਾਰਮਿਕ ਪਛਾਣ, ਬੇਅਦਬੀ ਦੇ ਮੁੱਦੇ ਅਤੇ ਪੰਥਕ ਪ੍ਰਭੂਸੱਤਾ' ਦੁਆਲੇ ਕੇਂਦਰਿਤ ਹੋ ਜਾਵੇਗਾ।

ਸਰਕਾਰ ਦਾ ਬਚਾਅ: 'ਆਪ' ਹੁਣ ਰੱਖਿਆਤਮਕ ਰੁਖ਼ ਅਪਣਾਏਗੀ। ਪਾਰਟੀ ਇਹ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕਰੇਗੀ ਕਿ ਵਿਰੋਧੀ ਧਿਰਾਂ ਆਪਣੀ ਸਿਆਸੀ ਹੋਂਦ ਬਚਾਉਣ ਲਈ ਧਾਰਮਿਕ ਸੰਸਥਾਵਾਂ ਦੀ ਦੁਰਵਰਤੋਂ ਕਰ ਰਹੀਆਂ ਹਨ ਅਤੇ ਸਰਕਾਰ ਨੇ ਸਭ ਤੋਂ ਸਖ਼ਤ ਬੇਅਦਬੀ ਵਿਰੋਧੀ ਕਾਨੂੰਨ (ਸਤਿਕਾਰ ਐਕਟ 2026) ਪਾਸ ਕੀਤਾ ਹੈ।

ਸ਼ਰੋਮਣੀ ਅਕਾਲੀ ਦਲ (ਬਾਦਲ): ਇਸ ਪੂਰੇ ਘਟਨਾਕ੍ਰਮ ਦਾ ਸਭ ਤੋਂ ਸਿੱਧਾ ਫਾਇਦਾ ਅਕਾਲੀ ਦਲ ਨੂੰ ਮਿਲ ਸਕਦਾ ਹੈ। ਪਿਛਲੀਆਂ ਚੋਣਾਂ ਵਿੱਚ ਹਾਸ਼ੀਏ 'ਤੇ ਗਿਆ ਅਕਾਲੀ ਦਲ ਹੁਣ ਪੰਥਕ ਵੋਟਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਪੂਰੀ ਵਾਹ ਲਾਏਗਾ।

ਕਾਂਗਰਸ (ਜਿਵੇਂ ਕਿ ਰਾਜਾ ਵੜਿੰਗ ਨੇ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ) ਇਸ ਵਿਵਾਦ ਰਾਹੀਂ 'ਆਪ' ਦੀ ਨੈਤਿਕ ਕਮਜ਼ੋਰੀ ਦਾ ਫਾਇਦਾ ਉਠਾ ਕੇ ਸ਼ਹਿਰੀ ਅਤੇ ਪੇਂਡੂ ਦੋਵਾਂ ਵੋਟਰਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨਾ ਚਾਹੇਗੀ। ਦੂਜੇ ਪਾਸੇ, ਭਾਜਪਾ ਰਾਸ਼ਟਰਵਾਦ ਅਤੇ ਕਾਨੂੰਨ-ਵਿਵਸਥਾ ਦੇ ਮੁੱਦੇ 'ਤੇ 'ਆਪ' ਨੂੰ ਘੇਰੇਗੀ। ਜੇਕਰ 'ਆਪ' ਆਪਣੇ ਗੈਰ-ਸਿੱਖ ਅਤੇ ਵਿਕਾਸ-ਪਸੰਦ ਵੋਟਰਾਂ ਨੂੰ ਇਹ ਸਮਝਾਉਣ ਵਿੱਚ ਕਾਮਯਾਬ ਰਹੀ ਕਿ ਇਹ ਸਭ ਇੱਕ ਸਿਆਸੀ ਸਾਜ਼ਿਸ਼ ਹੈ, ਤਾਂ ਉਹ ਆਪਣੇ ਵੋਟ ਬੈਂਕ ਨੂੰ ਬਚਾ ਸਕਦੀ ਹੈ, ਪਰ ਫਿਲਹਾਲ ਪਾਰਟੀ ਨੁਕਸਾਨ ਦੇ ਦੌਰ ਵਿੱਚੋਂ ਲੰਘ ਰਹੀ ਹੈ।

ਸਿੱਟਾ-ਪੰਜਾਬ ਦੀ ਰਾਜਨੀਤੀ ਇੱਕ ਬਹੁਤ ਹੀ ਸੰਵੇਦਨਸ਼ੀਲ ਮੋੜ 'ਤੇ ਖੜ੍ਹੀ ਹੈ। ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਅਤੇ ਬਾਦਲ ਦਾ ਆਉਣ ਵਾਲਾ 'ਧਰਮ ਯੁੱਧ ਮੋਰਚਾ' ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਸਭ ਤੋਂ ਵੱਡੀ ਪ੍ਰੀਖਿਆ ਹੋਵੇਗੀ। ਆਉਣ ਵਾਲੇ ਮਹੀਨੇ ਇਹ ਤੈਅ ਕਰਨਗੇ ਕਿ ਪੰਜਾਬ ਦਾ ਵੋਟਰ ਵਿਕਾਸ ਅਤੇ ਲੋਕ-ਭਲਾਈ ਯੋਜਨਾਵਾਂ ਨੂੰ ਪਹਿਲ ਦਿੰਦਾ ਹੈ ਜਾਂ ਪੰਥਕ ਭਾਵਨਾਵਾਂ ਚੋਣ ਨਤੀਜਿਆਂ ਦਾ ਰੁਖ਼ ਬਦਲਦੀਆਂ ਹਨ।

ਗੁਰਪ੍ਰੀਤ ਸਿੰਘ ਵਿੱਕੀ
ਪਿੰਡ ਤੇ ਡਾਕ: ਬਡਾਲੀ ਆਲਾ ਸਿੰਘ
ਜ਼ਿਲਾ ਫਤਹਿਗੜ੍ਹ ਸਾਹਿਬ
ਮੋਬਾਈਲ 8284888700





# ਮੁਆਫੀਨਾਮਾ

ਉਹ ਟਾਇਮ ਵੀ ਵੇਖਿਆ ਘਰੇ ਗਰੀਬੀ ਹੁੰਦੀ ਸੀ, ਕਦੇ ਨਹੀਂ ਸੋਚਿਆ ਸੀ ਕਿ ਕਦੇ ਸਾਡੇ ਘਰੇ ਉਹ ਵੀ ਚੀਜ਼ਾਂ ਆਉਣਗੀਆਂ ਜਿਹਨਾਂ ਦੇ ਇਹ ਅੱਖਾਂ ਅੱਜ ਸੁਪਨੇ ਵੇਖ ਰਹੀਆਂ ਹਨ। ਬੜਾ ਔਖਾ ਟਾਇਮ ਸੀ ਉਹ....ਉਦੋਂ ਘੁੰਮ ਕੇ ਹਵਾ ਦੇਣ ਵਾਲਾ ਟੇਬਲ ਫੈਨ ਪੱਖਾ ਹੁੰਦਾ ਸੀ। ਗਰਮੀ ਦਾ ਮੌਸਮ ਆਉਣਾ ਬਾਹਰ ਵਿਹੜੇ ਵਿੱਚ ਲੱਗੇ ਦਰੱਖਤ ਥੱਲੇ ਮੰਜੇ ਡਾਹ ਕੇ ਸਾਰੇ ਟੱਬਰ ਨੇ ਪੈ ਜਾਣਾ। ਜਦੋਂ ਟੇਬਲ ਫੈਨ ਦੀ ਹਵਾ ਘੁੰਮ ਕੇ ਮੰਜੇ ਵੱਲ ਆਉਣੀ ਨਜ਼ਾਰਾ ਆ ਜਾਣਾ। ਫਿਰ ਦਾਤੀ ਫਰਾ ਹੜੰਬਾ ਪੱਖਾ ਆ ਗਿਆ, ਸਾਰੇ ਜਣੇ ਲਾਇਨ ਚੋ ਮੰਜੇ ਚਿਣ ਕੇ ਪੈਣ ਲੱਗ ਪਏ ।ਜਿਸਦਾ ਮੰਜਾ ਪੱਖੇ ਦੀ ਅੱਗੇ ਡਹਿ ਜਾਣਾ ਉਹਨੇ ਆਪਣੇ ਆਪ ਨੂੰ ਅੰਬਾਨੀ ਅੰਡਾਨੀ ਤੋਂ ਘੱਟ ਨਾ ਸਮਝਣਾ। ਜੇ ਕਦੇ ਲਾਇਟ ਚਲੀ ਜਾਣੀ ਗੁੱਸੇ ਵਿੱਚ ਬਿਜਲੀ ਬੋਰਡ ਨੂੰ ਬੁਰਾ ਭਲਾ ਕਹਿਣ ਲੱਗ ਜਾਣਾ, ਮਾਂ ਨੇ ਸਾਰੀ ਰਾਤ ਪੱਖੀ ਝੱਲੀ ਜਾਣੀ। ਹੋਲੀ ਹੋਲੀ ਘਰੇ ਇੰਨਵਰਟਰ ਗਏ ਲਗਾ ਲਿਆ, ਹੁਣ ਬਿਜਲੀ ਦੇ ਕੱਟ ਦਾ ਵੀ ਪਤਾ ਨਹੀਂ ਲੱਗਦਾ ਸੀ। ਫਿਰ ਪਰਮਾਤਮਾ ਦੀ ਕਿਰਪਾ ਨਾਲ ਘਰੇ ਪਹਿਲਾਂ ਕੂਲਰ ਆਇਆ ਤੇ ਹੁਣ ਏ.ਸੀ ਵੀ ਲੱਗ ਗਿਆ ਹੈ।

ਕਦੇ ਸਾਇਕਲ ਨਹੀਂ ਹੁੰਦਾ ਸੀ, ਟਾਇਮ ਦੇ ਬੀਤਣ ਨਾਲ ਹੋਲੀ ਹੋਲੀ ਸਕੂਟਰ, ਫਿਰ ਮੋਟਰਸਾਈਕਲ ਅਤੇ ਅੱਜ ਗੱਡੀ ਵਾਲੇ ਵੀ ਹੋ ਗਏ ਹਾਂ। ਤਕਰੀਬਨ ਜ਼ਿੰਦਗੀ ਦੀ ਹਰ ਸੁੱਖ ਸਹੂਲਤ ਅੱਜ ਕੋਲ ਹੈ। ਫਿਰ ਵੀ ਦਿਲ ਨੂੰ ਅਜੇ ਤੱਕ ਸਕੂਨ ਨਹੀਂ ਮਿਲਿਆ ਹੈ। ਅੱਜ ਵੀ ਬਹੁਤ ਸੁਪਨਿਆਂ ਪਿੱਛੇ ਭੱਜਣਾ ਪੈ ਰਿਹਾ ਹੈ। ਉਮਰ ਦੇ ਨਾਲ ਨਾਲ ਇਹ ਸੁੱਖ ਸਹੂਲਤਾਂ ਦੀ ਪਿਆਸ ਵਧਦੀ ਜਾ ਰਹੀ ਹੈ। ਪਤਾ ਨਹੀਂ ਕਿਉਂ ਇੱਕ ਮਸ਼ੀਨ ਜਿਹੀ ਬਣਕੇ ਪੈਸੇ ਪਿੱਛੇ ਭੱਜਦੇ ਪਏ ਹਾਂ। ਜਦੋਂ ਕਿਸੇ ਮਰ ਗਏ ਇਨਸਾਨ ਦੇ ਜਨਾਜ਼ੇ ਨਾਲ ਜਾਈਦਾ ਹੈ ਤਾਂ ਮਨ ਚੋਂ ਅਜੀਬ ਜਿਹੇ ਖਿਆਲ ਆਉਂਦੇ ਨੇ ਕਿ ਇੱਕ ਦਿਨ ਇਹੋ ਜਿਹੀ ਭੀੜ ਸਾਡੇ ਮਗਰ ਵੀ ਹੋਵੇਗੀ.... ਫਿਰ ਅਧੂਰੇ ਪਏ ਕੰਮ ਚੇਤੇ ਆ ਜਾਂਦੇ ਹਨ....ਫਿਰ ਉਹਨਾਂ ਕੰਮਾਂ ਪਿੱਛੇ ਭੱਜਦਿਆਂ ਮੌਤ ਨੂੰ ਭੁੱਲ ਜਾਈਦਾ ਹੈ।

ਕੰਮ ਦੇ ਬੋਝ ਨੇ ਆਪਣੇ ਬਾਰੇ ਸੋਚਣ ਦਾ ਮੌਕਾ ਜਿਹਾ ਨਹੀਂ ਦਿੱਤਾ ਹੈ ਕਿ ਮੈਂ ਕੌਣ ਹਾਂ.... ਮੈਨੂੰ ਇਸ ਦੁਨੀਆਂ ਵਿੱਚ ਕਿਸਨੇ ਤੇ ਕਿਉਂ ਭੇਜਿਆ ਹੈ...? ਜੇ ਮਰਨਾ ਹੀ ਹੈ ਤਾਂ ਇਹ ਜਨਮ ਕਿਉਂ ਹੋਇਆ ਹੈ....? ਅਜਿਹੇ ਬਹੁਤ ਸਵਾਲ ਹਨ ਜਿਹਨਾਂ ਦੇ ਜੁਆਬ ਨਹੀਂ ਮਿਲ ਰਹੇ ਹਨ। ਜਦੋਂ ਸੁਪਨਾ ਆਉਂਦਾ ਹੈ ਤਾਂ ਉਸ ਵਿੱਚ ਉਸ ਵਕਤ ਜੋ ਵੀ ਦਿਖਾਈ ਦਿੰਦਾ ਹੈ ਉਹ ਸੱਚ ਹੀ ਲੱਗਦਾ ਹੈ, ਪਰ ਜਦੋਂ ਅੱਖ ਖੁੱਲਦੀ ਹੈ ਤਾਂ ਪਤਾ ਲੱਗਦਾ ਹੈ ਕਿ ਉਹ ਸਭ ਅਸਲੀ ਨਹੀਂ ਸੀ। ਇਸੇ ਤਰ੍ਹਾਂ ਲੱਗਦਾ ਇਹ ਜ਼ਿੰਦਗੀ ਵੀ ਇੱਕ ਸੁਪਨਾ ਹੀ ਏ.... ਜੋ ਅੱਜ ਸੱਚ ਜਿਹਾ ਲੱਗ ਰਿਹਾ ਹੈ ਕੱਲ ਨੂੰ ਇਹ ਸਭ ਕੁਝ ਸੁਪਨਾ ਬਣ ਕੇ ਰਹਿ ਜਾਣਾ ਹੈ।

ਅੱਜ ਮੈਨੂੰ ਆਪਣੇ ਜੋ ਵੀ ਦੁੱਖ ਵੱਡੇ ਲੱਗਦੇ ਹਨ, ਇਹਨਾਂ ਦੁੱਖਾਂ ਦਾ ਅੰਤ ਮੇਰੀ ਮੌਤ ਤੱਕ ਕਦੇ ਨਹੀਂ ਹੋਵੇਗਾ, ਜ਼ਿੰਦਗੀ ਦੇ ਹਰ ਮੋੜ ਤੇ ਕੋਈ ਨਾ ਕੋਈ ਤਕਲੀਫ ਮੇਰੀ ਉਡੀਕ ਕਰਦੀ ਹੋਈ ਮੈਨੂੰ ਉਡੀਕਦੀ ਹੋਈ ਮਿਲ ਜਾਵੇਗੀ। ਮੈਂ ਭੁੱਲ ਗਿਆ ਸੀ ਮੈ ਉਸ ਕੌਮ ਵਿੱਚੋਂ ਹਾਂ, ਜੋ ਜੰਗਲਾਂ ਚੋ ਰਹਿ ਕੇ ਅਤੇ ਛੋਲਿਆਂ ਦੀ ਮੁੱਠੀ ਖਾ ਵੀ ਖੁਸ਼ ਰਹਿੰਦੀ ਸੀ, ਉਸ ਕੌਮ ਚੋ ਹਾਂ ਜਿਸ ਵਿੱਚ ਵੱਡੇ ਤੋਂ ਵੱਡੇ ਦੁੱਖ ਨੂੰ ਵੀ "ਤੇਰਾ ਭਾਣਾ ਮੀਠਾ ਲਾਗੇ" ਕਹਿ ਕੇ ਮੰਨਿਆ ਜਾਂਦਾ ਹੈ।

ਇੰਨਾ ਕੁਝ ਕੋਲ ਹੋਣ ਦੇ ਬਾਵਜੂਦ ਵੀ ਰੱਬਾ ਕਦੇ ਵੀ ਢੰਗ ਨਾਲ ਉਸ ਰੱਬ ਦਾ ਸ਼ੁਕਰਾਨਾ ਨਹੀਂ ਕੀਤਾ ਹੈ। ਜਿਵੇਂ ਜਿਵੇਂ ਮੈਂ ਪੈਸੇ ਤੇ ਸੋਹਰਤ ਦਾ ਗੁਲਾਮ ਹੁੰਦਾ ਗਿਆ ਹਾਂ, ਰੱਬ ਕੋਲੋਂ ਦੂਰ ਹੀ ਹੁੰਦਾ ਗਿਆ ਹਾਂ।

ਮੈਂ ਹੁਣ ਦਰੱਖਤਾਂ ਹੇਠਾਂ ਨਹੀਂ ਬੈਠਦਾ ਹਾਂ, ਹੁਣ ਕਦੇ ਰਾਤ ਨੂੰ ਤਾਰਿਆਂ ਨਾਲ ਗੱਲਾਂ ਨਹੀਂ ਹੁੰਦੀਆਂ ਹਨ। ਹੁਣ ਮੋਬਾਈਲ ਤੇ ਟਾਇਮ ਪਾਸ ਕਰਨ ਲਈ ਗਾਣੇ ਤਾਂ ਵਾਧੂ ਸੁਣ ਸਕਦਾ ਹਾਂ ਪਰ ਹੁਣ ਮੇਰੀ ਰੂਹ ਨੂੰ ਸਕੂਨ ਦੇਣ ਵਾਲੀਆਂ ਕਹਾਣੀਆ ਸੁਣਾਉਣ ਵਾਲੀ ਮੇਰੀ ਦਾਦੀ ਕੋਲ ਨਹੀਂ ਹੈ। ਸਮੇਂ ਦਾ ਵਹਿਣ ਬਹੁਤ ਕੀਮਤੀ ਚੀਜ਼ਾਂ ਆਪਣੇ ਨਾਲ ਵਹਾ ਕੇ ਲੈ ਗਿਆ ਹੈ। ਮੈਂ ਹਮੇਸ਼ਾ ਖਵਾਇਸ਼ਾਂ ਪਿੱਛੇ ਭੱਜਦਾ ਰਿਹਾ ਹਾਂ। ਪਤਾ ਨਹੀਂ ਕਿੰਨੇ ਹੀ ਲੋਕਾਂ ਦਾ ਦਿਲ ਮੇਰੇ ਕੋਲੋਂ ਦੁਖਾ ਹੋਇਆ ਹੈ। ਕਿੰਨੇ ਹੀ ਲੋਕ ਮੇਰੇ ਲਈ ਅੰਤਾਂ ਦੀ ਨਫ਼ਰਤ ਆਪਣੇ ਦਿਲ ਵਿੱਚ ਲੈ ਕੇ ਬੈਠੇ ਹੋਣਗੇ, ਹਾਂ ਕੁਝ ਕੁ ਅਜਿਹੇ ਵੀ ਹਨ ਜਿਹਨਾਂ ਤੇ ਮੇਰੇ ਅਹਿਸਾਨ ਵੀ ਹੋਣਗੇ। ਜ਼ਿੰਦਗੀ ਦੇ ਹੁਣ ਤੱਕ ਦੇ ਸਫ਼ਰ ਤੇ ਇੱਕ ਗਿਲਾ ਵੀ ਹੈ ਕਿ ਮੈਂ ਤੇਰਾ ਸੱਚਾ ਸਿੱਖ ਨਹੀਂ ਬਣ ਸਕਿਆ ਹਾਂ। ਮੇਰੇ ਹੱਥ ਵਿੱਚ ਕੜਾ ਤਾਂ ਹੈ , ਪਰ ਮੈ ਸਿੱਖੀ ਦੇ ਫਲਸਫੇ ਤੋਂ ਕੋਹਾਂ ਦੂਰ ਹਾਂ। ਮੈਂ ਅੱਜ ਬਹੁਤ ਗੁਨਾਹਾਂ ਨਾਲ ਭਰਿਆ ਹਾਂ। ਮੈਂ ਤੇਰਾ ਗੁਨਾਹਗਾਰ ਹਾਂ ਰੱਬਾ। ਹੋ ਸਕੇ ਤਾਂ ਮੈਨੂੰ ਮਾਫ ਕਰ ਦਿਉ ਜੀ।

## ਕਹਾਣੀ

ਸੁਖਵੀਰ ਸਿੰਘ ਸੰਧੂ
ਅਲਕੜਾ (ਪੈਰਿਸ)





# ਸ਼ੱਕ

ਸਰਦ ਰੁੱਤ ਵਿੱਚ ਗੱਡੀ ਰਾਜੀ ਦੀ ਦੇਹ ਨੂੰ ਲੈਕੇ ਸ਼ਮਸ਼ਾਨ ਘਾਟ ਪਹੁੰਚ ਗਈ। ਸੋਗ ਵਿੱਚ ਡੁੱਬੇ ਰਾਜੀ ਦੇ ਮਾਪੇ ਸਰੂਪ ਤੇ ਚਰਨਜੀਤ ਪਹਿਲਾਂ ਤੋਂ ਹੀ ਮੌਜੂਦ ਸਨ। ਲੋਕਾਂ ਦੇ ਦਰਸ਼ਨਾ ਲਈ ਤਬੂਕ ਨੂੰ ਵੇਟਿੰਗ ਹਾਲ ਵਿੱਚ ਰੱਖ ਦਿੱਤਾ ਗਿਆ। ਸਭ ਲੋਕਾਂ ਦੇ ਚਿਹਰਿਆਂ ਉਪਰ ਉਦਾਸੀ ਛਾਈ ਹੋਈ ਸੀ। ਲੋਕੀ ਭਾਵੁੱਕ ਹੋਏ ਖੜ੍ਹੇ ਸਨ। ਗਮਗੀਨ ਬਣੇ ਮਹੌਲ ਵਿੱਚ ਅਰਦਾਸ ਕੀਤੀ ਗਈ। ਕੁਝ ਦੇਰ ਬਾਅਦ ਰਾਜੀ ਦੇ ਸਰੀਰ ਨੂੰ ਅਗਨਭੇਟ ਕਰ ਦਿੱਤਾ ਗਿਆ। ਉਸ ਨੂੰ ਕਿਸੇ ਅਗਿਆਤ ਹਮਲਾਵਰ ਨੇ ਸਕੂਲ ਤੋਂ ਛੁੱਟੀ ਸਮੇਂ ਚਾਕੂ ਨਾਲ ਗਭੀਰ ਰੂਪ ਵਿੱਚ ਫੱਟੜ ਕਰ ਦਿੱਤਾ ਸੀ। ਜਿਸ ਦੀ ਅਗਲੀ ਸਵੇਰ ਆਈ.ਸੀ.ਯੂ.ਵਿੱਚ ਮੌਤ ਹੋ ਗਈ ਸੀ। ਉਹ ਮਾਪਿਆ ਦੀ ਇਕਲੌਤੀ ਧੀ ਸੀ, ਜਿਹੜੀ ਸ਼ਾਦੀ ਤੋਂ ਬਾਰਾਂ ਸਾਲ ਬਾਅਦ ਯੌਰਪ ਵਿੱਚ ਪੈਦਾ ਹੋਈ ਸੀ। ਅਖਾਣ ਹੈ ਕਿ ਦੁਖ ਦਰਦ ਇਨਸਾਨ ਨੂੰ ਜਿਉਣ ਨਹੀ ਦਿੰਦੇ, ਅਤੇ ਅਸੂਲ ਮਰਨ ਵਾਲੇ ਦੇ ਨਾਲ ਜਾਣ ਨਹੀ ਦਿੰਦੇ। ਇਹ ਹਾਲਤ ਸਰੂਪ ਤੇ ਚਰਨਜੀਤ ਦੇ ਵੀ ਬਣੇ ਹੋਏ ਸਨ।

ਪੁਲਿਸ ਨੇ ਕਾਤਲਾਂ ਦੀ ਭਾਲ ਸਰਗਰਮੀ ਨਾਲ ਸ਼ੁਰੂ ਕਰ ਦਿੱਤੀ ਸੀ। ਉਹ ਇੱਕ ਏਸ਼ੀਅਨ ਮੂਲ ਦੇ ਆਦਮੀ ਦੀ ਤਲਾਸ਼ ਵਿੱਚ ਸਨ। ਜਿਸ ਨੂੰ ਛੁੱਟੀ ਵਕਤ ਸਕੂਲ ਅੱਗੇ ਚੱਕਰ ਕੱਟਦੇ ਵੇਖਿਆ ਗਿਆ ਸੀ। ਭਾਵੇਂ ਸਰੂਪ ਦਾ ਕਿਸੇ ਨਾਲ ਵੈਰ ਵਿਰੋਧ ਨਹੀ ਸੀ। ਪਰ ਉਸ ਨੂੰ ਆਪਣੇ ਵਿਰੋਧੀ ਯਾਦ ਆਉਣ ਲੱਗ ਪਏ। ਜਿਹਨਾਂ ਨਾਲ ਉਸ ਦੀ ਕਦੇ ਬਹਿਸ ਹੋਈ ਸੀ। ਉਹਨਾਂ ਵਿੱਚ ਇੱਕ ਬਦਮਾਸ਼ ਠੇਕੇਦਾਰ ਬਿੱਲੂ ਵੀ ਸੀ। ਜਿਸ ਨੇ ਸਰੂਪ ਦੀ ਚਾਰ ਕਿੱਲੇ ਜ਼ਮੀਨ ਉਪਰ ਜ਼ਬਰੀ ਕਬਜ਼ਾ ਕੀਤਾ ਹੋਇਆ ਸੀ। ਉਹ ਨਾ ਤਾਂ ਜ਼ਮੀਨ ਦਾ ਠੇਕਾ ਦਿੰਦਾ ਤੇ ਨਾਂ ਹੀ ਉਹ ਛੱਡਦਾ ਸੀ। ਹਰ ਵਕਤ ਗੁੰਡਿਆ ਦੀ ਟੋਲੀ ਉਸ ਦੇ ਦੁਆਲੇ ਘੁੰਮਦੀ ਰਹਿੰਦੀ। ਇਜ਼ਤਦਾਰ ਲੋਕੀਂ ਗੱਲ ਕਰਨ ਤੋਂ ਵੀ ਝਿਜਕਦੇ ਸਨ। ਸਰਕਾਰੇ ਦਰਬਾਰੇ ਪਹੁੰਚ ਹੋਣ ਕਾਰਨ ਉਸ ਨੇ ਕਈ ਗਰੀਬ ਲੋਕਾਂ ਦੇ ਖੂਨ ਨਾਲ ਹੱਥ ਵੀ ਰੰਗੇ ਹੋਏ ਸਨ। ਜਿਸ ਵਜ੍ਹਾ ਕਾਰਨ ਹਰ ਕੋਈ ਸਰੂਪ ਦੀ ਜ਼ਮੀਨ ਲੈਣ ਤੋਂ ਡਰਦਾ ਸੀ। ਉਸ ਦੇ ਆਪਣੇ ਵੀ ਪਰਾਏ ਹੋਏ ਪਏ ਸਨ। "ਬੰਦਾ ਪਹਿਲੀ ਗਲਤੀ ਨੂੰ ਗਲਤੀ ਮੰਨਦਾ ਹੈ, ਦੂਸਰੀ ਨੂੰ ਅਣਦੇਖੀ ਕਰਦਾ ਅਤੇ ਤੀਸਰੀ ਦਾ ਆਦੀ ਹੋ ਜਾਦਾਂ ਹੈ"। ਬਿੱਲੂ ਵੀ ਇਸ ਦਾ ਆਦੀ ਹੋ ਚੁੱਕਿਆ ਸੀ। ਉਸ ਨੇ ਸਰੂਪ ਨੂੰ ਪ੍ਰਵਾਰ ਸਮੇਤ ਖਤਮ ਕਰਨ ਦੀ ਧਮਕੀ ਵੀ ਦੇ ਰੱਖੀ ਸੀ। ਜਿਵੇਂ ਕਹਿੰਦੇ ਨੇ, ਪ੍ਰਦੇਸ ਗਿਆ ਬੰਦਾ ਜੜ੍ਹਾਂ ਤੋਂ ਉਖੜੇ ਰੁੱਖ ਵਰਗਾ ਹੁੰਦਾ ਕਈ ਵਾਰੀ ਇਨਸਾਨ ਦੀ ਮਜਬੂਰੀ ਵੀ ਉਸ ਦਾ ਵੈਰੀ ਬਣ ਜਾਂਦੀ ਹੈ। ਪੰਜਾਬ ਵਿੱਚ ਲੰਬੇ ਚੌੜੇ ਹਾਈਵੇ ਬਣਨੇ ਸ਼ੁਰੂ ਹੋ ਗਏ ਸਨ। ਕਈ ਕਿਸਾਨਾਂ ਦੀਆ ਜ਼ਮੀਨਾਂ ਇਸ ਦੀ ਮਾਰ ਵਿੱਚ ਆ ਗਈਆਂ। ਜਮੀਨਾਂ ਦੇ ਭਾਅ ਜਿਹੜੇ ਕਈ ਸਾਲਾਂ ਤੋਂ ਹੇਠਲੀ ਪੱਧਰ ਤੱਕ ਡਿੱਗੇ ਹੋਏ ਸੀ। ਹੁਣ ਉਹ ਉਪਰ ਚਲੇ ਗਏ ਸਨ। ਕਈਆਂ ਦੇ ਚਿਹਰਿਆਂ ਉਪਰ ਖੁਸ਼ੀ ਦੀ ਲਹਿਰ ਦੌੜ ਗਈ ਸੀ। ਇੱਹ ਲਾਲਚ ਬਿੱਲੂ ਦੇ ਮਨ ਅੰਦਰ ਵੀ ਘਰ ਕਰ ਚੁੱਕਿਆ ਸੀ। ਥੋੜੇ ਸਮੇ ਬਾਅਦ ਇੱਕ ਮੱਧਮ ਜਿਹੀ ਅਵਾਜ਼ ਸੋਗ ਵਿੱਚ ਡੁੱਬੇ ਸਰੂਪ ਦੇ ਕੰਨੀ ਪਈ। ਉਹ ਸ਼ਮਸ਼ਾਨ ਘਾਟ ਦਾ ਕਰਿੰਦਾ ਸੀ। ਜਿਹੜਾ ਦੋਵੇਂ ਹੱਥਾਂ ਵਿੱਚ ਅਸਥੀਆਂ ਵਾਲਾ ਕਲਸ ਲਈ ਖੜ੍ਹਾ ਸੀ। ਸਰੂਪ ਨੇ ਅੱਖਾਂ ਪੂੰਝਦਿਆਂ ਕਲਸ ਨੂੰ ਫੜ ਕੇ ਸੀਨੇ ਨਾਲ ਲਾ ਲਿਆ। ਉਹ ਦੋਵੇਂ ਨੀਵੀਂ ਪਾਈ ਕਾਰ ਵੱਲ ਚੱਲ ਪਏ।

ਸਰੂਪ ਦੇ ਜੇਬ ਵਿਚਲੇ ਫੋਨ ਦੀ ਘੰਟੀ ਖੜਕਣੀ ਸ਼ੁਰੂ ਹੋ ਗਈ। ਜਿਹੜਾ ਉਸ ਦੇ ਵਕੀਲ ਦਾ ਸੀ, "ਪੁਲਿਸ ਨੇ ਤੁਹਾਡੇ ਨਾਲ ਕੰਮ ਕਰ ਰਹੇ ਕੰਪਨੀ ਵਰਕਰ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਮੁਤਾਬਕ ਉਹ ਤੁਹਾਡੇ ਨਾਲ ਕਿਸੇ ਗੱਲ ਤੋਂ ਨਿਰਾਜ਼ ਸੀ। ਕੰਪਨੀ ਨੇ ਉਸ ਨੂੰ ਪਿਛਲੇ ਹਫਤੇ ਹੀ ਚੋਰੀ ਕਰਨ ਦੇ ਦੋਸ਼ ਤਹਿਤ ਕੰਮ ਤੋਂ ਬਰਖਾਸਤ ਕੀਤਾ ਸੀ। ਜਿਸ ਦੀ ਵਜ੍ਹਾ ਉਹ ਸਰੂਪ ਨੂੰ ਮੰਨਦਾ ਸੀ"। ਸਰੂਪ ਨੇ ਕਈ ਵਾਰ ਉਸ ਨੂੰ ਸਫਾਈ ਦੇਣ ਦੀ ਕੋਸ਼ਿਸ਼ ਕੀਤੀ। ਪਰ ਉਹ ਕੁਝ ਵੀ ਸਮਝਣ, ਸੁਣਨ ਲਈ ਤਿਆਰ ਨਹੀ ਸੀ। "ਜਿਸ ਦਾ ਅੰਤ ਰਾਜੀ ਦੇ ਕਤਲ ਨਾਲ ਹੋਇਆ"। "ਇਸ ਗੱਲ ਦਾ ਖੁਲਾਸਾ ਉਸ ਨੇ ਪੁਲਸ ਕੋਲ ਪੁਛਗਿੱਛ ਦੌਰਾਨ ਵੀ ਕੀਤਾ ਹੈ"। ਇਹ ਕਹਿੰਦੇ ਹੋਏ ਫੋਨ ਕੱਟ ਹੋਗਿਆ। ਉਹਨਾਂ ਕੋਲ ਦੁੱਖ ਸਹਿਣ ਦੀ ਸ਼ਕਤੀ ਮੁੱਕ ਚੁੱਕੀ ਸੀ। ਉਹ ਉਪਰ ਵੱਲ ਵੇਖਦੇ ਚੁੱਪ ਧਾਰੀ ਖੜ੍ਹੇ ਸਨ। ਨੇੜੇ ਖੜ੍ਹੀ ਕਾਰ ਵੀ ਕੋਹਾਂ ਦੂਰ ਜਾਪਣ ਲੱਗ ਪਈ। ਇਸ ਲਈ ਕਹਿੰਦੇ ਹਨ,ਖੁਸ਼ੀ ਥੋੜ੍ਹੇ ਸਮੇ ਲਈ ਤੇ ਗਮ ਡੂਘੇਂ ਤੇ ਜਿਆਦਾ ਦੇਰ ਤੱਕ ਰਹਿੰਦੇ ਹਨ।
(ਸਮਾਪਤ)

# ਚਾਰ ਦਹਾਕੇ ਪੁਰਾਣਾ ਨਕੋਦਰ ਬੇਅਦਬੀ ਕਾਂਡ ਮੁੜ ਭਖ਼ਿਆ

## ✪ ਵਿਧਾਨ ਸਭਾ ਕਮੇਟੀ ਵੱਲੋਂ ਸਾਬਕਾ ਆਈਏਐਸ ਦਰਬਾਰਾ ਸਿੰਘ ਗੁਰੂ ਤੋਂ ਪੁੱਛਗਿੱਛ, ਨਿਆਂ' ਦੀ ਆਸ ਅਜੇ ਵੀ ਅਧੂਰੀ

ਚੰਡੀਗੜ੍ਹ-ਪੰਜਾਬ ਦੀ ਸਿਆਸਤ ਅਤੇ ਧਾਰਮਿਕ ਹਲਕਿਆਂ ਵਿੱਚ ਕਰੀਬ ਚਾਰ ਦਹਾਕੇ ਪਹਿਲਾਂ ਵਾਪਰਿਆ ਦਰਦਨਾਕ 'ਨਕੋਦਰ ਕਾਂਡ' ਇੱਕ ਵਾਰ ਫਿਰ ਪੂਰੀ ਤਰ੍ਹਾਂ ਭਖ਼ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਅਤੇ ਸਖ਼ਤ ਕਾਨੂੰਨ ਬਣਾਉਣ ਦੇ ਮਕਸਦ ਨਾਲ ਪੰਜਾਬ ਵਿਧਾਨ ਸਭਾ ਵੱਲੋਂ ਡਾ. ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ ਹੇਠ ਗਠਿਤ ਕੀਤੀ ਗਈ ਵਿਸ਼ੇਸ਼ ਕਮੇਟੀ ਨੇ ਇਸ ਮਾਮਲੇ ਵਿੱਚ ਸਰਗਰਮੀ ਵਧਾ ਦਿੱਤੀ ਹੈ। ਇਸੇ ਤਹਿਤ ਕਮੇਟੀ ਵੱਲੋਂ ਉਸ ਵੇਲੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਤਲਬ ਕਰਕੇ ਪੁੱਛਗਿੱਛ ਕੀਤੀ ਗਈ ਹੈ, ਜਿਸ ਨਾਲ ਇਨਸਾਫ਼ ਦੀ ਉਡੀਕ ਕਰ ਰਹੇ ਪੀੜਤ ਪਰਿਵਾਰਾਂ ਦੀਆਂ ਉਮੀਦਾਂ ਮੁੜ ਜਾਗ ਪਈਆਂ ਹਨ।

ਨਕੋਦਰ ਕਾਂਡ ਵੇਲੇ ਪ੍ਰਸ਼ਾਸਨਿਕ ਜ਼ਿੰਮੇਵਾਰੀ ਸੰਭਾਲਣ ਵਾਲੇ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਲਈ ਕਮੇਟੀ ਨੇ ਸਾਬਕਾ ਆਈ.ਏ.ਐੱਸ. ਅਧਿਕਾਰੀ ਦਰਬਾਰਾ ਸਿੰਘ ਗੁਰੂ ਨੂੰ ਤਲਬ ਕੀਤਾ ਸੀ। ਦਰਬਾਰਾ ਸਿੰਘ ਗੁਰੂ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਿੰਸੀਪਲ ਸਕੱਤਰ ਵੀ ਰਹਿ ਚੁੱਕੇ ਹਨ।

4 ਫਰਵਰੀ 1986 ਨੂੰ ਜਦੋਂ ਇਹ ਕਾਂਡ ਵਾਪਰਿਆ, ਉਸ ਵੇਲੇ ਦਰਬਾਰਾ ਸਿੰਘ ਗੁਰੂ ਜਲੰਧਰ ਦੇ ਵਧੀਕ ਡਿਪਟੀ ਕਮਿਸ਼ਨਰ ਸਨ ਅਤੇ ਉਨ੍ਹਾਂ ਕੋਲ ਡਿਪਟੀ ਕਮਿਸ਼ਨਰ ਦਾ ਵਾਧੂ ਚਾਰਜ ਵੀ ਸੀ।

ਕਮੇਟੀ ਦੀ ਕਾਰਵਾਈ: ਡਾ. ਨਿੱਜਰ ਦੀ ਅਗਵਾਈ ਵਾਲੀ ਕਮੇਟੀ ਸਾਹਮਣੇ ਦਰਬਾਰਾ ਸਿੰਘ ਗੁਰੂ ਪੇਸ਼ ਹੋਏ। ਕਮੇਟੀ ਮੁਖੀ ਅਨੁਸਾਰ ਸਾਬਕਾ ਬਿਊਰੋਕਰੇਟ ਨਾਲ ਸਵਾਲ-ਜਵਾਬ ਹੋਏ ਹਨ ਅਤੇ ਉਨ੍ਹਾਂ ਨੇ ਜਾਂਚ ਵਿੱਚ ਪੂਰਾ ਸਹਿਯੋਗ ਦਿੱਤਾ ਹੈ।

ਹਾਲਾਂਕਿ, ਉਨ੍ਹਾਂ ਦੇ ਬਿਆਨ ਕਲਮਬੰਦ ਕੀਤੇ ਗਏ ਹਨ ਜਾਂ ਨਹੀਂ, ਇਸ ਬਾਰੇ ਅਜੇ ਅਧਿਕਾਰਤ ਪੁਸ਼ਟੀ ਨਹੀਂ ਹੋਈ। ਇਸ ਤੋਂ ਇਲਾਵਾ ਕਮੇਟੀ ਨੇ ਉਸ ਵੇਲੇ ਦੇ ਸਾਬਕਾ ਮੁੱਖ ਸਕੱਤਰ ਰਮੇਸ਼ ਇੰਦਰ ਸਿੰਘ ਨੂੰ ਵੀ ਬੁਲਾਇਆ ਸੀ।

ਕੀ ਹੈ ਨਕੋਦਰ ਕਾਂਡ ਦਾ ਪੂਰਾ ਮਾਮਲਾ?-ਇਹ ਘਟਨਾ 4 ਫਰਵਰੀ 1986 ਦੀ ਹੈ, ਜਦੋਂ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ ਭੇਟ ਹੋਣ (ਬੇਅਦਬੀ) ਦੀ ਘਟਨਾ ਦੇ ਰੋਸ ਵਜੋਂ ਸਿੱਖ ਸੰਗਤਾਂ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਾਂਤਮਈ ਰੋਸ ਮਾਰਚ ਕੱਢਿਆ ਜਾ ਰਿਹਾ ਸੀ। ਇਸ ਰੋਸ ਪ੍ਰਦਰਸ਼ਨ ਦੌਰਾਨ ਹੋਈ ਗੋਲੀਬਾਰੀ ਵਿੱਚ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਤ ਚਾਰ ਬੇਗੁਨਾਹ ਨੌਜਵਾਨ ਸ਼ਹੀਦ ਹੋ ਗਏ ਸਨ:

ਭਾਈ ਰਵਿੰਦਰ ਸਿੰਘ ਲਿੱਤਰਾ
ਭਾਈ ਬਲਧੀਰ ਸਿੰਘ
ਭਾਈ ਝਿਲਮਣ ਸਿੰਘ
ਭਾਈ ਹਰਮਿੰਦਰ ਸਿੰਘ

ਇਸ ਕਾਂਡ ਦੀ ਜਾਂਚ ਲਈ ਉਸ ਵੇਲੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਇੱਕ ਜਾਂਚ ਕਮਿਸ਼ਨ ਵੀ ਬਣਾਇਆ ਗਿਆ ਸੀ, ਪਰ ਉਸਦੀ ਰਿਪੋਰਟ 'ਤੇ ਕਦੇ ਠੋਸ ਕਾਰਵਾਈ ਨਹੀਂ ਹੋ ਸਕੀ।

ਚਾਰ ਦਹਾਕੇ ਬੀਤਣ 'ਤੇ ਵੀ ਕਿਉਂ ਨਹੀਂ ਮਿਲ ਰਿਹਾ ਇਨਸਾਫ਼?-ਨਕੋਦਰ ਕਾਂਡ ਨੂੰ ਵਾਪਰਿਆਂ ਕਰੀਬ 40 ਸਾਲ (ਚਾਰ ਦਹਾਕੇ) ਹੋਣ ਵਾਲੇ ਹਨ, ਪਰ ਪੀੜਤ ਪਰਿਵਾਰ ਅਜੇ ਵੀ ਅਦਾਲਤਾਂ ਅਤੇ ਸਰਕਾਰਾਂ ਦੇ ਬੂਹੇ ਖੜਕਾ ਰਹੇ ਹਨ। ਇਨਸਾਫ਼ ਨਾ ਮਿਲਣ ਦੇ ਮੁੱਖ ਕਾਰਨ ਹੇਠ ਲਿਖੇ ਹਨ:

ਕਮੇਟੀ ਦੇ ਚੇਅਰਮੈਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਖ਼ੁਦ ਮੰਨਿਆ ਹੈ ਕਿ ਇਹ ਮਾਮਲਾ ਬਹੁਤ ਪੁਰਾਣਾ ਹੋਣ ਕਰਕੇ ਇਸ ਨਾਲ ਸਬੰਧਤ ਅਹਿਮ ਸਰਕਾਰੀ ਰਿਕਾਰਡ ਨਹੀਂ ਮਿਲ ਰਿਹਾ। ਰਿਕਾਰਡ ਦੀ ਅਣਹੋਂਦ ਕਾਰਨ ਤੱਥਾਂ 'ਤੇ ਅਧਾਰਿਤ ਰਿਪੋਰਟ ਤਿਆਰ ਕਰਨ ਵਿੱਚ ਵੱਡੀ ਰੁਕਾਵਟ ਆ ਰਹੀ ਹੈ।

ਸੂਤਰਾਂ ਮੁਤਾਬਕ ਇਸ ਮਾਮਲੇ 'ਤੇ ਸਿਆਸਤ ਪੂਰੀ ਤਰ੍ਹਾਂ ਗਰਮ ਹੈ। ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਇੱਕ ਵਿਧਾਇਕ ਵੱਲੋਂ ਲਗਾਤਾਰ ਮੌਜੂਦਾ 'ਆਮ ਆਦਮੀ ਪਾਰਟੀ' ਦੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾ ਰਿਹਾ ਹੈ। ਇੱਥੋਂ ਤੱਕ ਕਿ ਉਸ ਵਿਧਾਇਕ ਦੇ ਪਿਤਾ (ਜੋ ਸੂਬਾ ਸਰਕਾਰ ਵਿੱਚ ਮੰਤਰੀ ਰਹੇ ਸਨ) ਦਾ ਨਾਮ ਵੀ ਇਸ ਕਾਂਡ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਜੋੜਿਆ ਜਾਂਦਾ ਰਿਹਾ ਹੈ।

ਵੱਖ-ਵੱਖ ਸਰਕਾਰਾਂ ਆਈਆਂ ਅਤੇ ਗਈਆਂ, ਪਰ ਵੋਟ ਬੈਂਕ ਅਤੇ ਸਿਆਸੀ ਹਿੱਤਾਂ ਕਾਰਨ ਕਿਸੇ ਵੀ ਸਰਕਾਰ ਨੇ ਦੋਸ਼ੀ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਦ੍ਰਿੜ੍ਹਤਾ ਨਹੀਂ ਦਿਖਾਈ।

ਕਾਨੂੰਨੀ ਤੌਰ 'ਤੇ ਇਸ ਮਾਮਲੇ ਵਿੱਚ ਚਾਰ ਦਹਾਕਿਆਂ ਬਾਅਦ ਕੌਣ ਘੇਰੇਗਾ ਅਤੇ ਕਿਸ ਨੂੰ ਸਜ਼ਾ ਮਿਲੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਪਰ ਇੱਕ ਗੱਲ ਸਾਫ਼ ਹੈ ਕਿ ਪੰਜਾਬ ਵਿੱਚ ਧਾਰਮਿਕ ਸੰਵੇਦਨਸ਼ੀਲ ਮੁੱਦਿਆਂ 'ਤੇ ਸਿਆਸਤ ਅੱਜ ਵੀ ਉੱਨੇ ਹੀ ਸਿਖਰਾਂ 'ਤੇ ਹੈ, ਜਦਕਿ ਇਨਸਾਫ਼ ਦੀ ਫਾਈਲ ਅਜੇ ਵੀ ਸਰਕਾਰੀ ਦਫ਼ਤਰਾਂ ਦੇ ਗੇੜਿਆਂ ਵਿੱਚ ਗੁੰਮ ਹੈ।

---

### ਸੀ ਐਮ ਮਾਨ ਦੀ ਵੀਡੀਓ
### 3 ਸਫ਼ੇ ਦੀ ਬਾਕੀ

ਇਸ ਤੋਂ ਬਾਅਦ ਭਗਵੰਤ ਮਾਨ ਕੋਲ ਮੁੱਖ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਬਚਿਆ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਇਸੇ ਸਾਲ (ਮਈ 2026 ਵਿੱਚ) ਆਪ ਪਾਰਟੀ ਦੀ ਸਰਕਾਰ ਵੱਲੋਂ ਹੀ ਲਿਆਂਦੇ ਗਏ ਸਖ਼ਤ 'ਬੇਅਦਬੀ ਵਿਰੋਧੀ ਨਵੇਂ ਕਾਨੂੰਨ' ਤਹਿਤ ਮੁਕੱਦਮਾ ਦਰਜ ਕੀਤਾ ਜਾਵੇ।

ਅਧਿਕਾਰੀਆਂ ਨੂੰ ਬਰਖ਼ਾਸਤ ਕਰਨ ਦੀ ਮੰਗ: ਬਾਦਲ ਨੇ ਇਸ ਸਾਜ਼ਿਸ਼ ਵਿੱਚ ਸ਼ਾਮਲ ਪੰਜਾਬ ਸਰਕਾਰ ਦੇ ਸਬੰਧਤ ਉੱਚ ਅਧਿਕਾਰੀਆਂ ਨੂੰ ਤੁਰੰਤ ਨੌਕਰੀ ਤੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਥਿਤ ਵੀਡੀਓ ਤੋਂ ਇਲਾਵਾ, ਮੁੱਖ ਮੰਤਰੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਤੇ ਸਰਵਉੱਚਤਾ ਨੂੰ ਚੁਣੌਤੀ ਦੇ ਕੇ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਹਰਿਆਣਾ ਪੁਲਿਸ ਵੱਲੋਂ ਦਰਜ ਕੀਤੀ ਗਈ ਐਫ. ਆਈ. ਆਰ. ਨੇ ਪ੍ਰਸ਼ਾਸਨਿਕ ਨੈਤਿਕਤਾ 'ਤੇ ਸਵਾਲ ਖੜ੍ਹੇ ਕੀਤੇ ਹਨ। ਦਰਅਸਲ, ਇਹ ਮਾਮਲਾ ਉਦੋਂ ਬੇਹੱਦ ਗੰਭੀਰ ਰੂਪ ਅਖਤਿਆਰ ਕਰ ਗਿਆ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੁਤੰਤਰ ਲੈਬਾਂ ਦੀ ਜਾਂਚ ਦੇ ਆਧਾਰ 'ਤੇ ਵੀਡੀਓ ਨੂੰ ਅਸਲੀ ਮੰਨਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਗੁਰੂ ਦੋਖੀ' ਅਤੇ 'ਪੰਥ ਵਿਰੋਧੀ' ਕਰਾਰ ਦੇ ਦਿੱਤਾ।ਪੰਥਕ ਹਲਕਿਆਂ ਅਨੁਸਾਰ ਸਿੱਖ ਇਤਿਹਾਸ ਅਤੇ ਮਰਯਾਦਾ ਵਿੱਚ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਸਰਵਉੱਚ ਹੈ, ਜਿਸ ਅੱਗੇ ਵੱਡੇ ਤੋਂ ਵੱਡੇ ਸਿਆਸਤਦਾਨ ਵੀ ਸਿਰ ਝੁਕਾਉਂਦੇ ਆਏ ਹਨ। ਪਰ ਇਸ ਦੇ ਉਲਟ, ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਸਰਕਾਰੀ ਤੰਤਰ ਵੱਲੋਂ ਆਪਣੇ ਮੁੱਖ ਮੰਤਰੀ ਨੂੰ ਬਚਾਉਣ ਲਈ ਕਥਿਤ ਤੌਰ 'ਤੇ ਗੈਰ-ਕਾਨੂੰਨੀ ਅਤੇ ਫਰਜ਼ੀ ਤਰੀਕਿਆਂ ਦਾ ਸਹਾਰਾ ਲੈਣਾ ਬੇਹੱਦ ਚਿੰਤਾਜਨਕ ਹੈ। ਸ਼ਿਕਾਇਤਕਰਤਾ ਜਸਪ੍ਰੀਤ ਦੇ ਇਲਜ਼ਾਮ ਕਿ ਪੰਜਾਬ ਦੇ ਉੱਚ ਅਧਿਕਾਰੀਆਂ ਨੇ ਸਰਕਾਰੀ ਗੱਡੀ ਵਿੱਚੋਂ 10 ਲੱਖ ਰੁਪਏ ਦੇ ਕੇ ਮਨਮਰਜ਼ੀ ਦੀ ਕਲੀਨ ਚਿੱਟ ਵਾਲੀ ਰਿਪੋਰਟ ਤਿਆਰ ਕਰਵਾਈ, ਜੇਕਰ ਇਹ ਦੋਸ਼ ਸੱਚ ਸਾਬਤ ਹੁੰਦੇ ਹਨ, ਤਾਂ ਇਹ ਸਿੱਧੇ ਤੌਰ 'ਤੇ ਰਾਜ ਸ਼ਕਤੀ ਦੀ ਘੋਰ ਦੁਰਵਰਤੋਂ ਅਤੇ ਅਕਾਲ ਤਖ਼ਤ ਨਾਲ ਧੋਖਾਧੜੀ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਪੂਰੇ ਘਟਨਾਕ੍ਰਮ ਨੇ ਵਿਰੋਧੀ ਧਿਰਾਂ, ਖ਼ਾਸ ਕਰਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਸੱਤਾਧਾਰੀ ਪਾਰਟੀ ਵਿਰੁੱਧ ਇੱਕ ਵੱਡਾ ਹਥਿਆਰ ਦੇ ਦਿੱਤਾ ਹੈ। ਅਕਾਲੀ ਦਲ ਨੇ 19 ਜੁਲਾਈ ਤੋਂ 'ਧਰਮ ਯੁੱਧ ਮੋਰਚਾ' ਸ਼ੁਰੂ ਕਰਨ ਦਾ ਐਲਾਨ ਕਰਕੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਸ ਮੁੱਦੇ ਨੂੰ ਪਿੰਡ ਪੱਧਰ ਤੱਕ ਲੈ ਕੇ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਪ੍ਰਚਾਰਕਾਂ ਅਤੇ ਢਾਡੀਆਂ ਦੀ ਇਕੱਤਰਤਾ ਰਾਹੀਂ ਸੰਗਤ ਨੂੰ ਜਾਗਰੂਕ ਕਰਨ ਦੀ ਮੁਹਿੰਮ ਵਿੱਢ ਦਿੱਤੀ ਗਈ ਹੈ। ਅਕਾਲੀ ਦਲ ਲਈ ਇਹ ਲੜਾਈ ਸਿਰਫ਼ ਭਗਵੰਤ ਮਾਨ ਦੇ ਅਸਤੀਫ਼ੇ ਤੱਕ ਸੀਮਤ ਨਹੀਂ ਹੈ, ਸਗੋਂ ਇਹ ਉਨ੍ਹਾਂ ਦੀ ਆਪਣੀ ਖ਼ਤਮ ਹੋ ਰਹੀ ਪੰਥਕ ਪੈਂਠ ਨੂੰ ਮੁੜ ਸੁਰਜੀਤ ਕਰਨ ਦਾ ਇੱਕ ਸੁਨਹਿਰੀ ਸਿਆਸੀ ਮੌਕਾ ਵੀ ਹੈ।

ਦੂਜੇ ਪਾਸੇ, 'ਆਪ' ਸਰਕਾਰ ਵੱਲੋਂ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਵਿਰੁੱਧ ਪੂਰੇ ਪੰਜਾਬ ਵਿੱਚ ਰੋਸ ਮੁਜ਼ਾਹਰੇ ਕਰਨੇ ਇਹ ਦਰਸਾਉਂਦਾ ਹੈ ਕਿ ਸਰਕਾਰ ਰੱਖਿਆਤਮਕ ਹੋਣ ਦੀ ਬਜਾਏ ਹਮਲਾਵਰ ਰੁਖ਼ ਅਪਣਾ ਰਹੀ ਹੈ। 'ਆਪ' ਦਾ ਦੋਸ਼ ਹੈ ਕਿ ਵਿਰੋਧੀ ਧਿਰਾਂ ਸਿਆਸੀ ਲਾਹਾ ਲੈਣ ਲਈ ਝੂਠਾ ਬਿਰਤਾਂਤ ਘੜ ਰਹੀਆਂ ਹਨ ਅਤੇ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਅਹੁਦੇਦਾਰ ਆਪਣੇ ਸਿਆਸੀ ਆਕਾਵਾਂ (ਬਾਦਲ ਪਰਿਵਾਰ) ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ। ਸਰਕਾਰ ਦੀ ਇਹ ਦਲੀਲ ਕਿ ਵੀਡੀਓ ਵਿੱਚ ਮੁੱਖ ਮੰਤਰੀ ਨਹੀਂ ਬਲਕਿ ਕੋਈ ਹਮਸ਼ਕਲ ਅਭਿਨੈ ਕਰ ਰਿਹਾ ਹੈ, ਹੁਣ ਗੁਰੂਗ੍ਰਾਮ ਪੁਲਿਸ ਦੀ ਕਾਰਵਾਈ ਤੋਂ ਬਾਅਦ ਕਾਨੂੰਨੀ ਅਤੇ ਨੈਤਿਕ ਤੌਰ 'ਤੇ ਕਮਜ਼ੋਰ ਪੈਂਦੀ ਦਿਖਾਈ ਦੇ ਰਹੀ ਹੈ। ਇਸ ਲੜਾਈ ਦਾ ਪੰਜਾਬ ਦੀ ਸਿਆਸਤ 'ਤੇ ਬਹੁਤ ਦੂਰਗਾਮੀ ਅਤੇ ਵਿਨਾਸ਼ਕਾਰੀ ਪ੍ਰਭਾਵ ਪਵੇਗਾ। ਜੇਕਰ ਮੁੱਖ ਮੰਤਰੀ ਆਪਣੀ ਨੈਤਿਕਤਾ ਅਤੇ ਸੱਚਾਈ ਸਾਬਤ ਨਹੀਂ ਕਰ ਪਾਉਂਦੇ, ਤਾਂ ਆਮ ਆਦਮੀ ਪਾਰਟੀ ਦਾ 'ਭ੍ਰਿਸ਼ਟਾਚਾਰ ਮੁਕਤ' ਤੇ 'ਈਮਾਨਦਾਰ' ਅਕਸ ਬੁਰੀ ਤਰ੍ਹਾਂ ਤਾਰ-ਤਾਰ ਹੋ ਜਾਵੇਗਾ।

ਪ੍ਰਸਿਧ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਸਮੇਂ ਦੀ ਮੰਗ ਹੈ ਕਿ ਇਸ ਮਾਮਲੇ ਦੀ ਜਾਂਚ ਕਿਸੇ ਸਿਆਸੀ ਪ੍ਰਭਾਵ ਤੋਂ ਮੁਕਤ ਹੋ ਕੇ, ਕੇਂਦਰੀ ਏਜੰਸੀ ਜਾਂ ਮਾਨਯੋਗ ਅਦਾਲਤ ਦੀ ਨਿਗਰਾਨੀ ਹੇਠ ਨਿਰਪੱਖਤਾ ਨਾਲ ਕੀਤੀ ਜਾਵੇ। ਸੱਤਾ ਆਉਂਦੀ-ਜਾਂਦੀ ਰਹਿੰਦੀ ਹੈ, ਪਰ ਸੰਸਥਾਵਾਂ ਦੀ ਮਰਯਾਦਾ ਅਤੇ ਲੋਕਾਂ ਦਾ ਵਿਸ਼ਵਾਸ ਇੱਕ ਵਾਰ ਟੁੱਟ ਜਾਵੇ ਤਾਂ ਉਸ ਨੂੰ ਮੁੜ ਬਹਾਲ ਕਰਨਾ ਅਸੰਭਵ ਹੁੰਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਸੰਵਿਧਾਨਕ ਅਤੇ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਖ਼ੁਦ ਨੂੰ ਜਾਂਚ ਲਈ ਪੇਸ਼ ਕਰਨਾ ਚਾਹੀਦਾ ਹੈ, ਤਾਂ ਜੋ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਸਕੇ ਅਤੇ ਪੰਜਾਬ ਸਿਆਸੀ ਨਿਘਾਰ ਦੀ ਇਸ ਦਲਦਲ ਵਿੱਚੋਂ ਬਾਹਰ ਨਿਕਲ ਸਕੇ।

ਪੰਥਕ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦਾ ਪੰਜਾਬ ਦੀ ਸਿਆਸਤ ਉਪਰ ਡੂੰਘਾ ਪ੍ਰਭਾਵ ਪਵੇਗਾ। ਪੰਜਾਬ ਵਿੱਚ ਸੱਤਾ (ਆਪ ਸਰਕਾਰ) ਅਤੇ ਸਿੱਖ ਪੰਥਕ ਸੰਸਥਾਵਾਂ (ਅਕਾਲ ਤਖ਼ਤ) ਵਿਚਕਾਰ ਸਿੱਧਾ ਟਕਰਾਅ ਵਧੇਗਾ। ਫਰਜ਼ੀ ਫੋਰੈਂਸਿਕ ਰਿਪੋਰਟ ਅਤੇ ਰਿਸ਼ਵਤਖੋਰੀ ਦੇ ਇਲਜ਼ਾਮਾਂ ਕਾਰਨ 'ਆਪ' ਸਰਕਾਰ ਦਾ ਨੈਤਿਕ ਆਧਾਰ ਕਮਜ਼ੋਰ ਹੋਵੇਗਾ ਅਤੇ ਵਿਰੋਧੀ ਧਿਰਾਂ (ਅਕਾਲੀ ਦਲ, ਕਾਂਗਰਸ, ਬੀਜੇਪੀ) ਇੱਕਜੁੱਟ ਹੋ ਕੇ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਤੇਜ਼ ਕਰਨਗੀਆਂ।

ਅਕਾਲੀ ਦਲ ਇਸ ਮੁੱਦੇ ਰਾਹੀਂ ਆਪਣੀ ਗੁਆਚੀ ਹੋਈ ਪੰਥਕ ਜ਼ਮੀਨ ਨੂੰ ਮੁੜ ਹਾਸਲ ਕਰਨ ਦੀ ਕੋਸ਼ਿਸ਼ ਕਰੇਗਾ।

'ਆਪ' ਸਰਕਾਰ ਦਾ ਮੰਨਣਾ ਹੈ ਕਿ ਇਹ ਵੀਡੀਓ ਫਰਜ਼ੀ ਹੈ ਅਤੇ ਅਕਾਲੀ ਦਲ ਆਪਣੇ ਸਿਆਸੀ ਹਿੱਤਾਂ ਲਈ ਅਤੇ ਆਪਣੀ ਡੁੱਬ ਰਹੀ ਸਿਆਸਤ ਨੂੰ ਬਚਾਉਣ ਲਈ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਅਹੁਦੇਦਾਰਾਂ ਦੀ ਵਰਤੋਂ ਕਰਕੇ ਮੁੱਖ ਮੰਤਰੀ ਦੇ ਅਕਸ ਨੂੰ ਖ਼ਰਾਬ ਕਰਨ ਦਾ ਝੂਠਾ ਬਿਰਤਾਂਤ ਘੜ ਰਿਹਾ ਹੈ। ਇਸੇ ਲਈ 'ਆਪ' ਨੇ ਪੂਰੇ ਪੰਜਾਬ ਵਿੱਚ ਅਕਾਲੀ ਦਲ ਵਿਰੁੱਧ ਰੋਸ ਮੁਜ਼ਾਹਰੇ ਸ਼ੁਰੂ ਕੀਤੇ ਹਨ।

# ਜੂਨ '84 ਦੇ ਘੱਲੂਘਾਰੇ ਦੀ 42ਵੀਂ ਵਰ੍ਹੇਗੰਢਤੇ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸੰਯੁਕਤ ਰਾਸ਼ਟਰ ਜੇਨੇਵਾ ਵਿਖੇ ਲਗਾਈ ਪ੍ਰਦਰਸ਼ਨੀ ਅਤੇ ਮਨੁੱਖੀ ਅਧਿਕਾਰ ਕਮਿਸ਼ਨਰ ਨੂੰ ਸੌਂਪਿਆਂ ਯਾਦ-ਪੱਤਰ










ਜੇਨੇਵਾ: ਜੂਨ 1984 ਦੇ ਖ਼ੂਨੀ ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਮੌਕੇ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਜੇਨੇਵਾ ਵਿਖੇ ਸੰਯੁਕਤ ਰਾਸ਼ਟਰ ਦੇ ਸਾਹਮਣੇ ਇੱਕ ਵਿਸ਼ੇਸ਼ ਯਾਦਗਾਰੀ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨਰ ਨੂੰ ਪਾਰਲੀਮੈਂਟ ਦੇ ਵਫ਼ਦ ਵੱਲੋਂ ਇੱਕ ਯਾਦ-ਪੱਤਰ ਵੀ ਸੌਂਪਿਆ ਗਿਆ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮਕੈਨਿਜ਼ਮਾਂ, ਅੰਤਰਰਾਸ਼ਟਰੀ ਕੂਟਨੀਤਿਕ ਪ੍ਰਤੀਨਿਧੀਆਂ ਅਤੇ ਮੀਡੀਆ ਨਾਲ ਅਹਿਮ ਮੁਲਾਕਾਤਾਂ ਦੌਰਾਨ ਸੰਸਥਾ ਨੇ ਭਾਰਤੀ ਹਕੂਮਤ ਵੱਲੋਂ ਸਿੱਖਾਂ ਅਤੇ ਹੋਰ ਘੱਟ ਗਿਣਤੀ ਕੌਮਾਂ ਉੱਤੇ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ 1984 ਤੋਂ ਬਾਅਦ ਪੰਜਾਬ ਵਿੱਚ ਹੋਈਆਂ ਗੁੰਮਸ਼ੁਦਗੀਆਂ ਤੇ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਦਸਤਾਵੇਜ਼ ਪੇਸ਼ ਕੀਤੇ।

ਸੰਯੁਕਤ ਰਾਸ਼ਟਰ ਦੇ ਪ੍ਰਵਾਸੀਆਂ ਦੇ ਮਨੁੱਖੀ ਅਧਿਕਾਰਾਂ ਬਾਰੇ ਵਿਸ਼ੇਸ਼ ਰੈਪੋਰਟਰ ਸ੍ਰੀ ਗੇਹਾਦ ਮਾਦੀ ਨਾਲ ਮੁਲਾਕਾਤ ਕੀਤੀ ਅਤੇ ਗੱਲਬਾਤ ਕਰਦਿਆਂ ਵਰਲਡ ਸਿੱਖ ਪਾਰਲੀਮੈਂਟ ਦੇ ਪ੍ਰਤੀਨਿਧੀਆਂ ਨੇ 1984 ਦੀ ਸਿੱਖ ਨਸਲਕੁਸ਼ੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਦੇਣ ਦੀ ਜ਼ੋਰਦਾਰ ਮੰਗ ਕੀਤੀ। ਵਫ਼ਦ ਨੇ ਸਪੱਸ਼ਟ ਕੀਤਾ ਕਿ ਚਾਰ ਦਹਾਕਿਆਂ ਬਾਅਦ ਵੀ ਪੀੜਤ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਇਸਦੇ ਨਾਲ ਹੀ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਚਾਰਟਰ ਦੇ ਅਧੀਨ ਸਿੱਖ ਕੌਮ ਦੇ ਸਵੈ-ਨਿਰਣੇ ਅਤੇ ਖਾਲਿਸਤਾਨ ਦੀ ਅਜ਼ਾਦੀ ਲਈ ਚੱਲ ਰਹੇ ਸ਼ਾਂਤੀਪੂਰਨ ਸੰਘਰਸ਼ ਦੀ ਵਕਾਲਤ ਵੀ ਕੀਤੀ ਗਈ, ਜਿਸਨੂੰ ਗਲਤ ਬਿਆਨਬਾਜ਼ੀ ਰਾਹੀਂ ਅਤਿਵਾਦ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਦੀ ਸਖ਼ਤ ਨਿਖੇਧੀ ਕੀਤੀ ਗਈ।

ਦੁਨੀਆ ਭਰ ਵਿੱਚ ਸਿੱਖਾਂ ਵਿਰੁੱਧ ਵੱਧ ਰਹੇ ਸਰਹੱਦੋਂ ਪਾਰ ਦਮਨ ਦਾ ਮੁੱਦਾ ਵੀ ਬੜੀ ਗੰਭੀਰਤਾ ਨਾਲ ਚੁੱਕਿਆ ਗਿਆ। ਸੰਸਥਾ ਨੇ ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਅਤੇ ਯੂ ਕੇ ਵਿੱਚ ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਦੱਸਿਆ ਕਿ ਵਿਦੇਸ਼ਾਂ ਵਿੱਚ ਸ਼ਾਂਤੀਪੂਰਨ ਤਰੀਕੇ ਨਾਲ ਖਾਲਿਸਤਾਨ ਦੀ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਆਗੂਆਂ, ਕਾਰਕੁਨਾਂ, ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰ ਰੱਖਿਅਕਾਂ ਨੂੰ ਲਗਾਤਾਰ ਧਮਕੀਆਂ, ਨਿਗਰਾਨੀ ਅਤੇ ਦਬਾਅ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ।

ਇਸ ਸਮੁੱਚੇ ਦੌਰੇ ਦੌਰਾਨ ਵਿਚਾਰ-ਵਟਾਂਦਰੇ ਦਾ ਇੱਕ ਸਭ ਤੋਂ ਅਹਿਮ ਅਤੇ ਕੇਂਦਰੀ ਬਿੰਦੂ ਸਿੱਖ ਕਾਰਕੁਨ ਗੁਰਪ੍ਰੀਤ ਸਿੰਘ ਰੀਹਲ ਦਾ ਮਾਮਲਾ ਰਿਹਾ, ਜਿਸਨੂੰ ਸੰਸਥਾ ਨੇ ਕੌਮਾਂਤਰੀ ਪੱਧਰ 'ਤੇ ਉਚੇਚੇ ਤੌਰ 'ਤੇ ਉਜਾਗਰ ਕੀਤਾ। ਵਰਲਡ ਸਿੱਖ ਪਾਰਲੀਮੈਂਟ ਨੇ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਕਿ ਭਾਈ ਗੁਰਪ੍ਰੀਤ ਸਿੰਘ ਦਾ ਕੇਸ ਯੂਰਪੀ ਮਨੁੱਖੀ ਅਧਿਕਾਰ ਕਨਵੈਨਸ਼ਨ ਦੇ ਕਈ ਮੂਲ ਅਧਿਕਾਰਾਂ ਨਾਲ ਸਿੱਧਾ ਜੁੜਿਆ ਹੋਇਆ ਇੱਕ ਬਹੁਤ ਹੀ ਗੰਭੀਰ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ।

ਵਫ਼ਦ ਨੇ ਸਾਫ਼ ਤੌਰ 'ਤੇ ਕਿਹਾ ਕਿ ਇਸ ਮਾਮਲੇ ਨੇ ਕਾਨੂੰਨੀ ਪ੍ਰਕਿਰਿਆ, ਇਨਸਾਫ਼ ਮਿਲਣ ਦੇ ਤਰੀਕਿਆਂ, ਆਪਣੀ ਗੱਲ ਕਹਿਣ ਦੀ ਆਜ਼ਾਦੀ, ਜਥੇਬੰਦੀ ਬਣਾਉਣ ਦੇ ਹੱਕ ਅਤੇ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਲੋਕਾਂ ਦੀ ਸੁਰੱਖਿਆ 'ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ, ਇਸ ਲਈ ਪੂਰੀ ਦੁਨੀਆ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਸ ਪਾਸੇ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

ਇਸਤੋਂ ਇਲਾਵਾ ਸੰਯੁਕਤ ਰਾਸ਼ਟਰ ਅੱਗੇ ਉਨ੍ਹਾਂ ਰਾਜਸੀ ਸਿੱਖ ਕੈਦੀਆਂ (ਬੰਦੀ ਸਿੰਘਾਂ) ਦੀ ਰਿਹਾਈ ਦਾ ਮੁੱਦਾ ਵੀ ਜ਼ੋਰਦਾਰ ਢੰਗ ਨਾਲ ਚੁੱਕਿਆ ਗਿਆ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਅਜੇ ਵੀ ਗੈਰ-ਕਾਨੂੰਨੀ ਢੰਗ ਨਾਲ ਜੇਲ੍ਹਾਂ ਵਿੱਚ ਬੰਦ ਹਨ।

ਜੇਨੇਵਾ ਪ੍ਰੈਸ ਕਲੱਬ ਵਿਖੇ ਅੰਤਰਰਾਸ਼ਟਰੀ ਮੀਡੀਆ ਨਾਲ ਰੂ-ਬ-ਰੂ ਹੁੰਦਿਆਂ ਵਫ਼ਦ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਤਫ਼ਸੀਲੀ ਜਵਾਬ ਦਿੱਤੇ। ਸੰਸਥਾ ਨੇ ਅੰਤ ਵਿੱਚ ਸਪੱਸ਼ਟ ਕੀਤਾ ਕਿ ਸਿੱਖ ਕੌਮ ਕੋਈ ਵਿਸ਼ੇਸ਼ ਸਲੂਕ ਨਹੀਂ ਮੰਗ ਰਹੀ, ਸਗੋਂ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਮੂਲ ਸਿਧਾਂਤਾਂ ਤਹਿਤ ਇਨਸਾਫ਼, ਆਜ਼ਾਦੀ ਅਤੇ ਸਨਮਾਨ ਦੀ ਹੀ ਮੰਗ ਕਰ ਰਹੀ ਹੈ।

ਸੰਯੁਕਤ ਰਾਸ਼ਟਰ ਜੇਨੇਵਾ ਵਿਖੇ ਹੋਈ ਇਸ ਇਤਿਹਾਸਕ ਸ਼ਮੂਲੀਅਤ ਵਿੱਚ ਵਰਲਡ ਸਿੱਖ ਪਾਰਲੀਮੈਂਟ ਅਤੇ ਹੋਰ ਹਮਖਿਆਲੀ ਜਥੇਬੰਦੀਆਂ ਦੇ ਆਗੂਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਹਾਜ਼ਰ ਹੋਣ ਵਾਲੇ ਆਗੂਆਂ ਵਿੱਚ ਭਾਈ ਹਿੰਮਤ ਸਿੰਘ ਅਮਰੀਕਾ, ਭਾਈ ਪ੍ਰਭ ਸਿੰਘ ਕਨੇਡਾ, ਭਾਈ ਜੋਗਾ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਅਮਰੀਕ ਸਿੰਘ ਸਹੋਤਾ ਇੰਗਲੈਂਡ, ਭਾਈ ਪਿਰਤਪਾਲ ਸਿੰਘ ਸਵਿਟਜ਼ਰਲੈਂਡ, ਭਾਈ ਸ਼ਿੰਗਾਰਾ ਸਿੰਘ, ਭਾਈ ਸਤਨਾਮ ਸਿੰਘ ਫਰਾਂਸ, ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਗੁਰ-ਪਾਲ ਸਿੰਘ, ਦਲ ਖਾਲਸਾ ਦੇ ਪ੍ਰਧਾਨ ਭਾਈ ਹਰਮੀਤ ਸਿੰਘ, ਭਾਈ ਜਤਿੰਦਰ ਸਿੰਘ ਅਤੇ ਭਾਈ ਬਹਾਦਰ ਸਿੰਘ ਜਰਮਨੀ ਸ਼ਾਮਲ ਸਨ।

# ਦੱਖਣੀ ਇੰਗਲੈਂਡ ਵਿੱਚ ਭਿਆਨਕ ਗਰਮੀ ਕਾਰਨ 1,000 ਤੋਂ ਵੱਧ ਸਕੂਲ ਬੰਦ ਜਾਂ ਸਮੇਂ ਤੋਂ ਪਹਿਲਾਂ ਛੁੱਟੀ

ਦੱਖਣੀ ਇੰਗਲੈਂਡ ਵਿੱਚ ਪੈ ਰਹੀ ਤਿੱਖੀ ਗਰਮੀ ਦੇ ਮੱਦੇਨਜ਼ਰ 1,000 ਤੋਂ ਵੱਧ ਸਕੂਲਾਂ ਨੂੰ ਜਾਂ ਤਾਂ ਬੰਦ ਕਰ ਦਿੱਤਾ ਗਿਆ ਹੈ ਜਾਂ ਫਿਰ ਆਮ ਸਮੇਂ ਤੋਂ ਪਹਿਲਾਂ ਛੁੱਟੀ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਮੌਸਮ ਵਿਭਾਗ ਵੱਲੋਂ ਜਾਰੀ ਕੀਤੀ ਗਈ ਅਤਿਅਧਿਕ ਗਰਮੀ (Extreme Heat) ਚੇਤਾਵਨੀ ਨੂੰ ਹੋਰ ਵਧਾ ਦਿੱਤਾ ਗਿਆ ਹੈ, ਕਿਉਂਕਿ ਕਈ ਇਲਾਕਿਆਂ ਵਿੱਚ ਤਾਪਮਾਨ 30 ਡਿਗਰੀ ਸੈਲਸੀਅਸ ਤੋਂ ਉੱਪਰ ਪਹੁੰਚਣ ਦੀ ਸੰਭਾਵਨਾ ਹੈ। ਸਕੂਲ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਵਿਦਿਆਰਥੀਆਂ ਅਤੇ ਸਟਾਫ਼ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਹ ਕਦਮ ਚੁੱਕੇ ਗਏ ਹਨ। ਕਈ ਸਕੂਲਾਂ ਵਿੱਚ ਕਲਾਸਾਂ ਨੂੰ ਛੋਟਾ ਕੀਤਾ ਗਿਆ ਹੈ, ਜਦਕਿ ਕੁਝ ਨੇ ਆਨਲਾਈਨ ਪੜ੍ਹਾਈ ਦਾ ਪ੍ਰਬੰਧ ਵੀ ਕੀਤਾ ਹੈ। ਸਿਹਤ ਅਧਿਕਾਰੀਆਂ ਨੇ ਲੋਕਾਂ ਨੂੰ ਵੱਧ ਤੋਂ ਵੱਧ ਪਾਣੀ ਪੀਣ, ਸਿੱਧੀ ਧੁੱਪ ਤੋਂ ਬਚਣ ਅਤੇ ਬਜ਼ੁਰਗਾਂ, ਬੱਚਿਆਂ ਅਤੇ ਬਿਮਾਰ ਵਿਅਕਤੀਆਂ ਦਾ ਖ਼ਾਸ ਧਿਆਨ ਰੱਖਣ ਦੀ ਸਲਾਹ ਦਿੱਤੀ ਹੈ। ਮਾਹਿਰਾਂ ਅਨੁਸਾਰ, ਮੌਸਮੀ ਤਬਦੀਲੀ ਕਾਰਨ ਯੂਰਪ ਵਿੱਚ ਅਜਿਹੀਆਂ ਗਰਮੀ ਦੀਆਂ ਲਹਿਰਾਂ ਪਹਿਲਾਂ ਨਾਲੋਂ ਵੱਧ ਆਮ ਅਤੇ ਜ਼ਿਆਦਾ ਤੀਬਰ ਹੋ ਰਹੀਆਂ ਹਨ।


## CHANGE OF NAME

Please one tick box
☐ £30 Print in UK only
☐ £60 Print UK & India
☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, MR KASHMIR S/O MR SURTI LAL WHOSE PERMANENT ADDRESS IN INDIA IS VILLAGE DABURJI, PO LAKHAN KALAN, DISTT KAPURTHALA, PUNJAB 144802 AND NOW LIVING AT 56 GRASMERE ROAD, BIRMINGHAM, B21 0UR, UK HEREBY GIVE NOTICE OF MY INTENTION TO CHANGE MY NAME TO KASHMIR (GIVEN NAME) SINGH (SURNAME). (U/I)

I, MR DEEPAK KUMAR S/O MR SAGRIB KUMAR WHOSE PERMANENT ADDRESS IN INDIA IS H. NO. 1098 EAST SIDE, MOH. RAMDASS PURA BOOTAN MANDI, JALANDHAR, PIN: 144001, PUNJAB AND NOW LIVING AT 87 DORRINGTON ROAD, BIRMINGHAM, B42 1QR, UK HEREBY GIVE NOTICE OF MY INTENTION TO CHANGE MY NAME TO DEEPAK (GIVEN NAME) MALL (SURNAME). (U/I/E)

# MANAK SOLICITORS

## Kent-based law firm has launched a new family mediation service

### "We are working to resolve family conflicts through dialogue and mutual understanding" Surinder Singh Manak LLB (Hons.)

Kent-based law firm Manak Solicitors has launched a new family mediation service to help separating couples resolve conflicts. The service is led by Resolution-trained mediator Elizabeth Gibson and is available both online via Zoom and in person.


Elizabeth Gibson

Mediation sessions are voluntary and confidential, providing a safe and impartial space for both participants to work through their issues together. Upon reaching a successful outcome, the mediator will produce a financial statement and memorandum of understanding for financial matters, as well as a parenting plan for child-related issues.

Elizabeth Gibson said: "Separation is rarely straightforward. "Mediation gives people the space to have honest, constructive conversations together about what matters most, whether that's their home, their finances, or their children's futures. "My role is to help both participants feel heard and empowered to reach decisions that work for them, without the added cost and stress of court. "I'm delighted to be bringing this service to Manak Solicitors."

Aneeta Kaur Kang, family law director at Manak Solicitors, added: "We've always believed in finding the right solution for each client.

"As a member of Resolution, (https://resolution.org.uk) I've long championed mediation and other non-court routes, and I'm thrilled that we can now offer this directly as part of our family law service.

"For many of our clients, mediation will be the most effective and least damaging way to move forward, and having it available in-house means they have seamless access to both legal advice and mediation support under one roof."

The new mediation service sits alongside Manak Solicitors' established family law offering, which includes advice on divorce, financial settlements, and children's arrangements.

*Please contact on numbers given below*


Rajbir Singh Manak
M.A. (Hons.), B.Sc. (Hons.)

reviewsolicitors Excellent ★★★★★

Lexcel

MANAK SOLICITORS

20 Over 20 Years of Excellence

Instant Instruct

manaksolicitors.co.uk

With Best Compliments From:

Manak Brothers


Surinder Singh Manak
LLB (Hons.)

265 High Street, Orpington BR6 0NW Tel: 01689 870 769

42 Windmill Street, Gravesend, DA12 1BA Tel: 01474 324 529

46 London Road, Sevenoaks, TN13 1AS Tel: 01732 207 207

190 Main Road, Biggin Hill, TN16 3BB Tel: 01959 577 000

Lifetime Lawyers · resolution · Solicitors Regulation Authority

# ਕੈਂਟ ਦੀ ਲਾਅ ਫਰਮ ਮਾਣਕ ਸੋਲਿਸਟਰਜ਼ ਵੱਲੋਂ ਪਰਿਵਾਰਾਂ ਵਿੱਚ ਮੀਡੀਏਸ਼ਨ ਸੇਵਾਵਾਂ ਦੀ ਸ਼ੁਰੂਆਤ

## ਪ੍ਰੀਵਾਰਿਕ ਝਗੜਿਆਂ ਨੂੰ ਮਿਲ ਬੈਠ ਕੇ ਹੱਲ ਕਰਨ ਲਈ ਯਤਨ ਕਰ ਰਹੇ ਹਾਂ – ਸੁਰਿੰਦਰ ਸਿੰਘ ਮਾਣਕ ਐਲ.ਐਲ.ਬੀ. (ਆਨਰਜ਼)

ਕੈਂਟ ਦੀ ਕਾਨੂੰਨੀ ਫਰਮ ਮਾਣਕ ਸੋਲੀਸਿਟਰਜ਼ **(Manak Solicitors)** ਨੇ ਵੱਖ ਹੋ ਰਹੇ ਜੋੜਿਆਂ ਦੇ ਝਗੜਿਆਂ ਨੂੰ ਸੁਲਝਾਉਣ ਵਿੱਚ ਮਦਦ ਕਰਨ ਲਈ **mediation** (ਮੀਡੀਏਸ਼ਨ) ਪਰਿਵਾਰਾਂ ਵਿੱਚ ਰਾਜ਼ੀਨਾਮਾ ਕਰਵਾਉਣ ਲਈ ਸੇਵਾਵਾਂ ਦੀ ਸ਼ੁਰੂਆਤ ਕੀਤੀ ਹੈ। ਇਸ ਸੇਵਾ ਦੀ ਅਗਵਾਈ ਪਰਿਵਾਰਕ ਮਾਮਲਿਆਂ ਦੀ ਵਿਸ਼ੇਸ਼ ਸਿਖਲਾਈ ਪ੍ਰਾਪਤ ਮਾਹਿਰ ਐਲਿਜ਼ਾਬੈਥ ਗਿਬਸਨ ਕਰ ਰਹੇ ਹਨ ਅਤੇ ਇਹ ਸੇਵਾ ਜ਼ੂਮ ਰਾਹੀਂ ਆਨਲਾਈਨ ਅਤੇ ਖੁਦ ਮਿਲ ਕੇ ਦੋਵਾਂ ਤਰੀਕਿਆਂ ਨਾਲ ਉਪਲੱਬਧ ਹੈ।



Elizabeth Gibson

ਪਰਿਵਾਰਾਂ ਦੀ ਸੁਲਾਹ-ਸਫਾਈ ਕਰਵਾਉਣ ਦੇ ਇਹ ਸੈਸ਼ਨ ਪੂਰੀ ਤਰ੍ਹਾਂ ਸਵੈ-ਇੱਛਤ ਅਤੇ ਗੁਪਤ ਹੁੰਦੇ ਹਨ, ਜੋ ਦੋਵਾਂ ਧਿਰਾਂ ਨੂੰ ਮਿਲ ਕੇ ਆਪਣੇ ਮਸਲਿਆਂ 'ਤੇ ਕੰਮ ਕਰਨ ਲਈ ਇੱਕ ਸੁਰੱਖਿਅਤ ਅਤੇ ਨਿਰਪੱਖ ਮਾਹੌਲ ਪ੍ਰਦਾਨ ਕਰਦੇ ਹਨ। ਸਫਲ ਨਤੀਜੇ 'ਤੇ ਪਹੁੰਚਣ ਤੋਂ ਬਾਅਦ, ਸਾਡੇ ਮਾਹਿਰ ਵਿੱਤੀ ਮਾਮਲਿਆਂ ਲਈ ਇੱਕ ਵਿੱਤੀ ਬਿਆਨ ਅਤੇ ਸਹਿਮਤੀ ਪੱਤਰ ਤਿਆਰ ਕਰਨਗੇ ਅਤੇ ਨਾਲ ਹੀ ਬੱਚਿਆਂ ਨਾਲ ਸਬੰਧਤ ਮਾਮਲਿਆਂ ਲਈ ਇੱਕ ਪਾਲਣ-ਪੋਸ਼ਣ ਦੀ ਯੋਜਨਾ ਵੀ ਤਿਆਰ ਕਰੇਗਾ।

ਐਲਿਜ਼ਾਬੈਥ ਨੇ ਦੱਸਿਆ ਕਿ ਪਰਿਵਾਰ ਜਾਂ ਆਪਣੇ ਜੀਵਨ ਸਾਥੀ ਨਾਲੋਂ ਵੱਖ ਹੋਣਾ ਕਦੇ ਸੌਖਾ ਨਹੀਂ ਹੁੰਦਾ। ਮਾਣਕ ਸੋਲਿਸਟਰਜ਼ ਦੇ ਮਾਹਿਰ ਵੱਲੋਂ ਲੋਕਾਂ ਨੂੰ ਇੱਕ ਅਜਿਹਾ ਮਾਹੌਲ ਦਿੱਤਾ ਜਾਂਦਾ ਹੈ ਜਿੱਥੇ ਉਹ ਮਿਲ ਕੇ ਉਹਨਾਂ ਗੱਲਾਂ ਬਾਰੇ ਇਮਾਨਦਾਰੀ ਅਤੇ ਸਾਰਥਕ ਗੱਲਬਾਤ ਕਰ ਸਕਦੇ ਹਨ ਜੋ ਉਹਨਾਂ ਲਈ ਸਭ ਤੋਂ ਵੱਧ ਮਾਇਨੇ ਰੱਖਦੀਆਂ ਹਨ, ਚਾਹੇ ਉਹ ਉਹਨਾਂ ਦਾ ਘਰ ਹੋਵੇ, ਉਹਨਾਂ ਦਾ ਪੈਸਾ-ਧੇਲਾ ਹੋਵੇ, ਜਾਂ ਉਹਨਾਂ ਦੇ ਬੱਚਿਆਂ ਦਾ ਭਵਿੱਖ ਹੋਵੇ। ਐਲਿਜ਼ਾਬੈਥ ਗਿਬਸਨ ਦੀ ਭੂਮਿਕਾ ਦੋਵਾਂ ਧਿਰਾਂ ਦੀ ਗੱਲ ਸੁਣਨ ਅਤੇ ਉਹਨਾਂ ਨੂੰ ਅਜਿਹੇ ਫੈਸਲੇ ਲੈਣ ਲਈ ਸਮਰੱਥ ਬਣਾਉਣ ਵਿੱਚ ਮਦਦ ਕਰਨਾ ਹੈ ਜੋ ਉਹਨਾਂ ਦੇ ਹੱਕ ਵਿੱਚ ਹੋਣ ਅਤੇ ਉਹ ਵੀ ਅਦਾਲਤ ਦੇ ਵਾਧੂ ਖਰਚੇ ਦੇ ਬਗੈਰ ਅਤੇ ਬਿਨਾਂ ਮਾਨਸਿਕ ਪਰੇਸ਼ਾਨੀ ਤੋਂ ਹੋ ਸਕਣ।

ਐਲਿਜ਼ਾਬੈਥ ਨੇ ਕਿਹਾ ਕਿ ਉਹ ਮਾਣਕ ਸੋਲੀਸਿਟਰਜ਼ ਵਿੱਚ ਇਹ ਸੇਵਾ ਸ਼ੁਰੂ ਕਰਕੇ ਬਹੁਤ ਖੁਸ਼ ਹੈ।

ਮਾਣਕ ਸੋਲੀਸਿਟਰਜ਼ ਦੀ ਫੈਮਿਲੀ ਲਾਅ ਡਾਇਰੈਕਟਰ, ਅਨੀਤਾ ਕੌਰ ਕੰਗ ਨੇ ਕਿਹਾ ਕਿ "ਅਸੀਂ ਹਮੇਸ਼ਾਂ ਹਰ ਗਾਹਕ ਲਈ ਸਹੀ ਹੱਲ ਲੱਭਣ ਵਿੱਚ ਵਿਸ਼ਵਾਸ ਰੱਖਿਆ ਹੈ। ਮੈਂ ਰੈਜ਼ੋਲਿਊਸ਼ਨ (https://resolution.org.uk) ਦੀ ਮੈਂਬਰ ਹੋਣ ਦੇ ਨਾਤੇ ਲੰਮੇ ਸਮੇਂ ਤੋਂ ਪਰਿਵਾਰਕ ਮਾਮਲਿਆਂ ਸਬੰਧੀ ਅਦਾਲਤ ਤੋਂ ਬਾਹਰ ਹੀ ਹੋਰ ਤਰੀਕਿਆਂ ਰਾਹੀਂ ਮਾਮਲੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਅਤੇ ਮੈਨੂੰ ਬਹੁਤ ਖੁਸ਼ੀ ਹੈ ਕਿ ਹੁਣ ਅਸੀਂ ਇਸਨੂੰ ਸਿੱਧੇ ਤੌਰ 'ਤੇ ਆਪਣੀ ਪਰਿਵਾਰਕ ਕਾਨੂੰਨੀ ਸੇਵਾ ਦੇ ਹਿੱਸੇ ਵਜੋਂ ਪੇਸ਼ ਕਰ ਸਕਦੇ ਹਾਂ। ਸਾਡੇ ਬਹੁਤ ਸਾਰੇ ਗਾਹਕਾਂ ਲਈ, ਪਰਿਵਾਰਕ ਰਾਜ਼ੀਨਾਮੇ ਸਬੰਧੀ ਇਹ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੋਵੇਗਾ ਅਤੇ ਇਸਦਾ ਸਾਡੀ ਆਪਣੀ ਫਰਮ ਦੇ ਅੰਦਰ ਉਪਲੱਬਧ ਹੋਣ ਦਾ ਮਤਲਬ ਹੈ ਕਿ ਉਹਨਾਂ ਨੂੰ ਇੱਕੋ ਛੱਤ ਹੇਠ ਕਾਨੂੰਨੀ ਸਲਾਹ ਅਤੇ ਪਰਿਵਾਰਕ ਸਮਝੌਤੇ ਪ੍ਰਤੀ ਸਹਾਇਤਾ ਆਸਾਨੀ ਨਾਲ ਮਿਲੇਗੀ।"

ਮਾਣਕ ਸੋਲੀਸਿਟਰਜ਼ ਫਰਮ ਦੇ ਮੈਨੇਜਿੰਗ ਡਾਇਰੈਕਟਰ ਸ: ਸੁਰਿੰਦਰ ਸਿੰਘ ਮਾਣਕ ਐਲ. ਐਲ. ਬੀ. (ਆਨਰਜ਼) ਨੇ ਕਿਹਾ ਕਿ ਮਾਣਕ ਸੋਲੀਸਿਟਰਜ਼ ਫਰਮ ਵੱਲੋਂ ਲੰਮੇਂ ਸਮੇਂ ਤੋਂ ਪ੍ਰੀਵਾਰਿਕ ਮਾਮਲਿਆਂ ਬਾਰੇ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਪਰ ਮੀਡੀਏਸ਼ਨ ਬਾਰੇ ਕਈ ਵਾਰ ਸਾਡੇ ਲੋਕਾਂ ਨੂੰ ਬਾਹਰ ਜਾਣਾ ਪੈਂਦਾ ਸੀ ਜਾਂ ਉਹਨਾਂ ਲਈ ਸਮੇਂ-ਸਮੇਂ ਖਾਸ ਪ੍ਰਬੰਧ ਕਰਨੇ ਪੈਂਦੇ ਸਨ। ਪ੍ਰੰਤੂ ਹੁਣ ਸਾਰੀਆਂ ਸੇਵਾਵਾਂ ਇੱਕੋ ਥਾਂ ਤੇ ਉਪਲੱਬਧ ਹੋਣਗੀਆਂ, ਤਾਂ ਕਿ ਪਰਿਵਾਰਕ ਮਸਲਿਆਂ ਦਾ ਹੱਲ ਜਲਦੀ, ਸਹੀ ਤਰੀਕੇ ਨਾਲ ਇੱਕੋ ਥਾਂ 'ਤੇ ਹੋ ਸਕੇ। ਜਿਸ ਲਈ ਸਾਡੇ ਕੋਲ ਪਰਿਵਾਰਕ ਮਾਮਲਿਆਂ ਦੀ ਮਾਹਰ ਟੀਮ ਹੈ, ਜਿਸ ਦੀ ਅਗਵਾਈ ਐਲਿਜ਼ਾਬੈਥ ਗਿਬਸਨ ਕਰ ਰਹੇ ਹਨ। ਮਾਣਕ ਸੋਲੀਸਿਟਰਜ਼ ਵੱਲੋਂ ਇਹ ਨਵੀਂ ਸੇਵਾ ਪਹਿਲਾਂ ਤੋਂ ਚੱਲ ਰਹੀਆਂ ਪਰਿਵਾਰਕ ਕਾਨੂੰਨੀ ਸੇਵਾਵਾਂ ਦੇ ਨਾਲ ਮਿਲ ਕੇ ਕੰਮ ਕਰੇਗੀ, ਜਿਸ ਵਿੱਚ ਤਲਾਕ, ਵਿੱਤੀ ਸਮਝੌਤੇ ਅਤੇ ਬੱਚਿਆਂ ਦੇ ਪ੍ਰਬੰਧਾਂ ਬਾਰੇ ਸਲਾਹ ਮਸ਼ਵਰਾ ਵੀ ਸ਼ਾਮਲ ਹੈ।

**ਪਰਿਵਾਰਕ ਮਾਮਲਿਆਂ ਸੰਬੰਧੀ ਸਾਡੀਆਂ ਸੇਵਾਵਾਂ ਲਈ ਆਪਣੇ ਨਜ਼ਦੀਕੀ ਦਫਤਰ ਵਿਖੇ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**




Rajbir Singh Manak
M.A. (Hons.), B.Sc. (Hons.)

MANAK SOLICITORS

manaksolicitors.co.uk

With Best Compliments From:
Manak Brothers



Surinder Singh Manak
LLB (Hons.)

265 High Street, Orpington BR6 0NW Tel: 01689 870 769

42 Windmill Street, Gravesend, DA12 1BA Tel: 01474 324 529

46 London Road, Sevenoaks, TN13 1AS Tel: 01732 207 207

190 Main Road, Biggin Hill, TN16 3BB Tel: 01959 577 000


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# (25 ਜੂਨ ਨੂੰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼)
# ਸਿੱਖ ਇਤਿਹਾਸ ਦਾ ਮਹਾਂ ਨਾਇਕ: ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ

(ਪ੍ਰੋ. ਸਰਚਾਂਦ ਸਿੰਘ ਖਿਆਲਾ , ਬੁਲਾਰਾ ਪੰਜਾਬ ਭਾਜਪਾ। 9781355522)



ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਮ ਸਿੱਖ ਇਤਿਹਾਸ, ਭਾਰਤੀ ਇਤਿਹਾਸ ਅਤੇ ਮਨੁੱਖੀ ਮੁਕਤੀ ਦੇ ਸੰਘਰਸ਼ ਦੇ ਇਤਿਹਾਸ ਵਿੱਚ ਅਦੁੱਤੀ ਸਨਮਾਨ ਨਾਲ ਲਿਆ ਜਾਂਦਾ ਹੈ। ਉਹ ਕੇਵਲ ਇੱਕ ਮਹਾਨ ਯੋਧੇ ਹੀ ਨਹੀਂ ਸਨ, ਸਗੋਂ ਇੱਕ ਅਜਿਹੇ ਇਨਕਲਾਬੀ ਆਗੂ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਂਦਿਆਂ ਜ਼ੁਲਮ, ਜਾਗੀਰਦਾਰੀ ਅਤੇ ਸਮਾਜਿਕ ਅਸਮਾਨਤਾ ਨੂੰ ਸਿੱਧੀ ਚੁਣੌਤੀ ਦਿੱਤੀ। ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਉਨ੍ਹਾਂ ਦੀ ਸਮਾਜਿਕ ਕ੍ਰਾਂਤੀ ਸੀ। ਉਨ੍ਹਾਂ ਨੇ ਜਾਗੀਰਦਾਰੀ ਪ੍ਰਣਾਲੀ ਨੂੰ ਢਾਹ ਕੇ ਜ਼ਮੀਨਾਂ ਦਾ ਮਾਲਕਾਨਾ ਹੱਕ ਉਹਨਾਂ ਕਿਸਾਨਾਂ ਨੂੰ ਦਿੱਤਾ ਜੋ ਪੀੜ੍ਹੀਆਂ ਤੋਂ ਉਨ੍ਹਾਂ 'ਤੇ ਮਿਹਨਤ ਕਰਦੇ ਆ ਰਹੇ ਸਨ। ਇਹ ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਵਿੱਚ ਇੱਕ ਵਿਲੱਖਣ ਅਤੇ ਕ੍ਰਾਂਤੀਕਾਰੀ ਕਦਮ ਸੀ।

ਉਨ੍ਹਾਂ ਨੇ ਜਾਤ-ਪਾਤ ਅਤੇ ਉੱਚ-ਨੀਚ ਦੇ ਭੇਦਭਾਵ ਨੂੰ ਰੱਦ ਕਰਦਿਆਂ ਸਮਾਜ ਦੇ ਸਭ ਤੋਂ ਹੇਠਲੇ ਵਰਗਾਂ ਨੂੰ ਵੀ ਇੱਜ਼ਤ, ਅਧਿਕਾਰ ਅਤੇ ਸੱਤਾ ਵਿੱਚ ਹਿੱਸੇਦਾਰੀ ਵੀ ਦਿਵਾਈ। ਉਹ ਅਜਿਹੇ ਪਹਿਲੇ ਮਹਾਨ ਆਗੂ ਵਜੋਂ ਉੱਭਰੇ ਜਿਨ੍ਹਾਂ ਨੇ ਮੁਗ਼ਲ ਸਾਮਰਾਜ ਵਿਰੁੱਧ ਲੜਾਈ ਵਿੱਚ ਖ਼ਾਲਸਾ ਫ਼ੌਜ ਦੀ ਅਗਵਾਈ ਕਰਦਿਆਂ ਨਾ ਸਿਰਫ਼ ਮੁਗ਼ਲੀਆ ਹਕੂਮਤਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਗੋਂ ਕੁਝ ਸਾਲਾਂ ਵਿਚ ਹੀ ਆਮ ਲੋਕਾਂ ਦਾ ਪਹਿਲਾ ਖ਼ਾਲਸਈ ਰਾਜ ਸਥਾਪਿਤ ਕਰਦਿਆਂ ਪੰਜਾਬ ਦੀ ਧਰਤੀ 'ਤੇ ਸਮਾਜਿਕ ਨਿਆਂ, ਲੋਕ-ਕਲਿਆਣੀ ਅਤੇ ਬਰਾਬਰੀ ਦੇ ਸਿਧਾਂਤਾਂ 'ਤੇ ਆਧਾਰਿਤ ਪਹਿਲੇ ਖ਼ਾਲਸਾ ਰਾਜ ਦੀ ਨੀਂਹ ਰੱਖੀ। ਬੰਦਾ ਸਿੰਘ ਬਹਾਦਰ ਦੀ ਨਿਮਰਤਾ ਅਤੇ ਗੁਰੂ-ਨਿਸ਼ਠਾ ਦਾ ਅਨੋਖਾ ਉਦਾਹਰਨ ਉਨ੍ਹਾਂ ਦੇ ਜਾਰੀ ਕੀਤੇ ਸਿੱਕਿਆਂ ਵਿੱਚ ਵੇਖਣ ਨੂੰ ਮਿਲਦਾ ਹੈ। ਉਨ੍ਹਾਂ ਨੇ ਆਪਣੇ ਨਾਮ ਦਾ ਸਿੱਕਾ ਜਾਰੀ ਕਰਨ ਦੀ ਬਜਾਏ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕੇ ਚਲਾਏ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਰਾਜਵੰਸ਼ ਦਾ ਸੰਸਥਾਪਕ ਨਹੀਂ, ਸਗੋਂ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਸੇਵਕ ਮੰਨਦੇ ਸਨ।

ਸਿੱਖ ਇਤਿਹਾਸ ਵਿਚ ਭਾਵੇਂ ਕੋਈ ਅਜਿਹੀ ਸਮਕਾਲੀ ਰਚਨਾ ਨਹੀਂ ਮਿਲਦੀ ਜਿਸ ਵਿਚ ਬੰਦਾ ਸਿੰਘ ਬਹਾਦਰ ਦੇ ਮੁਢਲੇ ਜੀਵਨ ਬਾਰੇ ਪੂਰੀ ਜਾਣਕਾਰੀ ਮਿਲ ਸਕੇ, ਪਰ ਜ਼ਿਆਦਾਤਰ ਜਾਣਕਾਰੀ ਉਸ ਦੇ ਗੁਰੂ ਗੋਬਿੰਦ ਸਿੰਘ ਜੀ ਨੂੰ ਨਾਂਦੇੜ ਨੇੜੇ ਮਿਲਣ ਅਤੇ ਉਸ ਤੋਂ ਬਾਅਦ ਪੰਜਾਬ ਵਿਚ ਬਿਤਾਏ 7-8 ਸਾਲ ਦੇ ਸਮੇਂ ਬਾਰੇ ਹੈ।

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ 1670 ਨੂੰ ਰਾਜੌਰੀ (ਮੌਜੂਦਾ ਜੰਮੂ-ਕਸ਼ਮੀਰ) ਵਿਖੇ ਇਕ ਰਾਜਪੂਤ ਕਿਸਾਨ ਪਰਿਵਾਰ ਵਿਚ ਨਾਮ ਦੇਵ ਦੇ ਘਰ ਹੋਇਆ। ਨਾਮ ਲਛਮਣ ਦਾਸ ਸੀ। ਪਰ ਸ਼ਿਕਾਰ ਦੌਰਾਨ ਵਾਪਰੀ ਇੱਕ ਘਟਨਾ ਨੇ ਉਨ੍ਹਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਸੰਸਾਰਕ ਜੀਵਨ ਤੋਂ ਵਿਰਕਤ ਹੋ ਗਏ। ਬਾਅਦ ਵਿੱਚ ਉਨ੍ਹਾਂ ਨੇ ਤਿਆਗੀ ਜੀਵਨ ਅਪਣਾਇਆ ਅਤੇ ਮਾਧੋ ਦਾਸ ਵਜੋਂ ਜਾਣੇ ਜਾਣ ਲੱਗੇ। ਫਿਰ ਉਹ ਦੱਖਣ ਵਿਚ ਗੋਦਾਵਰੀ ਨਦੀ ਕੰਢੇ ਨਾਸਿਕ ਵਿਖੇ ਅਮਰ ਜੋਗੀ ਦਾ ਚੇਲਾ ਬਣਿਆ ਅਤੇ ਬਾਅਦ 'ਚ ਨਾਂਦੇੜ ਸਾਹਿਬ ਪੁੱਜ ਕੇ ਆਪਣੇ ਮੱਠ ਨੂੰ ਸਥਾਪਿਤ ਕੀਤਾ, ਜਿੱਥੇ 1708 ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੇਲ ਹੋਇਆ। ਉਨ੍ਹਾਂ ਦੀ ਇਹ ਮੁਲਾਕਾਤ ਕੇਵਲ ਦੋ ਵਿਅਕਤੀਆਂ ਦਾ ਮਿਲਾਪ ਨਹੀਂ ਸੀ, ਸਗੋਂ ਇਤਿਹਾਸ ਦੀ ਦਿਸ਼ਾ ਬਦਲਣ ਵਾਲਾ ਪਲ ਸੀ। ਇਸ ਤੋਂ ਬਾਅਦ ਉਨ੍ਹਾਂ ਅੰਮ੍ਰਿਤ ਛਕਿਆ ਅਤੇ ਗੁਰਬਖ਼ਸ਼ ਸਿੰਘ ਨਾਮ ਧਾਰਨ ਕੀਤਾ, ਪਰ "ਬੰਦਾ ਸਿੰਘ ਬਹਾਦਰ" ਦੇ ਨਾਮ ਨਾਲ ਪ੍ਰਸਿੱਧੀ ਪ੍ਰਾਪਤ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮੁਗ਼ਲ ਸ਼ਾਸਨ ਦੇ ਅੱਤਿਆਚਾਰਾਂ ਵਿਰੁੱਧ ਲੜਨ ਅਤੇ ਲੋਕਾਂ ਨੂੰ ਨਿਆਂ ਪ੍ਰਦਾਨ ਕਰਨ ਲਈ ਉਨ੍ਹਾਂ ਨੂੰ ਪੰਜ ਤੀਰ, ਨਿਸ਼ਾਨ ਸਾਹਿਬ, ਨਗਾਰਾ ਅਤੇ ਸਿੱਖ ਸੰਗਤਾਂ ਨੂੰ ਉਨ੍ਹਾਂ ਦੀ ਅਗਵਾਈ ਹੇਠ ਇਕੱਠੇ ਹੋਣ ਦਾ ਸੰਦੇਸ਼ ਵਾਲੇ ਨਾਮ ਹੁਕਮਨਾਮੇ ਸੌਂਪ ਕੇ ਪੰਜਾਬ ਭੇਜਿਆ।



ਬਾਬਾ ਬੰਦਾ ਸਿੰਘ ਬਹਾਦਰ ਦੀ ਮੁਗ਼ਲ ਸ਼ਾਸਨ ਵਿਰੁੱਧ ਲੜਾਈ ਅੱਜ ਦੇ ਹਰਿਆਣਾ, ਹਿਮਾਚਲ ਅਤੇ ਪੰਜਾਬ ਵਿੱਚ ਕੇਂਦਰਿਤ ਸੀ। ਉਨ੍ਹਾਂ ਨੇ ਸਮਾਣਾ, ਸਢੌਰਾ , ਕਪੂਰੀ, ਥਾਨੇਸਰ, ਕੁਰੂਕਸ਼ੇਤਰ ਅਤੇ ਸੋਨੀਪਤ ਵਰਗੇ ਖੇਤਰਾਂ ਨੂੰ ਮੁਗ਼ਲਾਂ ਤੋਂ ਆਜ਼ਾਦ ਕਰਵਾਇਆ। ਇਹੀ ਕਾਰਨ ਹੈ ਕਿ ਹਰਿਆਣਾ ਸਰਕਾਰ ਬੰਦਾ ਸਿੰਘ ਬਹਾਦਰ ਨੂੰ ਕੇਵਲ ਧਾਰਮਿਕ ਹੀ ਨਹੀਂ ਸਗੋਂ ਰਾਸ਼ਟਰੀ ਨੇਤਾ ਵਜੋਂ ਦੇਖਦੀ ਹੈ। ਉਨ੍ਹਾਂ ਨੂੰ ਸਿਰਫ਼ ਇੱਕ ਸਿੱਖ ਯੋਧੇ ਵਜੋਂ ਹੀ ਨਹੀਂ, ਸਗੋਂ ਇੱਕ ਰਾਸ਼ਟਰੀ ਆਜ਼ਾਦੀ ਦੇ ਯੋਧੇ ਵਜੋਂ ਪੇਸ਼ ਕਰਦੀ ਹੈ। ਉਨ੍ਹਾਂ ਨੂੰ ਧਾਰਮਿਕ ਪਛਾਣ ਤੋਂ ਉੱਪਰ ਇੱਕ ਲੋਕ ਨਾਇਕ, ਇੱਕ ਸੰਯੁਕਤ ਸਭਿਆਚਾਰਕ ਪ੍ਰਤੀਕ ਵਜੋਂ ਤਸੱਵਰ ਕਰਦੀ ਹੈ।

ਉਨ੍ਹਾਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਨੂੰ ਸ਼ਹੀਦ ਕਰਨ ਵਾਲੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ 1710 'ਚ ਚੱਪੜਚਿੜੀ ਦੇ ਮੈਦਾਨ ਵਿਚ ਹਾਰ ਦੇ ਕੇ ਸਿੱਖ ਇਤਿਹਾਸ ਦਾ ਇੱਕ ਨਵਾਂ ਅਧਿਆਇ ਲਿਖਿਆ। ਸਰਹਿੰਦ ਦੀ ਜਿੱਤ ਕੇਵਲ ਇੱਕ ਸੈਨਿਕ ਜਿੱਤ ਨਹੀਂ ਸੀ, ਸਗੋਂ ਨਿਆਂ ਦੀ ਜਿੱਤ ਸੀ। ਜਲਾਲਾਬਾਦ, ਜਲੰਧਰ ਅਤੇ ਹੁਸ਼ਿਆਰਪੁਰ ਹੀ ਨਹੀਂ, ਖ਼ਾਲਸਾਈ ਝੰਡਾ ਲਾਹੌਰ ਦੀਆਂ ਦੀਵਾਰਾਂ ਤੱਕ ਲਿਜਾਣ ਵਿਚ ਸਫਲ ਹੋਏ।

ਉਨ੍ਹਾਂ ਨੂੰ ਭਾਵੇਂ ਰਾਜ ਕਰਨ ਜਾਂ ਜੀਣ ਲਈ ਬਹੁਤਾ ਸਮਾਂ ਨਹੀਂ ਮਿਲਿਆ ਪਰ ਆਪਣੇ 7-8 ਸਾਲ ਦੇ ਸਮੇਂ ਵਿਚ ਹੀ ਉਹ ਅਜਿਹਾ ਤੂਫ਼ਾਨ ਬਣ ਕੇ ਆਏ ਕਿ ਜਾਬਰਾਂ-ਜਰਵਾਣਿਆਂ ਨੂੰ ਆਪਣੀਆਂ ਹਕੂਮਤਾਂ ਹੀ ਨਹੀਂ, ਜਾਨਾਂ ਬਚਾਉਣੀਆਂ ਮੁਸ਼ਕਿਲ ਹੋ ਗਈਆਂ ਸਨ। ਜਿੱਥੇ ਉਹ ਮੈਦਾਨੇ-ਜੰਗ ਵਿਚ ਬੜੀ ਸੂਰਮਗਤੀ ਨਾਲ ਲੜੇ ਅਤੇ ਬਿਨਾ ਕਿਸੇ ਸਿਖਲਾਈ-ਪ੍ਰਾਪਤ ਫ਼ੌਜ ਦੇ ਆਮ ਲੋਕਾਂ ਦੀ ਮਦਦ ਨਾਲ ਜਿੱਤਾਂ ਹਾਸਲ ਕੀਤੀਆਂ, ਅੰਤ ਉਹ ਆਪਣੇ ਸਾਥੀਆਂ ਨਾਲ ਗੜ੍ਹੀ ਗੁਰਦਾਸ ਨੰਗਲ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਸ਼ਾਹੀ ਫ਼ੌਜਾਂ ਦੁਆਰਾ ਘੇਰ ਲਏ ਗਏ। ਫਿਰ ਬੜੀ ਸਾਜ਼ਿਸ਼ ਕਰ ਕੇ ਬੰਦਾ ਸਿੰਘ ਨੂੰ ਠੀਕ ਉਸੇ ਤਰ੍ਹਾਂ ਗੜ੍ਹੀ ਵਿਚੋਂ ਬਾਹਰ ਕੱਢਿਆ ਗਿਆ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਦਾ ਕਿਲ੍ਹਾ ਛੱਡਣ ਲਈ ਮਜਬੂਰ ਕੀਤਾ ਗਿਆ ਸੀ। ਜਿਸ ਤਰ੍ਹਾਂ ਮਗਰੋਂ ਗੁਰੂ ਸਾਹਿਬ 'ਤੇ ਪਹਾੜੀ ਰਾਜਿਆਂ ਤੇ ਮੁਗ਼ਲਾਂ ਨੇ ਹਮਲਾ ਕਰ ਦਿੱਤਾ ਸੀ ਪਰ ਉਹ ਬਚ ਗਏ ਸਨ ਅਤੇ ਬਹੁਤ ਸਿੰਘ ਸ਼ਹੀਦ ਹੋ ਗਏ ਸਨ, ਪਰ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸੈਂਕੜੇ ਸਾਥੀ ਗ੍ਰਿਫ਼ਤਾਰ ਕਰਕੇ ਬਾਅਦ ਵਿਚ ਦਿੱਲੀ ਲਿਜਾਏ ਗਏ । ਇਸ ਕਾਫ਼ਲੇ 'ਚ ਗਿਣਤੀ ਵਧਾਉਣ ਲਈ ਅਨੇਕਾਂ ਉਹ ਸਿੱਖ ਸ਼ਾਮਲ ਕੀਤੇ ਗਏ ਜਿਨ੍ਹਾਂ ਨੂੰ ਵੱਖ ਵੱਖ ਥਾਂਵਾਂ ਤੋਂ ਬੰਦੀ ਬਣਾ ਲਏ ਗਏ ਸਨ।

ਪੁਰਾਣੀ ਦਿੱਲੀ ਵਿਚ ਕੋਤਵਾਲੀ ਚੌਕ ਅਤੇ ਮਹਿਰੌਲੀ ਖੇਤਰ ਨਾਲ ਜੁੜੀਆਂ ਥਾਵਾਂ 'ਤੇ ਬੰਦਾ ਸਿੰਘ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਕਈ ਦਿਨ ਰੋਜ਼ਾਨਾ ਉਸ ਦੇ 100-100 ਸਾਥੀਆਂ ਨੂੰ ਲੋਕਾਂ ਸਾਹਮਣੇ ਸ਼ਹੀਦ ਕੀਤਾ ਜਾਂਦਾ ਸੀ ਅਤੇ ਲਾਸ਼ਾਂ ਦੇ ਸਿਰ ਕੱਟ ਕੇ ਸੜਕਾਂ ਦੇ ਮੋੜਾਂ 'ਤੇ ਟੰਗੇ ਜਾਂਦੇ ਸਨ ਤਾਂ ਜੋ ਲੋਕਾਂ ਨੂੰ ਸੁਨੇਹਾ ਜਾਵੇ ਕਿ ਮੁਗ਼ਲੀਆ ਹਕੂਮਤ ਵਿਰੁੱਧ ਬਗ਼ਾਵਤ ਕਰਨ ਵਾਲਿਆਂ ਦਾ ਹਸ਼ਰ ਕੀ ਹੁੰਦਾ ਹੈ। ਪਰ ਬੰਦਾ ਸਿੰਘ ਤੇ ਉਸ ਦੇ ਨਾਲ ਗ੍ਰਿਫ਼ਤਾਰ ਕਿਸੇ ਸਿੱਖ ਨੇ ਵੀ ਈਨ ਨਹੀਂ ਮੰਨੀ। ਜੂਨ 1716 ਵਿੱਚ ਉਸ ਦੇ ਸਾਹਮਣੇ ਉਸ ਦੇ ਛੋਟੇ ਜਿਹੇ ਪੁੱਤਰ ਭਾਈ ਅਜੈ ਸਿੰਘ ਨੂੰ ਸ਼ਹੀਦ ਕਰਨ ਉਪਰੰਤ ਉਸ ਦਾ ਦਿਲ ਕੱਢ ਕੇ ਬਾਬਾ ਬੰਦਾ ਸਿੰਘ ਦੇ ਮੂੰਹ ਵਿਚ ਤੁੰਨਿਆ ਗਿਆ ਅਤੇ ਅਖੀਰ ਬਾਬਾ ਬੰਦਾ ਸਿੰਘ ਅੰਤਾਂ ਦੇ ਤਸੀਹੇ ਝੱਲਦੇ ਹੋਏ ਬੜੀ ਬਹਾਦਰੀ ਨਾਲ ਖਿੜੇ ਮੱਥੇ ਸ਼ਹਾਦਤ ਪ੍ਰਾਪਤ ਕਰ ਗਏ।

ਬੰਦਾ ਸਿੰਘ ਬਹਾਦਰ ਪੋਰਸ ਤੋਂ ਬਾਅਦ ਪੰਜਾਬ ਦੀ ਧਰਤੀ 'ਤੇ ਅਜਿਹਾ ਪਹਿਲਾ ਜਰਨੈਲ ਹੋ ਨਿੱਬੜਿਆ ਜਿਸ ਨੇ ਪੰਜਾਬ ਨੂੰ ਸੁਤੰਤਰ ਰਾਜ ਵਿਚ ਤਬਦੀਲ ਕੀਤਾ। ਅੰਗਰੇਜ਼ ਇਤਿਹਾਸਕਾਰ ਵਿਲੀਅਮ ਇਰਵਨ ਆਪਣੀ ਕਿਤਾਬ 'ਲੇਟਰ ਮੁਗਲਜ਼' ਵਿਚ ਲਿਖਦਾ ਹੈ ਕਿ ਬੰਦਾ ਸਿੰਘ ਦੀ ਸੈਨਾ ਵਿਚ ਜਿਹੜੇ ਨੀਵੀਂਆਂ ਸਮਝੀਆਂ ਜਾਂਦੀਆਂ ਜਾਤਾਂ ਦੇ ਲੋਕ ਸ਼ਾਮਲ ਹੁੰਦੇ ਸਨ, ਉਹ ਆਪਣੇ ਘਰਾਂ ਨੂੰ ਹਾਕਮ ਬਣ ਕੇ ਮੁੜਦੇ ਸਨ। ਵੱਡੇ ਧਨਾਢ ਲੋਕ ਵੀ ਉਨ੍ਹਾਂ ਦਾ ਸਵਾਗਤ ਕਰਦੇ ਸਨ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੀਚਾਂ ਨੂੰ ਪਾਤਸ਼ਾਹੀ ਬਖ਼ਸ਼ ਦਿੱਤੀ ਸੀ ਜਿਸ ਦਾ ਸੁਪਨਾ ਗੁਰੂ ਗੋਬਿੰਦ ਸਿੰਘ ਜੀ ਨੇ ਲਿਆ ਸੀ: "ਇਨ ਗਰੀਬ ਸਿੱਖਨ ਕੋ ਦੇਊਂ ਪਾਤਸ਼ਾਹੀ, ਇਹ ਯਾਦ ਰਖੇਂ ਹਮਰੀ ਗੁਰਿਆਈ।"

ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦੀ ਅਜਿਹੀ ਬੁਝਾਰਤ ਹੈ ਜਿਸ ਬਾਰੇ ਸਿੱਖ ਵਿਦਵਾਨਾਂ ਤੇ ਇਤਿਹਾਸਕਾਰਾਂ ਵੱਲੋਂ ਕੋਈ ਵਿਸ਼ੇਸ਼ ਖੋਜ ਕਰਨ ਦੀ ਥਾਂ ਪੁਰਾਣੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਮੱਖੀ 'ਤੇ ਮੱਖੀ ਮਾਰਨ ਤੋਂ ਵੱਧ ਕੁਝ ਨਹੀਂ ਕੀਤਾ ਗਿਆ। ਪਰ ਇਸ ਦਾ ਮਤਲਬ ਇਹ ਨਹੀਂ ਕਿ ਬੰਦਾ ਸਿੰਘ ਬਹਾਦਰ ਬਾਰੇ ਕਿਸੇ ਨੇ ਕੁਝ ਨਹੀਂ ਲਿਖਿਆ। ਬੰਦਾ ਸਿੰਘ ਬਾਰੇ ਫ਼ਾਰਸੀ, ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਅਨੇਕਾਂ ਲਿਖਤਾਂ ਹਨ ਜਿਨ੍ਹਾਂ ਵਿਚੋਂ ਪੰਜਾਬੀ ਦੀਆਂ ਲਿਖਤਾਂ ਉਸ ਦੇ ਜੀਵਨ ਕਾਲ ਤੋਂ 50-60 ਸਾਲ ਬਾਅਦ ਲਿਖੀਆਂ ਜਾਣ ਲੱਗੀਆਂ ਸਨ।

ਕੇਸਰ ਸਿੰਘ ਛਿੱਬਰ ਦਾ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਪਹਿਲੀ ਪੰਜਾਬੀ ਲਿਖਤ ਹੈ ਜਿਸ ਵਿਚ ਬੰਦਾ ਸਿੰਘ ਬਹਾਦਰ ਬਾਰੇ ਜ਼ਿਕਰ ਮਿਲਦਾ ਹੈ। ਇਹ ਲਿਖਤ 1769 ਦੇ ਕਰੀਬ ਲਿਖੀ ਗਈ ਸੀ। ਇਸ ਤੋਂ ਇਲਾਵਾ ਢਾਡੀ ਨੱਥ ਮੱਲ ਦਾ ਫ਼ਾਰਸੀ 'ਅਮਰਨਾਮਾ' ਵੀ ਮਹੱਤਵਪੂਰਨ ਸਰੋਤ ਹੈ। ਇੱਕ ਪਾਸੇ ਜਿੱਥੇ ਮੁਸਲਮਾਨ ਲਿਖਾਰੀਆਂ ਨੇ ਬਹੁਤ ਕੁਝ ਸਮੇਂ ਦੇ ਹਾਕਮਾਂ ਨੂੰ ਖ਼ੁਸ਼ ਕਰਨ ਲਈ ਲਿਖਿਆ ਹੈ, ਉਥੇ ਮਜ਼ਹਬੀ ਫ਼ਿਰਕੂ ਜ਼ਹਿਨੀਅਤ ਵੀ ਭਾਰੂ ਸੀ ਜਿਸ ਕਰਕੇ ਬੰਦਾ ਸਿੰਘ ਦੇ ਹਮਲਿਆਂ ਨੂੰ ਆਧਾਰ ਬਣਾ ਕੇ ਉਸ ਨੂੰ ਜਾਬਰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੂਜੇ ਪਾਸੇ ਕੁਝ ਸਿੱਖ ਲੇਖਕਾਂ ਨੇ ਵੀ ਸਮੇਂ ਦੀਆਂ ਕਾਬਜ਼ ਧਿਰਾਂ ਨੂੰ ਖ਼ੁਸ਼ ਕਰਨ ਲਈ ਅਜਿਹੀਆਂ ਕਹਾਣੀਆਂ ਲਿਖੀਆਂ ਜਿਨ੍ਹਾਂ ਨਾਲ ਬੰਦਾ ਸਿੰਘ ਦੀ ਸ਼ਖ਼ਸੀਅਤ ਨੂੰ ਦਾਗ਼ਦਾਰ ਕਰਨ ਦੀ ਕੋਸ਼ਿਸ਼ ਕੀਤੀ ਗਈ।

ਜਦਕਿ ਉਸ ਦੀ ਸ਼ਹਾਦਤ ਬਾਰੇ ਫ਼ਾਰਸੀ ਦੀਆਂ ਸਮਕਾਲੀ ਰਚਨਾਵਾਂ 'ਅਖ਼ਬਾਰ-ਏ-ਦਰਬਾਰ-ਏ-ਮੁਅੱਲਾ', ਮੁਹੰਮਦ ਕਾਸਿਮ ਦਾ 'ਇਬਰਤਨਾਮਾ', ਮਿਰਜ਼ਾ ਮੁਹੰਮਦ ਦਾ 'ਇਬਰਤਨਾਮਾ', ਹਾਜ਼ੀ ਕਾਮਵਰ ਖਾਨ ਦਾ 'ਤਜ਼ਕਿਰਾਤ-ਉਲ-ਸਲਾਤੀਨ ਚੁਗੱਤਾ' ਅਤੇ ਖਾਫੀ ਖਾਨ ਦੀ 'ਮੁਨਤਖ਼ਬ-ਉਲ-ਲੁਬਾਬ' ਵਿਚ ਕਾਫ਼ੀ ਜ਼ਿਕਰ ਆਉਂਦਾ ਹੈ ਕਿ ਬੰਦਾ ਸਿੰਘ ਬਹਾਦਰ, ਉਸ ਦੇ ਪੁੱਤਰ ਅਤੇ 700 ਤੋਂ ਵੱਧ ਸਾਥੀਆਂ ਨੂੰ ਕਿਸ ਤਰ੍ਹਾਂ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ, "ਬੰਦਾ ਸਿੰਘ ਬਹਾਦਰ ਇੱਕ ਮਹਾਨ ਯੋਧਾ ਸੀ। ਉਸ ਦਾ ਜੀਵਨ ਸਾਡੇ ਸਭ ਲਈ ਪ੍ਰੇਰਨਾ ਸਰੋਤ ਹੈ। ਮੈਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੀ ਬਹਾਦਰੀ ਅਤੇ ਬਲੀਦਾਨ ਲਈ ਨਮਨ ਕਰਦਾ ਹਾਂ।"

ਇੱਥੇ ਮੇਰਾ ਮੰਨਣਾ ਹੈ ਕਿ ਬੰਦਾ ਬਹਾਦਰ ਦੀਆਂ ਪ੍ਰਾਪਤੀਆਂ ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿਚ ਇਕ ਮਹਾਨ ਕ੍ਰਾਂਤੀ ਸਨ। ਉਨ੍ਹਾਂ ਦੀ ਮਹਾਨਤਾ ਨੂੰ ਕਿਸੇ ਵੀ ਦਾਇਰੇ ਵਿਚ ਸੀਮਤ ਨਹੀਂ ਰੱਖਿਆ ਜਾ ਸਕਦਾ। ਬਾਬਾ ਬੰਦਾ ਸਿੰਘ ਬਹਾਦਰ ਨੂੰ ਕਿਸੇ ਇੱਕ ਭਾਈਚਾਰੇ, ਖੇਤਰ ਜਾਂ ਵਿਚਾਰਧਾਰਾ ਦੀ ਸੀਮਾ ਵਿੱਚ ਬੰਨ੍ਹਣਾ ਉਨ੍ਹਾਂ ਦੀ ਵਿਸ਼ਾਲ ਇਤਿਹਾਸਕ ਸ਼ਖ਼ਸੀਅਤ ਨਾਲ ਇਨਸਾਫ਼ ਨਹੀਂ ਹੋਵੇਗਾ। ਉਹ ਸਿੱਖ ਕੌਮ ਦੇ ਮਹਾਨ ਨਾਇਕ ਹੋਣ ਦੇ ਨਾਲ-ਨਾਲ ਨਿਆਂ, ਬਰਾਬਰੀ ਅਤੇ ਮਨੁੱਖੀ ਮਰਿਆਦਾ ਲਈ ਸੰਘਰਸ਼ ਕਰਨ ਵਾਲੀ ਸਮੁੱਚੀ ਮਨੁੱਖਤਾ ਦੀ ਸਾਂਝੀ ਵਿਰਾਸਤ ਹਨ। ਇਸੇ ਲਈ ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਸ਼ਹਾਦਤ ਅਤੇ ਕੁਰਬਾਨੀ ਨੂੰ ਸਿੱਖ ਕੌਮ ਹੀ ਨਹੀਂ, ਸਗੋਂ ਸਮੂਹ ਮਨੁੱਖਤਾ ਸਤਿਕਾਰ ਨਾਲ ਯਾਦ ਕਰਦੀ ਹੈ। ਮੈਂ ਮਹਾਨ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਅਤੇ ਕੁਰਬਾਨੀ ਨੂੰ ਲੱਖ-ਲੱਖ ਵਾਰ ਸਿੱਜਦਾ ਕਰਦਾ ਹਾਂ।

* * * * * *

# ਖੇਤਰੀ ਪਾਰਟੀਆਂ 'ਤੇ ਹੋਂਦ ਦਾ ਸੰਕਟ: ਕੀ ਭਾਜਪਾ ਅੱਗੇ ਗੋਡੇ ਟੇਕਣਗੇ ਵਿਰੋਧੀ ਦਲ ?

ਆਸ਼ੂਤੋਸ਼



ਮਮਤਾ ਬੈਨਰਜੀ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਦਾ ਟੁੱਟਣਾ ਭਾਰਤੀ ਰਾਜਨੀਤੀ ਵਿਚ ਮਾੜੇ ਸ਼ਗਨ ਦਾ ਸੰਕੇਤ ਹੈ। ਭਾਵੇਂ ਕਹਿਣ ਲਈ ਤਾਂ ਇਹ ਇਕ ਪਾਰਟੀ ਤੇ ਇਕ ਨੇਤਾ ਦਾ ਪਤਨ ਹੈ, ਪਰ ਅਸਲੀਅਤ ਵਿਚ ਇਹ ਭਾਰਤ ਦੇ ਤੇਜ਼ੀ ਨਾਲ ਬਦਲਦੇ ਰਾਜਨੀਤਿਕ ਦ੍ਰਿਸ਼ ਦਾ ਸੰਕੇਤ ਹੈ। ਇਹ ਗੱਲ ਸੱਤਾ ਦੇ ਕਿਸੇ ਵੱਡੇ ਬਦਲਾਅ ਵੱਲ ਸੰਕੇਤ ਦੇ ਰਹੀ ਹੈ, ਜਦਕਿ ਲੋਕ ਇਸ ਨੂੰ ਸਿਰਫ਼ ਇਕ ਰਾਜਨੀਤਿਕ ਚਾਲ ਵਜੋਂ ਦੇਖ ਰਹੇ ਹਨ। ਇਹ ਬਦਲਾਅ ਭਾਰਤੀ ਰਾਜਨੀਤੀ ਵਿਚ ਕਾਇਰਾਂ ਦੀ ਵਧਦੀ ਫ਼ੌਜ ਦਾ ਸੰਕੇਤ ਹੈ, ਜੋ ਭਾਰਤੀ ਰਾਜਨੀਤੀ 'ਚੋਂ ਨੈਤਿਕਤਾ ਦੇ ਖ਼ਤਮ ਹੋਣ ਤੇ ਰਾਜਨੀਤੀ ਦੇ ਪੂਰੀ ਤਰ੍ਹਾਂ ਸੱਤਾ 'ਤੇ ਅਧਾਰਤ ਹੋਣ ਦਾ ਵੀ ਸੰਕੇਤ ਹੈ। ਭਾਰਤੀ ਰਾਜਨੀਤੀ 'ਚ ਪਹਿਲਾਂ ਵੀ ਬਦਲਾਅ ਹੋਏ ਹਨ ਅਤੇ ਲੋਕਤੰਤਰ 'ਤੇ ਪਹਿਲਾਂ ਵੀ ਖ਼ਤਰੇ ਦੇ ਬੱਦਲ ਛਾਏ ਸਨ, ਰਾਜਨੀਤੀ ਬੇਉਮੀਦ ਹੋਣ ਨਾਲ ਡਰ ਨੇ ਸਮਾਜ ਨੂੰ ਅਸਥਿਰ ਕੀਤਾ ਸੀ। ਪਰ ਸੱਤਾ ਕਦੇ ਵੀ ਇਸ ਕਦਰ ਸ਼ਕਤੀ-ਅਧਾਰਤ ਨਹੀਂ ਹੋਈ ਸੀ। ਐਮਰਜੈਂਸੀ ਵੀ ਲੱਗੀ, ਪਰ ਲੋਕਤੰਤਰ ਲਈ ਆਵਾਜ਼ਾਂ ਕਦੇ ਵੀ ਪੂਰੀ ਤਰ੍ਹਾਂ ਚੁੱਪ ਨਹੀਂ ਹੋਈਆਂ। ਲੋਕ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਨੂੰ ਹਰਾਉਣ ਵਾਲਾ ਅਸਲੀ ਨਾਇਕ ਜੈਪ੍ਰਕਾਸ਼ ਨਾਰਾਇਣ ਜਦੋਂ ਇੰਦਰਾ ਗਾਂਧੀ ਨੂੰ ਮਿਲਿਆ ਤਾਂ ਰੋ ਪਿਆ ਸੀ। ਜੈਪ੍ਰਕਾਸ਼ ਆਪਣੀ 'ਇੰਦੂ ਨੂੰ' ਉਹ ਚਿੱਠੀਆਂ ਦੇਣ ਗਏ ਸਨ, ਜਿਸ ਬਾਰੇ ਉਸ ਨੂੰ ਡਰ ਸੀ ਕਿ ਸਰਕਾਰ ਦੇ ਹੱਥਾਂ ਵਿਚ ਜਾਣ ਨਾਲ ਇਨ੍ਹਾਂ ਦੀ ਦੁਰਵਰਤੋਂ ਹੋ ਸਕਦੀ ਹੈ। ਪਰ ਹੁਣ ਰਾਜਨੀਤੀ ਵਿਚ ਇਹ ਲੋਕਤੰਤਰਿਕ ਪਰੰਪਰਾ ਖ਼ਤਮ ਹੋ ਗਈ ਹੈ, ਸੱਤਾਧਾਰੀ ਪਾਰਟੀ ਤੇ ਵਿਰੋਧੀ ਧਿਰ ਇਕ-ਦੂਜੇ ਦੇ ਦੁਸ਼ਮਣ ਬਣ ਚੁੱਕੇ ਹਨ।




ਤ੍ਰਿਣਮੂਲ ਕਾਂਗਰਸ ਉਹੀ ਪਾਰਟੀ ਸੀ, ਜਿਸ ਦੀ ਅਗਵਾਈ 4 ਮਈ ਨੂੰ ਬੰਗਾਲ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਇਕ ਅਜਿਹੀ ਨੇਤਾ ਕਰ ਰਹੀ ਸੀ, ਜੋ ਸੰਘਰਸ਼ ਦਾ ਪ੍ਰਤੀਕ ਮੰਨੀ ਜਾਂਦੀ ਸੀ। ਜੋ ਸੂਬੇ 'ਚੋਂ ਖੱਬੇ ਮੋਰਚੇ ਦੇ 34 ਸਾਲਾਂ ਦੇ ਸ਼ਾਸਨ ਨੂੰ ਉਖਾੜ ਕੇ 15 ਸਾਲ ਤੱਕ ਮੁੱਖ ਮੰਤਰੀ ਰਹੀ ਸੀ ਅਤੇ ਉਸ ਨੂੰ ਕਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਵਜੋਂ ਵੀ ਦੇਖਿਆ ਜਾਂਦਾ ਸੀ। ਅੱਜ ਉਹੀ ਮਮਤਾ ਬੈਨਰਜੀ ਇਕ ਬੇਵੱਸ ਨੇਤਾ ਹੈ, ਕਿਉਂਕਿ ਉਸ ਦੀ ਪਿੱਠ 'ਚ ਉਸ ਦੇ ਆਪਣੇ ਸਹਿਯੋਗੀਆਂ ਨੇ ਛੁਰਾ ਮਾਰਿਆ ਹੈ। ਮਮਤਾ ਦੇ ਪਤਨ ਦਾ ਅਰਥ ਹੈ ਵਿਰੋਧੀ ਧਿਰ ਦੀ ਇਕ ਬਹੁਤ ਮਜ਼ਬੂਤ ਕੰਧ ਦਾ ਢਹਿ ਜਾਣਾ, ਜੇਕਰ ਉਸ ਦੀ ਪਾਰਟੀ ਖ਼ਤਮ ਹੋ ਜਾਂਦੀ ਹੈ ਤਾਂ ਕੋਈ ਵੀ ਖੇਤਰੀ ਪਾਰਟੀ ਨਹੀਂ ਬਚ ਨਹੀਂ ਸਕੇਗੀ। ਹੁਣ ਸਭ ਤੋਂ ਵੱਡਾ ਖ਼ਤਰਾ ਸਮਾਜਵਾਦੀ ਪਾਰਟੀ 'ਤੇ ਮੰਡਰਾ ਰਿਹਾ ਹੈ। ਅਗਲੇ ਕੁਝ ਮਹੀਨਿਆਂ ਦੌਰਾਨ ਉੱਤਰ ਪ੍ਰਦੇਸ਼ ਵਿਚ ਚੋਣਾਂ ਹੋਣ ਵਾਲੀਆਂ ਹਨ। ਇਹ ਉਹੀ ਸੂਬਾ ਹੈ, ਜਿੱਥੇ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਕਰਾਰੀ ਹਾਰ ਤੇ ਟੱਕਰ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਭਾਜਪਾ ਅਯੁੱਧਿਆ (ਫੈਜ਼ਾਬਾਦ) 'ਚ ਲੋਕ ਸਭਾ ਚੋਣ ਹਾਰ ਗਈ ਸੀ। ਹੁਣ ਕਿਆਸ ਲਗਾਏ ਜਾ ਰਹੇ ਹਨ ਕਿ ਭਾਜਪਾ ਸਮਾਜਵਾਦੀ ਪਾਰਟੀ ਨੂੰ ਸਬਕ ਸਿਖਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।

ਤ੍ਰਿਣਮੂਲ ਕਾਂਗਰਸ ਉਹੀ ਪਾਰਟੀ ਸੀ, ਜਿਸ ਦੀ ਅਗਵਾਈ 4 ਮਈ ਨੂੰ ਬੰਗਾਲ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਇਕ ਅਜਿਹੀ ਨੇਤਾ ਕਰ ਰਹੀ ਸੀ, ਜੋ ਸੰਘਰਸ਼ ਦਾ ਪ੍ਰਤੀਕ ਮੰਨੀ ਜਾਂਦੀ ਸੀ। ਜੋ ਸੂਬੇ 'ਚੋਂ ਖੱਬੇ ਮੋਰਚੇ ਦੇ 34 ਸਾਲਾਂ ਦੇ ਸ਼ਾਸਨ ਨੂੰ ਉਖਾੜ ਕੇ 15 ਸਾਲ ਤੱਕ ਮੁੱਖ ਮੰਤਰੀ ਰਹੀ ਸੀ ਅਤੇ ਉਸ ਨੂੰ ਕਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਵਜੋਂ ਵੀ ਦੇਖਿਆ ਜਾਂਦਾ ਸੀ। ਅੱਜ ਉਹੀ ਮਮਤਾ ਬੈਨਰਜੀ ਇਕ ਬੇਵੱਸ ਨੇਤਾ ਹੈ, ਕਿਉਂਕਿ ਉਸ ਦੀ ਪਿੱਠ 'ਚ ਉਸ ਦੇ ਆਪਣੇ ਸਹਿਯੋਗੀਆਂ ਨੇ ਛੁਰਾ ਮਾਰਿਆ ਹੈ। ਮਮਤਾ ਦੇ ਪਤਨ ਦਾ ਅਰਥ ਹੈ ਵਿਰੋਧੀ ਧਿਰ ਦੀ ਇਕ ਬਹੁਤ ਮਜ਼ਬੂਤ ਕੰਧ ਦਾ ਢਹਿ ਜਾਣਾ, ਜੇਕਰ ਉਸ ਦੀ ਪਾਰਟੀ ਖ਼ਤਮ ਹੋ ਜਾਂਦੀ ਹੈ ਤਾਂ ਕੋਈ ਵੀ ਖੇਤਰੀ ਪਾਰਟੀ ਨਹੀਂ ਬਚ ਨਹੀਂ ਸਕੇਗੀ। ਹੁਣ ਸਭ ਤੋਂ ਵੱਡਾ ਖ਼ਤਰਾ ਸਮਾਜਵਾਦੀ ਪਾਰਟੀ 'ਤੇ ਮੰਡਰਾ ਰਿਹਾ ਹੈ। ਅਗਲੇ ਕੁਝ ਮਹੀਨਿਆਂ ਦੌਰਾਨ ਉੱਤਰ ਪ੍ਰਦੇਸ਼ ਵਿਚ ਚੋਣਾਂ ਹੋਣ ਵਾਲੀਆਂ ਹਨ। ਇਹ ਉਹੀ ਸੂਬਾ ਹੈ, ਜਿੱਥੇ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਕਰਾਰੀ ਹਾਰ ਤੇ ਟੱਕਰ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਭਾਜਪਾ ਅਯੁੱਧਿਆ (ਫੈਜ਼ਾਬਾਦ) 'ਚ ਲੋਕ ਸਭਾ ਚੋਣ ਹਾਰ ਗਈ ਸੀ। ਹੁਣ ਕਿਆਸ ਲਗਾਏ ਜਾ ਰਹੇ ਹਨ ਕਿ ਭਾਜਪਾ ਸਮਾਜਵਾਦੀ ਪਾਰਟੀ ਨੂੰ ਸਬਕ ਸਿਖਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਇਸੇ ਲਈ ਅਖਿਲੇਸ਼ ਯਾਦਵ ਕਹਿ ਰਹੇ ਹਨ ਕਿ ਜੇਕਰ ਭਾਜਪਾ ਉੱਤਰ ਪ੍ਰਦੇਸ਼ ਵਿਚ ਜਿੱਤ ਜਾਂਦੀ ਹੈ ਤਾਂ ਉਸ ਤੋਂ ਬਾਅਦ ਸ਼ਾਇਦ ਕੋਈ ਹੋਰ ਚੋਣਾਂ ਨਹੀਂ ਹੋਣਗੀਆਂ। ਲੋਕਾਂ ਨੂੰ ਹੁਣ ਚੋਣ ਕਮਿਸ਼ਨ ਵਿਚ ਕੋਈ ਵਿਸ਼ਵਾਸ ਨਹੀਂ ਰਹਿ ਗਿਆ ਤੇ ਉਨ੍ਹਾਂ ਦਾ ਮੰਨਣਾ ਹੈ ਕਿ ਹੁਣ ਚੋਣਾਂ ਸਿਰਫ਼ ਭਾਜਪਾ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਹੋ ਰਹੀਆਂ ਹਨ। ਰਾਹੁਲ ਗਾਂਧੀ ਕਾਫ਼ੀ ਸਮੇਂ ਤੋਂ ਇਹੀ ਗੱਲ ਜ਼ੋਰਦਾਰ ਢੰਗ ਨਾਲ ਕਹਿ ਰਹੇ ਸਨ ਕਿ ਵੋਟ ਚੋਰੀ ਹੋ ਰਹੀ ਹੈ, ਚੋਣਾਂ ਲੁੱਟੀਆਂ ਜਾ ਰਹੀਆਂ ਹਨ ਤੇ ਪੂਰਾ ਸਿਸਟਮ ਹਾਈਜੈਕ ਹੋ ਚੁੱਕਾ ਹੈ। ਲੋਕਤੰਤਰ ਸਿਰਫ ਨਾਂਅ ਦਾ ਹੀ ਰਹਿ ਗਿਆ ਹੈ।

ਅਜਿਹੀ ਸਥਿਤੀ ਵਿਚ ਵੱਡਾ ਸਵਾਲ ਇਹ ਹੈ ਕਿ ਹੁਣ ਵਿਰੋਧੀ ਧਿਰ ਨੂੰ ਕੀ ਕਰਨਾ ਚਾਹੀਦਾ ਹੈ ? ਕੀ ਉਹ ਆਪਣੀਆਂ ਪਾਰਟੀਆਂ ਬਚਾਏ, ਲੜੇ ਜਾਂ ਪੂਰੀ ਤਰ੍ਹਾਂ ਭਾਜਪਾ ਅੱਗੇ ਸਮਰਪਿਤ ਹੋ ਜਾਵੇ ? ਕੀ ਖੇਤਰੀ ਪਾਰਟੀਆਂ ਦਾ ਕੋਈ ਭਵਿੱਖ ਹੈ, ਕੀ ਛੋਟੀਆਂ ਪਾਰਟੀਆਂ ਨੂੰ ਤੋੜਨਾ ਸਭ ਤੋਂ ਆਸਾਨ ਹੈ ? ਪਹਿਲਾਂ ਸ਼ਿਵ ਸੈਨਾ, ਫਿਰ ਐਨ.ਸੀ.ਪੀ.ਅਤੇ ਹੁਣ ਤ੍ਰਿਣਮੂਲ ਕਾਂਗਰਸ ਦਾ ਸਵਾਲ ਉਠਾਉਂਦਾ ਹੈ। ਓਡੀਸ਼ਾ ਵਿਚ ਨਵੀਨ ਪਟਨਾਇਕ ਦਾ ਬੀਜੂ ਜਨਤਾ ਦਲ ਲੜਖੜਾ ਰਿਹਾ ਹੈ ਤਾਂ ਬਿਹਾਰ ਵਿਚ ਨਿਤਿਸ਼ ਕੁਮਾਰ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ ਹੈ। ਉੱਤਰ ਪ੍ਰਦੇਸ਼ ਵਿਚ ਬਸਪਾ ਦੀ ਹਾਲਤ ਖਸਤਾ ਹੈ, ਤਾਂ ਕਰਨਾਟਕ ਵਿਚ ਜਨਤਾ ਦਲ (ਸੈਕੂਲਰ) ਢਹਿਣ ਦੀ ਕਗਾਰ 'ਤੇ ਹੈ। ਅਕਾਲੀ ਦਲ ਦਾ ਭਵਿੱਖ ਅਨਿਸ਼ਚਿਤ ਹੈ ਅਤੇ ਦਿੱਲੀ ਹਾਰਨ ਤੋਂ ਬਾਅਦ ਆਮ ਆਦਮੀ ਪਾਰਟੀ ਪੰਜਾਬ ਨੂੰ ਬਚਾਉਣ ਲਈ ਪੂਰਾ ਜ਼ੋਰ ਲਗਾ ਰਹੀ ਹੈ। ਆਰ.ਜੇ.ਡੀ. ਦੀ ਹਾਲਤ ਬਹੁਤ ਕਮਜ਼ੋਰ ਹੋ ਚੁੱਕੀ ਹੈ, ਜਦਕਿ ਅਸਮ ਗਣ ਪ੍ਰੀਸ਼ਦ, ਲੋਕ ਜਨਸ਼ਕਤੀ ਪਾਰਟੀ, ਅਪਨਾ ਦਲ, ਐਨ.ਸੀ.ਪੀ. ਅਜੀਤ ਪਵਾਰ, ਸ਼ਿਵ ਸੈਨਾ ਏਕਨਾਥ ਸ਼ਿੰਦੇ ਜਿਹੀਆਂ ਪਾਰਟੀਆਂ ਭਾਜਪਾ ਦੇ ਰਹਿਮ 'ਤੇ ਨਿਰਭਰ ਹਨ। ਭਾਵੇਂ ਇਸ ਸਮੇਂ ਟੀ.ਡੀ.ਪੀ. ਦੀ ਸਰਕਾਰ ਆਂਧਰਾ ਪ੍ਰਦੇਸ਼ 'ਚ ਸੁਰੱਖਿਅਤ ਹੈ, ਪਰ ਕਿੰਨੇ ਸਮੇਂ ਲਈ ਪਤਾ ਨਹੀਂ ? ਵਾਈ.ਐਸ.ਆਰ. ਕਾਂਗਰਸ ਤੇ ਬੀ.ਆਰ.ਐਸ. ਦਾ ਕੀ ਹੋਵੇਗਾ, ਇਹ ਸਵਾਲ ਹਵਾ 'ਚ ਤੈਰ ਰਿਹਾ ਹੈ। ਖੇਤਰੀ ਪਾਰਟੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਭਾਜਪਾ ਦੀ ਵਿਚਾਰਧਾਰਾ ਖੇਤਰੀ ਪਛਾਣ ਨੂੰ ਮਜ਼ਬੂਤ ਭਾਰਤ ਦੇ ਰਸਤੇ ਦੀ ਵੱਡੀ ਰੁਕਾਵਟ ਮੰਨਦੀ ਹੈ। ਇਸ ਦਾ ਮੰਨਣਾ ਹੈ ਕਿ ਖੇਤਰਵਾਦ ਦਾ ਉਭਾਰ ਭਾਰਤ ਨੂੰ ਕਮਜ਼ੋਰ ਕਰਦਾ ਹੈ, ਉਹ ਏਕੀਕ੍ਰਿਤ ਸ਼ਾਸਨ ਪ੍ਰਣਾਲੀ ਦੀ ਵਕਾਲਤ ਕਰਦੀ ਹੈ।

ਆਰ.ਐਸ.ਐਸ. ਦੇ ਦੂਜੇ ਮੁਖੀ ਐਮ.ਐਸ ਗੋਲਵਲਕਰ- ਇਕ ਨੇਤਾ, ਇਕ ਵਿਧਾਨ ਪਾਲਿਕਾ ਤੇ ਇਕ ਸਰਕਾਰ ਦੀ ਗੱਲ ਲਿਖ ਚੁੱਕੇ ਹਨ। ਦੀਨ ਦਿਆਲ ਉਪਾਧਿਆਏ ਨੇ ਆਪਣੀ 'ਇੰਟੈਗਰਲ ਹਿਊਮੈਨਿਜ਼ਮ' ਵਿਚ ਕਿਹਾ ਹੈ ਕਿ ਭਾਰਤੀ ਸੰਵਿਧਾਨ ਵਿਚ ਬੰਗ ਮਾਤਾ, ਤੇਲਗੂ ਮਾਤਾ, ਤਾਮਿਲ ਮਾਤਾ ਤੇ ਕੰਨੜ ਮਾਤਾ ਤਾਂ ਸ਼ਾਮਿਲ ਹਨ- ਪਰ ਭਾਰਤ ਮਾਤਾ ਕਿੱਥੇ ਹੈ ? ਉਹ ਮਜਬੂਰੀਵੱਸ ਵਿਭਿੰਨਤਾ ਵਿਚ ਏਕਤਾ ਦੀ ਗੱਲ ਤਾਂ ਕਰਦੇ ਹਨ, ਪਰ ਵਿਭਿੰਨਤਾ ਦਾ ਸਤਿਕਾਰ ਨਹੀਂ ਕਰਦੇ। ਅਜਿਹੀ ਸਥਿਤੀ ਵਿਚ ਖੇਤਰੀ ਪਾਰਟੀਆਂ ਨੂੰ ਮਮਤਾ ਬੈਨਰਜੀ ਦੇ ਘਟਨਾਕ੍ਰਮ ਤੋਂ ਬਾਅਦ ਇਕ ਨਵੀਂ ਰਣਨੀਤੀ 'ਤੇ ਵਿਚਾਰ ਕਰਨਾ ਚਾਹੀਦਾ ਹੈ, ਇਹ ਹੋਂਦ ਬਚਾਉਣ ਦਾ ਸੰਕਟ ਹੈ। ਰਾਹੁਲ ਗਾਂਧੀ ਐਵੇਂ ਨਹੀਂ ਕਹਿ ਰਹੇ ਕਿ ਹੁਣ ਵਿਰੋਧ ਕਰਨਾ ਹੀ ਪਵੇਗਾ। ਅਜਿਹੀ ਸਥਿਤੀ ਵਿਚ ਦੋ ਹੀ ਬਦਲ ਹਨ- ਪਹਿਲਾ ਕਾਂਗਰਸ ਪਾਰਟੀ ਤੋਂ ਵੱਖ ਹੋਈਆਂ ਸਭ ਪਾਰਟੀਆਂ ਮੁੜ ਕਾਂਗਰਸ ਪਾਰਟੀ ਵਿਚ ਰਲ ਸਕਦੀਆਂ ਹਨ। ਮਤਲਬ ਤ੍ਰਿਣਮੂਲ ਕਾਂਗਰਸ, ਐਨ.ਸੀ.ਪੀ. ਸ਼ਰਦ ਪਵਾਰ ਅਤੇ ਜਗਨ ਮੋਹਨ ਰੈਡੀ ਦੀ ਵਾਈ.ਐਸ.ਆਰ. ਕਾਂਗਰਸ ਇਸ ਬਦਲ 'ਤੇ ਵਿਚਾਰ ਕਰ ਸਕਦੀਆਂ ਹਨ। ਦੂਜਾ, ਸਮਾਜਵਾਦੀ ਵਿਚਾਰਧਾਰਾ ਤੋਂ ਉੱਭਰੀਆਂ ਪਾਰਟੀਆਂ ਇਕ ਏਕੀਕ੍ਰਿਤ ਜਨਤਾ ਦਲ (ਜਨਤਾ ਦਲ) ਬਣਾਉਣ 'ਤੇ ਵਿਚਾਰ ਕਰਦੀਆਂ ਹਨ, ਤਾਂ ਅਖਿਲੇਸ਼ ਯਾਦਵ ਦੀ ਸਮਾਜਵਾਦੀ ਪਾਰਟੀ, ਤੇਜਸਵੀ ਯਾਦਵ ਦੀ ਆਰ.ਜੇ.ਡੀ., ਨਵੀਨ ਪਟਨਾਇਕ ਦੀ ਬੀ.ਜੇ.ਡੀ. ਅਤੇ ਨਿਤਿਸ਼ ਕੁਮਾਰ ਦੀ ਜਨਤਾ ਦਲ (ਯੂਨਾਈਟਿਡ) ਇਸ ਵਿਚ ਇਕਜੁੱਟ ਹੋ ਸਕਦੀਆਂ ਹਨ।

ਇਹ ਬਦਲ ਮੁਸ਼ਕਿਲ ਹੈ, ਪਰ ਅਸੰਭਵ ਨਹੀਂ ਹੈ। ਵਿਰੋਧੀ ਧਿਰ ਸੌੜੀ ਸੋਚ ਤੋਂ ਉੱਪਰ ਉੱਠ ਕੇ ਲੋਕਤੰਤਰ ਤੇ ਸੰਵਿਧਾਨ ਦੀ ਰੱਖਿਆ ਕਰਨ ਦਾ ਸੰਕਲਪ ਲੈ ਸਕਦੀ ਹੈ। ਜੇ 1970 ਦੇ ਦਹਾਕੇ ਦੇ ਮੱਧ ਵਿਚ ਜਨ ਸੰਘ ਵਰਗੀ ਹਿੰਦੂਤਵੀ ਪਾਰਟੀ, ਸਮਾਜਵਾਦੀ ਤੇ ਕਾਂਗਰਸ ਤੋਂ ਵੱਖ ਹੋਏ ਧੜਿਆਂ ਨੇ ਆਪਣੀ ਹੋਂਦ ਖ਼ਤਮ ਕਰਕੇ ਜਨਤਾ ਪਾਰਟੀ ਵਿਚ ਰਲੇਂਵਾ ਕੀਤਾ ਸੀ ਤਾਂ ਕਾਂਗਰਸ ਤੇ ਜਨਤਾ ਦਲ ਤੋਂ ਵੱਖ ਹੋਈਆਂ ਪਾਰਟੀਆਂ ਅੱਜ ਅਜਿਹਾ ਕਿਉਂ ਨਹੀਂ ਕਰ ਸਕਦੀਆਂ ? ਅਸਾਧਾਰਨ ਹਾਲਾਤ ਹੀ ਅਸਾਧਾਰਨ ਫ਼ੈਸਲੇ ਲੈਣ ਦੀ ਮੰਗ ਕਰਦੇ ਹਨ। ਕੀ ਅੱਜ ਵਿਰੋਧੀ ਧਿਰ ਅਸਾਧਾਰਨ ਫ਼ੈਸਲੇ ਲੈਣ ਲਈ ਤਿਆਰ ਹੈ ?

# ਦੇਸ਼ ਭਰ 'ਚੋਂ ਪੰਜਾਬ ਵਿੱਚ ਇਲਾਜ ਸਭ ਤੋਂ ਮਹਿੰਗਾ; ਕੌਮੀ ਔਸਤ ਨਾਲੋਂ ਦੁੱਗਣੀ ਮਾਰ ਹੇਠ ਆਏ ਪੰਜਾਬੀ

**ਕਮਲਜੀਤ ਸਿੰਘ**



ਮਨੁੱਖ ਮੁੱਢ ਕਦੀਮ ਤੋਂ ਆਪਣੀ ਸਿਹਤ ਪ੍ਰਤੀ ਜਾਗਰੂਕ ਰਿਹਾ ਹੈ। ਤੰਦਰੁਸਤੀ ਸਭ ਤੋਂ ਵੱਡੀ ਨਿਆਮਤ ਹੈ, ਇਸੇ ਲਈ ਕਿਹਾ ਜਾਂਦਾ ਹੈ ਕਿ ਦੌਲਤ ਗਈ ਤਾਂ ਕੁਝ ਨਹੀਂ ਗਿਆ ਪਰ ਤੰਦਰੁਸਤੀ ਗਈ ਤਾਂ ਸਮਝੋ ਸਭ ਕੁਝ ਹੱਥੋਂ ਚਲਾ ਗਿਆ ਕਿਉਂਕਿ ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਮਨ ਦਾ ਨਿਵਾਸ ਹੁੰਦਾ ਹੈ। ਭਾਵੇਂ ਸਰਕਾਰਾਂ ਮਨੁੱਖੀ ਸਿਹਤ ਨੂੰ ਪਹਿਲ ਦੇਣ ਦੇ ਦਾਅਵੇ ਤੇ ਵਾਅਦੇ ਕਰਦੀਆਂ ਰਹਿੰਦੀਆਂ ਹਨ, ਪਰ ਇਹ ਫੋਕੇ ਨਾਅਰਿਆਂ ਤੋਂ ਵੱਧ ਕੁਝ ਨਹੀਂ ਹੈ।

ਨੈਸ਼ਨਲ ਸਟੈਟਿਕਸ ਆਫ਼ਿਸ ਵਲੋਂ ਦਸੰਬਰ 2025 'ਚ ਕਰਵਾਏ ਗਏ 'ਸਰਵੇ ਆਨ ਹਾਊਸਹੋਲਡ ਸੋਸ਼ਲ ਕੰਜਪਸ਼ਨ ਹੈਲਥ' ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਦੇਸ਼ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ ਇਲਾਜ ਸਭ ਤੋਂ ਵੱਧ ਮਹਿੰਗਾ ਹੈ। ਪੰਜਾਬ ਵਿਚ ਜਣੇਪੇ ਦਾ ਖ਼ਰਚਾ ਦੂਜੇ ਸੂਬਿਆਂ ਦੇ ਮੁਕਾਬਲੇ 50 ਫ਼ੀਸਦੀ ਤੋਂ ਵੀ ਵੱਧ ਹੈ। ਰਿਪੋਰਟ ਮੁਤਾਬਿਕ ਪੰਜਾਬ ਵਿਚ ਬੱਚੇ ਨੂੰ ਜਨਮ ਦੇਣ ਵੇਲੇ ਹਸਪਤਾਲ ਦਾ ਔਸਤ ਖ਼ਰਚਾ 35,703 ਰੁਪਏ ਹੈ, ਜਦੋਂ ਕਿ ਹਿਮਾਚਲ ਪ੍ਰਦੇਸ਼ ਵਿਚ ਇਹ ਸਿਰਫ਼ 18,814 ਰੁਪਏ ਹੈ।

ਪੰਜਾਬ ਦੇ ਸਰਕਾਰੀ ਹਸਪਤਾਲਾਂ 'ਚ ਕਿਸੇ ਵੀ ਇਲਾਜ ਦਾ ਖ਼ਰਚਾ ਕੌਮੀ ਔਸਤ ਨਾਲੋਂ ਲਗਭਗ ਦੁੱਗਣਾ ਹੈ। ਪੰਜਾਬ 'ਚ ਡਾਕਟਰ ਦੀ ਇਕ ਗੇੜੇ ਦੀ ਫ਼ੀਸ ਔਸਤ 1,158 ਰੁਪਏ, ਹਿਮਾਚਲ ਪ੍ਰਦੇਸ਼ 'ਚ 1,146 ਰੁਪਏ ਤੇ ਹਰਿਆਣਾ 'ਚ 1,064 ਰੁਪਏ ਹੈ, ਜਦਕਿ ਕੌਮੀ ਪੱਧਰ 'ਤੇ ਇਹ ਫ਼ੀਸ ਸਿਰਫ਼ 884 ਪ੍ਰਤੀ ਵਿਜ਼ਟ ਹੈ। ਸ਼ਹਿਰੀ ਖੇਤਰਾਂ ਦੀ ਗੱਲ ਛੱਡੋ, ਪੰਜਾਬ ਦੇ ਪੇਂਡੂ ਖੇਤਰ ਵਿਚ ਵੀ ਇਲਾਜ ਦੂਜੇ ਸੂਬਿਆਂ ਨਾਲੋਂ ਮਹਿੰਗਾ ਹੈ। ਦੇਸ਼ ਵਿਚ ਕਿਸੇ ਬਿਮਾਰੀ ਦੇ ਇਲਾਜ ਲਈ ਔਸਤਨ ਖ਼ਰਚ 6,905 ਰੁਪਏ ਹੈ, ਜੋ ਪੰਜਾਬ ਦੇ ਪੇਂਡੂ ਖੇਤਰਾਂ 'ਚ ਲੱਗਭੱਗ 15,464 ਰੁਪਏ ਪੈਂਦਾ ਹੈ। ਜਿਹੜੀਆਂ ਬਿਮਾਰੀਆਂ ਲਈ ਹਸਪਤਾਲ ਵਿਚ ਦਾਖ਼ਲ ਹੋਣ ਦੀ ਲੋੜ ਨਹੀਂ ਹੁੰਦੀ, ਉਨ੍ਹਾਂ ਦਾ ਖਰਚ ਵੀ ਕੌਮੀ ਔਸਤ ਨਾਲੋਂ ਲਗਭਗ ਦੁੱਗਣਾ ਹੈ।

ਇਸ ਰਿਪੋਰਟ ਵਿਚ ਅਹਿਮ ਜਾਣਕਾਰੀ ਸਾਂਝੀ ਕੀਤੀ ਗਈ ਹੈ ਕਿ ਪੰਜਾਬ ਵਿਚ ਸਰਕਾਰੀ ਹਸਪਤਾਲਾਂ ਦੀ ਗਿਣਤੀ 12,200 ਹੈ, ਜਦਕਿ ਚੈਰੀਟੇਬਲ ਭਾਵ ਦਾਨੀ ਸੱਜਣਾਂ ਵਲੋਂ 35,210 ਹਸਪਤਾਲ ਚਲਾਏ ਜਾ ਰਹੇ ਹਨ ਅਤੇ ਇਨ੍ਹਾਂ ਤੋਂ ਇਲਾਵਾ 45,080 ਪ੍ਰਾਈਵੇਟ ਹਸਪਤਾਲ ਹਨ। ਪੰਜਾਬ ਵਿਚ 23 ਜ਼ਿਲ੍ਹਾ ਹਸਪਤਾਲ ਹਨ, ਪਰ ਇਨ੍ਹਾਂ 'ਚੋਂ ਕੋਈ ਵੀ 500 ਬੈੱਡਾਂ ਦੀ ਸ਼ਰਤ ਪੂਰੀ ਨਹੀਂ ਕਰਦਾ। ਸੂਬੇ ਵਿਚ ਆਬਾਦੀ ਦੇ ਹਿਸਾਬ ਨਾਲ 1,150 ਮੁੱਢਲੇ ਸਿਹਤ ਕੇਂਦਰ ਹੋਣੇ ਚਾਹੀਦੇ ਹਨ, ਜਦਕਿ ਸੂਬੇ 'ਚ ਇਹ ਗਿਣਤੀ ਪੌਣੇ 400 ਦੇ ਕਰੀਬ ਹੈ ਤੇ ਇਨ੍ਹਾਂ ਵਿਚ 24 ਘੰਟੇ ਸੇਵਾਵਾਂ ਵੀ ਉਪਲਬੱਧ ਨਹੀਂ ਹਨ। ਸਰਕਾਰੀ ਹਸਪਤਾਲਾਂ ਵਿਚ ਮਾਹਿਰਾਂ ਦੀਆਂ 1,873 ਆਸਾਮੀਆਂ 'ਚੋਂ 400 ਤੋਂ ਵੱਧ ਖਾਲੀ ਹਨ। ਇਸੇ ਤਰ੍ਹਾਂ ਸੂਬੇ ਵਿਚ 3,350 ਮੈਡੀਕਲ ਅਫਸਰਾਂ ਦੀ ਲੋੜ ਹੈ, ਜਦਕਿ 2,200 ਨਾਲ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ ਦੇ ਸਰਕਾਰੀ ਹਸਪਤਾਲਾਂ 'ਚ ਗੁਰਦਿਆਂ ਦੇ ਮਾਹਰ ਤੇ ਦਿਲ ਦੇ ਸਰਜਨ ਨਹੀਂ ਹਨ। ਮਰੀਜ਼ਾਂ ਨੂੰ ਬੇਹੋਸ਼ ਕਰਨ ਵਾਲਿਆਂ ਦੀਆਂ ਵੀ 80 ਫ਼ੀਸਦੀ ਅਸਾਮੀਆਂ ਖਾਲੀ ਪਈਆਂ ਹਨ।

ਇਸ ਸਰਵੇ ਅਨੁਸਾਰ ਪੰਜਾਬ ਵਿਚ ਜਣੇਪੇ 'ਤੇ ਔਸਤਨ 21,826 ਖਰਚ ਆਉਂਦਾ ਹੈ, ਜਦਕਿ ਦੇਸ਼ ਵਿਚ ਇਹ ਔਸਤ 14,775 ਰੁਪਏ ਹੈ। ਇਕ ਹੋਰ ਦਿਲਚਸਪ ਗੱਲ ਸਾਹਮਣੇ ਆਈ ਹੈ ਕਿ ਇਲਾਜ ਤੋਂ ਇਲਾਵਾ ਖਾਣੇ ਸਮੇਤ ਹੋਰ ਖਰਚੇ ਪਾ ਕੇ ਪੰਜਾਬ ਦੇ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਇਲਾਜ ਲਈ 42,319 ਦੇਣੇ ਪੈਂਦੇ ਹਨ, ਜਦਕਿ ਹੋਰ ਸੂਬਿਆਂ ਵਿਚ ਇਹ ਖਰਚਾ 40,463 ਰੁਪਏ ਹੈ। ਮਤਲਬ ਹਸਪਤਾਲ ਮਰੀਜ਼ਾਂ ਦੇ ਖਾਣੇ 'ਚੋਂ ਵੀ ਮੁਨਾਫ਼ਾ ਕਮਾ ਰਹੇ ਹਨ। ਹੈਰਾਨੀ ਦੀ ਗੱਲ ਇਹ ਕਿ ਪੰਜਾਬ ਦੇ ਪੇਂਡੂ ਖੇਤਰ ਦੇ 53.7 ਫ਼ੀਸਦੀ ਮਰੀਜ਼ ਪ੍ਰਾਈਵੇਟ ਡਾਕਟਰਾਂ 'ਤੇ ਭਰੋਸਾ ਕਰਦੇ ਹਨ ਅਤੇ ਸਿਰਫ਼ 15.8 ਫ਼ੀਸਦੀ ਮਰੀਜ਼ ਸਰਕਾਰੀ ਡਾਕਟਰਾਂ 'ਤੇ ਭਰੋਸਾ ਕਰਦੇ ਹਨ। ਸ਼ਹਿਰੀ ਖੇਤਰ ਦੇ 47.7 ਫੀਸਦੀ ਲੋਕ ਪ੍ਰਾਈਵੇਟ ਹਸਪਤਾਲਾਂ 'ਤੇ 37.9 ਫ਼ੀਸਦੀ ਸਰਕਾਰੀ ਹਸਪਤਾਲਾਂ 'ਤੇ ਭਰੋਸਾ ਰੱਖਦੇ ਹਨ।

ਪੰਜਾਬ ਦੀ 14.4 ਫ਼ੀਸਦੀ ਆਬਾਦੀ ਇਲਾਜ ਲਈ ਮਹੀਨੇ ਵਿਚ ਦੋ ਵਾਰ ਡਾਕਟਰਾਂ ਕੋਲ ਜਾਂਦੀ ਹੈ, ਜਦਕਿ ਕੌਮੀ ਔਸਤ 13.1 ਫ਼ੀਸਦੀ ਹੈ। ਦੇਸ਼ ਦੀ 60 ਸਾਲ ਤੋਂ ਵੱਧ ਉਮਰ ਦੀ 42 ਫ਼ੀਸਦੀ ਆਬਾਦੀ ਬਜ਼ੁਰਗ ਉਮਰ ਦੀਆਂ ਬਿਮਾਰੀਆਂ ਨਾਲ ਜੂਝ ਰਹੀ ਹੈ। ਪੰਜਾਬ ਦੇ 1000 ਬਜ਼ੁਰਗਾਂ 'ਚੋਂ 35 ਸਾਲ ਵਿਚ ਇਕ ਵਾਰ ਹਸਪਤਾਲ ਜਾਂਦੇ ਹਨ, ਕੌਮੀ ਪੱਧਰ 'ਤੇ ਇਹ ਔਸਤ 29 ਹੈ। ਪੰਜਾਬ ਵਿਚ ਇਕ ਵਾਰ ਹਸਪਤਾਲ 'ਚ ਇਲਾਜ ਲਈ ਜਾਣ ਦਾ ਖਰਚਾ 33,717 ਰੁਪਏ ਹੈ, ਜਦਕਿ ਹਰਿਆਣਾ ਵਿਚ ਇਹ ਸਿਰਫ਼ 18,814 ਰੁਪਏ ਹੈ।

ਪੰਜਾਬ ਸਰਕਾਰ ਨੇ ਇਸ ਵਾਰ ਆਪਣੇ ਬਜਟ ਵਿਚ 6,879 ਕਰੋੜ ਰੁਪਏ ਸਿਹਤ ਲਈ ਰੱਖੇ ਹਨ, ਜੋ ਪਿਛਲੇ ਸਾਲ ਨਾਲੋਂ 10 ਫ਼ੀਸਦੀ ਜ਼ਿਆਦਾ ਹਨ। ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ ਹਰ ਸਾਲ 59 ਲੱਖ ਮਰੀਜ਼ ਇਲਾਜ ਲਈ ਜਾਂਦੇ ਹਨ, ਸੂਬੇ 'ਚ ਚੱਲ ਰਹੇ 881 ਆਮ ਆਦਮੀ ਕਲੀਨਿਕਾਂ ਵਿਚ ਸਵਾ 4 ਕਰੋੜ ਮਰੀਜ਼ ਇਲਾਜ ਲਈ ਗਏ ਹਨ। ਫਿਰ ਵੀ ਸਰਕਾਰੀ ਸਿਹਤ ਸੇਵਾਵਾਂ ਵਿਚ ਹੋਰ ਸੁਧਾਰ ਦੀ ਲੋੜ ਹੈ। ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਤੇ ਹੋਰ ਮੁੱਢਲੀਆਂ ਸਿਹਤ ਸਹੂਲਤਾਂ ਦੀ ਘਾਟ ਹੋਣ ਕਾਰਨ ਆਮ ਲੋਕਾਂ ਦਾ ਇਨ੍ਹਾਂ 'ਤੇ ਭਰੋਸਾ ਨਾ ਹੋਣ ਕਰਕੇ ਬਹੁਤੇ ਮਰੀਜ਼ ਪ੍ਰਾਈਵੇਟ ਮਹਿੰਗੇ ਹਸਪਤਾਲਾਂ ਵਿਚ ਇਲਾਜ ਕਰਾਉਣ ਨੂੰ ਤਰਜੀਹ ਦੇ ਰਹੇ ਹਨ।

ਪ੍ਰਾਈਵੇਟ ਹਸਪਤਾਲਾਂ ਦੀ ਓ.ਪੀ.ਡੀ. ਸਰਕਾਰੀ ਹਸਪਤਾਲਾਂ ਨਾਲੋਂ ਕਈ ਗੁਣਾ ਵੱਧ ਹੈ, ਜਦਕਿ ਆਈ.ਪੀ.ਡੀ. ਵਿਚ ਸਰਕਾਰੀ ਹਸਪਤਾਲ ਅੱਗੇ ਹਨ। ਦਰਅਸਲ ਸਿਹਤ ਤੇ ਸਿੱਖਿਆ ਖੇਤਰ ਨੂੰ ਸੱਚਮੁੱਚ ਪਹਿਲ ਦੇ ਅਧਾਰ 'ਤੇ ਲੈਣ ਦੀ ਲੋੜ ਹੈ। ਸੂਬੇ 'ਚ ਕਿਸੇ ਵੀ ਪਾਰਟੀ ਦੀ ਸਰਕਾਰ ਰਹੀ ਹੋਵੇ, ਪਰ ਪੰਜਾਬੀਆਂ ਦੀ ਸਿਹਤ ਕਦੇ ਵੀ ਏਜੰਡੇ 'ਤੇ ਨਹੀਂ ਰਹੀ। ਸੂਬਾ ਸਰਕਾਰ ਵਲੋਂ ਐਲਾਨੀ ਗਈ 'ਪੰਜਾਬ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਦੀ 10 ਲੱਖ ਰੁਪਏ ਪ੍ਰਤੀ ਪਰਿਵਾਰ ਮੁਫ਼ਤ ਇਲਾਜ ਦੀ ਸਹੂਲਤ ਦੀ ਤਸਵੀਰ ਅਜੇ ਸਪੱਸ਼ਟ ਹੋਣੀ ਬਾਕੀ ਹੈ। ਜੇਕਰ ਇਸ ਯੋਜਨਾ ਵਿਚ ਵੀ ਕੋਈ ਘਾਲਾਮਾਲਾ ਹੋਇਆ ਤਾਂ ਪੰਜਾਬੀਆਂ ਦਾ ਆਪਣੇ ਹਾਕਮਾਂ 'ਤੇ ਰਹਿੰਦਾ-ਖੂੰਹਦਾ ਭਰੋਸਾ ਵੀ ਤਿੜਕ ਜਾਵੇਗਾ।

## ਅਮਰੀਕਾ 'ਚ ਗ੍ਰੀਨ ਕਾਰਡ ਧਾਰਕਾਂ ਲਈ ਵੱਡੀ ਮੁਸੀਬਤ, ਦੇਸ਼ ਨਿਕਾਲਾ ਦੇਣਾ ਹੋਇਆ ਹੋਰ ਵੀ ਸੌਖਾ

ਵਾਸ਼ਿੰਗਟਨ ਡੀਸੀ-ਅਮਰੀਕਾ ਵਿੱਚ ਰਹਿ ਰਹੇ ਗ੍ਰੀਨ ਕਾਰਡ ਧਾਰਕਾਂ (ਸਥਾਈ ਨਿਵਾਸੀਆਂ) ਲਈ ਇੱਕ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਸੁਪਰੀਮ ਕੋਰਟ ਨੇ ਇੱਕ ਇਤਿਹਾਸਕ ਅਤੇ ਵੱਡਾ ਫੈਸਲਾ ਸੁਣਾਉਂਦਿਆਂ ਸਰਹੱਦੀ ਅਧਿਕਾਰੀਆਂ ਲਈ ਅਜਿਹੇ ਗ੍ਰੀਨ ਕਾਰਡ ਧਾਰਕਾਂ ਨੂੰ ਦੇਸ਼ ਨਿਕਾਲਾ ਦੇਣ ਦੀ ਪ੍ਰਕਿਰਿਆ ਨੂੰ ਬੇਹੱਦ ਸੌਖਾ ਕਰ ਦਿੱਤਾ ਹੈ, ਜਿਨ੍ਹਾਂ 'ਤੇ "ਨੈਤਿਕ ਗਿਰਾਵਟ" ਨਾਲ ਜੁੜੇ ਅਪਰਾਧਾਂ ਦੇ ਦੋਸ਼ ਹਨ। ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਹੁਣ ਅਮਰੀਕੀ ਸਰਹੱਦੀ ਸੁਰੱਖਿਆ ਅਧਿਕਾਰੀਆਂ ਨੂੰ ਸ਼ੱਕੀ ਵਿਅਕਤੀਆਂ ਵਿਰੁੱਧ ਕਾਰਵਾਈ ਕਰਨ ਦੀਆਂ ਵੱਡੀਆਂ ਤਾਕਤਾਂ ਮਿਲ ਗਈਆਂ ਹਨ।

6-3 ਦੇ ਬਹੁਮਤ ਨਾਲ ਜੱਜ ਨੇ ਸੁਣਾਇਆ ਫੈਸਲਾ-ਅਮਰੀਕੀ ਜਸਟਿਸ ਕਲੇਰੈਂਸ ਥਾਮਸ ਨੇ 6-3 ਦੇ ਬਹੁਮਤ ਨਾਲ ਇਹ ਫੈਸਲਾ ਸੁਣਾਇਆ ਹੈ। ਆਪਣੇ ਫੈਸਲੇ ਵਿੱਚ ਜੱਜ ਨੇ ਸਪੱਸ਼ਟ ਕੀਤਾ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਹੁਣ ਕਿਸੇ ਗ੍ਰੀਨ ਕਾਰਡ ਧਾਰਕ ਦੀ ਅਮਰੀਕਾ ਵਿੱਚ ਐਂਟਰੀ (ਦਾਖਲਾ) ਰੋਕਣ ਲਈ ਕਿਸੇ "ਸਪੱਸ਼ਟ ਸਬੂਤ" ਦੀ ਲੋੜ ਨਹੀਂ ਹੋਵੇਗੀ। ਜੇਕਰ ਅਧਿਕਾਰੀਆਂ ਨੂੰ ਸਿਰਫ਼ ਇਹ ਲੱਗਦਾ ਹੈ ਜਾਂ ਸ਼ੱਕ ਹੁੰਦਾ ਹੈ ਕਿ ਕੋਈ ਅਪਰਾਧ ਹੋਇਆ ਹੈ, ਤਾਂ ਉਹ ਬਿਨਾਂ ਕਿਸੇ ਝਿਜਕ ਦੇ ਕਾਰਵਾਈ ਕਰ ਸਕਦੇ ਹਨ। ਜਸਟਿਸ ਥਾਮਸ ਮੁਤਾਬਕ, ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਵਿੱਚ ਇਸ ਲਈ ਪੁਖ਼ਤਾ ਸਬੂਤਾਂ ਦੀ ਕੋਈ ਲੋੜ ਨਹੀਂ ਦੱਸੀ ਗਈ ਹੈ।

ਕੀ ਹੈ ਪੂਰਾ ਮਾਮਲਾ?-ਇਹ ਪੂਰਾ ਮਾਮਲਾ ਚੀਨੀ ਮੂਲ ਦੇ ਇੱਕ ਗ੍ਰੀਨ ਕਾਰਡ ਧਾਰਕ ਮੁਕ ਚੋਈ ਲਾਊ ਨਾਲ ਜੁੜਿਆ ਹੋਇਆ ਹੈ। ਲਾਊ ਕੋਲ ਅਮਰੀਕਾ ਦੀ ਸਥਾਈ ਨਿਵਾਸ ਯੋਗਤਾ (ਗ੍ਰੀਨ ਕਾਰਡ) ਸੀ। ਸਾਲ 2012 ਵਿੱਚ ਜਦੋਂ ਉਹ ਚੀਨ ਤੋਂ ਵਾਪਸ ਅਮਰੀਕਾ ਆ ਰਿਹਾ ਸੀ, ਤਾਂ ਨਿਊਯਾਰਕ ਦੇ ਜੌਨ ਐਫ. ਕੈਨੇਡੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਸ 'ਤੇ ਟ੍ਰੇਡਮਾਰਕ ਵਿੱਚ ਜਾਅਲਸਾਜ਼ੀ ਦੇ ਦੋਸ਼ ਹੇਠ ਦਾਖਲੇ 'ਤੇ ਰੋਕ ਲਗਾ ਦਿੱਤੀ ਗਈ। ਹਾਲਾਂਕਿ, ਉਸ ਸਮੇਂ ਉਸ ਨੂੰ ਕੁਝ ਸ਼ਰਤਾਂ ਤਹਿਤ ਐਂਟਰੀ ਦੇ ਦਿੱਤੀ ਗਈ ਸੀ। ਬਾਅਦ ਵਿੱਚ ਲਾਊ ਨੇ ਜਾਅਲੀ ਕਰੰਸੀ ਨਾਲ ਜੁੜੇ ਦੋਸ਼ਾਂ ਨੂੰ ਵੀ ਸਵੀਕਾਰ ਕਰ ਲਿਆ, ਜਿਸ ਤੋਂ ਬਾਅਦ ਇਮੀਗ੍ਰੇਸ਼ਨ ਵਿਭਾਗ ਵੱਲੋਂ ਉਸ ਨੂੰ ਦੇਸ਼ ਨਿਕਾਲੇ ਦਾ ਹੁਕਮ ਸੁਣਾਇਆ ਗਿਆ। ਲਾਊ ਨੇ ਇਸ ਫੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਦਿੰਦਿਆਂ ਦਲੀਲ ਦਿੱਤੀ ਸੀ ਕਿ ਉਸ ਦਾ ਅਪਰਾਧ 'ਨੈਤਿਕ ਪਤਨ' ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ। ਸੁਪਰੀਮ ਕੋਰਟ ਦੇ ਤਿੰਨ ਜੱਜਾਂ ਨੇ ਲਾਊ ਦੇ ਦੇਸ਼ ਨਿਕਾਲੇ ਅਤੇ ਇਸ ਫੈਸਲੇ ਦਾ ਵਿਰੋਧ ਵੀ ਕੀਤਾ ਹੈ। ਵਿਰੋਧ ਕਰਨ ਵਾਲੇ ਜੱਜਾਂ ਵਿੱਚੋਂ ਇੱਕ, ਜਸਟਿਸ ਜੈਕਸਨ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ: "ਇਸ ਫੈਸਲੇ ਰਾਹੀਂ ਅਦਾਲਤ ਨੇ ਸਰਕਾਰ ਨੂੰ ਇੱਕ ਖੁੱਲ੍ਹੀ ਛੋਟ ਦੇ ਦਿੱਤੀ ਹੈ, ਜਿਸ ਦੀ ਭਵਿੱਖ ਵਿੱਚ ਦੁਰਵਰਤੋਂ ਹੋਣ ਦਾ ਖ਼ਤਰਾ ਹੈ।"ਇਸ ਨਵੇਂ ਕਾਨੂੰਨੀ ਮੋੜ ਤੋਂ ਬਾਅਦ, ਉਹਨਾਂ ਸਾਰੇ ਗ੍ਰੀਨ ਕਾਰਡ ਧਾਰਕਾਂ ਲਈ ਵਿਦੇਸ਼ ਯਾਤਰਾ ਕਰਕੇ ਅਮਰੀਕਾ ਵਾਪਸ ਪਰਤਣਾ ਬੇਹੱਦ ਜੋਖਮ ਭਰਿਆ ਹੋ ਸਕਦਾ ਹੈ, ਜੋ ਕਿਸੇ ਵੀ ਛੋਟੇ ਜਾਂ ਸ਼ੱਕੀ ਅਪਰਾਧਿਕ ਮਾਮਲੇ ਵਿੱਚ ਫਸੇ ਹੋਏ ਹਨ। ਹੁਣ ਅਜਿਹੇ ਲੋਕਾਂ ਨੂੰ ਪੋਰਟ ਆਫ ਐਂਟਰੀ (ਹਵਾਈ ਅੱਡਿਆਂ ਜਾਂ ਸਰਹੱਦਾਂ) 'ਤੇ ਹੀ ਰੋਕਿਆ ਜਾ ਸਕੇਗਾ।

# ਬਾਕਸ ’ਤੇ ਫ਼ਲਾਪ, ਪਰ ਯਾਦਾਂ ਦੇ ਇਤਿਹਾਸ ’ਤੇ ਮਾਸਟਰਕਲਾਸ ਹੈ ਇਮਤਿਆਜ਼ ਅਲੀ ਦੀ ‘ਮੈਂ ਵਾਪਸ ਆਊਂਗਾ’

**✪ ਇਹ ਸਿਰਫ਼ ਵੰਡ ਦੀ ਕਹਾਣੀ ਨਹੀਂ, ਬੁਢਾਪੇ ਵਿਚ ਦਮ ਤੋੜਦੀਆਂ ਯਾਦਾਂ ਦਾ ਦਰਦ ਹੈ ✪ ਵੰਡ ਦੇ ਅਣਸੁਲਝੇ ਸਦਮੇ ਦੀ ਪਰਤਾਂ ਖੋਲ੍ਹਦੀ ਫ਼ਿਲਮ ‘ਮੈਂ ਵਾਪਸ ਆਊਂਗਾ’ ✪ ਆਪਣੀਆਂ ਹੀ ਧੀਆਂ ਦੇ ਸਿਰ ਕਲਮ ਕਰਨ ਦੀ ਉਹ ਖ਼ੌਫ਼ਨਾਕ ਰਾਤ: ਇਤਿਹਾਸ ਦੀ ਸਭ ਤੋਂ ਕੌੜੀ ਹਕੀਕਤ**



## ਖ਼ਬਰਨਾਮਾ

ਮਸ਼ਹੂਰ ਫਿਲਮ ਨਿਰਦੇਸ਼ਕ ਇਮਤਿਆਜ਼ ਅਲੀ ਦੀ ਨਵੀਂ ਫਿਲਮ ‘ਮੈਂ ਵਾਪਸ ਆਊਂਗਾ’ ਬਾਕਸ ਆਫਿਸ ’ਤੇ ਭਾਵੇਂ ਫਲਾਪ ਹੋ ਗਈ ਹੋਵੇ, ਪਰ ਇਸ ਨੂੰ ਸਿਰਫ਼ ਕਮਾਈ ਦੇ ਨਜ਼ਰੀਏ ਤੋਂ ਦੇਖਣਾ ਇਸ ਨਾਲ ਬੇਇਨਸਾਫ਼ੀ ਹੋਵੇਗੀ। ਇਹ ਫਿਲਮ ਭਾਰਤ-ਪਾਕਿਸਤਾਨ ਦੀ ਵੰਡ ’ਤੇ ਬਣੀਆਂ ਆਮ ਫਿਲਮਾਂ ਵਰਗੀ ਨਹੀਂ ਹੈ, ਸਗੋਂ ਇਹ ਇਸ ਗੱਲ ਦੀ ਇੱਕ ਖਿੜਕੀ ਹੈ ਕਿ ਇਨਸਾਨੀ ਯਾਦਾਂ ਕਿਵੇਂ ਕੰਮ ਕਰਦੀਆਂ ਹਨ। ਇਹ ਫਿਲਮ ‘ਮੈਮੋਰੀ ਸਟੱਡੀਜ਼’ (ਯਾਦਾਂ ਦੇ ਅਧਿਐਨ) ਦੇ ਖੇਤਰ ਵਿੱਚ ਇੱਕ ਬਿਹਤਰੀਨ ਮਿਸਾਲ ਹੈ।

ਫਿਲਮ ਵਿੱਚ ਮੁੱਖ ਪਾਤਰ ‘ਕੀਨੂ’ ਦਾ ਕਿਰਦਾਰ ਦਿੱਗਜ ਅਦਾਕਾਰ ਨਸੀਰੁਦੀਨ ਸ਼ਾਹ ਨੇ ਨਿਭਾਇਆ ਹੈ, ਜੋ ਬੁਢਾਪੇ ਵਿੱਚ ਡਿਮੈਂਸ਼ੀਆ (ਯਾਦਦਾਸ਼ਤ ਜਾਣ ਦੀ ਬੀਮਾਰੀ) ਨਾਲ ਜੂਝ ਰਿਹਾ ਹੈ। ਇਮਤਿਆਜ਼ ਅਲੀ ਨੇ ਬਹੁਤ ਬਾਰੀਕੀ ਨਾਲ ਦਿਖਾਇਆ ਹੈ ਕਿ ਕਿਵੇਂ ਵੰਡ ਦਾ ਦਰਦ ਹੰਢਾਉਣ ਵਾਲੀ ਪੀੜ੍ਹੀ ਅੱਜ ਬੁਢਾਪੇ ਵਿੱਚ ਬਿਖਰੀਆਂ ਹੋਈਆਂ ਯਾਦਾਂ ਅਤੇ ਅਣਸੁਲਝੇ ਮਾਨਸਿਕ ਸਦਮੇ ਨਾਲ ਜੀ ਰਹੀ ਹੈ।

ਇਸ ਫਿਲਮ ਵਿੱਚ ਇੱਕੋ ਸਮੇਂ ਵੰਡ ਦੇ ਖ਼ੌਫ਼ਨਾਕ ਮੰਜ਼ਰ, ਸਰਗੋਧਾ ਦੀਆਂ ਗਲੀਆਂ, ਬਚਪਨ ਦਾ ਪਿਆਰ ਅਤੇ ਬੁਢਾਪੇ ਦੀ ਬੜਬੜਾਹਟ ਵਿੱਚ ‘ਮੰਗਲ ਗ੍ਰਹਿ ਦੇ ਲੋਕ’ ਜਾਂ ‘ਰੌਕੇਟ ਲੈਂਡਿੰਗ’ ਵਰਗੀਆਂ ਅਜੀਬ ਗੱਲਾਂ ਆਪਸ ਵਿੱਚ ਉਲਝੀਆਂ ਹੋਈਆਂ ਦਿਖਾਈਆਂ ਗਈਆਂ ਹਨ। ਇਹ ਦੇਸ਼ ਦੀ ਵੰਡ ਦੀ ਸਿਆਸਤ ਨੂੰ ਨਹੀਂ, ਬਲਕਿ ਇੱਕ ਵਿਅਕਤੀ ਦੇ ਨਿੱਜੀ ਜੀਵਨ ’ਤੇ ਪਏ ਉਸ ਦੇ ਅਸਰ ਨੂੰ ਬਿਆਨ ਕਰਦਾ ਹੈ।

ਫ਼ਿਲਮ ਦਾ ਅਸਲ ਦੁਖਾਂਤ ਸਿਰਫ਼ ਜ਼ਮੀਨ ਦਾ ਖੁੱਸਣਾ ਜਾਂ ਪਾਕਿਸਤਾਨ ਤੋਂ ਭੱਜਣਾ ਨਹੀਂ ਹੈ, ਸਗੋਂ ਇਸ ਦੇ ਦੁਖਾਂਤ ਦੇ ਤਿੰਨ ਮੁੱਖ ਪਹਿਲੂ ਹਨ: ਔਰਤਾਂ ’ਤੇ ਹੋਇਆ ਜ਼ੁਲਮ: ਫ਼ਿਲਮ ਦਾ ਸਭ ਤੋਂ ਵੱਡਾ ਅਤੇ ਖ਼ੌਫ਼ਨਾਕ ਦੁਖਾਂਤ ਉਹ ਮੰਜ਼ਰ ਹੈ ਜਿੱਥੇ ਭੀੜ ਦੀ ਦਰਿੰਦਗੀ ਅਤੇ ਜਬਰ-ਜ਼ਨਾਹ ਤੋਂ ਬਚਾਉਣ ਲਈ ਇੱਕ ਮਾਂ ਨੂੰ ਆਪਣੀਆਂ ਹੀ ਧੀਆਂ ਦੇ ਸਿਰ ਕਲਮ ਕਰਨੇ ਪੈਂਦੇ ਹਨ।

ਮੁੱਖ ਪਾਤਰ ‘ਕੀਨੂ’ ਦੇ ਮਾਨਸਿਕ ਸਦਮੇ ਦੇ ਕੇਂਦਰ ਵਿੱਚ ਇਹ ਦਰਦ ਹੈ ਕਿ ਉਹ ਮੁਸੀਬਤ ਵੇਲੇ ਆਪਣੇ ਪਰਿਵਾਰ ਦੀਆਂ ਔਰਤਾਂ ਦੀ ਰੱਖਿਆ ਨਹੀਂ ਕਰ ਸਕਿਆ।

ਅੱਧੀ ਰਾਤ ਨੂੰ ਮੁਸਲਿਮ ਭੀੜ ਤੋਂ ਜਾਨ ਬਚਾ ਕੇ ਭੱਜਣ ਦੀ ਹੜਬੜਾਹਟ ਵਿੱਚ ਕੀਨੂ ਦਾ ਆਪਣੀ ਮੁਸਲਿਮ ਪ੍ਰੇਮਿਕਾ ਨਾਲ ਕੀਤਾ ਵਾਅਦਾ ਟੁੱਟ ਜਾਂਦਾ ਹੈ, ਜਿਸ ਦਾ ਪਛਤਾਵਾ ਉਸ ਨੂੰ ਉਮਰ ਭਰ ਰਹਿੰਦਾ ਹੈ। ਪੂਰੀ ਇੱਕ ਪੀੜ੍ਹੀ ਇਸ ਭਿਆਨਕ ਦੁਖਾਂਤ ਨੂੰ ਅੰਦਰ ਦਬਾ ਕੇ ਜੀਉਂਦੀ ਰਹੀ, ਜੋ ਬੁਢਾਪੇ ਵਿੱਚ ਡਿਮੈਂਸ਼ੀਆ ਦੇ ਬਹਾਨੇ ਬਾਹਰ ਆ ਰਿਹਾ ਹੈ।

ਫ਼ਿਲਮ ਵਿੱਚ ਦਿਲਜੀਤ ਦੋਸਾਂਝ ਨੇ ਮੁੱਖ ਪਾਤਰ ‘ਕੀਨੂ’ ਦੇ ਜਵਾਨੀ (ਕਿਸ਼ੋਰ ਅਵਸਥਾ) ਦਾ ਕਿਰਦਾਰ ਨਿਭਾਇਆ ਹੈ। ਦਿਲਜੀਤ ਦਾ ਕਿਰਦਾਰ ਉਹ ਨੌਜਵਾਨ ਹੈ ਜਿਸ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਵੰਡ ਦਾ ਉਹ ਖ਼ੂਨ-ਖ਼ਰਾਬਾ, ਕਤਲੇਆਮ ਅਤੇ ਆਪਣੀ ਬਿਰਾਦਰੀ ਵੱਲੋਂ ਮੁਸਲਮਾਨਾਂ ਖ਼ਿਲਾਫ਼ ਕੀਤੀ ਹਿੰਸਾ ਨੂੰ ਦੇਖਿਆ। ਉਹ ਸਰਗੋਧਾ (ਪਾਕਿਸਤਾਨ) ਦੇ ਖੰਡਰਾਂ ਵਿੱਚ ਆਪਣੀ ਪ੍ਰੇਮਿਕਾ ਨੂੰ ਚੋਰੀ-ਛਿਪੇ ਮਿਲਦਾ ਹੈ, ਸੰਕਰੀਆਂ ਗਲੀਆਂ ਵਿੱਚ ਸਾਈਕਲ ਚਲਾਉਂਦਾ ਹੈ ਅਤੇ ਮਾਸੂਮ ਉਮਰ ਵਿੱਚ ਉਮਰ ਭਰ ਦੇ ਗ਼ਮ ਸਹੇੜ ਲੈਂਦਾ ਹੈ। ਨਸੀਰੁਦੀਨ ਸ਼ਾਹ (ਬੁਢਾਪੇ ਦਾ ਕੀਨੂ) ਦੇ ਦਿਮਾਗ਼ ਵਿੱਚ ਜੋ ਵੀ ਯਾਦਾਂ ਫਲੈਸ਼ਬੈਕ ਵਾਂਗ ਚੱਲਦੀਆਂ ਹਨ, ਉਨ੍ਹਾਂ ਯਾਦਾਂ ਨੂੰ ਪਰਦੇ ’ਤੇ ਜਿਉਣ ਦਾ ਕੰਮ ਦਿਲਜੀਤ ਦੋਸਾਂਝ ਦੇ ਕਿਰਦਾਰ ਨੇ ਕੀਤਾ ਹੈ।

ਲੋਕ ਵੱਡੀਆਂ ਇਤਿਹਾਸਕ ਘਟਨਾਵਾਂ ਨੂੰ ਉਨੀ ਡੂੰਘਾਈ ਨਾਲ ਯਾਦ ਨਹੀਂ ਰੱਖਦੇ, ਜਿੰਨਾ ਉਹ ਆਪਣੀਆਂ ਨਿੱਜੀ ਯਾਦਾਂ ਨੂੰ ਸਾਂਭ ਕੇ ਰੱਖਦੇ ਹਨ। ਇੱਕ ਡਿਮੈਂਸ਼ੀਆ ਦੇ ਮਰੀਜ਼ ਲਈ ਯਾਦਾਂ ਸਿੱਧੀਆਂ ਜਾਂ ਤਾਰਕਿਕ ਨਹੀਂ ਹੁੰਦੀਆਂ, ਉਹ ਟੁੱਟੀਆਂ-ਭੱਜੀਆਂ ਹੁੰਦੀਆਂ ਹਨ।

‘ਮੈਂ ਵਾਪਸ ਆਊਂਗਾ’ ਵੰਡ ਦੇ ਪੀੜਤ ਹੋਣ ਦੇ ਰੋਣੇ ਤੋਂ ਕਿਤੇ ਉੱਪਰ ਉੱਠ ਕੇ, ਯਾਦਾਂ ਦੇ ਨਾਲ ਜਿਉਣ ਦੀ ਇੱਕ ਜਟਿਲ ਪ੍ਰਕਿਰਿਆ ਨੂੰ ਪਰਦੇ ’ਤੇ ਉਤਾਰਦੀ ਹੈ। ਇਹ ਫਿਲਮ ਸਿਨੇਮਾ ਪ੍ਰੇਮੀਆਂ ਲਈ ਬਾਕਸ ਆਫਿਸ ਦੇ ਨੰਬਰਾਂ ਤੋਂ ਪਰੇ, ਇਨਸਾਨੀ ਮਨੋਵਿਗਿਆਨ ਨੂੰ ਸਮਝਣ ਦਾ ਇੱਕ ਨਵਾਂ ਨਜ਼ਰੀਆ ਹੈ।

# ਸੰਗਰੂਰ-ਧੂਰੀ ਰੋਡ ’ਤੇ ਪੁੱਲ ਕੋਲੋਂ 21 ਸਾਲਾ ਲੜਕੀ ਦੀ ਖ਼ੂਨ ਨਾਲ ਲੱਥਪੱਥ ਲਾਸ਼ ਬਰਾਮਦ

**✪ ਪਰਿਵਾਰ ਨੇ ਜਤਾਇਆ ਖੁਦਕੁਸ਼ੀ ਦਾ ਖ਼ਦਸ਼ਾ**

ਸੰਗਰੂਰ-ਸੰਗਰੂਰ-ਧੂਰੀ ਰੋਡ ਸਥਿਤ ਪੂਨੀਆ ਟਾਵਰ ਲਾਗਲੇ ਓਵਰਬ੍ਰਿਜ (ਪੁੱਲ) ਕੋਲੋਂ ਬੀਤੇ ਦਿਨੀਂ ਤੜਕਸਾਰ ਇੱਕ 21 ਸਾਲਾ ਲੜਕੀ ਦੀ ਖ਼ੂਨ ਨਾਲ ਲੱਥਪੱਥ ਲਾਸ਼ ਭੇਦਭਰੇ ਹਾਲਾਤ ਵਿੱਚ ਮਿਲਣ ਨਾਲ ਸਨਸਨੀ ਫੈਲ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਡੀ.ਐਸ.ਪੀ. ਸੰਗਰੂਰ ਦਲਬੀਰ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ ਅਤੇ ਫੋਰੈਂਸਿਕ ਟੀਮ ਨੇ ਮੌਕੇ ’ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਇੰਟਰਵਿਊ ਦੇਣ ਆਈ ਸੀ ਮ੍ਰਿਤਕ ਲੜਕੀ, ਵਾਪਸ ਨਹੀਂ ਪਰਤੀ-ਥਾਣਾ ਸਿਟੀ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਡੀ.ਐਸ.ਪੀ. ਦਲਬੀਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਲੜਕੀ ਦੀ ਪਛਾਣ ਰਜਨੀ (21) ਵਜੋਂ ਹੋਈ ਹੈ। ਘਟਨਾ ਸਥਾਨ ’ਤੇ ਪਹੁੰਚੀ ਮ੍ਰਿਤਕਾ ਦੀ ਸਕੀ ਭੈਣ ਦੀਪਿਕਾ ਅਤੇ ਉਸ ਦੇ ਪਤੀ ਉਮੇਸ਼ ਚੰਦ (ਵਾਸੀ ਦਸਮੇਸ਼ ਨਗਰ, ਧੂਰੀ) ਨੇ ਲਾਸ਼ ਦੀ ਸ਼ਨਾਖਤ ਕੀਤੀ।

# ਕੈਨੇਡਾ ਵਿਖੇ ਟਰੰਪ ਨੂੰ ਧਮਕੀ ਦੇਣ ਵਾਲੇ ਕੈਨੇਡੀਅਨ ਪੁਲਿਸ ਅਫ਼ਸਰ ਵਿਰੁੱਧ ਕੇਸ ਦਰਜ, 30 ਜੁਲਾਈ ਨੂੰ ਅਦਾਲਤ ਵਿਚ ਪੇਸ਼ੀ

ਵੈਨਕੂਵਰ-ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਆਨਲਾਈਨ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਮਾਮਲੇ ਵਿੱਚ ਕੈਨੇਡਾ ਦੀ ‘ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਦੇ ਇੱਕ ਅਫ਼ਸਰ ਵਿਰੁੱਧ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਹੈ।



ਇਹ ਕਾਰਵਾਈ ਪਿਛਲੇ ਸਾਲ ਕੈਨੇਡਾ ਵਿੱਚ ਹੋਏ ਜੀ-7 ਸੰਮੇਲਨ ਦੌਰਾਨ ਸੋਸ਼ਲ ਮੀਡੀਆ ਪਲੇਟਫਾਰਮ ‘ਸਨੈਪਚੈਟ’ ਤੇ ਦਿੱਤੀਆਂ ਗਈਆਂ ਧਮਕੀਆਂ ਦੇ ਸਬੰਧ ਵਿੱਚ ਅਮਲ ਵਿੱਚ ਲਿਆਂਦੀ ਗਈ ਹੈ।

ਜੀ-7 ਸੰਮੇਲਨ ਦੀ ਸੁਰੱਖਿਆ ਡਿਊਟੀ ’ਤੇ ਸੀ ਤਾਇਨਾਤ-ਮਿਲੀ ਜਾਣਕਾਰੀ ਮੁਤਾਬਕ ਦੋਸ਼ੀ ਪੁਲਿਸ ਮੁਲਾਜ਼ਮ ਦੀ ਪਛਾਣ 34 ਸਾਲਾ ਈਵਨਸਨ ਡੁਮੈਰਲਸ ਵਜੋਂ ਹੋਈ ਹੈ, ਜੋ ਕਿਊਬਕ ਵਿੱਚ ਤਾਇਨਾਤ ਸੀ। ਪਿਛਲੇ ਸਾਲ ਅਲਬਰਟਾ ਵਿਖੇ ਹੋਏ ਜੀ-7 ਸੰਮੇਲਨ ਦੌਰਾਨ ਉਸ ਦੀ ਡਿਊਟੀ ‘ਓਵਰਸੀਜ਼ ਸਕਿਊਰਿਟੀ’ ਯਾਨੀ ਵਿਦੇਸ਼ਾਂ ਤੋਂ ਆਉਣ ਵਾਲੇ ਵੀਆਈਪੀ ਮਹਿਮਾਨਾਂ ਦੀ ਸੁਰੱਖਿਆ ਲਈ ਲਗਾਈ ਗਈ ਸੀ।

ਸਨੈਪਚੈਟ ਵੀਡੀਓ ਵਾਇਰਲ ਹੋਣ ਤੋਂ ਬਾਅਦ ਹੋਇਆ ਸੀ ਸਸਪੈਂਡ-ਈਵਨਸਨ ਡੁਮੈਰਲਸ ਨੇ ਇਸ ਹਾਈ-ਪ੍ਰੋਫਾਈਲ ਸੰਮੇਲਨ ਦੌਰਾਨ ਸਨੈਪਚੈਟ ’ਤੇ ਧਮਕੀਆਂ ਭਰੀ ਇੱਕ ਵੀਡੀਓ ਪੋਸਟ ਕੀਤੀ ਸੀ। ਹਾਲਾਂਕਿ, ਉਸ ਨੇ ਕੁਝ ਹੀ ਘੰਟਿਆਂ ਬਾਅਦ ਇਸ ਵੀਡੀਓ ਨੂੰ ਡਿਲੀਟ ਕਰ ਦਿੱਤਾ ਸੀ, ਪਰ ਉਦੋਂ ਤੱਕ ਇਹ ਵਾਇਰਲ ਹੋ ਚੁੱਕੀ ਸੀ। ਵੀਡੀਓ ਸਾਹਮਣੇ ਆਉਣ ਤੋਂ ਤੁਰੰਤ ਬਾਅਦ ਸੁਰੱਖਿਆ ਏਜੰਸੀਆਂ ਹਰਕਤ ਵਿੱਚ ਆਈਆਂ ਅਤੇ ਉਸ ਨੂੰ ਡਿਊਟੀ ਤੋਂ ਫਾਰਗ ਕਰਕੇ ਇੱਕ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਗਈ ਸੀ।

30 ਜੁਲਾਈ ਨੂੰ ਹੋਵੇਗੀ ਅਦਾਲਤੀ ਪੇਸ਼ੀ-ਇੱਕ ਜ਼ਿੰਮੇਵਾਰ ਸੁਰੱਖਿਆ ਅਫ਼ਸਰ ਵੱਲੋਂ ਦੂਜੇ ਦੇਸ਼ ਦੇ ਰਾਸ਼ਟਰਪਤੀ ਵਿਰੁੱਧ ਅਜਿਹੀ ਹਰਕਤ ਕਰਨ ਨੂੰ ਬੇਹੱਦ ਗੰਭੀਰ ਅਪਰਾਧ ਮੰਨਿਆ ਗਿਆ ਹੈ। ਹਾਲ ਹੀ ਵਿੱਚ ਆਈ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਵਿੱਚ ਦੋਸ਼ ਸਹੀ ਪਾਏ ਜਾਣ ਤੋਂ ਬਾਅਦ ਹੁਣ ਉਸ ਦੇ ਖ਼ਿਲਾਫ਼ ਅਪਰਾਧਿਕ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਮੁਲਜ਼ਮ ਸਾਬਕਾ ਪੁਲਿਸ ਅਫ਼ਸਰ ਨੂੰ ਆਉਂਦੀ 30 ਜੁਲਾਈ ਨੂੰ ਕੈਨੇਡਾ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਹ ਮਾਮਲਾ ਕੈਨੇਡਾ ਅਤੇ ਅਮਰੀਕਾ ਦੇ ਆਪਸੀ ਸੁਰੱਖਿਆ ਸਬੰਧਾਂ ਦੇ ਲਿਹਾਜ਼ ਨਾਲ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

# ਪਹਿਲੇ ਸਿੱਖ ਪੁਲਾੜ ਯਾਤਰੀ ਅਰਵਿੰਦਰ ਸਿੰਘ ਬਾਹਲ ਦੀ ਹੁਣ ਅਮਰੀਕਾ ਦੀ ਮਸ਼ਹੂਰ ਚੱਟਾਨ 'ਦਿ ਵੇਵ' 'ਤੇ ਹੈ ਨਜ਼ਰ

## ✪ ਐਵਰੈਸਟ ਤੋਂ ਸਕਾਈਡਾਈਵਿੰਗ ਕਰਨ ਵਾਲੇ ਅਰਵਿੰਦਰ ਸਿੰਘ ਬਾਹਲ ਨੇ ਸਾਂਝੀਆਂ ਕੀਤੀਆਂ ਯਾਦਾਂ

ਕਹਿੰਦੇ ਹਨ ਕਿ ਜੇਕਰ ਮਨ ਵਿੱਚ ਕੁਝ ਵੱਖਰਾ ਕਰਨ ਦੀ ਚਾਹਤ ਅਤੇ ਇਰਾਦਾ ਮਜ਼ਬੂਤ ਹੋਵੇ, ਤਾਂ ਉਮਰ ਮਹਿਜ਼ ਇੱਕ ਅੰਕੜਾ ਬਣ ਕੇ ਰਹਿ ਜਾਂਦੀ ਹੈ। ਇਸ ਕਹਾਵਤ ਨੂੰ ਅਮਰੀਕਾ ਵਿੱਚ ਰਹਿਣ ਵਾਲੇ 81 ਸਾਲਾ ਪ੍ਰਵਾਸੀ ਭਾਰਤੀ ਅਰਵਿੰਦਰ ਸਿੰਘ ਬਾਹਲ ਨੇ ਪੂਰੀ ਤਰ੍ਹਾਂ ਸੱਚ ਸਾਬਤ ਕਰ ਵਿਖਾਇਆ ਹੈ। ਦੁਨੀਆ ਦੇ ਪਹਿਲੇ ਸਿੱਖ ਪੁਲਾੜ ਯਾਤਰੀ ਅਤੇ ਸੰਯੁਕਤ ਰਾਸ਼ਟਰ ਦੇ ਸਾਰੇ 193 ਦੇਸ਼ਾਂ ਦੀ ਯਾਤਰਾ ਕਰਨ ਵਾਲੇ ਦੁਨੀਆ ਦੇ ਦੂਜੇ ਵਿਅਕਤੀ ਬਣ ਕੇ ਉਨ੍ਹਾਂ ਨੇ ਨਾ ਸਿਰਫ਼ ਪੰਜਾਬੀਆਂ ਦਾ, ਸਗੋਂ ਪੂਰੇ ਸਿੱਖ ਪੰਥ ਦਾ ਨਾਮ ਦੁਨੀਆ ਭਰ ਵਿੱਚ ਰੌਸ਼ਨ ਕੀਤਾ ਹੈ। ਹਾਲ ਹੀ ਵਿੱਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਆਏ ਬਾਹਲ ਦੀ ਜੀਵਨ ਯਾਤਰਾ ਅੱਜ ਦੀ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਇੱਕ ਵੱਡਾ ਸਰੋਤ ਹੈ।

ਅਰਵਿੰਦਰ ਸਿੰਘ ਬਾਹਲ ਦਾ ਸਫ਼ਰ ਆਸਾਨ ਨਹੀਂ ਰਿਹਾ। ਉੱਤਰ ਪ੍ਰਦੇਸ਼ ਦੇ ਆਗਰਾ ਵਿੱਚ ਜਨਮੇ ਅਤੇ ਜਲੰਧਰ ਕੈਂਟ ਵਿੱਚ ਪਲੇ-ਵਧੇ ਬਾਹਲ ਨੇ 1975 ਵਿੱਚ ਅਮਰੀਕਾ ਪਰਵਾਸ ਕੀਤਾ ਸੀ। ਇੱਕ ਸਧਾਰਨ ਕੱਪੜਾ ਵਪਾਰੀ ਤੋਂ ਰੀਅਲ ਅਸਟੇਟ ਦੇ ਕਾਰੋਬਾਰ ਤੱਕ ਦਾ ਸਫ਼ਰ ਤੈਅ ਕਰਦਿਆਂ, ਉਨ੍ਹਾਂ ਨੇ ਕਦੇ ਵੀ ਆਪਣੇ ਅੰਦਰਲੇ ਸਾਹਸੀ ਇਨਸਾਨ ਨੂੰ ਮਰਨ ਨਹੀਂ ਦਿੱਤਾ। ਪਿਛਲੇ ਸਾਲ, 3 ਅਗਸਤ 2025 ਨੂੰ, 80 ਸਾਲ ਦੀ ਉਮਰ ਵਿੱਚ ਬਲੂ ਓਰਿਜਨ ਮਿਸ਼ਨ ਰਾਹੀਂ ਪੁਲਾੜ ਦੀ ਯਾਤਰਾ ਕਰਨਾ ਉਨ੍ਹਾਂ ਦੀ ਅਦੁੱਤੀ ਹਿੰਮਤ ਦਾ ਪ੍ਰਮਾਣ ਹੈ। ਧਰਤੀ ਤੋਂ ਮੀਲਾਂ ਦੂਰ ਪੁਲਾੜ ਦੀ ਅੰਤਿਮ ਸੀਮਾ 'ਤੇ ਭਾਰਹੀਣਤਾ ਦਾ ਅਨੁਭਵ ਕਰਨਾ ਅਤੇ ਮੁੜਦੇ ਸਮੇਂ ਭਾਰੀ ਦਬਾਅ ਨੂੰ ਸਹਿਣਾ, ਕਿਸੇ ਵੀ ਨੌਜਵਾਨ ਲਈ ਇੱਕ ਵੱਡੀ ਚੁਣੌਤੀ ਹੋ ਸਕਦਾ ਹੈ, ਪਰ ਬਾਹਲ ਨੇ ਇਸ ਨੂੰ ਖਿੜੇ ਮੱਥੇ ਹੰਢਾਇਆ।

ਪੁਲਾੜ ਦੀ ਸੈਰ, ਮਾਊਂਟ ਐਵਰੈਸਟ ਅਤੇ ਪਿਰਾਮਿਡਾਂ ਉੱਤੋਂ ਸਕਾਈਡਾਈਵਿੰਗ, ਉੱਤਰੀ ਤੇ ਦੱਖਣੀ ਧਰੁਵਾਂ ਦੀ ਯਾਤਰਾ ਅਤੇ ਮਨਫ਼ੀ ਤਾਪਮਾਨ ਵਾਲੇ ਆਰਕਟਿਕ ਦੇ ਪਾਣੀ ਵਿੱਚ 'ਪੋਲਰ ਪਲੰਜ' ਲਗਾਉਣ ਵਰਗੇ ਅਨੇਕਾਂ ਕਾਰਨਾਮੇ ਉਨ੍ਹਾਂ ਦੇ ਖਾਤੇ ਵਿੱਚ ਦਰਜ ਹਨ। ਪਰ ਸਭ ਤੋਂ ਅਹਿਮ ਗੱਲ ਇਹ ਹੈ ਕਿ 81 ਸਾਲ ਦੀ ਉਮਰ ਵਿੱਚ ਵੀ ਉਨ੍ਹਾਂ ਦੀ ਖੋਜ ਅਤੇ ਯਾਤਰਾ ਦੀ ਭੁੱਖ ਖ਼ਤਮ ਨਹੀਂ ਹੋਈ। ਹੁਣ ਉਨ੍ਹਾਂ ਦਾ ਅਗਲਾ ਨਿਸ਼ਾਨਾ ਅਮਰੀਕਾ ਦੇ ਐਰੀਜ਼ੋਨਾ ਦੀ ਮਸ਼ਹੂਰ ਸੈਂਡਸਟੋਨ ਚੱਟਾਨ 'ਦਿ ਵੇਵ' ਦਾ ਦੌਰਾ ਕਰਨਾ ਹੈ, ਜਿੱਥੇ ਜਾਣ ਲਈ ਸਖ਼ਤ ਲਾਟਰੀ ਪ੍ਰਣਾਲੀ ਵਿੱਚੋਂ ਲੰਘਣਾ ਪੈਂਦਾ ਹੈ। ਅਮਰੀਕਾ ਦੇ ਐਰੀਜ਼ੋਨਾ ਰਾਜ ਵਿੱਚ ਸਥਿਤ 'ਦਿ ਵੇਵ ਇੱਕ ਬਹੁਤ ਹੀ ਵਿਲੱਖਣ ਅਤੇ ਦੁਨੀਆ ਭਰ ਵਿੱਚ ਮਸ਼ਹੂਰ ਕੁਦਰਤੀ ਸਥਾਨ ਹੈ। ਇਹ ਲੱਖਾਂ ਸਾਲ ਪਹਿਲਾਂ ਰੇਤ ਦੇ ਟਿੱਲਿਆਂ ਉੱਤੇ ਹੋਈ ਬਾਰਿਸ਼ ਅਤੇ ਹਵਾ ਦੇ ਤੇਜ਼ ਵਹਾਅ ਕਾਰਨ ਬਣੀ ਇੱਕ ਅਦਭੁਤ ਕੁਦਰਤੀ ਕਲਾਕ੍ਰਿਤੀ ਹੈ। ਇੱਥੋਂ ਦੀਆਂ ਲਾਲ-ਸੰਤਰੀ ਰੰਗ ਦੀਆਂ ਸੈਂਡਸਟੋਨ (ਰੇਤਲੀਆਂ) ਚੱਟਾਨਾਂ ਉੱਤੇ ਅਜਿਹੀਆਂ ਲਹਿਰਦਾਰ ਲਾਈਨਾਂ ਬਣੀਆਂ ਹੋਈਆਂ ਹਨ, ਜਿਵੇਂ ਪਾਣੀ ਵਿੱਚ ਲਹਿਰਾਂ ਉੱਠ ਰਹੀਆਂ ਹੋਣ। ਇਸੇ ਕਾਰਨ ਇਸ ਨੂੰ 'ਦਿ ਵੇਵ' ਕਿਹਾ ਜਾਂਦਾ ਹੈ। ਇਹ ਜਗ੍ਹਾ ਫੋਟੋਗ੍ਰਾਫਰਾਂ ਅਤੇ ਕੁਦਰਤ ਪ੍ਰੇਮੀਆਂ ਲਈ ਸਵਰਗ ਵਰਗੀ ਹੈ। ਇਸ ਜਗ੍ਹਾ 'ਤੇ ਜਾਣ ਲਈ ਕੋਈ ਆਮ ਟਿਕਟ ਨਹੀਂ ਮਿਲਦੀ, ਬਲਕਿ ਅਮਰੀਕਾ ਸਰਕਾਰ ਦੇ ਬਿਊਰੋ ਆਫ਼ ਲੈਂਡ ਮੈਨੇਜਮੈਂਟ ਵੱਲੋਂ ਇੱਕ ਸਖ਼ਤ ਲਾਟਰੀ ਸਿਸਟਮ ਚਲਾਇਆ ਜਾਂਦਾ ਹੈ। ਇਸ ਦੇ ਦੋ ਮੁੱਖ ਕਾਰਨ ਹਨ:

ਇਹ ਚੱਟਾਨਾਂ ਬਹੁਤ ਨਾਜ਼ੁਕ ਹਨ। ਜੇਕਰ ਰੋਜ਼ਾਨਾ ਹਜ਼ਾਰਾਂ ਲੋਕ ਇੱਥੇ ਆਉਣਗੇ, ਤਾਂ ਪੈਰਾਂ ਦੇ ਦਬਾਅ ਨਾਲ ਇਹ ਲੱਖਾਂ ਸਾਲ ਪੁਰਾਣੀ ਕੁਦਰਤੀ ਬਣਤਰ ਟੁੱਟ ਕੇ ਖ਼ਰਾਬ ਹੋ ਸਕਦੀ ਹੈ।

ਇਸ ਨਾਜ਼ੁਕ ਵਾਤਾਵਰਣ ਨੂੰ ਬਚਾਉਣ ਲਈ ਸਰਕਾਰ ਰੋਜ਼ਾਨਾ ਸਿਰਫ਼ 64 ਲੋਕਾਂ (ਜਾਂ 16 ਗਰੁੱਪਾਂ) ਨੂੰ ਹੀ ਇੱਥੇ ਜਾਣ ਦੀ ਇਜਾਜ਼ਤ ਦਿੰਦੀ ਹੈ। ਇਸ ਲਾਟਰੀ ਵਿੱਚ ਹਿੱਸਾ ਲੈਣ ਲਈ ਦੁਨੀਆ ਭਰ ਵਿੱਚੋਂ ਹਰ ਰੋਜ਼ ਹਜ਼ਾਰਾਂ ਲੋਕ ਆਨਲਾਈਨ ਅਪਲਾਈ ਕਰਦੇ ਹਨ, ਪਰ ਕਿਸਮਤ ਸਿਰਫ਼ 64 ਲੋਕਾਂ ਦੀ ਖੁੱਲ੍ਹਦੀ ਹੈ। ਕਈ ਵਾਰ ਲੋਕ ਸਾਲਾਂਬੱਧੀ ਕੋਸ਼ਿਸ਼ ਕਰਦੇ ਹਨ, ਫਿਰ ਵੀ ਉਨ੍ਹਾਂ ਦਾ ਨਾਮ ਲਾਟਰੀ ਵਿੱਚ ਨਹੀਂ ਆਉਂਦਾ। 81 ਸਾਲ ਦੀ ਉਮਰ ਵਿੱਚ, ਜਿੱਥੇ ਆਮ ਇਨਸਾਨ ਸਰੀਰਕ ਚੁਣੌਤੀਆਂ ਬਾਰੇ ਸੋਚਦਾ ਹੈ, ਉੱਥੇ ਅਰਵਿੰਦਰ ਸਿੰਘ ਬਾਹਲ ਲਈ ਉਮਰ ਕੋਈ ਰੁਕਾਵਟ ਨਹੀਂ ਹੈ। ਉਨ੍ਹਾਂ ਲਈ ਅਸਲ ਚੁਣੌਤੀ ਇਸ ਗੱਲ ਦੀ ਹੈ ਕਿ ਕੀ ਉਨ੍ਹਾਂ ਦੀ ਕਿਸਮਤ ਇਸ ਸਖ਼ਤ 'ਲਾਟਰੀ ਸਿਸਟਮ' ਨੂੰ ਪਾਰ ਕਰਕੇ ਉਨ੍ਹਾਂ ਨੂੰ ਦੁਨੀਆ ਦੀ ਇਸ ਸਭ ਤੋਂ ਦੁਰਲੱਭ ਅਤੇ ਖ਼ੂਬਸੂਰਤ ਜਗ੍ਹਾ 'ਤੇ ਵਾਈਲਡਲਾਈਫ਼ ਫੋਟੋਗ੍ਰਾਫੀ ਕਰਨ ਦਾ ਮੌਕਾ ਦੇਵੇਗੀ ਜਾਂ ਨਹੀਂ।



ਅਰਵਿੰਦਰ ਸਿੰਘ ਬਾਹਲ ਦਾ ਮੰਨਣਾ ਹੈ ਕਿ ਯਾਤਰਾਵਾਂ ਸਾਨੂੰ ਦੂਜੀਆਂ ਸੰਸਕ੍ਰਿਤੀਆਂ ਨੂੰ ਸਮਝਣ ਅਤੇ ਆਪਸੀ ਰਿਸ਼ਤਿਆਂ ਨੂੰ ਗੂੜ੍ਹਾ ਕਰਨ ਵਿੱਚ ਮਦਦ ਕਰਦੀਆਂ ਹਨ। ਉਨ੍ਹਾਂ ਦੀਆਂ ਕੌਫੀ ਟੇਬਲ ਕਿਤਾਬਾਂ 'ਟਾਇਰਲੈੱਸ ਟ੍ਰੈਵਲਰ' (ਥੱਕਣਹੀਣ ਮੁਸਾਫ਼ਿਰ) ਅਤੇ 'ਮਾਈ ਪਲੈਨੇਟ ਮਾਈ ਪਲੇਗ੍ਰਾਊਂਡ' (ਮੇਰਾ ਗ੍ਰਹਿ ਮੇਰਾ ਖੇਡ ਮੈਦਾਨ) ਇਸ ਗੱਲ ਦਾ ਸਬੂਤ ਹਨ ਕਿ ਇਹ ਧਰਤੀ ਉਨ੍ਹਾਂ ਲਈ ਇੱਕ ਖੇਡ ਮੈਦਾਨ ਵਰਗੀ ਹੈ।

ਅਰਵਿੰਦਰ ਸਿੰਘ ਬਾਹਲ ਦੀ ਇਹ ਜੀਵਨ ਕਹਾਣੀ ਸਾਨੂੰ ਦਸਦੀ ਹੈ ਕਿ ਸੁਪਨੇ ਦੇਖਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਕੋਈ ਉਮਰ ਨਹੀਂ ਹੁੰਦੀ। ਲੋੜ ਹੈ ਤਾਂ ਸਿਰਫ਼ ਜਿਊਂਦੇ ਜਜ਼ਬੇ ਅਤੇ ਅਣਥੱਕ ਮਿਹਨਤ ਦੀ। ਪੰਜਾਬ ਦੀ ਮਿੱਟੀ ਦੇ ਇਸ ਸਪੂਤ 'ਤੇ ਪੂਰੀ ਦੁਨੀਆ ਨੂੰ ਨਾਜ਼ ਹੈ, ਜੋ ਅੱਜ ਵੀ ਥੱਕਣਾ ਨਹੀਂ, ਬਲਕਿ ਨਵੇਂ ਅਸਮਾਨਾਂ ਨੂੰ ਛੂਹਣਾ ਚਾਹੁੰਦਾ ਹੈ।

# ਲੁਧਿਆਣਾ ਵਿਚ ਡਿਜੀਟਲ ਧੋਖਾਧੜੀ: ਦੋਸਤਾਂ ਨੇ ਹੀ ਚੋਰੀ ਕੀਤੀਆਂ ਪ੍ਰੇਮੀ ਜੋੜੇ ਦੀਆਂ ਨਿੱਜੀ ਤਸਵੀਰਾਂ

## ✪ ਵਿਦੇਸ਼ੀ ਨੰਬਰ ਤੋਂ ਧਮਕੀ ਦੇ ਕੇ ਮੰਗੀ 5 ਲੱਖ ਦੀ ਫਿਰੌਤੀ

ਲੁਧਿਆਣਾ-ਮਹਾਨਗਰ ਵਿੱਚ ਸਾਈਬਰ ਕ੍ਰਾਈਮ ਅਤੇ ਬਲੈਕਮੇਲਿੰਗ ਦਾ ਇੱਕ ਬੇਹੱਦ ਘਿਨੌਣਾ ਅਤੇ ਹੋਸ਼ ਉਡਾਉਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਦੋ ਸ਼ਾਤਰ ਨੌਜਵਾਨਾਂ ਨੇ ਆਪਣੇ ਹੀ ਇੱਕ ਦੋਸਤ (ਜਾਣਕਾਰ) ਨੂੰ ਨਿਸ਼ਾਨਾ ਬਣਾਉਂਦੇ ਹੋਏ ਉਸ ਦੇ ਮੋਬਾਈਲ 'ਚੋਂ ਉਸ ਦੀ ਗਰਲਫ੍ਰੈਂਡ ਨਾਲ ਨਿੱਜੀ ਤਸਵੀਰਾਂ ਚੋਰੀ ਕਰ ਲਈਆਂ।

ਇਸ ਤੋਂ ਬਾਅਦ ਉਨ੍ਹਾਂ ਤਸਵੀਰਾਂ ਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ 5 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ। ਹਾਲਾਂਕਿ, ਥਾਣਾ ਟਿੱਬਾ ਦੀ ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਦੋਵਾਂ ਮੁਲਜ਼ਮਾਂ ਨੂੰ ਦਬੋਚ ਲਿਆ ਹੈ।

ਸ਼ਿਕਾਇਤਕਰਤਾ ਮੁਤਾਬਕ ਇਹ ਸਾਰਾ ਸਿਲਸਿਲਾ 15 ਜੂਨ ਨੂੰ ਸ਼ੁਰੂ ਹੋਇਆ। ਉਸ ਨੂੰ ਇੱਕ ਅੰਤਰਰਾਸ਼ਟਰੀ (ਵਿਦੇਸ਼ੀ) ਵਟਸਐਪ ਨੰਬਰ ਤੋਂ ਮੈਸੇਜ ਆਉਣੇ ਸ਼ੁਰੂ ਹੋਏ। ਮੈਸੇਜ ਕਰਨ ਵਾਲੇ ਨੇ ਦਾਅਵਾ ਕੀਤਾ ਕਿ ਉਸ ਕੋਲ ਸ਼ਿਕਾਇਤਕਰਤਾ ਅਤੇ ਉਸ ਦੀ ਸਹੇਲੀ ਦੀਆਂ ਕੁਝ ਅਸ਼ਲੀਲ ਅਤੇ ਇਤਰਾਜ਼ਯੋਗ ਤਸਵੀਰਾਂ ਹਨ।

ਬਲੈਕਮੇਲਰ ਨੇ ਧਮਕੀ ਦਿੱਤੀ ਕਿ ਜੇਕਰ ਉਸ ਨੂੰ ਤੁਰੰਤ 5 ਲੱਖ ਰੁਪਏ ਨਾ ਦਿੱਤੇ ਗਏ ਤਾਂ ਉਹ ਇਨ੍ਹਾਂ ਤਸਵੀਰਾਂ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕਰਕੇ ਉਨ੍ਹਾਂ ਦੀ ਜ਼ਿੰਦਗੀ ਬਰਬਾਦ ਕਰ ਦੇਵੇਗਾ। ਦੱਸਿਆ ਜਾ ਰਿਹਾ ਹੈ ਕਿ ਪੀੜਤ ਨੌਜਵਾਨ ਦੀ ਗਰਲਫ੍ਰੈਂਡ ਇਸ ਵੇਲੇ ਕੈਨੇਡਾ ਵਿੱਚ ਰਹਿ ਰਹੀ ਹੈ।

### 'ਆਪਣਿਆਂ' ਨੇ ਹੀ ਰਚੀ ਸੀ ਸਾਜ਼ਿਸ਼

ਜਦੋਂ ਪੀੜਤ ਨੌਜਵਾਨ ਨੇ ਡਰਨ ਦੀ ਬਜਾਏ ਆਪਣੇ ਪੱਧਰ 'ਤੇ ਮਾਮਲੇ ਦੀ ਪੜਤਾਲ ਕੀਤੀ, ਤਾਂ ਜੋ ਸੱਚਾਈ ਸਾਹਮਣੇ ਆਈ ਉਹ ਹੈਰਾਨ ਕਰਨ ਵਾਲੀ ਸੀ। ਧਮਕੀਆਂ ਦੇਣ ਵਾਲਾ ਕੋਈ ਬਾਹਰੀ ਗੈਂਗਸਟਰ ਜਾਂ ਵਿਦੇਸ਼ੀ ਹੈਕਰ ਨਹੀਂ, ਬਲਕਿ ਉਸ ਦੇ ਆਪਣੇ ਹੀ ਜਾਣਕਾਰ ਇਰਫ਼ਾਨ ਹੁਸੈਨ ਅਤੇ ਅਖ਼ਤਰ ਅੰਸਾਰੀ ਨਿਕਲੇ।

ਇੰਝ ਦਿੱਤਾ ਘਟਨਾ ਨੂੰ ਅੰਜਾਮ: ਮੁਲਜ਼ਮ ਇਰਫ਼ਾਨ ਨੇ ਧੋਖੇ ਨਾਲ ਸ਼ਿਕਾਇਤਕਰਤਾ ਦਾ ਮੋਬਾਈਲ ਫ਼ੋਨ ਲਿਆ ਅਤੇ ਉਸ ਵਿੱਚੋਂ ਨਿੱਜੀ ਤਸਵੀਰਾਂ ਆਪਣੇ ਫ਼ੋਨ ਵਿੱਚ ਟ੍ਰਾਂਸਫ਼ਰ ਕਰ ਲਈਆਂ।

ਤਸਵੀਰਾਂ ਹੱਥ ਲੱਗਣ ਤੋਂ ਬਾਅਦ ਦੋਵਾਂ ਦੋਸਤਾਂ ਨੇ ਮਿਲ ਕੇ ਇੱਕ ਫਰਜ਼ੀ ਕਹਾਣੀ ਘੜੀ ਅਤੇ ਪੁਲਿਸ ਨੂੰ ਗੁੰਮਰਾਹ ਕਰਨ ਲਈ ਅੰਤਰਰਾਸ਼ਟਰੀ ਨੰਬਰ ਦੀ ਵਰਤੋਂ ਕਰਕੇ 5 ਲੱਖ ਰੁਪਏ ਠੱਗਣ ਦੀ ਯੋਜਨਾ ਬਣਾਈ।

ਪੀੜਤ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਥਾਣਾ ਟਿੱਬਾ ਦੀ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਦੋਵਾਂ ਮੁਲਜ਼ਮਾਂ-ਇਰਫ਼ਾਨ ਹੁਸੈਨ ਅਤੇ ਅਖ਼ਤਰ ਅੰਸਾਰੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਥਾਣਾ ਟਿੱਬਾ ਪੁਲਿਸ ਨੇ ਮੁਲਜ਼ਮਾਂ ਦੇ ਮੋਬਾਈਲ ਫ਼ੋਨ ਜ਼ਬਤ ਕਰ ਲਏ ਗਏ ਹਨ ਅਤੇ ਉਨ੍ਹਾਂ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ ਹੈ। ਇਸ ਜਾਂਚ ਰਾਹੀਂ ਡਿਲੀਟ ਕੀਤੇ ਗਏ ਡਾਟੇ ਅਤੇ ਬਲੈਕਮੇਲਿੰਗ ਦੇ ਹੋਰ ਪੁਖ਼ਤਾ ਸਬੂਤਾਂ ਨੂੰ ਰਿਕਵਰ ਕੀਤਾ ਜਾਵੇਗਾ ਤਾਂ ਜੋ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿਵਾਈ ਜਾ ਸਕੇ।

ਪੁਲਿਸ ਵੱਲੋਂ ਇਸ ਮਾਮਲੇ ਦੀ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਡਿਜੀਟਲ ਯੁੱਗ ਵਿੱਚ ਆਪਣੇ ਮੋਬਾਈਲ ਫ਼ੋਨ ਅਤੇ ਨਿੱਜੀ ਡਾਟਾ ਨੂੰ ਲੈ ਕੇ ਕਿਸੇ 'ਤੇ ਵੀ ਅੰਨ੍ਹਾ ਭਰੋਸਾ ਕਰਨਾ ਭਾਰੀ ਪੈ ਸਕਦਾ ਹੈ।

# ਸੱਤਾ ਬਦਲੀ, ਦਿਲ ਨਹੀਂ: ਓਬਾਮਾ ਅੱਜ ਵੀ ਨੰਬਰ-1

## ✪ ਟਰੰਪ ਨੂੰ ਝਟਕਾ, ਪ੍ਰਸਿੱਧੀ ਦੀ ਦੌੜ ਵਿੱਚ ਓਬਾਮਾ ਸਭ ਤੋਂ ਅੱਗੇ ✪ ਅਮਰੀਕੀ ਸਿਆਸਤ ਦਾ ਬਦਲਦਾ ਸੱਚ ✪ ਸੀਐਨਐਨ-ਐਸਐਸਆਰਐਸ ਸਰਵੇਖਣ ਦੇ ਸਿਆਸੀ ਮਾਇਨੇ

ਲੋਕਤੰਤਰ ਵਿੱਚ ਸੱਤਾ ਦਾ ਆਉਣਾ-ਜਾਣਾ ਇੱਕ ਸੁਭਾਵਿਕ ਪ੍ਰਕਿਰਿਆ ਹੈ, ਪਰ ਸੱਤਾ ਦੇ ਸਿਖਰ ਤੋਂ ਹਟਣ ਤੋਂ ਬਾਅਦ ਵੀ ਜਨਮਾਨਸ ਦੇ ਦਿਲਾਂ ਵਿੱਚ ਆਪਣੀ ਜਗ੍ਹਾ ਬਣਾਈ ਰੱਖਣੀ ਕਿਸੇ ਵੀ ਰਾਜਨੇਤਾ ਲਈ ਸਭ ਤੋਂ ਵੱਡੀ ਪ੍ਰਾਪਤੀ ਹੁੰਦੀ ਹੈ। ਹਾਲ ਹੀ ਵਿੱਚ ਆਏ 'ਸੀਐਨਐਨ-ਐਸਐਸਆਰਐਸ ਦੇ ਸਰਵੇਖਣ ਦੇ ਨਤੀਜੇ ਇਸ ਗੱਲ ਦਾ ਜਿਉਂਦਾ-ਜਾਗਦਾ ਸਬੂਤ ਹਨ।

ਇਹ ਸਰਵੇਖਣ ਦਿਖਾਉਂਦਾ ਹੈ ਕਿ ਵ੍ਹਾਈਟ ਹਾਊਸ ਛੱਡਣ ਦੇ ਕਰੀਬ ਇੱਕ ਦਹਾਕੇ ਬਾਅਦ ਵੀ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਪ੍ਰਸਿੱਧੀ ਦਾ ਜਾਦੂ ਬਰਕਰਾਰ ਹੈ, ਜੋ ਮੌਜੂਦਾ ਸਿਆਸੀ ਦ੍ਰਿਸ਼ ਦੇ ਦਿੱਗਜਾਂ-ਡੋਨਾਲਡ ਟਰੰਪ ਅਤੇ ਜੋ ਬਾਈਡੇਨ-'ਤੇ ਭਾਰੀ ਪੈਂਦਾ ਦਿਖਾਈ ਦੇ ਰਿਹਾ ਹੈ।

ਅੱਜ ਦੀ ਅਮਰੀਕੀ ਸਿਆਸਤ ਵਿਚਾਰਧਾਰਕ ਤੌਰ 'ਤੇ ਬਹੁਤ ਜ਼ਿਆਦਾ ਵੰਡ ਪਾਊ (ਧਰੁਵੀਕ੍ਰਿਤ) ਹੋ ਚੁੱਕੀ ਹੈ, ਜਿੱਥੇ ਰਿਪਬਲਿਕਨ ਅਤੇ ਡੈਮੋਕਰੇਟ ਸਮਰਥਕਾਂ ਵਿਚਕਾਰ ਪਾੜਾ ਪਹਿਲਾਂ ਨਾਲੋਂ ਕਿਤੇ ਵੱਧ ਡੂੰਘਾ ਹੈ। ਅਜਿਹੇ ਮਾਹੌਲ ਵਿੱਚ ਬਰਾਕ ਓਬਾਮਾ ਨੂੰ 57 ਫ਼ੀਸਦੀ ਨਾਗਰਿਕਾਂ ਦਾ ਸਕਾਰਾਤਮਕ ਸਮਰਥਨ ਮਿਲਣਾ ਕੋਈ ਛੋਟੀ ਗੱਲ ਨਹੀਂ ਹੈ।

ਸਭ ਤੋਂ ਦਿਲਚਸਪ ਪਹਿਲੂ ਇਹ ਹੈ ਕਿ ਓਬਾਮਾ ਦੀ ਇਹ ਪ੍ਰਵਾਨਗੀ ਸਿਰਫ਼ ਉਨ੍ਹਾਂ ਦੀ ਆਪਣੀ ਪਾਰਟੀ (ਡੈਮੋਕਰੇਟਸ) ਤੱਕ ਹੀ ਸੀਮਤ ਨਹੀਂ ਹੈ। ਹਰ ਪੰਜ ਵਿੱਚੋਂ ਇੱਕ ਰਿਪਬਲਿਕਨ ਵੋਟਰ ਦਾ ਉਨ੍ਹਾਂ ਨੂੰ ਪਸੰਦ ਕਰਨਾ ਅਤੇ ਆਜ਼ਾਦ (ਇੰਡੀਪੈਂਡੈਂਟ) ਵੋਟਰਾਂ



ਵਿੱਚ ਉਨ੍ਹਾਂ ਦੀ ਮਜ਼ਬੂਤ ਪਕੜ ਇਹ ਦਰਸਾਉਂਦੀ ਹੈ ਕਿ ਓਬਾਮਾ ਪਾਰਟੀ ਦੀਆਂ ਸੀਮਾਵਾਂ ਤੋਂ ਉੱਪਰ ਉੱਠ ਕੇ ਇੱਕ 'ਰਾਸ਼ਟਰੀ ਨੇਤਾ' ਵਜੋਂ ਸਥਾਪਤ ਹੋ ਚੁੱਕੇ ਹਨ।

### ਤਤਕਾਲੀ ਕਾਰਜਕਾਲ ਬਨਾਮ ਮੌਜੂਦਾ ਅਕਸ

ਇਹ ਗੌਰ ਕਰਨ ਵਾਲੀ ਗੱਲ ਹੈ ਕਿ ਸਾਲ 2017 ਵਿੱਚ ਜਦੋਂ ਓਬਾਮਾ ਨੇ ਆਪਣਾ ਦੂਜਾ ਕਾਰਜਕਾਲ ਖ਼ਤਮ ਕੀਤਾ ਸੀ, ਉਦੋਂ ਦੇਸ਼ ਦੀ ਜਨਤਾ ਉਨ੍ਹਾਂ ਦੇ ਨੀਤੀਗਤ ਫੈਸਲਿਆਂ 'ਤੇ ਵੰਡੀ ਹੋਈ ਸੀ। ਪਰ ਸਿਆਸਤ ਦਾ ਇਹ ਵੀ ਇੱਕ ਨਿਯਮ ਹੈ ਕਿ ਸਮਾਂ ਬੀਤਣ ਦੇ ਨਾਲ ਜਨਤਾ ਤਤਕਾਲੀ ਵਿਵਾਦਾਂ ਨੂੰ ਭੁੱਲ ਕੇ ਨੇਤਾ ਦੇ ਸਮੁੱਚੇ ਆਚਰਣ ਅਤੇ ਉਸ ਦੇ ਕਾਰਜਕਾਲ ਦੀ ਸਥਿਰਤਾ ਦਾ ਮੁਲਾਂਕਣ ਕਰਦੀ ਹੈ। ਵ੍ਹਾਈਟ ਹਾਊਸ ਛੱਡਣ ਤੋਂ ਬਾਅਦ ਓਬਾਮਾ ਨੇ ਖ਼ੁਦ ਨੂੰ ਗੰਦੀ ਸਿਆਸਤ ਤੋਂ ਦੂਰ ਰੱਖਿਆ, ਸਮਾਜਿਕ ਅਤੇ ਗਲੋਬਲ ਮੁੱਦਿਆਂ 'ਤੇ ਆਪਣੀ ਗਰਿਮਾਪੂਰਨ ਮੌਜੂਦਗੀ ਬਣਾਈ ਰੱਖੀ ਅਤੇ ਇੱਕ ਸੂਝਵਾਨ ਮਾਰਗਦਰਸ਼ਕ ਦੀ ਭੂਮਿਕਾ ਨਿਭਾਈ। ਨਤੀਜਾ ਸਾਡੇ ਸਾਹਮਣੇ ਹੈ-ਸਮੇਂ ਦੇ ਨਾਲ ਉਨ੍ਹਾਂ ਦਾ ਅਕਸ ਹੋਰ ਵੀ ਨਿਖਰ ਕੇ ਸਾਹਮਣੇ ਆਇਆ ਹੈ।

### ਸਭ ਤੋਂ ਪਸੰਦੀਦਾ ਰਾਸ਼ਟਰਪਤੀ

ਜਦੋਂ ਲੋਕਾਂ ਨੂੰ ਪੁੱਛਿਆ ਗਿਆ ਕਿ ਉਹ ਇਤਿਹਾਸ ਵਿੱਚ ਕਿਸ ਅਮਰੀਕੀ ਰਾਸ਼ਟਰਪਤੀ ਦੀ ਸਭ ਤੋਂ ਵੱਧ ਪ੍ਰਸ਼ੰਸਾ ਕਰਦੇ ਹਨ, ਤਾਂ ਨਤੀਜੇ ਇਸ ਤਰ੍ਹਾਂ ਸਨ:

| | |
|---|---|
| ਬਰਾਕ ਓਬਾਮਾ: 30% | ਡੋਨਾਲਡ ਟਰੰਪ: 19% |
| ਅਬ੍ਰਾਹਮ ਲਿੰਕਨ: 9% | ਰੋਨਾਲਡ ਰੀਗਨ: 9% |
| ਜੌਨ ਐੱਫ. ਕੈਨੇਡੀ: 6% | ਜਾਰਜ ਵਾਸ਼ਿੰਗਟਨ: 5% |

ਇਹ ਸਰਵੇਖਣ ਅਮਰੀਕਾ ਦੇ 2,480 ਬਾਲਗਾਂ 'ਤੇ 7 ਮਈ ਤੋਂ 31 ਮਈ 2026 ਦਰਮਿਆਨ ਕੀਤਾ ਗਿਆ ਸੀ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਸੱਤਾ ਤੋਂ ਹਟਣ ਦੇ ਲਗਭਗ 10 ਸਾਲਾਂ ਬਾਅਦ ਵੀ ਓਬਾਮਾ ਅਮਰੀਕਾ ਦੇ ਸਭ ਤੋਂ ਹਰਮਨਪਿਆਰੇ ਜਿਉਂਦੇ ਨੇਤਾ ਬਣੇ ਹੋਏ ਹਨ।

ਇਸ ਸਰਵੇਖਣ ਦੇ ਅੰਕੜੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ (34 ਫ਼ੀਸਦੀ ਸਕਾਰਾਤਮਕ ਰੇਟਿੰਗ) ਅਤੇ ਸਾਬਕਾ ਰਾਸ਼ਟਰਪਤੀ ਜੋ ਬਾਈਡੇਨ (30 ਫ਼ੀਸਦੀ) ਲਈ ਇੱਕ ਗੰਭੀਰ ਆਤਮ-ਮੰਥਨ ਦਾ ਵਿਸ਼ਾ ਹਨ।

ਆਧੁਨਿਕ ਅਮਰੀਕੀ ਰਾਜਨੀਤੀ ਦੇ ਇਨ੍ਹਾਂ ਦੋਵਾਂ ਵੱਡੇ ਚਿਹਰਿਆਂ ਦੀ ਘੱਟ ਰੇਟਿੰਗ ਇਹ ਸੰਕੇਤ ਦਿੰਦੀ ਹੈ ਕਿ ਹਮਲਾਵਰ ਸਿਆਸਤ ਅਤੇ ਤਿੱਖੀ ਬਿਆਨਬਾਜ਼ੀ ਸ਼ਾਇਦ ਕੁਝ ਸਮੇਂ ਲਈ ਸੁਰਖੀਆਂ ਤਾਂ ਬਟੋਰ ਸਕਦੀ ਹੈ, ਪਰ ਉਹ ਜਨਤਾ ਦੇ ਮਨਾਂ ਵਿੱਚ ਸਥਾਈ ਸਤਿਕਾਰ ਜਾਂ ਭਰੋਸਾ ਪੈਦਾ ਨਹੀਂ ਕਰ ਸਕਦੀ। ਜਦੋਂ ਜਨਤਾ ਤੋਂ ਉਨ੍ਹਾਂ ਦੇ ਸਭ ਤੋਂ ਪਸੰਦੀਦਾ ਰਾਸ਼ਟਰਪਤੀ ਬਾਰੇ ਪੁੱਛਿਆ ਗਿਆ, ਉਦੋਂ ਵੀ ਓਬਾਮਾ (30 ਫ਼ੀਸਦੀ) ਨੇ ਨਾ ਸਿਰਫ਼ ਟਰੰਪ (19 ਫ਼ੀਸਦੀ) ਨੂੰ ਪਛਾੜਿਆ, ਬਲਕਿ ਇਤਿਹਾਸ ਦੇ ਮਹਾਨ ਰਾਸ਼ਟਰਪਤੀਆਂ ਜਿਵੇਂ ਅਬ੍ਰਾਹਮ ਲਿੰਕਨ ਅਤੇ ਜਾਰਜ ਵਾਸ਼ਿੰਗਟਨ ਦੀ ਤੁਲਨਾ ਵਿੱਚ ਵੀ ਸਮਕਾਲੀ ਅਮਰੀਕੀਆਂ ਦੇ ਦਿਲਾਂ ਵਿੱਚ ਆਪਣੀ ਸਰਵਉੱਚ ਜਗ੍ਹਾ ਬਣਾਈ ਰੱਖੀ।

ਇਹ ਸਰਵੇਖਣ ਇਹ ਸਾਬਤ ਕਰਦਾ ਹੈ ਕਿ ਸਿਆਸਤ ਵਿੱਚ ਸਿਰਫ਼ ਸੱਤਾ ਵਿੱਚ ਬਣੇ ਰਹਿਣਾ ਹੀ ਤਾਕਤ ਦਾ ਪੈਮਾਨਾ ਨਹੀਂ ਹੈ। ਬਰਾਕ ਓਬਾਮਾ ਦੀ ਇਹ ਨਿਰੰਤਰ ਪ੍ਰਸਿੱਧੀ ਉਨ੍ਹਾਂ ਦੀ ਲੀਡਰਸ਼ਿਪ ਦੀ ਸ਼ੈਲੀ, ਉਨ੍ਹਾਂ ਦੇ ਪ੍ਰਭਾਵਸ਼ਾਲੀ ਸੰਵਾਦ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਰਹੀ ਸਥਿਰਤਾ ਪ੍ਰਤੀ ਅਮਰੀਕੀ ਜਨਤਾ ਦੀ ਤਾਂਘ ਨੂੰ ਦਰਸਾਉਂਦੀ ਹੈ। ਅੱਜ ਦੇ ਅਸ਼ਾਂਤ ਅਤੇ ਵੰਡੇ ਹੋਏ ਦੌਰ ਵਿੱਚ, ਅਮਰੀਕੀ ਜਨਤਾ ਸ਼ਾਇਦ ਓਬਾਮਾ ਦੇ ਉਸ ਦੌਰ ਨੂੰ ਸ਼ਿੱਦਤ ਨਾਲ ਯਾਦ ਕਰ ਰਹੀ ਹੈ ਜਿੱਥੇ ਸਿਆਸਤ ਵਿੱਚ ਸ਼ਾਲੀਨਤਾ ਅਤੇ ਗਰਿਮਾ ਬਚੀ ਹੋਈ ਸੀ।

## ਗੁਰਦਾਸਪੁਰ ਵਿਚ ਅਕਾਲੀ ਆਗੂ ਦੇ ਘਰ 'ਤੇ ਤਾਬੜਤੋੜ ਫਾਇਰਿੰਗ

### ✪ ਪੀੜਤ ਨੇ ਲਾਇਸੈਂਸੀ ਹਥਿਆਰ ਨਾਲ ਕੀਤੀ ਜਵਾਬੀ ਕਾਰਵਾਈ

ਗੁਰਦਾਸਪੁਰ-ਪੰਜਾਬ ਵਿੱਚ ਦਿਨ-ਬ-ਦਿਨ ਬੇਖੌਫ ਹੋ ਰਹੇ ਅਪਰਾਧੀਆਂ ਵੱਲੋਂ ਹੁਣ ਸਿਆਸੀ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਤਾਜ਼ਾ ਮਾਮਲਾ ਗੁਰਦਾਸਪੁਰ ਦੇ ਪਿੰਡ ਕਿਲ੍ਹਾ ਲਾਲ ਸਿੰਘ ਤੋਂ ਸਾਹਮਣੇ ਆਇਆ ਹੈ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸਰਪੰਚ ਜਸਵੀਰ ਸਿੰਘ ਗਿੱਲ ਦੇ ਘਰ 'ਤੇ ਮੋਟਰਸਾਈਕਲ ਸਵਾਰ ਅਣਪਛਾਤੇ ਹਮਲਾਵਰਾਂ ਵੱਲੋਂ ਤੜਕਸਾਰ ਫਾਇਰਿੰਗ ਕੀਤੀ ਗਈ। ਜਾਣਕਾਰੀ ਮੁਤਾਬਕ ਇਹ ਘਟਨਾ ਸ਼ਨੀਵਾਰ ਸਵੇਰੇ ਉਸ ਵੇਲੇ ਵਾਪਰੀ ਜਦੋਂ ਅਕਾਲੀ ਆਗੂ ਜਸਵੀਰ ਸਿੰਘ ਗਿੱਲ ਆਪਣੇ ਘਰ ਦੇ ਵਿਹੜੇ ਵਿੱਚ ਸੈਰ ਕਰ ਰਹੇ ਸਨ। ਇਸੇ ਦੌਰਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਅਣਪਛਾਤੇ ਨੌਜਵਾਨਾਂ ਨੇ ਘਰ ਦੇ ਮੁੱਖ ਗੇਟ ਸਾਹਮਣੇ ਬਾਈਕ ਰੋਕੀ ਅਤੇ ਸਿੱਧੀ ਫਾਇਰਿੰਗ ਸ਼ੁਰੂ ਕਰ ਦਿੱਤੀ।

ਗੋਲੀਆਂ ਚੱਲਣ ਦੀ ਆਵਾਜ਼ ਸੁਣਦਿਆਂ ਹੀ ਜਸਵੀਰ ਸਿੰਘ ਨੇ ਮੁਸਤੈਦੀ ਦਿਖਾਈ ਅਤੇ ਤੁਰੰਤ ਘਰ ਦੇ ਅੰਦਰ ਵੜ ਕੇ ਆਪਣੀ ਜਾਨ ਬਚਾਈ। ਆਪਣੇ ਬਚਾਅ ਵਿੱਚ ਅਕਾਲੀ ਆਗੂ ਨੇ ਵੀ ਹਿੰਮਤ ਨਹੀਂ ਹਾਰੀ। ਉਨ੍ਹਾਂ ਨੇ ਤੁਰੰਤ ਆਪਣੀ ਲਾਇਸੈਂਸੀ ਰਿਵਾਲਵਰ ਕੱਢੀ ਅਤੇ ਹਮਲਾਵਰਾਂ 'ਤੇ ਜਵਾਬੀ ਫਾਇਰਿੰਗ ਸ਼ੁਰੂ ਕਰ ਦਿੱਤੀ। ਸਾਬਕਾ ਸਰਪੰਚ ਵੱਲੋਂ ਦਿਖਾਈ ਗਈ ਇਸ ਦਲੇਰੀ ਤੋਂ ਬਾਅਦ ਹਮਲਾਵਰ ਘਬਰਾ ਗਏ ਅਤੇ ਮੌਕੇ ਤੋਂ ਮੋਟਰਸਾਈਕਲ 'ਤੇ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਕਿਲ੍ਹਾ ਲਾਲ ਸਿੰਘ ਦੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਅਧਿਕਾਰੀ ਰਾਕੇਸ਼ ਕੁਮਾਰ ਨੇ ਦੱਸਿਆ ਕਿ ਜਸਵੀਰ ਸਿੰਘ ਗਿੱਲ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਭਾਰਤੀ ਸੈਨਾ 'ਚ ਭਰਤੀ ਦੇ ਨਾਂ 'ਤੇ ਵੱਡੀ ਧੋਖਾਧੜੀ

### ✪ ਫਿਰੋਜ਼ਪੁਰ 'ਚ ਨੌਜਵਾਨ ਨੂੰ ਲਗਾਇਆ ਲੱਖਾਂ ਦਾ ਚੂਨਾ, ਮਾਮਲਾ ਦਰਜ

ਫਿਰੋਜ਼ਪੁਰ-ਪੰਜਾਬ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਾ ਝਾਂਸਾ ਦੇ ਕੇ ਠੱਗਣ ਵਾਲੇ ਗਿਰੋਹ ਲਗਾਤਾਰ ਸਰਗਰਮ ਹਨ। ਤਾਜ਼ਾ ਮਾਮਲਾ ਫਿਰੋਜ਼ਪੁਰ ਦੇ ਇਲਾਕਾ ਮਮਦੋਟ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਨੌਜਵਾਨ ਨੂੰ ਭਾਰਤੀ ਫ਼ੌਜ (ਆਰਮੀ) ਵਿੱਚ ਭਰਤੀ ਕਰਵਾਉਣ ਦਾ ਸਬਜ਼ਬਾਗ ਦਿਖਾ ਕੇ ਲੱਖਾਂ ਰੁਪਏ ਦੀ ਠੱਗੀ ਮਾਰੀ ਗਈ ਹੈ। ਇਸ ਸਬੰਧੀ ਥਾਣਾ ਮਮਦੋਟ ਦੀ ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੀੜਤ ਬਾਜ ਸਿੰਘ ਜੋ ਕਿ ਜਲਾਲਬਾਦ ਤਹਿਸੀਲ ਦੇ ਪਿੰਡ ਪਾਲੀ ਵਾਲਾ ਦਾ ਰਹਿਣ ਵਾਲਾ ਹੈ, ਨੇ ਪੁਲਿਸ ਕੋਲ ਇੱਕ ਅਧਿਕਾਰਤ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤਕਰਤਾ ਮੁਤਾਬਕ, ਪਿੰਡ ਸੈਦੇ ਕੇ ਨੌਲ ਦੇ ਰਹਿਣ ਵਾਲੇ ਅਮਨਦੀਪ ਸਿੰਘ ਨੇ ਉਸ ਨੂੰ ਭਰੋਸਾ ਦਿੱਤਾ ਸੀ ਕਿ ਉਹ ਉਸ ਦੀ ਆਰਮੀ ਵਿੱਚ ਸਿੱਧੀ ਨੌਕਰੀ ਲਗਵਾ ਦੇਵੇਗਾ। ਇਸ ਝਾਂਸੇ ਵਿੱਚ ਆ ਕੇ ਪੀੜਤ ਨੇ ਮੁਲਜ਼ਮ ਨੂੰ 1 ਲੱਖ 15 ਹਜ਼ਾਰ ਰੁਪਏ ਦੇ ਦਿੱਤੇ, ਪਰ ਰਕਮ ਹੜੱਪਣ ਤੋਂ ਬਾਅਦ ਮੁਲਜ਼ਮ ਆਪਣੇ ਵਾਅਦੇ ਤੋਂ ਮੁੱਕਰ ਗਿਆ। (ਨੋਟ: ਖ਼ਬਰ ਦੀ ਹੈੱਡਲਾਈਨ ਵਿੱਚ 8 ਲੱਖ 15 ਹਜ਼ਾਰ ਦਾ ਜ਼ਿਕਰ ਹੈ, ਜਦਕਿ ਵੇਰਵਿਆਂ ਮੁਤਾਬਕ ਠੱਗੀ ਦੀ ਰਾਸ਼ੀ 1 ਲੱਖ 15 ਹਜ਼ਾਰ ਰੁਪਏ ਦੱਸੀ ਗਈ ਹੈ, ਜਿਸ ਦੀ ਪੁਲਿਸ ਬਾਰੀਕੀ ਨਾਲ ਜਾਂਚ ਕਰ ਰਹੀ ਹੈ।)

ਥਾਣਾ ਮਮਦੋਟ ਦੀ ਪੁਲਿਸ ਨੇ ਸ਼ਿਕਾਇਤਕਰਤਾ ਬਾਜ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਅਮਨਦੀਪ ਸਿੰਘ ਖ਼ਿਲਾਫ਼ ਧੋਖਾਧੜੀ ਦੀਆਂ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਗੁਰਦੀਪ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਕੀ ਭਾਰਤ 'ਇੱਕ-ਪਾਰਟੀ ਰਾਜ' ਵੱਲ ਵਧ ਰਿਹਾ ਹੈ ?

**ਨਿਊਜ਼ ਸਟੋਰੀ** ✪ ਵਿਰੋਧੀ ਧਿਰ ਦੀ ਕਮਜ਼ੋਰੀ ਅਤੇ ਨਵੀਆਂ ਪਾਰਟੀਆਂ ਦੇ ਉਭਾਰ 'ਤੇ ਉੱਠੇ ਵੱਡੇ ਸਵਾਲ



ਮੌਜੂਦਾ ਸਮੇਂ ਭਾਰਤੀ ਸਿਆਸਤ ਵਿੱਚ ਦੋ ਅਜਿਹੇ ਰੁਝਾਨ ਦੇਖਣ ਨੂੰ ਮਿਲ ਰਹੇ ਹਨ, ਜੋ ਇੱਕ-ਦੂਜੇ ਦੇ ਬਿਲਕੁਲ ਉਲਟ ਜਾਪਦੇ ਹਨ। ਇੱਕ ਪਾਸੇ ਜਿੱਥੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਆਪਣੇ ਵਿਰੋਧੀਆਂ ਨੂੰ ਪਛਾੜ ਕੇ ਦੇਸ ਦੇ ਕੋਨੇ-ਕੋਨੇ ਵਿੱਚ ਲਗਾਤਾਰ ਮਜ਼ਬੂਤ ਹੁੰਦੀ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਸਿਆਸੀ ਸੰਸਾਰ ਵਿੱਚ ਹਰ ਕੁਝ ਸਾਲਾਂ ਬਾਅਦ ਨਵੀਆਂ-ਨਵੀਆਂ ਪਾਰਟੀਆਂ ਜਨਮ ਲੈ ਰਹੀਆਂ ਹਨ।

ਮੌਜੂਦਾ ਸਿਆਸੀ ਹਾਲਾਤ 'ਤੇ ਨਜ਼ਰ ਮਾਰੀਏ ਤਾਂ ਭਾਜਪਾ ਇਸ ਸਮੇਂ ਵਿਰੋਧੀ ਆਗੂਆਂ ਲਈ ਸਭ ਤੋਂ ਵੱਡਾ ਚੁੰਬਕ ਸਾਬਤ ਹੋ ਰਹੀ ਹੈ। ਮਮਤਾ ਬਨਰਜੀ ਦੀ ਟੀ. ਐੱਮ. ਸੀ., ਉੱਧਵ ਠਾਕਰੇ ਦੀ ਸ਼ਿਵਸੈਨਾ, ਝਾਰਖੰਡ ਮੁਕਤੀ ਮੋਰਚਾ, ਬੀਜੂ ਜਨਤਾ ਦਲ ਅਤੇ ਜਗਨ ਮੋਹਨ ਰੈੱਡੀ ਦੀ ਵਰਗੀਆਂ ਪਾਰਟੀਆਂ ਦੇ ਕਈ ਆਗੂਆਂ ਨੇ ਭਾਜਪਾ ਜਾਂ ਐੱਨ.ਡੀ.ਏ. ਦਾ ਪੱਲਾ ਫੜ ਲਿਆ ਹੈ।

ਸਭ ਤੋਂ ਵੱਡੀ ਮਾਰ ਕਾਂਗਰਸ ਨੂੰ ਪਈ ਹੈ। ਅੱਜ ਭਾਜਪਾ ਦੇ ਚਾਰ ਮੁੱਖ ਮੰਤਰੀ-ਹਿੰਮਤ ਬਿਸਵਾ ਸਰਮਾ (ਅਸਾਮ), ਪੇਮਾ ਖਾਂਡੂ (ਅਰੁਣਾਚਲ ਪ੍ਰਦੇਸ਼), ਮਾਣਿਕ ਸਾਹਾ (ਤ੍ਰਿਪੁਰਾ) ਅਤੇ ਐੱਨ. ਬੀਰੇਨ ਸਿੰਘ (ਮਨੀਪੁਰ)-ਕਦੇ ਕਾਂਗਰਸ ਦੇ ਵੱਡੇ ਆਗੂ ਹੁੰਦੇ ਸਨ। ਇਸ ਤੋਂ ਇਲਾਵਾ ਜੋਤੀਰਾਦਿੱਤਿਆ ਸਿੰਧੀਆ, ਕਿਰਨ ਰਿਜੀਜੂ, ਜਿਤਿਨ ਪ੍ਰਸਾਦ ਅਤੇ ਰਵਨੀਤ ਸਿੰਘ ਬਿੱਟੂ ਵਰਗੇ ਕੇਂਦਰੀ ਮੰਤਰੀ ਵੀ ਕਾਂਗਰਸੀ ਪਿਛੋਕੜ ਵਾਲੇ ਹਨ। ਕੈਪਟਨ ਅਮਰਿੰਦਰ ਸਿੰਘ ਅਤੇ ਅਸ਼ੋਕ ਚਵਾਨ ਸਣੇ ਕਾਂਗਰਸ ਦੇ ਸਾਬਕਾ ਮੁੱਖ ਮੰਤਰੀਆਂ ਦੀ ਇੱਕ ਪੂਰੀ ਫ਼ੌਜ ਅੱਜ ਭਾਜਪਾ ਵਿੱਚ ਸ਼ਾਮਲ ਹੋ ਚੁੱਕੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਵਿਰੋਧੀ ਸਰਕਾਰਾਂ ਨੂੰ ਡੇਗਣ ਦੀ ਖੇਡ ਵਿੱਚ ਕਦੇ ਕਾਂਗਰਸ ਵੀ ਧਾਰਾ 356 ਦੀ ਵਰਤੋਂ ਕਰਕੇ 'ਉਸਤਾਦ' ਅਖਵਾਉਂਦੀ ਸੀ, ਪਰ ਅੱਜ ਭਾਜਪਾ ਨੇ ਸਾਮ-ਦਾਮ-ਦੰਡ-ਭੇਦ ਅਤੇ ਵਿਰੋਧੀਆਂ ਵਿਰੁੱਧ ਜਾਂਚ ਏਜੰਸੀਆਂ ਦੀ ਵਰਤੋਂ ਕਰਕੇ ਇਸ ਖੇਡ ਨੂੰ ਕਾਰਪੋਰੇਟ ਪੱਧਰ 'ਤੇ ਪਹੁੰਚਾ ਦਿੱਤਾ ਹੈ।

ਨਿਊਜ਼ ਰਿਪੋਰਟਾਂ ਮੁਤਾਬਕ, ਕਾਂਗਰਸ ਵਿੱਚੋਂ ਨਿਕਲ ਕੇ ਬਣੀਆਂ ਖੇਤਰੀ ਪਾਰਟੀਆਂ (ਜਿਵੇਂ ਟੀਐਮਸੀ, ਐਨਸੀਪੀ, ਵਾਈ ਐਸ ਆਰ ਸੀ ਪੀ) ਲਈ 'ਸੱਤਾ' ਹੀ ਮੁੱਖ ਵਿਚਾਰਧਾਰਾ ਬਣ ਗਈ ਸੀ। ਇਹ ਪਾਰਟੀਆਂ ਪੂਰੀ ਤਰ੍ਹਾਂ ਇੱਕੋ ਪਰਿਵਾਰ ਦੇ ਸਿਰ 'ਤੇ ਚੱਲਦੀਆਂ ਹਨ। ਜਦੋਂ ਪਰਿਵਾਰ ਚੋਣਾਂ ਜਿਤਾਉਣ ਅਤੇ ਸੱਤਾ ਦਿਵਾਉਣ ਵਿੱਚ ਅਸਫਲ ਸਾਬਤ ਹੁੰਦਾ ਹੈ, ਤਾਂ ਪਾਰਟੀ ਦੇ ਦੂਜੇ ਆਗੂ ਆਪਣਾ ਭਵਿੱਖ ਬਚਾਉਣ ਲਈ ਪਾਰਟੀ ਬਦਲ ਲੈਂਦੇ ਹਨ।

ਪੰਜਾਬ ਵਿੱਚ ਸ਼ਿਰੋਮਣੀ ਅਕਾਲੀ ਦਲ ਦੇ ਅੰਦਰ ਚੱਲ ਰਹੀ ਮੌਜੂਦਾ ਬਗਾਵਤ ਵੀ ਇਸੇ ਦੀ ਇੱਕ ਵੱਡੀ ਮਿਸਾਲ ਹੈ। ਧਾਰਮਿਕ ਅਤੇ ਪੰਥਕ ਵਿਚਾਰਧਾਰਾ ਨਾਲ ਡੂੰਘੀ ਜੁੜੀ ਹੋਣ ਦੇ ਬਾਵਜੂਦ, ਇਹ ਪਾਰਟੀ ਹੌਲੀ-ਹੌਲੀ ਇੱਕ ਪਰਿਵਾਰਕ ਕਾਰੋਬਾਰ ਵਿੱਚ ਤਬਦੀਲ ਹੋ ਗਈ, ਜਿਸ ਕਾਰਨ ਅੱਜ ਇਸ ਦੇ ਅੰਦਰੂਨੀ ਢਾਂਚੇ ਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪ੍ਰਸਿਧ ਚਿੰਤਕ ਤੇ ਪੱਤਰਕਾਰ ਆਸ਼ੂਤੋਸ਼ ਦਾ ਕਹਿਣਾ ਹੈ ਕਿ ਇਸ ਪੂਰੀ ਸਥਿਤੀ ਤੋਂ ਇਹ ਸਾਫ਼ ਹੁੰਦਾ ਹੈ ਕਿ ਲੋਕਤੰਤਰ ਵਿੱਚ ਕੇਵਲ ਸੱਤਾ ਦੇ ਸੁਖ ਲਈ ਬਣੇ ਗਠਜੋੜ ਬਹੁਤਾ ਚਿਰ ਨਹੀਂ ਟਿਕਦੇ। ਜਿਹੜੀਆਂ ਪਾਰਟੀਆਂ ਕੋਲ ਇੱਕ ਮਜ਼ਬੂਤ ਕੇਡਰ, ਜ਼ਮੀਨੀ ਵਰਕਰ ਅਤੇ ਅਟੱਲ ਵਿਚਾਰਧਾਰਾ ਹੁੰਦੀ ਹੈ, ਉਹੀ ਸਿਆਸਤ ਦੇ ਲੰਮੇ ਬਿਖੜੇ ਪੈਂਡੇ ਤੈਅ ਕਰ ਸਕਦੀਆਂ ਹਨ।

ਇਸ ਸਥਿਤੀ ਨੇ ਦੇਸ ਦੇ ਸਿਆਸੀ ਮਾਹਿਰਾਂ ਅਤੇ ਆਮ ਲੋਕਾਂ ਵਿੱਚ ਇੱਕ ਵੱਡੀ ਬਹਿਸ ਛੇੜ ਦਿੱਤੀ ਹੈ: ਕੀ ਭਾਰਤ ਹੌਲੀ-ਹੌਲੀ ਇੱਕ ਅਜਿਹੇ ਦੌਰ ਵੱਲ ਜਾ ਰਿਹਾ ਹੈ ਜਿੱਥੇ ਸਿਰਫ਼ ਇੱਕੋ ਪਾਰਟੀ (ਭਾਜਪਾ) ਦਾ ਰਾਜ ਹੋਵੇਗਾ, ਜਾਂ ਫਿਰ ਇਹ ਨਵੇਂ ਬਦਲ ਵਿਰੋਧੀ ਧਿਰ ਵਿੱਚ ਇੱਕ ਨਵੀਂ ਜਾਨ ਫੂਕਣਗੇ ?

## 'ਇੱਕ-ਪਾਰਟੀ ਰਾਜ' ਦਾ ਡਰ ਅਤੇ ਭਾਜਪਾ ਦਾ ਵਧਦਾ ਦਾਇਰਾ

ਬਹੁਤ ਸਾਰੇ ਲੋਕਾਂ ਨੂੰ ਚਿੰਤਾ ਹੈ ਕਿ ਭਾਰਤ ਦਾ ਬਹੁ-ਪਾਰਟੀ ਲੋਕਤੰਤਰ ਹੁਣ ਇੱਕੋ ਪਾਰਟੀ ਦੇ ਦਬਦਬੇ ਵਾਲੇ ਰਾਜ ਵਿੱਚ ਬਦਲ ਰਿਹਾ ਹੈ। ਇਹ ਬਿਲਕੁਲ ਆਜ਼ਾਦੀ ਤੋਂ ਬਾਅਦ ਦੇ ਪਹਿਲੇ ਤਿੰਨ ਦਹਾਕਿਆਂ ਵਰਗਾ ਮਾਹੌਲ ਬਣਦਾ ਜਾ ਰਿਹਾ ਹੈ, ਜਦੋਂ ਦੇਸ ਦੀ ਸਿਆਸਤ 'ਤੇ ਸਿਰਫ਼ ਕਾਂਗਰਸ ਦਾ ਕਬਜ਼ਾ ਹੁੰਦਾ ਸੀ। 2014 ਤੋਂ ਬਾਅਦ ਭਾਜਪਾ ਨੇ ਕਾਂਗਰਸ ਨੂੰ ਬਹੁਤ ਕਮਜ਼ੋਰ ਕਰ ਦਿੱਤਾ ਹੈ ਅਤੇ ਹੁਣ ਦੇਸ ਦੇ 28 ਰਾਜਾਂ ਵਿੱਚੋਂ 21 ਵਿੱਚ ਭਾਜਪਾ ਜਾਂ ਉਸ ਦੇ ਸਹਿਯੋਗੀਆਂ ਦੀਆਂ ਸਰਕਾਰਾਂ ਹਨ।

ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ ਓਡੀਸ਼ਾ ਅਤੇ ਬੰਗਾਲ ਵਰਗੇ ਪੂਰਬੀ ਰਾਜਾਂ ਵਿੱਚ ਮਿਲੀ ਜਿੱਤ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਭਾਜਪਾ ਹੁਣ ਉਨ੍ਹਾਂ ਖੇਤਰਾਂ ਵਿੱਚ ਵੀ ਪੈਰ ਪਸਾਰ ਚੁੱਕੀ ਹੈ, ਜਿੱਥੇ ਕਦੇ ਉਸ ਨੂੰ ਨਾਕਾਮਯਾਬੀ ਮਿਲਦੀ ਸੀ।

## ਵਿਰੋਧੀ ਧਿਰ ਦੇ ਗੰਭੀਰ ਆਰੋਪ

ਭਾਜਪਾ ਕੋਲ ਪੱਕੀ ਵਿਚਾਰਧਾਰਾ, ਮਜ਼ਬੂਤ ਸੰਗਠਨ ਅਤੇ ਵੱਡੀ ਮਾਤਰਾ ਵਿੱਚ ਪੈਸਾ ਹੈ, ਜਿਸ ਸਦਕਾ ਉਹ ਚੋਣਾਂ ਜਿੱਤ ਰਹੀ ਹੈ। ਪਰ ਵਿਰੋਧੀ ਧਿਰ, ਸਿਵਲ ਸੁਸਾਇਟੀ ਅਤੇ ਆਜ਼ਾਦ ਪੱਤਰਕਾਰਾਂ ਦਾ ਦੋਸ਼ ਹੈ ਕਿ ਭਾਜਪਾ ਸੱਤਾ ਤੱਕ ਪਹੁੰਚਣ ਲਈ ਗਲਤ ਤਰੀਕੇ ਵੀ ਅਪਣਾ ਰਹੀ ਹੈ।

ਆਰੋਪ ਲਗਾਏ ਜਾ ਰਹੇ ਹਨ ਕਿ ਜਾਂਚ ਏਜੰਸੀਆਂ (ਜਿਵੇਂ ਈਡੀ, ਸੀਬੀਆਈ) ਦੀ ਵਰਤੋਂ ਕਰਕੇ ਵਿਰੋਧੀ ਨੇਤਾਵਾਂ ਨੂੰ ਡਰਾਇਆ ਜਾਂਦਾ ਹੈ ਤਾਂ ਜੋ ਉਹ ਜਾਂ ਤਾਂ ਭਾਜਪਾ ਵਿੱਚ ਸ਼ਾਮਲ ਹੋ ਜਾਣ ਜਾਂ ਫਿਰ ਆਪਣੀਆਂ ਪਾਰਟੀਆਂ ਨੂੰ ਕਮਜ਼ੋਰ ਕਰ ਲੈਣ।

## ਨਵੇਂ ਸਿਆਸੀ ਬਦਲਾਂ ਦਾ ਉਭਾਰ

ਹਾਲਾਂਕਿ, ਭਾਰਤ ਇੱਕ ਬਹੁਤ ਵੱਡਾ ਅਤੇ ਵੱਖ-ਵੱਖ ਸੱਭਿਆਚਾਰਾਂ ਵਾਲਾ ਦੇਸ ਹੈ, ਇਸ ਲਈ ਇੱਥੇ ਲੋਕਤੰਤਰ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਆਸਾਨ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿੱਚ ਦੇਸ ਅੰਦਰ ਕਈ ਨਵੇਂ ਸਿਆਸੀ ਬਦਲ ਸਾਹਮਣੇ ਆਏ ਹਨ:

ਦਿੱਲੀ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਉਭਾਰ ਹੋਇਆ।

ਤਾਮਿਲਨਾਡੂ ਵਿੱਚ ਮਸ਼ਹੂਰ ਅਦਾਕਾਰ ਵਿਜੇ ਦੀ ਪਾਰਟੀ ਟੀਵੀਕੇ ਨੇ ਹਾਲ ਹੀ ਵਿੱਚ ਵਿਧਾਨ ਸਭਾ ਚੋਣਾਂ ਜਿੱਤ ਕੇ ਵੱਡਾ ਉਲਟਫੇਰ ਕੀਤਾ।

ਹਰਿਆਣਾ ਵਿੱਚ ਜੇ.ਜੇ.ਪੀ. , ਬਿਹਾਰ ਵਿੱਚ ਜਨ ਸੁਰਾਜ ਪਾਰਟੀ, ਅਤੇ ਕਈ ਹੋਰ ਨਵੇਂ ਅੰਦੋਲਨ ਸਿਆਸਤ ਵਿੱਚ ਥਾਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

## ਵਿਰੋਧੀ ਪਾਰਟੀਆਂ ਕਿਉਂ ਹੋ ਰਹੀਆਂ ਹਨ ਫੇਲ੍ਹ ?

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜੇਕਰ ਦੇਸ ਦੇ 60 ਫ਼ੀਸਦੀ ਵੋਟਰ ਭਾਜਪਾ ਦੇ ਨਾਲ ਨਹੀਂ ਹਨ, ਤਾਂ ਵੀ ਵਿਰੋਧੀ ਪਾਰਟੀਆਂ ਕਿਉਂ ਟੁੱਟ ਰਹੀਆਂ ਹਨ ? ਇਸ ਦਾ ਸਭ ਤੋਂ ਵੱਡਾ ਕਾਰਨ ਇਨ੍ਹਾਂ ਪਾਰਟੀਆਂ ਦਾ ਢਾਂਚਾ ਹੈ। ਭਾਜਪਾ ਅਤੇ ਖੱਬੀਆਂ ਪਾਰਟੀਆਂ ਨੂੰ ਛੱਡ ਕੇ, ਭਾਰਤ ਦੀਆਂ ਜ਼ਿਆਦਾਤਰ ਪਾਰਟੀਆਂ ਕਿਸੇ ਵਿਚਾਰਧਾਰਾ 'ਤੇ ਨਹੀਂ, ਬਲਕਿ ਇੱਕ ਖ਼ਾਸ ਨੇਤਾ ਜਾਂ ਉਸ ਦੇ ਪਰਿਵਾਰ ਦੇ ਸਿਰ 'ਤੇ ਚੱਲਦੀਆਂ ਹਨ (ਪਰਿਵਾਰਵਾਦ)। ਇਹ ਪਾਰਟੀਆਂ ਨੇਤਾ ਦੀ ਨਿੱਜੀ ਪ੍ਰਸਿੱਧੀ 'ਤੇ ਟਿਕੀਆਂ ਹੁੰਦੀਆਂ ਹਨ, ਨਾ ਕਿ ਜ਼ਮੀਨੀ ਵਰਕਰਾਂ ਦੇ ਦਮ 'ਤੇ। ਇਸੇ ਲਈ, ਜਦੋਂ ਕੋਈ ਪਾਰਟੀ ਚੋਣ ਹਾਰਦੀ ਹੈ, ਤਾਂ ਉਸ ਦੇ ਨੇਤਾ ਤੁਰੰਤ ਪਾਰਟੀ ਛੱਡ ਕੇ ਦੂਜੇ ਪਾਸੇ ਭੱਜ ਜਾਂਦੇ ਹਨ। ਇਸ ਤੋਂ ਇਲਾਵਾ, ਅਜੋਕੀ ਸਿਆਸਤ ਹੁਣ ਜ਼ਮੀਨੀ ਅੰਦੋਲਨਾਂ ਦੀ ਬਜਾਏ ਵੱਡੇ ਪੈਸੇ, ਡਾਟਾ, ਪੀ.ਆਰ. ਰਣਨੀਤੀਆਂ ਅਤੇ ਡਿਜੀਟਲ ਮਾਰਕੀਟਿੰਗ 'ਤੇ ਨਿਰਭਰ ਹੋ ਗਈ ਹੈ, ਜਿਸ ਕਾਰਨ ਆਮ ਜਨਤਾ ਨਾਲੋਂ ਪਾਰਟੀਆਂ ਦਾ ਨਾਤਾ ਟੁੱਟ ਰਿਹਾ ਹੈ।



ਸਿਆਸੀ ਮਾਹਿਰਾਂ ਅਨੁਸਾਰ ਵਿਰੋਧੀ ਧਿਰਾਂ ਸਿਰਫ਼ ਭਾਜਪਾ 'ਤੇ ਦੋਸ਼ ਲਗਾ ਕੇ ਨਹੀਂ ਬਚ ਸਕਦੀਆਂ; ਉਨ੍ਹਾਂ ਨੂੰ ਆਪਣੀ ਸਿਆਸਤ ਕਰਨ ਦਾ ਤਰੀਕਾ ਬਦਲਣਾ ਪਵੇਗਾ। ਭਾਰਤ ਵਿੱਚ ਵਧ ਰਹੀ ਮਹਿੰਗਾਈ ਅਤੇ ਆਰਥਿਕ ਮੁਸ਼ਕਿਲਾਂ ਕਾਰਨ ਜਨਤਾ ਵਿੱਚ ਬੇਚੈਨੀ ਜ਼ਰੂਰ ਹੈ, ਪਰ ਵਿਰੋਧੀ ਧਿਰ ਇਸ ਦਾ ਫਾਇਦਾ ਤਾਂ ਹੀ ਚੁੱਕ ਸਕਦੀ ਹੈ ਜੇਕਰ: ਉਹ 'ਪਰਿਵਾਰਵਾਦ' ਅਤੇ ਨਿੱਜੀ ਹੰਕਾਰ ਤੋਂ ਬਾਹਰ ਨਿਕਲਣ। ਪੁਰਾਣੀਆਂ ਪਾਰਟੀਆਂ ਨਵੇਂ ਉੱਭਰ ਰਹੇ ਆਗੂਆਂ ਅਤੇ ਪਾਰਟੀਆਂ ਨਾਲ ਮਿਲ ਕੇ ਇੱਕ ਮਜ਼ਬੂਤ ਰਣਨੀਤਕ ਗਠਜੋੜ ਬਣਾਉਣ। ਸਭ ਤੋਂ ਜ਼ਰੂਰੀ-ਨੇਤਾ ਏਅਰ-ਕੰਡੀਸ਼ਨਡ ਕਮਰਿਆਂ ਵਿੱਚੋਂ ਨਿਕਲ ਕੇ ਵਾਪਸ ਆਮ ਜਨਤਾ ਦੇ ਵਿੱਚ ਜਾਣ ਅਤੇ ਉਨ੍ਹਾਂ ਦੇ ਮੁੱਦਿਆਂ 'ਤੇ ਲੜਨ।

# ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਵਿਚ 10 ਅਰਬ ਡਾਲਰ ਦੀ ਵੱਡੀ ਗਿਰਾਵਟ

**✪ ਕੀ ਅਰਥ ਵਿਵਸਥਾ 'ਤੇ ਮੰਡਰਾ ਰਿਹਾ ਹੈ ਸੰਕਟ ? ✪ ਵਿਦੇਸ਼ੀ ਮੁਦਰਾ ਭੰਡਾਰ ਘੱਟ ਕੇ 671.62 ਅਰਬ ਡਾਲਰ 'ਤੇ ਆਇਆ**

**✪ ਸੋਨੇ ਦੇ ਭੰਡਾਰ ਵਿਚ ਕਮੀ ਅਤੇ ਵਪਾਰ ਘਾਟਾ ਬਣੇ ਵੱਡੇ ਕਾਰਨ ✪ ਆਰਬੀਆਈ ਦੇ ਅੰਕੜਿਆਂ ਨੇ ਵਧਾਈ ਚਿੰਤਾ**

## ਨਿਊਜ਼ ਸਟੋਰੀ



ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਇੱਕ ਵਾਰ ਫਿਰ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ, 12 ਜੂਨ ਨੂੰ ਖਤਮ ਹੋਏ ਹਫ਼ਤੇ ਵਿੱਚ ਭਾਰਤ ਦਾ ਕੁੱਲ ਵਿਦੇਸ਼ੀ ਮੁਦਰਾ ਭੰਡਾਰ 9.985 ਅਰਬ ਡਾਲਰ (ਕਰੀਬ 10 ਅਰਬ ਡਾਲਰ) ਘੱਟ ਕੇ 671.625 ਅਰਬ ਡਾਲਰ ਰਹਿ ਗਿਆ ਹੈ। ਇਸ ਤੋਂ ਪਿਛਲੇ ਹਫ਼ਤੇ ਵੀ ਇਸ ਵਿੱਚ 71.1 ਕਰੋੜ ਡਾਲਰ ਦੀ ਕਮੀ ਆਈ ਸੀ ਅਤੇ ਇਹ 681.610 ਅਰਬ ਡਾਲਰ 'ਤੇ ਸੀ। ਲਗਾਤਾਰ ਹੋ ਰਹੀ ਇਸ ਗਿਰਾਵਟ ਨੇ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਭਾਰਤ ਦੀ ਅਰਥ ਵਿਵਸਥਾ ਕਿਸੇ ਸੰਕਟ ਵੱਲ ਵਧ ਰਹੀ ਹੈ ?

ਆਰਬੀਆਈ ਦੇ ਅੰਕੜਿਆਂ ਮੁਤਾਬਕ, ਇਸ ਵਾਰ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਆਈ ਵੱਡੀ ਗਿਰਾਵਟ ਦਾ ਮੁੱਖ ਕਾਰਨ ਸੋਨੇ ਦੇ ਭੰਡਾਰ ਵਿੱਚ ਆਈ ਤੇਜ਼ੀ ਹੈ। ਸੋਨੇ ਦਾ ਭੰਡਾਰ 10.754 ਅਰਬ ਡਾਲਰ ਘੱਟ ਕੇ 103.821 ਅਰਬ ਡਾਲਰ ਰਹਿ ਗਿਆ ਹੈ।

ਰਾਹਤ ਦੀ ਗੱਲ ਇਹ ਹੈ ਕਿ ਕੁੱਲ ਭੰਡਾਰ ਦਾ ਸਭ ਤੋਂ ਵੱਡਾ ਹਿੱਸਾ, ਯਾਨੀ ਫੌਰਨ ਕਰੰਸੀ ਐਸੇਟਸ, 84.6 ਕਰੋੜ ਡਾਲਰ ਵਧ ਕੇ 544.290 ਅਰਬ ਡਾਲਰ ਹੋ ਗਿਆ ਹੈ। ਸਪੈਸ਼ਲ ਡਰਾਇੰਗ ਰਾਈਟਸ 6.6 ਕਰੋੜ ਡਾਲਰ ਘੱਟ ਕੇ 18.699 ਅਰਬ ਡਾਲਰ ਅਤੇ ਆਈਐੱਮਐੱਫ ਕੋਲ ਭਾਰਤ ਦੀ ਰਿਜ਼ਰਵ ਪੁਜੀਸ਼ਨ 1.1 ਕਰੋੜ ਡਾਲਰ ਘੱਟ ਕੇ 4.815 ਅਰਬ ਡਾਲਰ 'ਤੇ ਆ ਗਈ ਹੈ।

### ਕੀ ਭਾਰਤ ਦੀ ਅਰਥ ਵਿਵਸਥਾ ਡਿਗ ਰਹੀ ਹੈ ?

ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ, ਇਸ ਗਿਰਾਵਟ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਭਾਰਤ ਦੀ ਅਰਥ ਵਿਵਸਥਾ ਡਿਗ ਰਹੀ ਹੈ। ਆਰਥਿਕ ਮਾਹਿਰਾਂ ਅਨੁਸਾਰ, ਇਹ ਉਤਰਾਅ-ਚੜ੍ਹਾਅ ਮੁੱਖ ਤੌਰ 'ਤੇ ਕੌਮਾਂਤਰੀ ਪਰਿਸਥਿਤੀਆਂ, ਵਪਾਰ ਘਾਟੇ ਅਤੇ ਗਲੋਬਲ ਮਾਰਕੀਟ ਦੀ ਅਸਥਿਰਤਾ ਕਾਰਨ ਹਨ।

ਭਾਰਤ ਦੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਦੇਸ਼ ਨਿਰਯਾਤ (ਨਾਲੋਂ ਵੱਧ ਆਯਾਤ ਕਰਦਾ ਹੈ। ਵਿੱਤੀ ਸਾਲ 2025-26 ਵਿੱਚ ਭਾਰਤ ਦਾ ਵਪਾਰ ਘਾਟਾ 333.2 ਅਰਬ ਡਾਲਰ ਰਿਹਾ। ਇਕੱਲੇ ਜਨਵਰੀ ਮਹੀਨੇ ਵਿੱਚ ਆਯਾਤ 19.2 ਫੀਸਦ ਵਧ ਕੇ 71.24 ਅਰਬ ਡਾਲਰ ਹੋ ਗਿਆ, ਜਦਕਿ ਨਿਰਯਾਤ ਸਿਰਫ 0.6 ਪ੍ਰਤੀਸ਼ਿਤ ਵਧ ਕੇ 36.56 ਅਰਬ ਡਾਲਰ ਰਿਹਾ। ਨਤੀਜੇ ਵਜੋਂ ਵਪਾਰ ਘਾਟਾ ਇੱਕੋ ਮਹੀਨੇ ਵਿੱਚ 25.05 ਅਰਬ ਡਾਲਰ ਤੋਂ ਵਧ ਕੇ 34.68 ਅਰਬ ਡਾਲਰ ਹੋ ਗਿਆ।

ਭਾਰਤ ਆਪਣੀ ਲੋੜ ਦਾ 90 ਫੀਸਦੀ ਕੱਚਾ ਤੇਲ ਆਯਾਤ ਕਰਦਾ ਹੈ, ਜਿਸ ਲਈ ਭਾਰੀ ਮਾਤਰਾ ਵਿੱਚ ਡਾਲਰ ਖਰਚਣੇ ਪੈਂਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਚੇਤਾਵਨੀ ਦਿੱਤੀ ਸੀ ਕਿ ਮੱਧ ਪੂਰਬ ਸੰਕਟ ਕਾਰਨ ਗਲੋਬਲ ਊਰਜਾ ਬਾਜ਼ਾਰ ਅਤੇ ਸ਼ਿਪਿੰਗ ਰੂਟਸ ਪ੍ਰਭਾਵਿਤ ਹੋ ਰਹੇ ਹਨ, ਜਿਸ ਦਾ ਸਿੱਧਾ ਦਬਾਅ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ 'ਤੇ ਪੈ ਰਿਹਾ ਹੈ।

### ਸਰਕਾਰ ਵੱਲੋਂ ਕੀ ਚੁੱਕੇ ਗਏ ਕਦਮ

ਵਿਦੇਸ਼ੀ ਮੁਦਰਾ ਦੀ ਬਚਤ ਕਰਨ ਅਤੇ ਗੈਰ-ਜ਼ਰੂਰੀ ਆਯਾਤ ਨੂੰ ਰੋਕਣ ਲਈ ਮੋਦੀ ਸਰਕਾਰ ਨੇ ਹਾਲ ਹੀ ਵਿੱਚ ਸਖ਼ਤ ਕਦਮ ਚੁੱਕੇ ਹਨ:

ਸੋਨੇ ਅਤੇ ਚਾਂਦੀ 'ਤੇ ਆਯਾਤ ਡਿਊਟੀ 6 ਪ੍ਰਤੀਸ਼ਤ ਤੋਂ ਵਧਾ ਕੇ 15 ਪ੍ਰਤੀਸ਼ਤ ਕਰ ਦਿੱਤੀ ਗਈ ਹੈ। ਪਲੈਟੀਨਮ 'ਤੇ ਡਿਊਟੀ 6.4 ਪ੍ਰਤੀਸ਼ਤ ਤੋਂ ਵਧਾ ਕੇ 15.4 ਪ੍ਰਤੀਸ਼ਤ ਕੀਤੀ ਗਈ ਹੈ। ਇਸ ਦਾ ਉਦੇਸ਼ ਡਾਲਰ ਦੀ ਬਚਤ ਕਰਕੇ ਕੱਚਾ ਤੇਲ, ਖਾਦ ਅਤੇ ਮਹੱਤਵਪੂਰਨ ਤਕਨਾਲੋਜੀਆਂ ਦੇ ਆਯਾਤ ਨੂੰ ਤਰਜੀਹ ਦੇਣਾ ਹੈ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਡਿਪਟੀ ਗਵਰਨਰ ਮਾਈਕਲ ਦੇਬਾਬ੍ਰਤ ਪਾਤਰਾ ਮੁਤਾਬਕ, ਭਾਰਤ ਨੂੰ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਸੁਰੱਖਿਅਤ ਹੋਣ ਲਈ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਘੱਟੋ-ਘੱਟ 1 ਟ੍ਰਿਲੀਅਨ (1,000 ਅਰਬ) ਡਾਲਰ ਤੱਕ ਲੈ ਕੇ ਜਾਣ ਦੀ ਲੋੜ ਹੈ।

ਮੌਜੂਦਾ ਸਮੇਂ ਭਾਰਤ ਕੋਲ ਲਗਭਗ 690 ਅਰਬ ਡਾਲਰ (ਤਾਜ਼ਾ ਹਫ਼ਤਾਵਾਰੀ ਗਿਰਾਵਟ ਤੋਂ ਬਾਅਦ 671.625 ਅਰਬ ਡਾਲਰ) ਦਾ ਭੰਡਾਰ ਹੈ, ਜੋ ਕਿ ਟੀਚੇ ਤੋਂ ਕਰੀਬ 310 ਅਰਬ ਡਾਲਰ ਘੱਟ ਹੈ।

### ਮਾਈਕਲ ਦੇਬਾਬ੍ਰਤ ਪਾਤਰਾ ਅਨੁਸਾਰ 1 ਟ੍ਰਿਲੀਅਨ ਡਾਲਰ ਦੇ ਦੋ

350 ਅਰਬ ਡਾਲਰ: ਇੱਕ ਸਾਲ ਦੇ ਅੰਦਰ ਬਕਾਇਆ ਸਾਰੇ ਵਿਦੇਸ਼ੀ ਕਰਜ਼ਿਆਂ ਦੀ ਅਦਾਇਗੀ ਯਕੀਨੀ ਬਣਾਉਣ ਲਈ।

650 ਅਰਬ ਡਾਲਰ: ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ ਵੱਲੋਂ ਕਿਸੇ ਸੰਕਟ ਦੇ ਸਮੇਂ ਵੱਡੇ ਪੱਧਰ 'ਤੇ ਪੂੰਜੀ ਨਿਕਾਲਣ ਦੀ ਸਥਿਤੀ ਵਿੱਚ ਦੇਸ਼ ਦੀ ਆਰਥਿਕਤਾ ਨੂੰ ਸੰਭਾਲਣ ਲਈ।

ਹਾਲਾਂਕਿ 10 ਅਰਬ ਡਾਲਰ ਦੀ ਗਿਰਾਵਟ ਵੱਡੀ ਨਜ਼ਰ ਆਉਂਦੀ ਹੈ, ਪਰ ਇਹ ਭਾਰਤੀ ਅਰਥਚਾਰੇ ਦੇ ਡਿਗਣ ਦਾ ਸੰਕੇਤ ਨਹੀਂ ਹੈ। ਭਾਰਤ ਕੋਲ ਅਜੇ ਵੀ ਦੁਨੀਆ ਦੇ ਸਭ ਤੋਂ ਮਜ਼ਬੂਤ ਮੁਦਰਾ ਭੰਡਾਰਾਂ ਵਿੱਚੋਂ ਇੱਕ ਹੈ। ਪਰ ਲੰਬੇ ਸਮੇਂ ਦੀ ਆਰਥਿਕ ਸੁਰੱਖਿਆ ਲਈ ਭਾਰਤ ਨੂੰ ਆਪਣੇ ਨਿਰਯਾਤ ਨੂੰ ਵਧਾਉਣ ਅਤੇ ਕੱਚੇ ਤੇਲ ਤੇ ਸੋਨੇ ਵਰਗੀਆਂ ਚੀਜ਼ਾਂ 'ਤੇ ਆਯਾਤ ਨਿਰਭਰਤਾ ਨੂੰ ਘਟਾਉਣ ਦੀ ਸਖ਼ਤ ਲੋੜ ਹੈ।

# ਕੈਨੇਡਾ ਦੀ ਆਬਾਦੀ ਵਿਚ ਵੱਡੀ ਗਿਰਾਵਟ

**✪ ਸ਼ਰਨਾਰਥੀ ਅਰਜ਼ੀਆਂ ਰੱਦ ਹੋਣ ਕਾਰਨ ਪੱਕੇ ਹੋਣ ਦੇ ਰਾਹ ਹੋਏ ਔਖੇ**

ਓਟਾਵਾ (ਬਿਊਰੋ)-ਕੈਨੇਡਾ, ਜੋ ਕਦੇ ਆਪਣੀ ਤੇਜ਼ੀ ਨਾਲ ਵਧਦੀ ਆਬਾਦੀ ਅਤੇ ਉਦਾਰਵਾਦੀ ਇਮੀਗ੍ਰੇਸ਼ਨ ਨੀਤੀਆਂ ਲਈ ਜਾਣਿਆ ਜਾਂਦਾ ਸੀ, ਹੁਣ ਇੱਕ ਵੱਡੇ ਜਨਸੰਖਿਆ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਕੈਨੇਡਾ ਦੇ ਅੰਕੜਾ ਵਿਭਾਗ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜੇ ਦੇਸ਼ ਦੀ ਆਬਾਦੀ ਵਿੱਚ ਲਗਾਤਾਰ ਹੋ ਰਹੀ ਗਿਰਾਵਟ ਵੱਲ ਇਸ਼ਾਰਾ ਕਰ ਰਹੇ ਹਨ। ਚਾਲੂ ਸਾਲ ਦੀ ਪਹਿਲੀ ਤਿਮਾਹੀ (31 ਮਾਰਚ ਤੱਕ) ਦੇ ਅੰਕੜਿਆਂ ਮੁਤਾਬਕ ਦੇਸ਼ ਦੀ ਕੁੱਲ ਆਬਾਦੀ 4,14,17,056 ਦਰਜ ਕੀਤੀ ਗਈ ਹੈ, ਜੋ ਕਿ ਪਿਛਲੇ ਸਾਲ ਦੀ ਚੌਥੀ ਤਿਮਾਹੀ ਦੇ ਮੁਕਾਬਲੇ 55,025 ਘੱਟ ਹੈ।

ਆਬਾਦੀ ਵਿੱਚ ਘਾਟੇ ਦਾ ਇਹ ਸਿਲਸਿਲਾ ਪਿਛਲੇ ਸਾਲ ਜੁਲਾਈ ਮਹੀਨੇ ਤੋਂ ਲਗਾਤਾਰ ਜਾਰੀ ਹੈ, ਪਰ ਮੌਜੂਦਾ ਤਿਮਾਹੀ ਵਿੱਚ ਹੋਈ ਰਿਕਾਰਡ ਕਮੀ ਨੇ ਮਾਹਿਰਾਂ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਹੈ ਕਿ ਕੈਨੇਡਾ ਦੀ ਆਬਾਦੀ ਦਾ ਗ੍ਰਾਫ਼ ਹੁਣ ਤੇਜ਼ੀ ਨਾਲ ਹੇਠਾਂ ਵੱਲ ਜਾ ਰਿਹਾ ਹੈ।

ਇਸੇ ਤਿਮਾਹੀ ਦੌਰਾਨ ਦੇਸ਼ ਵਿੱਚ 83,149 ਲੋਕਾਂ ਨੂੰ ਪੱਕੇ ਵਸਨੀਕ ਦਾ ਦਰਜਾ ਦਿੱਤਾ ਗਿਆ ਹੈ। ਇਹ ਅੰਕੜਾ ਸੁਣਨ ਵਿੱਚ ਭਾਵੇਂ ਵੱਡਾ ਲੱਗੇ, ਪਰ ਪਿਛਲੇ ਸਾਲ ਦੀ ਇਸੇ ਤਿਮਾਹੀ ਦੇ ਮੁਕਾਬਲੇ ਇਸ ਵਿੱਚ 21,061 ਦੀ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ।

ਸਰਕਾਰੀ ਵਿਭਾਗਾਂ ਅਨੁਸਾਰ, ਪੱਕੇ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਆਈ ਇਸ ਕਮੀ ਦਾ ਮੁੱਖ ਕਾਰਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਸ਼ਰਨਾਰਥੀਆਂ ਦੀਆਂ ਅਰਜ਼ੀਆਂ ਪ੍ਰਤੀ ਅਪਣਾਈ ਗਈ ਸਖ਼ਤ ਨੀਤੀ ਹੈ। ਜਦੋਂ ਤੋਂ ਵਿਭਾਗ ਨੇ ਸ਼ਰਨਾਰਥੀ ਅਰਜ਼ੀਆਂ ਦੀ ਬਾਰੀਕੀ ਅਤੇ ਡੂੰਘਾਈ ਨਾਲ ਘੋਖ ਸ਼ੁਰੂ ਕੀਤੀ ਹੈ, ਉਦੋਂ ਤੋਂ ਇਨ੍ਹਾਂ ਦੀ ਪ੍ਰਵਾਨਗੀ ਦਰ 82 ਫ਼ੀਸਦ ਤੋਂ ਭਾਰੀ ਗਿਰਾਵਟ ਨਾਲ ਮਹਿਜ਼ ਸਾਢੇ ਸੋਲਾਂ (16.5) ਫ਼ੀਸਦ ਰਹਿ ਗਈ ਹੈ।

ਇਮੀਗ੍ਰੇਸ਼ਨ ਨੀਤੀਆਂ ਵਿੱਚ ਕੀ ਹੋਣਗੇ ਵੱਡੇ ਬਦਲਾਅ ?-ਆਉਣ ਵਾਲੇ ਸਮੇਂ ਵਿੱਚ ਕੈਨੇਡਾ ਦੀਆਂ ਪ੍ਰਵਾਸ ਨੀਤੀਆਂ ਵਿੱਚ ਵੱਡੇ ਸੰਚਾਲਨ ਬਦਲਾਅ ਦੇਖਣ ਨੂੰ ਮਿਲਣਗੇ। ਇਮੀਗ੍ਰੇਸ਼ਨ ਵਿਭਾਗ ਨੇ ਆਪਣੀ ਭਵਿੱਖੀ ਰਣਨੀਤੀ ਦੇ ਸੰਕੇਤ ਦਿੰਦਿਆਂ ਸਪੱਸ਼ਟ ਕੀਤਾ ਹੈ:

ਕੱਚੇ ਵਸਨੀਕਾਂ ਦੀ ਗਿਣਤੀ ਘਟਾਉਣ ਦਾ ਟੀਚਾ: ਸਰਕਾਰ ਦੇਸ਼ ਵਿੱਚ ਅਸਥਾਈ ਵਸਨੀਕਾਂ - ਜਿਵੇਂ ਸਟੂਡੈਂਟ ਅਤੇ ਵਰਕ ਪਰਮਿਟ ਧਾਰਕ ਦੀ ਕੁੱਲ ਸੰਖਿਆ ਨੂੰ ਘਟਾ ਕੇ ਕੁੱਲ ਆਬਾਦੀ ਦੇ 5 ਫ਼ੀਸਦ ਤੱਕ ਸੀਮਤ ਕਰਨ ਲਈ ਦ੍ਰਿੜ ਹੈ।

ਮੌਜੂਦਾ ਸਾਲ ਦੌਰਾਨ 3,85,000 ਅਤੇ ਅਗਲੇ ਦੋ ਸਾਲਾਂ ਦੌਰਾਨ ਸਾਲਾਨਾ 3,70,000 ਅਸਥਾਈ ਕਾਮਿਆਂ ਨੂੰ ਵੀਜ਼ੇ ਜਾਰੀ ਕੀਤੇ ਜਾਣਗੇ।

ਨਵੇਂ ਵੀਜ਼ੇ ਦੇਣ ਦੇ ਬਦਲੇ ਵਿਭਾਗ ਹੁਣ ਪਹਿਲਾਂ ਤੋਂ ਹੀ ਦੇਸ਼ ਵਿੱਚ ਰਹਿ ਰਹੇ ਅਸਥਾਈ ਵਸਨੀਕਾਂ (ਜਿਨ੍ਹਾਂ ਦੇ ਪਰਮਿਟ ਖ਼ਤਮ ਹੋ ਚੁੱਕੇ ਹਨ) ਦੀ ਆਪਣੇ ਦੇਸ਼ਾਂ ਨੂੰ ਵਾਪਸੀ ਨੂੰ ਜ਼ਰੂਰੀ ਸਮਝ ਰਿਹਾ ਹੈ।

ਸਰਕਾਰ ਦਾ ਮੁੱਖ ਫੋਕਸ ਹੁਣ ਕੇਵਲ ਉੱਚ ਸਿੱਖਿਆ ਪ੍ਰਾਪਤ ਅਤੇ ਵਿਸ਼ੇਸ਼ ਤਕਨੀਕੀ ਮਾਹਿਰਾਂ ਨੂੰ ਹੀ ਦੇਸ਼ ਵਿੱਚ ਵਸਾਉਣ ਦਾ ਹੈ, ਤਾਂ ਜੋ ਆਰਥਿਕਤਾ ਨੂੰ ਮਜ਼ਬੂਤੀ ਮਿਲ ਸਕੇ। ਸੂਤਰਾਂ ਅਨੁਸਾਰ ਕੈਨੇਡਾ ਸਰਕਾਰ ਦੇ ਇਹ ਕਦਮ ਦੇਸ਼ ਅੰਦਰ ਹਾਊਸਿੰਗ ਸੰਕਟ, ਸਿਹਤ ਸੇਵਾਵਾਂ 'ਤੇ ਵਧਦੇ ਬੋਝ ਅਤੇ ਬੁਨਿਆਦੀ ਢਾਂਚੇ ਦੀਆਂ ਚੁਣੌਤੀਆਂ ਨੂੰ ਸੰਭਾਲਣ ਲਈ ਚੁੱਕੇ ਜਾ ਰਹੇ ਹਨ। ਪਰ ਇਸ ਸਖ਼ਤੀ ਕਾਰਨ ਉੱਥੇ ਪੱਕੇ ਹੋਣ ਦਾ ਸੁਪਨਾ ਲੈ ਕੇ ਗਏ ਲੱਖਾਂ ਅਸਥਾਈ ਪ੍ਰਵਾਸੀਆਂ, ਖਾਸ ਕਰਕੇ ਪੰਜਾਬੀ ਨੌਜਵਾਨਾਂ ਲਈ ਭਵਿੱਖ ਦੀਆਂ ਰਾਹਾਂ ਹੋਰ ਮੁਸ਼ਕਿਲ ਹੋਣ ਜਾ ਰਹੀਆਂ ਹਨ।


# ਪਾਕਿਸਤਾਨ ਵੱਲੋਂ ਖਿਡੌਣਿਆਂ ਵਾਂਗ ਭੇਜੇ ਜਾ ਰਹੇ ਹਥਿਆਰ

## ✪ 1 ਮਹੀਨੇ ਵਿਚ 72 ਅਸਲੇ ਜ਼ਬਤ; ਟੁੱਟੇ ਹੈਰੋਇਨ ਤਸਕਰੀ ਦੇ ਸਾਰੇ ਰਿਕਾਰਡ

ਅੰਮ੍ਰਿਤਸਰ-ਭਾਰਤ-ਪਾਕਿਸਤਾਨ ਸਰਹੱਦ 'ਤੇ ਸੁਰੱਖਿਆ ਏਜੰਸੀਆਂ ਦੀ ਮੁਸਤੈਦੀ ਦੇ ਬਾਵਜੂਦ ਗੁਆਂਢੀ ਮੁਲਕ ਪਾਕਿਸਤਾਨ ਆਪਣੀਆਂ ਨਾਪਾਕ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ। ਹਾਲ ਹੀ ਦੇ ਦਿਨਾਂ ਵਿੱਚ ਪਾਕਿਸਤਾਨ ਵੱਲੋਂ ਭਾਰਤੀ ਖ਼ਿੱਤੇ ਵਿੱਚ ਹਥਿਆਰਾਂ ਅਤੇ ਨਸ਼ਿਆਂ ਦੀ ਸਪਲਾਈ ਵਿੱਚ ਰਿਕਾਰਡ ਤੋੜ ਵਾਧਾ ਦੇਖਣ ਨੂੰ ਮਿਲਿਆ ਹੈ, ਜਿਸ ਨੇ ਸੁਰੱਖਿਆ ਪ੍ਰਬੰਧਾਂ ਲਈ ਇੱਕ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਸਰਹੱਦੀ ਕਸਬਾ ਅਜਨਾਲਾ ਦੇ ਪਿੰਡ ਹਰੜ ਖ਼ੁਰਦ ਵਿੱਚ ਬੀ.ਐੱਸ.ਐੱਫ. ਅਤੇ ਸਪੈਸ਼ਲ ਸੈੱਲ ਵੱਲੋਂ ਸਾਂਝੇ ਅਪ੍ਰੇਸ਼ਨ ਦੌਰਾਨ ਜਾਲ ਵਿਛਾ ਕੇ ਇੱਕ ਵੱਡੀ ਖੇਪ ਜ਼ਬਤ ਕੀਤੀ ਗਈ।

ਇਸ ਕਾਰਵਾਈ ਦੌਰਾਨ 25 ਪਿਸਤੌਲਾਂ, 1 ਏ.ਕੇ.-47 ਰਾਈਫਲ, ਇੱਕ ਬੁਲੇਟ ਪਰੂਫ਼ ਜੈਕਟ ਅਤੇ 378 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਪੁਲਿਸ ਨੇ ਮੌਕੇ ਤੋਂ ਅੰਮ੍ਰਿਤਸਰ ਦੇ ਰੂਪ ਨਗਰ ਦੇ ਰਹਿਣ ਵਾਲੇ ਰੋਹਨ ਖੋਸਲਾ ਨੂੰ ਇੱਕ ਆਈ-20 ਿ(-20) ਕਾਰ ਸਮੇਤ ਗ੍ਰਿਫ਼ਤਾਰ ਕੀਤਾ ਹੈ।

ਦੂਜਾ ਆਪ੍ਰੇਸ਼ਨ: ਇਸੇ ਦਿਨ ਸਰਹੱਦੀ ਪਿੰਡ ਮੋਦੇ ਵਿੱਚ ਬੀ.ਐੱਸ.ਐੱਫ. ਅਤੇ ਐਂਟੀ ਨਾਰਕੋਟਿਕਸ ਟਾਸਕ ਫੋਰਸ ਨੇ ਸਾਂਝੀ ਕਾਰਵਾਈ ਕਰਦਿਆਂ 6 ਕਿਲੋ ਹੈਰੋਇਨ ਅਤੇ 1 ਪਿਸਤੌਲ ਜ਼ਬਤ ਕੀਤਾ।ਜੇਕਰ ਦੋਵਾਂ ਕਾਰਵਾਈਆਂ ਨੂੰ ਮਿਲਾ ਲਿਆ ਜਾਵੇ ਤਾਂ ਸਿਰਫ਼ ਇੱਕੋ ਦਿਨ ਵਿੱਚ 26 ਪਿਸਤੌਲਾਂ, 1 ਏ.ਕੇ.-47 ਅਤੇ 378 ਕਾਰਤੂਸ ਜ਼ਬਤ ਹੋਏ ਹਨ, ਜੋ ਸਾਬਤ ਕਰਦਾ ਹੈ ਕਿ ਪਾਕਿਸਤਾਨ ਹੁਣ ਖਿਡੌਣਿਆਂ ਵਾਂਗ ਹਥਿਆਰਾਂ ਦੀ ਸਪਲਾਈ ਕਰ ਰਿਹਾ ਹੈ।



### ਪਿਛਲੇ ਦਿਨਾਂ ਦੌਰਾਨ ਹੋਈਆਂ ਕੁਝ ਵੱਡੀਆਂ ਬਰਾਮਦਗੀਆਂ ਹੋਈਆਂ ਹਨ

18 ਜੂਨ ਅਜਨਾਲਾ ਅਤੇ ਮੋਦੇ ਪਿੰਡ ਤੋਂ 26 ਪਿਸਤੌਲ, 1 ਏ.ਕੇ.-47, ਬੁਲੇਟ ਪਰੂਫ਼ ਜੈਕਟ, 378 ਕਾਰਤੂਸ ਅਤੇ 6 ਕਿਲੋ ਹੈਰੋਇਨ।

17 ਜੂਨ ਦਿਹਾਤੀ ਪੁਲਿਸ ਵੱਲੋਂ 10 ਵਿਦੇਸ਼ੀ ਪਿਸਤੌਲ ਜ਼ਬਤ।

08 ਜੂਨਸਿਟੀ ਪੁਲਿਸ ਵੱਲੋਂ ਇੱਕ ਅਫ਼ਗਾਨੀ ਨਾਗਰਿਕ ਸਮੇਤ ਹੋਰਾਂ ਕੋਲੋਂ 8 ਅਤਿ-ਆਧੁਨਿਕ ਪਿਸਤੌਲ ਬਰਾਮਦ।

03 ਜੂਨ ਸਿਟੀ ਪੁਲਿਸ ਵੱਲੋਂ 6 ਅਤਿ-ਆਧੁਨਿਕ ਪਿਸਤੌਲ ਅਤੇ ਹੈਰੋਇਨ ਜ਼ਬਤ।

23 ਮਈ ਛੇਹਰਟਾ (ਨਾਰਾਇਣਗੜ੍ਹ) ਦੇ ਇੱਕ ਘਰ ਵਿੱਚੋਂ ਭਸ਼ਵ ਵੱਲੋਂ 12 ਵਿਦੇਸ਼ੀ ਪਿਸਤੌਲ ਬਰਾਮਦ।

02 ਮਈ ਪਿੰਡ ਡੱਲੇ ਦੇ ਇਲਾਕੇ ਵਿੱਚੋਂ ਇੱਕ ਮਿੰਨੀ ਮਸ਼ੀਨ ਗੰਨ ਜ਼ਬਤ।

ਚਾਲੂ ਸਾਲ 2026 ਦੌਰਾਨ ਨਸ਼ਾ ਤਸਕਰੀ ਦੇ ਅੰਕੜਿਆਂ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਬੀ.ਐੱਸ.ਐੱਫ. ਵੱਲੋਂ ਇਸ ਸਾਲ ਦੇ ਸਿਰਫ਼ 5 ਮਹੀਨੇ ਅਤੇ 19 ਦਿਨਾਂ ਦੇ ਅੰਦਰ ਹੀ 534 ਕਿਲੋ ਹੈਰੋਇਨ ਜ਼ਬਤ ਕੀਤੀ ਜਾ ਚੁੱਕੀ ਹੈ। ਮਾਹਰਾਂ ਮੁਤਾਬਕ ਸਾਲ ਦੇ ਅਜੇ 6 ਮਹੀਨੇ ਬਾਕੀ ਹਨ, ਜਿਸ ਕਾਰਨ ਇਹ ਅੰਕੜਾ ਹੋਰ ਵੀ ਭਿਆਨਕ ਰੂਪ ਇਖ਼ਤਿਆਰ ਕਰ ਸਕਦਾ ਹੈ। ਇਸ ਤੋਂ ਇਲਾਵਾ, ਪਿਛਲੇ ਇੱਕ ਮਹੀਨੇ ਵਿੱਚ ਹੀ 72 ਦੇ ਕਰੀਬ ਅਤਿ-ਆਧੁਨਿਕ ਹਥਿਆਰ ਜ਼ਬਤ ਕੀਤੇ ਗਏ ਹਨ, ਜਿਸ ਨਾਲ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਗੈਂਗਸਟਰ ਕਿਸੇ ਵੱਡੀ ਵਾਰਦਾਤ ਦੀ ਫ਼ਿਰਾਕ ਵਿੱਚ ਹਨ। ਜਾਂਚ ਵਿੱਚ ਇਹ ਖ਼ੁਲਾਸਾ ਹੋਇਆ ਹੈ ਕਿ ਇਸ ਪੂਰੇ ਗੋਰਖਧੰਦੇ ਦੀਆਂ ਤਾਰਾਂ ਵਿਦੇਸ਼ਾਂ ਅਤੇ ਜੇਲ੍ਹਾਂ ਨਾਲ ਜੁੜੀਆਂ ਹੋਈਆਂ ਹਨ। ਫੜਿਆ ਗਿਆ ਮੁਲਜ਼ਮ ਰੋਹਨ ਖੋਸਲਾ ਵੀ ਆਸਟ੍ਰੇਲੀਆ ਵਿੱਚ ਬੈਠੇ ਇੱਕ ਹੈਂਡਲਰ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ। ਵਿਦੇਸ਼ੀ ਆਕਾ ਜੇਲ੍ਹਾਂ ਵਿੱਚ ਬੰਦ ਅਪਰਾਧੀਆਂ ਨਾਲ ਮਿਲ ਕੇ ਪੰਜਾਬ ਦੇ ਭੋਲੇ-ਭਾਲੇ ਨੌਜਵਾਨਾਂ ਨੂੰ ਲਾਲਚ ਦੇ ਕੇ ਇਸ ਦਲਦਲ ਵਿੱਚ ਧੱਕ ਰਹੇ ਹਨ।

ਸਰਹੱਦ 'ਤੇ ਤਾਇਨਾਤ ਐਂਟੀ-ਡਰੋਨ ਸਿਸਟਮ ਦੇ ਬਾਵਜੂਦ ਪਾਕਿਸਤਾਨੀ ਡਰੋਨ ਲਗਾਤਾਰ ਭਾਰਤੀ ਸਰਹੱਦ ਅੰਦਰ ਦਾਖ਼ਲ ਹੋ ਕੇ ਖੇਪ ਸੁੱਟ ਰਹੇ ਹਨ। ਕੇਂਦਰ ਅਤੇ ਰਾਜ ਦੀਆਂ ਸੁਰੱਖਿਆ ਏਜੰਸੀਆਂ ਇਸ ਤਕਨੀਕ ਨੂੰ ਮਾਤ ਦੇਣ ਲਈ ਜੱਦੋਜਹਿਦ ਕਰ ਰਹੀਆਂ ਹਨ। ਦੱਸ ਦੇਈਏ ਕਿ ਬੀ.ਐੱਸ.ਐੱਫ. ਹੁਣ ਤੱਕ 193 ਪਾਕਿਸਤਾਨੀ ਡਰੋਨ ਜ਼ਬਤ ਕਰ ਚੁੱਕੀ ਹੈ।

# ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਇਸਤਰੀ ਵਿੰਗ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਤੇ ਦਰਸ਼ਨ

## ✪ ਪੰਜਾਬ ਭਰ ਦੀਆਂ ਬੀਬੀਆਂ ਨੂੰ 'ਵਾਰਿਸ ਪੰਜਾਬ ਦੇ' ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ-ਮਾਤਾ ਬਲਵਿੰਦਰ ਕੌਰ, ਬੀਬੀ ਹਰਪ੍ਰੀਤ ਕੌਰ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਨਵ- ਨਿਯੁਕਤ ਇਸਤਰੀ ਵਿੰਗ ਵਲੋਂ ਅੱਜ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ, ਬੀਬੀ ਬਲਵਿੰਦਰ ਕੌਰ ਤੇ ਇਸਤਰੀ ਵਿੰਗ ਦੇ ਨਵ-ਨਿਯੁਕਤ ਪ੍ਰਧਾਨ ਬੀਬੀ ਹਰਪ੍ਰੀਤ ਕੌਰ ਫ਼ਿਲੌਰ ਦੀ ਅਗਵਾਈ ਹੇਠ ਬੀਬੀਆਂ ਤੇ ਸੀਨੀਅਰ ਪਾਰਟੀ ਆਗੂਆਂ ਨੇ ਵੱਡੇ ਜਥੇ ਦੇ ਰੂਪ ਵਿਚ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋ ਕੇ ਪਾਰਟੀ, ਸਿੱਖ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਅਤੇ ਪੰਥਕ ਏਕਤਾ ਲਈ ਅਰਦਾਸ ਕੀਤੀ ਗਈ। ਇਸ ਮੌਕੇ ਪਾਰਟੀ ਦੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਜੱਲੂਪੁਰ ਤੇ ਹਾਲ ਹੀ ਵਿਚ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਨੂੰ ਅਲਵਿਦਾ ਆਖ ਕੇ 'ਵਾਰਿਸ ਪੰਜਾਬ ਦੇ' ਵਿਚ ਸ਼ਾਮਿਲ ਹੋਏ ਸੀਨੀਅਰ ਅਕਾਲੀ ਆਗੂ ਤੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਤੇ ਹੋਰ ਆਗੂ ਤੇ ਸਮਰਥਕ ਵੀ ਹਾਜ਼ਰ ਸਨ। ਦਰਸ਼ਨ ਅਰਦਾਸ ਕਰਨ ਉਪਰੰਤ ਘੰਟਾ ਘਰ ਪਲਾਜ਼ਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਲੋਕ ਪੰਜਾਬ ਵਿਚ ਬਦਲਾਅ ਵਾਲੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਅਗਵਾਈ ਵਾਲੀ ਖ਼ਾਲਸਾ ਸਰਕਾਰ ਬਣਾਉਣਾ ਚਾਹੁੰਦੇ ਹਨ। ਇਸਤਰੀ ਵਿੰਗ ਦੇ ਪ੍ਰਧਾਨ ਬੀਬੀ ਹਰਪ੍ਰੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੇ ਅੱਜ ਇਸ ਪਾਵਨ ਅਸਥਾਨ ਵਿਖੇ ਪਾਰਟੀ ਤੇ ਪੰਥ ਦੀ ਚੜ੍ਹਦੀ ਕਲਾ, ਪੰਥਕ ਏਕਤਾ, ਬੰਦੀ ਸਿੰਘਾਂ ਦੀ ਜਲਦ ਰਿਹਾਈ, ਪੰਜਾਬ ਦੀ ਖ਼ੁਸ਼ਹਾਲੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਹੈ।

### 29 ਜੂਨ ਨੂੰ ਜਥੇਦਾਰ ਸਾਹਿਬ ਦਾ ਜੋ ਵੀ ਆਦੇਸ਼ ਹੋਵੇਗਾ, ਮੰਨਾਂਗੇ-ਵਿਧਾਇਕ ਇਆਲੀ

ਇਸੇ ਦੌਰਾਨ ਬੀਬੀਆਂ ਦੇ ਜਥੇ ਨਾਲ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਪੁੱਜੇ ਪਾਰਟੀ ਦੇ ਸੀਨੀਅਰ ਆਗੂ ਤੇ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੀ ਰਾਜਨੀਤੀ ਵਿਚ ਬੀਬੀਆਂ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਵਲੋਂ ਵੀ ਬੀਬੀਆਂ ਨੂੰ ਰਾਜਨੀਤੀ ਵਿਚ ਮਾਣ ਸਤਿਕਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਨ ਤੇ 29 ਜੂਨ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵਲੋਂ ਸੱਦੇ ਜਾਣ 'ਤੇ ਨਿਮਾਣੇ ਸਿੱਖ ਵਜੋਂ ਸ਼ਾਮਿਲ ਹੋਣਗੇ ਤੇ ਜੋ ਵੀ ਆਦੇਸ਼ ਹੋਵੇਗਾ ਉਸਨੂੰ ਮੰਨਾਂਗੇ।

ਦਰਸ਼ਨ ਕਰਨ ਪੁੱਜੇ ਬੀਬੀਆਂ ਤੇ ਪਾਰਟੀ ਆਗੂਆਂ ਦੇ ਵਫਦ ਵਿਚ ਬਾਪੂ ਤਰਸੇਮ ਸਿੰਘ ਤੇ ਸ: ਇਆਲੀ ਆਦਿ ਪ੍ਰਮੁੱਖ ਆਗੂਆਂ ਤੋਂ ਇਲਾਵਾ ਡਾ. ਰਾਜਿੰਦਰ ਕੌਰ, ਬੀਬੀ ਸੰਦੀਪ ਕੌਰ ਖ਼ਾਲਸਾ, ਬੀਬੀ ਅਮਨਦੀਪ ਕੌਰ, ਬੀਬੀ ਮਨਜੀਤ ਕੌਰ, ਬੀਬੀ ਬਲਰਾਜ ਕੌਰ, ਬੀਬੀ ਸਤਨਾਮ ਕੌਰ, ਬੀਬੀ ਸ਼ਾਜ਼ੀਆ ਪ੍ਰਵੀਨ, ਬੀਬੀ ਹਰਪ੍ਰੀਤ ਕੌਰ ਮੋਗਾ, ਬੀਬੀ ਦਵਿੰਦਰ ਕੌਰ, ਬੀਬੀ ਗੁਰਵਿੰਦਰ ਕੌਰ, ਬੀਬੀ ਮੀਤਾ ਵਰਮਾ, ਬੀਬੀ ਪਰਮਿੰਦਰ ਕੌਰ, ਬੀਬੀ ਸਤਵੰਤ ਕੌਰ ਤੁੜ, ਬੀਬੀ ਸਰਬਜੀਤ ਕੌਰ, ਬੀਬੀ ਹਰਮਨਜੀਤ ਕੌਰ, ਬੀਬੀ ਸਵਰਨ ਕੌਰ, ਬੀਬੀ ਰਾਜਵਿੰਦਰ ਕੌਰ ਛੇਹਰਟਾ, ਬੀਬੀ ਪਰਮਜੀਤ ਕੌਰ ਤੋਂ ਇਲਾਵਾ ਮੀਡੀਆ ਇੰਚਾਰਜ ਸ਼ਮਸ਼ੇਰ ਸਿੰਘ ਪੱਧਰੀ ਤੇ ਹੋਰ ਅਕਾਲੀ ਵਰਕਰ ਵੀ ਸ਼ਾਮਿਲ ਸਨ।

# ਕਿਊਬਾ ਵਿਚ ਵੀ ਵੈਨੇਜ਼ੁਏਲਾ ਵਰਗੀ ਫ਼ੌਜੀ ਕਾਰਵਾਈ ਸੰਭਵ

ਖਾਸ ਖਬਰ ✪ ਟਰੰਪ ਦੇ ਬਿਆਨ ਨੇ ਦੁਨੀਆ ਭਰ 'ਚ ਮਚਾਈ ਹਲਚਲ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਬੇਬਾਕ ਅਤੇ ਕਈ ਵਾਰ ਹੈਰਾਨ ਕਰਨ ਵਾਲੇ ਬਿਆਨਾਂ ਲਈ ਜਾਣੇ ਜਾਂਦੇ ਹਨ। ਹਾਲ ਹੀ ਵਿੱਚ ਕਿਊਬਾ ਨੂੰ ਲੈ ਕੇ ਦਿੱਤੇ ਉਨ੍ਹਾਂ ਦੇ ਬਿਆਨ ਨੇ ਇੱਕ ਵਾਰ ਫਿਰ ਵਿਸ਼ਵ ਰਾਜਨੀਤੀ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਇੱਕ ਇੰਟਰਵਿਊ ਦੌਰਾਨ ਟਰੰਪ ਨੇ ਕਿਊਬਾ ਵਿੱਚ ਵੈਨੇਜ਼ੁਏਲਾ ਵਰਗੀ ਫੌਜੀ ਕਾਰਵਾਈ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ। ਹਾਲਾਂਕਿ ਉਨ੍ਹਾਂ ਨੇ ਕਿਸੇ ਸਿੱਧੀ ਕਾਰਵਾਈ ਦਾ ਐਲਾਨ ਨਹੀਂ ਕੀਤਾ, ਪਰ ਉਨ੍ਹਾਂ ਦੀ ਇਸ ਟਿੱਪਣੀ ਨੇ ਕੈਰੇਬੀਅਨ ਖੇਤਰ ਸਮੇਤ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।

## ਭੂਗੋਲਿਕ ਸਥਿਤੀ ਅਤੇ ਅਮਰੀਕੀ ਚਿੰਤਾਵਾਂ

ਟਰੰਪ ਨੇ ਕਿਊਬਾ ਦੀ ਤੁਲਨਾ ਵੈਨੇਜ਼ੁਏਲਾ ਅਤੇ ਇਰਾਨ ਨਾਲ ਕਰਦੇ ਹੋਏ ਇਸਦੀ ਭੂਗੋਲਿਕ ਸਥਿਤੀ ਨੂੰ ਬੇਹੱਦ ਅਹਿਮ ਦੱਸਿਆ। ਉਨ੍ਹਾਂ ਦਾ ਤਰਕ ਹੈ ਕਿ ਇਰਾਨ ਅਮਰੀਕਾ ਤੋਂ ਬਹੁਤ ਦੂਰ ਹੈ, ਜਦਕਿ ਕਿਊਬਾ ਅਮਰੀਕਾ ਦੇ ਬਿਲਕੁਲ ਗੁਆਂਢ ਵਿੱਚ ਹੈ। ਟਰੰਪ ਨੇ ਇਹ ਵੀ ਕਿਹਾ ਕਿ ਜਿੱਥੇ ਵੈਨੇਜ਼ੁਏਲਾ ਕੋਲ ਤੇਲ ਹੈ, ਉੱਥੇ ਹੀ ਕਿਊਬਾ ਕੋਲ ਸ਼ਾਨਦਾਰ ਸਮੁੰਦਰੀ ਤੱਟ ਅਤੇ ਬਿਹਤਰੀਨ ਪ੍ਰਾਪਰਟੀ ਹੈ। ਇੱਕ ਕਾਰੋਬਾਰੀ ਪਿਛੋਕੜ ਵਾਲੇ ਨੇਤਾ ਵੱਲੋਂ ਕਿਸੇ ਦੇਸ਼ ਦੀ ਪ੍ਰਾਪਰਟੀ ਅਤੇ ਲੋਕੇਸ਼ਨ ਦੀ ਤਾਰੀਫ਼ ਕਰਨਾ ਅਤੇ ਨਾਲ ਹੀ ਫੌਜੀ ਕਾਰਵਾਈ ਦੀ ਗੱਲ ਕਰਨਾ, ਅਮਰੀਕਾ ਦੀ 'ਦਬਾਅ ਬਣਾਉਣ ਦੀ ਰਣਨੀਤੀ' ਦਾ ਹਿੱਸਾ ਜਾਪਦਾ ਹੈ।

## ਮਾਰਕੋ ਰੂਬੀਓ ਦੀ ਭੂਮਿਕਾ ਅਤੇ ਸਖ਼ਤ ਨੀਤੀ ਦੇ ਸੰਕੇਤ

ਇਸ ਪੂਰੇ ਘਟਨਾਕ੍ਰਮ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਨਾਮ ਸਾਹਮਣੇ ਆਉਣਾ ਬੇਹੱਦ ਮਹੱਤਵਪੂਰਨ ਹੈ। ਰੂਬੀਓ ਲੰਬੇ ਸਮੇਂ ਤੋਂ ਕਿਊਬਾ ਸਰਕਾਰ ਦੇ ਸਖ਼ਤ ਆਲੋਚਕ ਰਹੇ ਹਨ। ਟਰੰਪ ਨੇ ਸੰਕੇਤ ਦਿੱਤਾ ਹੈ ਕਿ ਕਿਊਬਾ ਗੱਲਬਾਤ ਕਰਨ ਦਾ ਇੱਛੁਕ ਹੈ ਅਤੇ ਰੂਬੀਓ ਇਸ ਮਾਮਲੇ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਇਸ ਤੋਂ ਸਾਫ਼ ਹੁੰਦਾ ਹੈ ਕਿ ਅਮਰੀਕਾ ਆਉਣ ਵਾਲੇ ਦਿਨਾਂ ਵਿੱਚ ਕਿਊਬਾ 'ਤੇ ਆਰਥਿਕ ਅਤੇ ਰਾਜਨੀਤਿਕ ਦਬਾਅ ਹੋਰ ਵਧਾ ਸਕਦਾ ਹੈ ਤਾਂ ਜੋ ਕੂਟਨੀਤਕ ਗੱਲਬਾਤ ਵਿੱਚ ਆਪਣੀਆਂ ਸ਼ਰਤਾਂ ਮਨਵਾਈਆਂ ਜਾ ਸਕਣ।

## ਦਹਾਕਿਆਂ ਪੁਰਾਣੀ ਦੁਸ਼ਮਣੀ ਅਤੇ ਮੌਜੂਦਾ ਸਥਿਤੀ

ਅਮਰੀਕਾ ਅਤੇ ਕਿਊਬਾ ਦੇ ਸਬੰਧ ਦਹਾਕਿਆਂ ਤੋਂ ਤਣਾਅਪੂਰਨ ਰਹੇ ਹਨ। ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਕਿਊਬਾ 'ਤੇ ਕਈ ਸਖ਼ਤ ਪਾਬੰਦੀਆਂ ਲਗਾਈਆਂ ਸਨ। ਦੂਜੇ ਪਾਸੇ, ਕਿਊਬਾ ਦੀ ਹਵਾਨਾ ਸਰਕਾਰ ਹਮੇਸ਼ਾ ਅਮਰੀਕਾ 'ਤੇ ਉਸਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਦੇ ਦੋਸ਼ ਲਗਾਉਂਦੀ ਆਈ ਹੈ। ਹਾਲਾਂਕਿ ਅਮਰੀਕੀ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਫਿਲਹਾਲ ਕਿਸੇ ਤਤਕਾਲੀ ਫੌਜੀ ਕਾਰਵਾਈ ਦੀ ਯੋਜਨਾ ਨਹੀਂ ਹੈ, ਪਰ ਅਜਿਹੇ ਨਾਜ਼ੁਕ ਮਾਹੌਲ ਵਿੱਚ ਟਰੰਪ ਦਾ ਇਹ ਬਿਆਨ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਸਕਦਾ ਹੈ।

ਕੌਮਾਂਤਰੀ ਮਾਹਿਰਾਂ ਦਾ ਮੰਨਣਾ ਹੈ ਕਿ ਦੁਨੀਆ ਪਹਿਲਾਂ ਹੀ ਕਈ ਖੇਤਰੀ ਜੰਗਾਂ ਅਤੇ ਤਣਾਅ ਦਾ ਸਾਹਮਣਾ ਕਰ ਰਹੀ ਹੈ। ਅਜਿਹੇ ਸਮੇਂ ਵਿੱਚ ਅਮਰੀਕਾ ਦੇ ਗੁਆਂਢ ਵਿੱਚ ਇੱਕ ਨਵਾਂ ਮੋਰਚਾ ਖੁੱਲ੍ਹਣਾ ਕਿਸੇ ਦੇ ਵੀ ਹਿੱਤ ਵਿੱਚ ਨਹੀਂ ਹੋਵੇਗਾ। ਅਮਰੀਕਾ ਨੂੰ ਚਾਹੀਦਾ ਹੈ ਕਿ ਉਹ ਫੌਜੀ ਵਿਕਲਪਾਂ ਦੀ ਬਜਾਏ ਸ਼ਾਂਤੀਪੂਰਨ ਕੂਟਨੀਤੀ ਰਾਹੀਂ ਮਸਲਿਆਂ ਨੂੰ ਹੱਲ ਕਰੇ, ਤਾਂ ਜੋ ਕੈਰੇਬੀਅਨ ਖੇਤਰ ਅਤੇ ਵਿਸ਼ਵ ਵਿੱਚ ਸਥਿਰਤਾ ਬਣੀ ਰਹੇ।

## ਅਮਰੀਕਾ ਅਤੇ ਕਿਊਬਾ ਵਿਚਾਲੇ ਤਣਾਅ ਦਾ ਕੀ ਕਾਰਣ ਹੈ

ਅਮਰੀਕਾ ਅਤੇ ਕਿਊਬਾ ਵਿਚਾਲੇ ਤਣਾਅ ਕੋਈ ਨਵਾਂ ਨਹੀਂ ਹੈ, ਬਲਕਿ ਇਹ ਪਿਛਲੇ 60-70 ਸਾਲਾਂ ਤੋਂ ਚੱਲ ਰਹੀ ਸ਼ੀਤ ਯੁੱਧ ਦੀ ਕੜੀ ਹੈ। ਇਸ ਤਣਾਅ ਦੀ ਸ਼ੁਰੂਆਤ 1959 ਵਿੱਚ ਹੋਈ, ਜਦੋਂ ਫਿਦੈਲ ਕਾਸਤਰੋ ਨੇ ਕਿਊਬਾ ਵਿੱਚ ਅਮਰੀਕਾ ਪੱਖੀ ਸਰਕਾਰ ਦਾ ਤਖਤਾ ਪਲਟ ਦਿੱਤਾ ਅਤੇ ਉੱਥੇ ਇੱਕ ਸਾਮਵਾਦੀ ਸਰਕਾਰ ਬਣਾਈ। ਕਿਊਬਾ ਅਮਰੀਕਾ ਦੇ ਸਮੁੰਦਰੀ ਤੱਟ (ਫਲੋਰੀਡਾ) ਤੋਂ ਮਹਿਜ਼ 90 ਮੀਲ ਦੂਰ ਹੈ। ਅਮਰੀਕਾ ਨੂੰ ਇਹ ਬਿਲਕੁਲ ਪਸੰਦ ਨਹੀਂ ਸੀ ਕਿ ਉਸਦੇ ਬਿਲਕੁਲ ਗੁਆਂਢ ਵਿੱਚ ਕੋਈ ਕਮਿਊਨਿਸਟ ਦੇਸ਼ ਹੋਵੇ, ਕਿਉਂਕਿ ਉਸ ਸਮੇਂ ਅਮਰੀਕਾ ਅਤੇ ਕਮਿਊਨਿਸਟ ਸੋਵੀਅਤ ਸੰਘ (ਰੂਸ) ਵਿਚਾਲੇ ਸ਼ੀਤ ਯੁੱਧ ਚੱਲ ਰਿਹਾ ਸੀ।

ਇਹ ਇਤਿਹਾਸ ਦਾ ਉਹ ਦੌਰ ਸੀ ਜਦੋਂ ਦੁਨੀਆ ਤੀਜੇ ਵਿਸ਼ਵ ਯੁੱਧ ਦੇ ਬਿਲਕੁਲ ਨੇੜੇ ਪਹੁੰਚ ਗਈ ਸੀ। ਕਿਊਬਾ ਨੇ ਪਰਮਾਣੂ ਸ਼ਕਤੀ ਨਾਲ ਲੈਸ ਸੋਵੀਅਤ ਸੰਘ (ਰੂਸ) ਨੂੰ ਆਪਣੇ ਦੇਸ਼ ਵਿੱਚ ਅਮਰੀਕਾ ਵੱਲ ਮੂੰਹ ਕੀਤੀਆਂ ਪਰਮਾਣੂ ਮਿਜ਼ਾਈਲਾਂ ਤਾਇਨਾਤ ਕਰਨ ਦੀ ਇਜਾਜ਼ਤ ਦੇ ਦਿੱਤੀ। ਇਸ ਨਾਲ ਅਮਰੀਕਾ ਭੜਕ ਗਿਆ ਅਤੇ ਉਸਨੇ ਕਿਊਬਾ ਦੀ ਸਮੁੰਦਰੀ ਘੇਰਾਬੰਦੀ ਕਰ ਦਿੱਤੀ। ਹਾਲਾਂਕਿ ਬਾਅਦ ਵਿੱਚ ਰੂਸ ਨੇ ਮਿਜ਼ਾਈਲਾਂ ਹਟਾ ਲਈਆਂ, ਪਰ ਇਸ ਘਟਨਾ ਨੇ ਅਮਰੀਕਾ ਦੇ ਮਨ ਵਿੱਚ ਕਿਊਬਾ ਪ੍ਰਤੀ ਪੱਕਾ ਡਰ ਅਤੇ ਨਫ਼ਰਤ ਪੈਦਾ ਕਰ ਦਿੱਤੀ।

ਅਮਰੀਕਾ ਨੇ ਕਿਊਬਾ ਦੀ ਕਮਿਊਨਿਸਟ ਸਰਕਾਰ ਨੂੰ ਫੇਲ੍ਹ ਕਰਨ ਲਈ 1960 ਦੇ ਦਹਾਕੇ ਵਿੱਚ ਉਸ 'ਤੇ ਸਖ਼ਤ ਵਪਾਰਕ ਅਤੇ ਆਰਥਿਕ ਪਾਬੰਦੀਆਂ ਲਗਾ ਦਿੱਤੀਆਂ, ਜੋ ਅੱਜ ਵੀ ਜਾਰੀ ਹਨ। ਅਮਰੀਕਾ ਦਾ ਕਹਿਣਾ ਹੈ ਕਿ ਕਿਊਬਾ ਵਿੱਚ ਲੋਕਤੰਤਰ ਨਹੀਂ ਹੈ, ਉੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਅਤੇ ਬੋਲਣ ਦੀ ਆਜ਼ਾਦੀ ਨਹੀਂ ਹੈ। ਇਨ੍ਹਾਂ ਪਾਬੰਦੀਆਂ ਕਾਰਨ ਕਿਊਬਾ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ ਅਤੇ ਉਹ ਅਮਰੀਕਾ ਨੂੰ ਆਪਣੀ ਗਰੀਬੀ ਦਾ ਮੁੱਖ ਜ਼ਿੰਮੇਵਾਰ ਮੰਨਦਾ ਹੈ।

ਕਿਊਬਾ ਅੱਜ ਵੀ ਅਮਰੀਕਾ ਦੇ ਕੱਟੜ ਵਿਰੋਧੀ ਦੇਸ਼ਾਂ ਜਿਵੇਂ ਕਿ ਰੂਸ, ਚੀਨ, ਇਰਾਨ ਅਤੇ ਵੈਨੇਜ਼ੁਏਲਾ ਦਾ ਪੱਕਾ ਹਮਾਇਤੀ ਹੈ। ਵੈਨੇਜ਼ੁਏਲਾ ਵਿੱਚ ਅਮਰੀਕਾ ਜਿਸ ਸਰਕਾਰ ਨੂੰ ਹਟਾਉਣਾ ਚਾਹੁੰਦਾ ਹੈ, ਕਿਊਬਾ ਉਸਦੀ ਮਦਦ ਕਰਦਾ ਹੈ। ਅਮਰੀਕਾ ਨੂੰ ਲੱਗਦਾ ਹੈ ਕਿ ਕਿਊਬਾ ਉਸਦੇ ਲਾਤੀਨੀ ਅਮਰੀਕੀ ਖੇਤਰ ਵਿੱਚ ਅਮਰੀਕਾ ਵਿਰੋਧੀ ਤਾਕਤਾਂ ਨੂੰ ਸ਼ਹਿ ਦਿੰਦਾ ਹੈ।

ਅਮਰੀਕਾ ਦੇ ਫਲੋਰੀਡਾ ਰਾਜ ਵਿੱਚ ਲੱਖਾਂ ਦੀ ਗਿਣਤੀ ਵਿੱਚ ਅਜਿਹੇ ਕਿਊਬਨ ਪ੍ਰਵਾਸੀ ਰਹਿੰਦੇ ਹਨ, ਜੋ ਕਾਸਤਰੋ ਦੀ ਸਰਕਾਰ ਵੇਲੇ ਕਿਊਬਾ ਵਿੱਚੋਂ ਭੱਜ ਕੇ ਅਮਰੀਕਾ ਆਏ ਸਨ। ਇਹ ਲੋਕ ਕਿਊਬਾ ਦੀ ਮੌਜੂਦਾ ਸਰਕਾਰ ਦੇ ਸਖ਼ਤ ਖ਼ਿਲਾਫ਼ ਹਨ। ਅਮਰੀਕੀ ਚੋਣਾਂ ਵਿੱਚ ਫਲੋਰੀਡਾ ਇੱਕ ਬਹੁਤ ਮਹੱਤਵਪੂਰਨ ਰਾਜ ਹੈ, ਇਸ ਲਈ ਵੋਟਾਂ ਦੀ ਰਾਜਨੀਤੀ ਕਾਰਨ ਵੀ ਡੋਨਾਲਡ ਟਰੰਪ ਵਰਗੇ ਨੇਤਾ ਕਿਊਬਾ ਖ਼ਿਲਾਫ਼ ਹਮੇਸ਼ਾ ਸਖ਼ਤ ਰੁਖ਼ ਅਪਣਾਉਂਦੇ ਹਨ।

ਸੰਖੇਪ ਵਿੱਚ ਇਹ ਲੜਾਈ ਸਿਰਫ਼ ਦੋ ਦੇਸ਼ਾਂ ਦੀ ਨਹੀਂ, ਬਲਕਿ ਵਿਚਾਰਧਾਰਾ (ਲੋਕਤੰਤਰ ਬਨਾਮ ਕਮਿਊਨਿਜ਼ਮ) ਅਤੇ ਸੁਰੱਖਿਆ ਦੀ ਹੈ। ਅਮਰੀਕਾ ਕਿਊਬਾ ਨੂੰ ਆਪਣੇ ਗੁਆਂਢ ਵਿੱਚ ਇੱਕ ਖ਼ਤਰੇ ਵਜੋਂ ਵੇਖਦਾ ਹੈ, ਜਦਕਿ ਕਿਊਬਾ ਅਮਰੀਕਾ ਨੂੰ ਇੱਕ ਅਜਿਹੇ ਵੱਡੇ ਦੇਸ਼ ਵਜੋਂ ਵੇਖਦਾ ਹੈ ਜੋ ਉਸਦੀ ਹੋਂਦ ਨੂੰ ਮਿਟਾਉਣਾ ਚਾਹੁੰਦਾ ਹੈ

# ਜਲੰਧਰ ਪੁਲਿਸ ਵੱਲੋਂ ਗੈਂਗ ਦੇ 4 ਸਰਗਰਮ ਮੈਂਬਰ ਹਥਿਆਰਾਂ ਸਮੇਤ ਗ੍ਰਿਫ਼ਤਾਰ

ਜਲੰਧਰ-ਪੰਜਾਬ ਵਿੱਚ ਗੈਂਗਸਟਰਾਂ ਅਤੇ ਦੇਸ਼ ਵਿਰੋਧੀ ਅਨਸਰਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਜਲੰਧਰ ਕਮਿਸ਼ਨਰੇਟ ਪੁਲਿਸ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਪੁਲਿਸ ਨੇ ਵਿਦੇਸ਼ੀ ਹੈਂਡਲਰਾਂ ਨਾਲ ਜੁੜੇ ਇੱਕ ਖ਼ਤਰਨਾਕ ਗਿਰੋਹ ਦਾ ਪਰਦਾਫ਼ਾਸ਼ ਕਰਦਿਆਂ ਇਸ ਦੇ ਚਾਰ ਮੈਂਬਰਾਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਮੁਲਜ਼ਮ ਪੰਜਾਬ ਵਿੱਚ ਜਬਰਨ ਵਸੂਲੀ ਅਤੇ ਗੋਲੀਬਾਰੀ ਦੀਆਂ ਕਈ ਵਾਰਦਾਤਾਂ ਵਿੱਚ ਸ਼ਾਮਲ ਸਨ।

ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਇਸ ਸਫ਼ਲ ਆਪ੍ਰੇਸ਼ਨ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਚਾਰਾਂ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 3 ਅਤਿ-ਆਧੁਨਿਕ ਪਿਸਤੌਲ ਅਤੇ ਭਾਰੀ ਮਾਤਰਾ ਵਿੱਚ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ।

ਪੁਲਿਸ ਅਨੁਸਾਰ ਇਹ ਮੁਲਜ਼ਮ ਸਿੱਧੇ ਤੌਰ 'ਤੇ ਵਿਦੇਸ਼ਾਂ ਵਿੱਚ ਬੈਠੇ ਆਕਾਵਾਂ ਦੇ ਸੰਪਰਕ ਵਿੱਚ ਸਨ। ਵਿਦੇਸ਼ੀ ਹੈਂਡਲਰਾਂ ਵੱਲੋਂ ਇਨ੍ਹਾਂ ਨੂੰ ਇੰਟਰਨੈੱਟ ਕਾਲਿੰਗ ਅਤੇ ਸੁਰੱਖਿਅਤ ਸੋਸ਼ਲ ਮੀਡੀਆ ਐਪਸ ਰਾਹੀਂ ਨਿਸ਼ਾਨੇ ਦੱਸੇ ਜਾਂਦੇ ਸਨ ਅਤੇ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਮੋਟੀ ਫੰਡਿੰਗ (ਪੈਸੇ) ਮੁਹੱਈਆ ਕਰਵਾਈ ਜਾਂਦੀ ਸੀ।

ਜਾਂਚ ਮੁਤਾਬਕ ਇਹ ਗਿਰੋਹ ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜ਼ਿਲ੍ਹਿਆਂ ਵਿੱਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਦੀ ਸਾਜ਼ਿਸ਼ ਰਚਣ ਅਤੇ ਉਨ੍ਹਾਂ ਨੂੰ ਅੰਜਾਮ ਦੇਣ ਵਿੱਚ ਸ਼ਾਮਲ ਰਿਹਾ ਹੈ। ਪੁਲਿਸ ਅਧਿਕਾਰੀਆਂ ਮੁਤਾਬਕ ਮੁਲਜ਼ਮਾਂ ਨੂੰ ਰਿਮਾਂਡ 'ਤੇ ਲੈ ਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਨ੍ਹਾਂ ਮੁਲਜ਼ਮਾਂ ਨੂੰ ਹਥਿਆਰਾਂ ਦੀ ਸਪਲਾਈ ਕਿਸ ਨੇ ਕੀਤੀ ਸੀ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਕਿਸੇ ਵੱਡੇ ਵਪਾਰੀ ਜਾਂ ਸਿਆਸੀ ਆਗੂ ਨੂੰ ਨਿਸ਼ਾਨਾ ਬਣਾਉਣ ਦੀ ਤਿਆਰੀ ਵਿੱਚ ਤਾਂ ਨਹੀਂ ਸਨ।

# ਨੀਟ ਪ੍ਰੀਖਿਆ ਬਨਾਮ ਨੀਟ ਪੀਜੀ ਪ੍ਰੀਖਿਆ.... !

**ਸੰਦੀਪ ਕੁਮਾਰ**
7009807121



ਭਾਰਤ ਵਿੱਚ ਮੈਡੀਕਲ ਸਿੱਖਿਆ ਦਾ ਖੇਤਰ ਇੱਕ ਅਜਿਹਾ ਖੇਤਰ ਹੈ ਜਿਸ ਨਾਲ ਲੱਖਾਂ ਵਿਦਿਆਰਥੀਆਂ ਦੇ ਸੁਪਨੇ ਅਤੇ ਦੇਸ਼ ਦੀ ਭਵਿੱਖੀ ਸਿਹਤ ਸੇਵਾ ਜੁੜੀ ਹੋਈ ਹੈ। ਇਸ ਖੇਤਰ ਵਿੱਚ ਦਾਖਲੇ ਲਈ ਆਯੋਜਿਤ ਕੀਤੀਆਂ ਜਾਣ ਵਾਲੀਆਂ ਪ੍ਰੀਖਿਆਵਾਂ, ਖਾਸ ਤੌਰ ਤੇ ਨੀਟ ਯੂਜੀ ਅਤੇ ਨੀਟ ਪੀਜੀ, ਵਿਦਿਆਰਥੀਆਂ ਦੀ ਮਿਹਨਤ ਅਤੇ ਯੋਗਤਾ ਦਾ ਸਭ ਤੋਂ ਵੱਡਾ ਇਮਤਿਹਾਨ ਹੁੰਦੀਆਂ ਹਨ। ਇੱਕ ਪਾਸੇ ਜਿੱਥੇ ਨੀਟ ਯੂਜੀ ਬੈਚਲਰ ਆਫ ਮੈਡੀਸਨ ਐਂਡ ਬੈਚਲਰ ਆਫ ਸਰਜਰੀ (ਐੱਮਬੀਬੀਐੱਸ) ਵਰਗੀਆਂ ਡਿਗਰੀਆਂ ਲਈ ਦਾਖਲਾ ਦਿੰਦੀ ਹੈ, ਉੱਥੇ ਨੀਟ ਪੀਜੀ ਡਾਕਟਰੀ ਦੀ ਉੱਚ ਸਿੱਖਿਆ ਯਾਨੀ ਪੋਸਟ ਗ੍ਰੈਜੂਏਟ ਕੋਰਸਾਂ ਲਈ ਰਾਹ ਖੋਲ੍ਹਦੀ ਹੈ। ਦੋਵਾਂ ਵਿਚਾਲੇ ਤੁਲਨਾ ਕਰੀਏ ਤਾਂ ਇੱਕ ਵੱਡਾ ਅੰਤਰ ਇਸ ਵਿਚਾਰਧਾਰਾ ਵਿੱਚ ਸਾਹਮਣੇ ਆਉਂਦਾ ਹੈ ਕਿ ਇੱਕ ਵੱਲ ਛੋਟੀਆਂ ਗਲਤੀਆਂ ਉੱਤੇ ਵੀ ਸਮਾਜ ਵਿੱਚ ਭੁਚਾਲ ਆ ਜਾਂਦਾ ਹੈ ਅਤੇ ਦੂਜੇ ਪਾਸੇ ਵੱਡੀਆਂ ਵਿਵਸਥਾ-ਗਤ ਖਾਮੀਆਂ ਉੱਤੇ ਚੁੱਪੀ ਧਾਰ ਲਈ ਜਾਂਦੀ ਹੈ।

ਪਿਛਲੇ ਸਮੇਂ ਵਿੱਚ ਨੀਟ ਯੂਜੀ ਪ੍ਰੀਖਿਆ ਦਾ ਪੇਪਰ ਲੀਕ ਹੋਣਾ ਇੱਕ ਅਤਿਅੰਤ ਮੰਦਭਾਗੀ ਘਟਨਾ ਸੀ। ਇਸ ਘਟਨਾ ਨੇ ਨਾ ਸਿਰਫ ਲੱਖਾਂ ਲਾਇਕ ਵਿਦਿਆਰਥੀਆਂ ਦੀ ਮਿਹਨਤ ਨੂੰ ਤਹਿਸ ਨਹਿਸ ਕੀਤਾ ਬਲਕਿ ਪੂਰੀ ਪ੍ਰੀਖਿਆ ਵਿਵਸਥਾ ਉੱਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ। ਪੇਪਰ ਲੀਕ ਵਰਗੀਆਂ ਘਟਨਾਵਾਂ ਸਿਸਟਮ ਦੀ ਨਿਸ਼ਪੱਖਤਾ ਅਤੇ ਪਾਰਦਰਸ਼ਤਾ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦੀਆਂ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਵਿਦਿਆਰਥੀਆਂ ਵਿੱਚ ਹਤਾਸ਼ਾ ਅਤੇ ਅਨਿਆਂ ਦੀ ਭਾਵਨਾ ਪੈਦਾ ਕਰਦੀਆਂ ਹਨ। ਜਿਹੜੇ ਵਿਦਿਆਰਥੀ ਸਾਲਾਂ ਤੱਕ ਰਾਤ-ਦਿਨ ਇੱਕ ਕਰਕੇ ਤਿਆਰੀ ਕਰਦੇ ਹਨ, ਉਨ੍ਹਾਂ ਲਈ ਇੱਕ ਰਾਤ ਦੀ ਗਲਤੀ ਜਾਂ ਸਾਜ਼ਿਸ਼ ਉਨ੍ਹਾਂ ਦਾ ਸਾਰਾ ਭਵਿੱਖ ਖਤਮ ਕਰ ਦਿੰਦੀ ਹੈ। ਇਸ ਲਈ ਇਸ ਤਰ੍ਹਾਂ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਬਣਦੀ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਸਰਕਾਰ ਅਤੇ ਪ੍ਰਸ਼ਾਸਨ ਨੂੰ ਇਸ ਦੀ ਜਾਂਚ ਤੇਜ਼ੀ ਨਾਲ ਪੂਰੀ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਦੀ ਦੁਬਾਰਾ ਦੁਹਰਾਈ ਨਾ ਹੋਵੇ ਅਤੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਨਾ ਹੋ ਸਕੇ।

ਜਦੋਂ ਨੀਟ ਯੂਜੀ ਪੇਪਰ ਲੀਕ ਹੋਣ ਦੀ ਖ਼ਬਰ ਸਾਹਮਣੇ ਆਈ ਤਾਂ ਸਮਾਜਿਕ ਤੌਰ ਤੇ ਇੱਕ ਵੱਡਾ ਰੋਸ਼ ਉਭਰਿਆ। ਹਰ ਤਰ੍ਹਾਂ ਦੇ ਲੋਕ, ਭਾਵੇਂ ਉਹ ਇਸ ਖੇਤਰ ਨਾਲ ਜੁੜੇ ਹੋਣ ਜਾਂ ਨਾ ਹੋਣ, ਇੱਕ ਬੁੱਧੀਜੀਵੀ ਵਜੋਂ ਇਸ ਮੁੱਦੇ ਉੱਤੇ ਆਪਣਾ ਗਿਆਨ ਦੇਣ ਲੱਗ ਪਏ। ਸੋਸ਼ਲ ਮੀਡੀਆ ਤੋਂ ਲੈ ਕੇ ਟੀਵੀ ਚਰਚਾਵਾਂ



**ਪਿਛਲੇ ਸਮੇਂ ਵਿੱਚ ਨੀਟ ਯੂਜੀ ਪ੍ਰੀਖਿਆ ਦਾ ਪੇਪਰ ਲੀਕ ਹੋਣਾ ਇੱਕ ਅਤਿਅੰਤ ਮੰਦਭਾਗੀ ਘਟਨਾ ਸੀ। ਇਸ ਘਟਨਾ ਨੇ ਨਾ ਸਿਰਫ ਲੱਖਾਂ ਲਾਇਕ ਵਿਦਿਆਰਥੀਆਂ ਦੀ ਮਿਹਨਤ ਨੂੰ ਤਹਿਸ ਨਹਿਸ ਕੀਤਾ ਬਲਕਿ ਪੂਰੀ ਪ੍ਰੀਖਿਆ ਵਿਵਸਥਾ ਉੱਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ। ਪੇਪਰ ਲੀਕ ਵਰਗੀਆਂ ਘਟਨਾਵਾਂ ਸਿਸਟਮ ਦੀ ਨਿਸ਼ਪੱਖਤਾ ਅਤੇ ਪਾਰਦਰਸ਼ਤਾ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦੀਆਂ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਵਿਦਿਆਰਥੀਆਂ ਵਿੱਚ ਹਤਾਸ਼ਾ ਅਤੇ ਅਨਿਆਂ ਦੀ ਭਾਵਨਾ ਪੈਦਾ ਕਰਦੀਆਂ ਹਨ। ਜਿਹੜੇ ਵਿਦਿਆਰਥੀ ਸਾਲਾਂ ਤੱਕ ਰਾਤ-ਦਿਨ ਇੱਕ ਕਰਕੇ ਤਿਆਰੀ ਕਰਦੇ ਹਨ, ਉਨ੍ਹਾਂ ਲਈ ਇੱਕ ਰਾਤ ਦੀ ਗਲਤੀ ਜਾਂ ਸਾਜ਼ਿਸ਼ ਉਨ੍ਹਾਂ ਦਾ ਸਾਰਾ ਭਵਿੱਖ ਖਤਮ ਕਰ ਦਿੰਦੀ ਹੈ। ਇਸ ਲਈ ਇਸ ਤਰ੍ਹਾਂ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਬਣਦੀ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਸਰਕਾਰ ਅਤੇ ਪ੍ਰਸ਼ਾਸਨ ਨੂੰ ਇਸ ਦੀ ਜਾਂਚ ਤੇਜ਼ੀ ਨਾਲ ਪੂਰੀ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਦੀ ਦੁਬਾਰਾ ਦੁਹਰਾਈ ਨਾ ਹੋਵੇ ਅਤੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਨਾ ਹੋ ਸਕੇ।**

ਤੱਕ ਇਸ ਮੁੱਦੇ ਉੱਤੇ ਤੀਖੀ ਆਲੋਚਨਾ ਹੋਈ। ਬਹੁਤ ਸਾਰੇ ਲੋਕ ਜਿਨ੍ਹਾਂ ਨੇ ਕਦੀ ਇਸ ਪ੍ਰੀਖਿਆ ਪ੍ਰਣਾਲੀ ਨਾਲ ਵਾਸਤਾ ਨਹੀਂ ਰੱਖਿਆ, ਉਹ ਵੀ ਸਰਕਾਰ ਅਤੇ ਵਿਵਸਥਾ ਉੱਤੇ ਲਾਹਣਤਾਂ ਪਾਉਣ ਲੱਗ ਪਏ। ਇਹ ਰੋਸ਼ ਬਿਲਕੁਲ ਸੁਭਾਵਿਕ ਸੀ ਕਿਉਂਕਿ ਇਸ ਵਿਚਾਰਧਾਰਾ ਵਿੱਚ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿੱਚ ਪਿਆ ਸੀ। ਰਾਤੋਂ ਰਾਤ ਮਸ਼ਹੂਰ ਹੋਈ ਕਾਕਰੇਚ ਜਨਤਾ ਪਾਰਟੀ ਨੇ ਇਸ ਪ੍ਰੀਖਿਆ ਲੀਕ ਦੇ ਵਿਰੋਧ ਵਿੱਚ ਜੰਤਰ-ਮੰਤਰ ਦੇ ਧਰਨਾ ਦਿੰਦੇ ਹੋਏ ਸੰਬੰਧਿਤ ਖੇਤਰ ਦੇ ਮੰਤਰੀ ਸ਼੍ਰੀ ਧਰਮਿੰਦਰ ਪ੍ਰਧਾਨ ਦਾ ਅਸਤੀਫਾ ਮੰਗਣਾ ਸ਼ੁਰੂ ਕਰ ਦਿੱਤਾ। ਪਰ ਇਸ ਰੋਸ਼ ਵਿੱਚ ਇੱਕ ਗੱਲ ਉੱਭਰ ਕੇ ਸਾਹਮਣੇ ਆਈ ਕਿ ਇਹ ਆਵਾਜ਼ ਕਿਤੇ ਨਾ ਕਿਤੇ ਚੋਣਵੀ ਸੀ।

ਇੱਥੇ ਇੱਕ ਵੱਡਾ ਸਵਾਲ ਉੱਠਦਾ ਹੈ ਕਿ ਜਦੋਂ ਨੀਟ ਪੀਜੀ ਪ੍ਰੀਖਿਆ ਵਿੱਚ ਮਾਈਨਸ ਨੰਬਰ ਵਾਲੇ ਉਮੀਦਵਾਰਾਂ ਨੂੰ ਡਾਕਟਰੀ ਦੇ ਉੱਚ ਸਿੱਖਿਆ ਖੇਤਰ ਵਿੱਚ ਦਾਖਲਾ ਦਿੱਤਾ ਗਿਆ ਤਾਂ ਇਹੀ ਬੁੱਧੀਜੀਵੀ ਵਰਗ ਕਿੱਥੇ ਗਾਇਬ ਸੀ? ਕੀ ਉਨ੍ਹਾਂ ਦੇ ਮੂੰਹ ਵਿੱਚ ਦਹੀਂ ਜੰਮ ਗਿਆ ਸੀ? ਨੀਟ ਪੀਜੀ ਇੱਕ ਅਜਿਹੀ ਪ੍ਰੀਖਿਆ ਹੈ ਜਿਸ ਵਿੱਚ ਬੈਚਲਰ ਡਿਗਰੀ ਪੂਰੀ ਕਰ ਚੁੱਕੇ ਡਾਕਟਰ ਆਪਣੀ ਵਿਸ਼ੇਸ਼ਤਾ ਲਈ ਮੁਕਾਬਲਾ ਕਰਦੇ ਹਨ। ਇਸ ਵਿੱਚ ਇੱਕ ਖਾਸ ਕਟ-ਆਫ ਅਤੇ ਸਕੋਰਿੰਗ ਪੈਟਰਨ ਹੁੰਦਾ ਹੈ। ਜੇਕਰ ਕੋਈ ਉਮੀਦਵਾਰ ਮਾਈਨਸ ਨੰਬਰ ਲੈ ਕੇ ਵੀ ਡਾਕਟਰੀ ਦੇ ਪੋਸਟ ਗ੍ਰੈਜੂਏਟ ਕੋਰਸ ਵਿੱਚ ਦਾਖਲਾ ਲੈ ਲੈਂਦਾ ਹੈ ਤਾਂ ਇਸ ਨਾਲ ਸਮਾਜ ਨੂੰ ਕਿਸ ਤਰ੍ਹਾਂ ਦਾ ਡਾਕਟਰ ਮਿਲਦਾ ਹੈ? ਇਸ ਤਰ੍ਹਾਂ ਦੇ ਡਾਕਟਰ ਭਵਿੱਖ ਵਿੱਚ ਮਰੀਜ਼ਾਂ ਦੀ ਜਾਨ ਅਤੇ ਸਿਹਤ ਨਾਲ ਕਿਵੇਂ ਨਜਿੱਠਣਗੇ? ਇਸ ਮੁੱਦੇ ਉੱਤੇ ਸਮਾਜ ਵਿੱਚ ਲਗਭਗ ਚੁੱਪੀ ਛਾਈ ਰਹੀ। ਉਹੀ ਬੁੱਧੀਜੀਵੀ ਜੋ ਨੀਟ ਯੂਜੀ ਲੀਕ ਉੱਤੇ ਰੋਸ਼ ਵਿਖਾ ਰਹੇ ਸਨ, ਇਸ ਵੱਡੀ ਵਿਵਸਥਾ-ਗਤ ਖਾਮੀ ਉੱਤੇ ਆਵਾਜ਼ ਉਠਾਉਣ ਤੋਂ ਗੁਰੇਜ਼ ਕਰ ਰਹੇ ਸਨ।

ਇਸ ਤੁਲਨਾ ਵਿੱਚ ਇੱਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਨੀਟ ਯੂਜੀ ਵਿੱਚ ਲੀਕ ਹੋਣ ਨਾਲ ਸਿਰਫ ਤਾਜ਼ਾ ਵਿਦਿਆਰਥੀਆਂ ਦਾ ਭਵਿੱਖ ਪ੍ਰਭਾਵਿਤ ਹੁੰਦਾ ਹੈ ਜਦਕਿ ਨੀਟ ਪੀਜੀ ਵਿੱਚ ਮਾਈਨਸ ਨੰਬਰ ਵਾਲਿਆਂ ਨੂੰ ਦਾਖਲਾ ਦੇਣ ਨਾਲ ਉਹ ਡਾਕਟਰ ਬਣਦੇ ਹਨ ਜੋ ਪਹਿਲਾਂ ਹੀ ਬੈਚਲਰ ਲੈਵਲ ਤੋਂ ਗੁਜ਼ਰ ਚੁੱਕੇ ਹਨ ਪਰ ਉੱਚ ਸਿੱਖਿਆ ਲਈ ਯੋਗ ਨਹੀਂ ਸਮਝੇ ਜਾ ਸਕਦੇ। ਇਸ ਤਰ੍ਹਾਂ ਦਾ ਫੈਸਲਾ ਸਮਾਜ ਲਈ ਇੱਕ ਵੱਡਾ ਘਾਣ ਹੈ। ਡਾਕਟਰੀ ਵਰਗੀ ਨਾਜ਼ੁਕ ਫੀਲਡ ਵਿੱਚ ਯੋਗਤਾ ਨਾਲ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਜੇਕਰ ਇੱਕ ਡਾਕਟਰ ਆਪਣੀ ਪੀਜੀ ਪ੍ਰੀਖਿਆ ਵਿੱਚ ਮਾਈਨਸ ਨੰਬਰ ਲੈਂਦਾ ਹੈ ਤਾਂ ਉਸ ਵਿੱਚ ਉਸ ਵਿਸ਼ੇਸ਼ਤਾ ਦੀ ਡੂੰਘੀ ਸਮਝ ਅਤੇ ਯੋਗਤਾ ਦੀ ਘਾਟ ਹੋਣੀ ਸੁਭਾਵਿਕ ਹੈ। ਇਸ ਤਰ੍ਹਾਂ ਦੇ ਡਾਕਟਰਾਂ ਤੋਂ ਦੇਸ਼ ਅਤੇ ਸਮਾਜ ਦਾ ਭਲਾ ਕਿਵੇਂ ਹੋ ਸਕਦਾ ਹੈ? ਇਸ ਵਿਵਸਥਾ ਨੇ ਮੈਡੀਕਲ ਖੇਤਰ ਵਿੱਚ ਯੋਗਤਾ ਦੇ ਮਾਪਦੰਡ ਨੂੰ ਹੀ ਤੋੜਿਆ ਹੈ।

ਇਸ ਤੁਲਨਾਤਮਕ ਵਿਸ਼ਲੇਸ਼ਣ ਤੋਂ ਇੱਕ ਗੱਲ ਉਭਰ ਕੇ ਆਉਂਦੀ ਹੈ ਕਿ ਆਵਾਜ਼ ਉਠਾਉਣਾ ਬਹੁਤ ਜ਼ਰੂਰੀ ਹੈ ਪਰ ਉਹ ਆਵਾਜ਼ ਚੋਣਵੀ ਅਤੇ ਸੁਵਿਧਾਜਨਕ ਨਹੀਂ ਹੋਣੀ ਚਾਹੀਦੀ। ਸਰਕਾਰਾਂ ਅਤੇ ਪ੍ਰਸ਼ਾਸਨ ਜਨਤਾ ਪ੍ਰਤੀ ਜਵਾਬਦੇਹ ਹਨ ਅਤੇ ਉਨ੍ਹਾਂ ਵਿਰੁੱਧ ਆਵਾਜ਼ ਉਠਾਉਣਾ ਲੋਕਤੰਤਰ ਦਾ ਹਿੱਸਾ ਹੈ। ਪਰ ਜਦੋਂ ਇਹ ਆਵਾਜ਼ ਸਿਰਫ ਉਦੋਂ ਉਠਾਈ ਜਾਵੇ ਜਦੋਂ ਇਸ ਨਾਲ ਰਾਜਨੀਤਿਕ ਲਾਭ ਹੋਵੇ ਜਾਂ ਸੋਸ਼ਲ ਮੀਡੀਆ ਉੱਤੇ ਟ੍ਰੈਂਡ ਬਣਾਉਣ ਵਿੱਚ ਮਦਦ ਮਿਲੇ ਤਾਂ ਇਹ ਆਵਾਜ਼ ਸਮਾਜ ਲਈ ਤਰਾਸਦੀ ਬਣ ਜਾਂਦੀ ਹੈ। ਇਸ ਤਰ੍ਹਾਂ ਦੀ ਚੋਣਵੀ ਆਲੋਚਨਾ ਵਿਵਸਥਾ ਵਿੱਚ ਇੱਕ ਅਸੰਤੁਲਨ ਪੈਦਾ ਕਰਦੀ ਹੈ। ਇੱਕ ਪਾਸੇ ਨੀਟ ਯੂਜੀ ਲੀਕ ਉੱਤੇ ਰਾਸ਼ਟਰੀ ਬਹਿਸ ਛੇੜੀ ਜਾਂਦੀ ਹੈ ਅਤੇ ਦੂਜੇ ਪਾਸੇ ਨੀਟ ਪੀਜੀ ਵਰਗੀਆਂ ਗੰਭੀਰ ਖਾਮੀਆਂ ਉੱਤੇ ਚੁੱਪੀ ਸਾਧ ਲਈ ਜਾਂਦੀ ਹੈ। ਇਸ ਤਰ੍ਹਾਂ ਦਾ ਵਰਤਾਅ ਸਮਾਜ ਵਿੱਚ ਇੱਕ ਗਲਤ ਰੁਝਾਨ ਪੈਦਾ ਕਰਦਾ ਹੈ ਜਿੱਥੇ ਲੋਕ ਆਪਣੀ ਸੁਵਿਧਾ ਅਨੁਸਾਰ ਮੁੱਦਿਆਂ ਨੂੰ ਚੁਣਦੇ ਹਨ।

ਅਸਲ ਵਿੱਚ ਇਸ ਤੁਲਨਾ ਤੋਂ ਸਾਨੂੰ ਇੱਕ ਸਬਕ ਲੈਣਾ ਚਾਹੀਦਾ ਹੈ ਕਿ ਵਿਵਸਥਾ ਵਿੱਚ ਸੁਧਾਰ ਲਈ ਲਗਾਤਾਰ ਅਤੇ ਨਿਰਪੱਖ ਆਵਾਜ਼ ਉਠਾਉਣੀ ਚਾਹੀਦੀ ਹੈ। ਨੀਟ ਯੂਜੀ ਅਤੇ ਨੀਟ ਪੀਜੀ ਦੋਵਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਪ੍ਰੀਖਿਆਵਾਂ ਦੀ ਸੁਰੱਖਿਆ ਲਈ ਤਕਨੀਕੀ ਉਪਾਅ ਵਧਾਏ ਜਾਣ ਅਤੇ ਉੱਚ ਸਿੱਖਿਆ ਵਿੱਚ ਦਾਖਲੇ ਲਈ ਯੋਗਤਾ ਨੂੰ ਕਿਸੇ ਵੀ ਹਾਲਤ ਵਿੱਚ ਤੋੜਿਆ ਨਾ ਜਾਵੇ। ਡਾਕਟਰੀ ਖੇਤਰ ਵਿੱਚ ਯੋਗ ਡਾਕਟਰਾਂ ਦੀ ਘਾਟ ਇੱਕ ਵੱਡੀ ਸਮੱਸਿਆ ਹੈ ਅਤੇ ਇਸ ਨੂੰ ਹੱਲ ਕਰਨ ਲਈ ਗੁਣਵੱਤਾ ਵਾਲੀ ਸਿੱਖਿਆ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਨਾ ਕਿ ਆਪਣੀ ਸੁਵਿਧਾ ਅਨੁਸਾਰ ਨਿਯਮ ਬਦਲਣ ਉੱਤੇ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਨੀਟ ਯੂਜੀ ਅਤੇ ਨੀਟ ਪੀਜੀ ਦੋਵਾਂ ਵਿਚਾਲੇ ਤੁਲਨਾ ਇਸ ਗੱਲ ਨੂੰ ਉਜਾਗਰ ਕਰਦੀ ਹੈ ਕਿ ਸਮਾਜ ਅਤੇ ਸਰਕਾਰ ਦੋਵਾਂ ਨੂੰ ਆਪਣੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਚੋਣਵੀ ਆਲੋਚਨਾ ਅਤੇ ਸੁਵਿਧਾਜਨਕ ਰੋਸ਼ ਸਮਾਜ ਲਈ ਨੁਕਸਾਨਦਾਇਕ ਹੈ। ਇੱਕ ਮਜ਼ਬੂਤ ਅਤੇ ਨਿਰਪੱਖ ਵਿਵਸਥਾ ਹੀ ਵਿਦਿਆਰਥੀਆਂ ਅਤੇ ਦੇਸ਼ ਦੇ ਭਵਿੱਖ ਨੂੰ ਸੁਰੱਖਿਅਤ ਰੱਖ ਸਕਦੀ ਹੈ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਅਸੀਂ ਛੋਟੀਆਂ ਅਤੇ ਵੱਡੀਆਂ ਖਾਮੀਆਂ ਵਿਚਾਲੇ ਫਰਕ ਨਾ ਕਰੀਏ ਬਲਕਿ ਹਰ ਗਲਤੀ ਉੱਤੇ ਇੱਕੋ ਤਰ੍ਹਾਂ ਦੀ ਆਵਾਜ਼ ਉਠਾਈਏ ਤਾਂ ਜੋ ਸੱਚੀ ਅਤੇ ਟਿਕਾਊ ਤਬਦੀਲੀ ਆ ਸਕੇ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# ਨਾ ਮਾਰ ਜਾਲਮਾਂ ਵੇ, ਪੇਕੇ ਤੱਤੜੀ ਦੇ ਦੂਰ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਗੁਰਬਤ ਦੇ ਝੰਬੇ ਪੇਂਡੂ ਸਮਾਜ ਵਿੱਚ ਔਰਤ ਹਮੇਸ਼ਾ ਹੀ ਹਿੰਸਾ ਦਾ ਸ਼ਿਕਾਰ ਰਹੀ ਹੈ। ਇਸ ਦੇ ਪ੍ਰਤੀ ਸਰਕਾਰਾਂ ਨੇ ਸਮੇਂ ਸਮੇਂ ਤੇ ਉਪਰਾਲੇ ਕੀਤੇ ਪਰ ਮਰਦ ਪ੍ਰਧਾਨ ਨੇ ਪੇਸ਼ ਨਹੀਂ ਜਾਣ ਦਿੱਤੀ। ਘਰੇਲੂ ਹਿੰਸਾ ਜਿਸ ਦਾ ਦੂਜਾ ਨਾਮ ਔਰਤ ਹੁੰਦੀ ਹੈ। ਇਹ ਘਰ ਅਤੇ ਬਾਹਰ ਸੁਰੱਖਿਅਤ ਨਹੀਂ ਰਹੀ। ਘਰਾਂ ਅੰਦਰ ਮਰਦ ਦਾ ਖੌਫ਼ ਅਤੇ ਘਰ ਤੋਂ ਬਾਹਰ ਦਰਿੰਦਿਆਂ ਦਾ ਖੌਫ਼ ਜਾਰੀ ਰਿਹਾ। ਇਸ ਲਈ ਅੰਮ੍ਰਿਤਾ ਪ੍ਰੀਤਮ ਨੇ ਵੀ ਕਿਹਾ ਸੀ ਕਿ ਬੀਹ ਹਜਾਰ ਸਾਲ ਹੋ ਗਏ ਸੱਭਿਅਤਾ ਬਣੀ ਨੂੰ ਮਰਦ ਅਜੇ ਵੀ ਔਰਤ ਪ੍ਰਤੀ ਭੁੱਖੇ ਦਾ ਭੁੱਖਾ ਹੀ ਹੈ। ਇਹ ਸਾਡੇ ਸਮਾਜ ਦਾ ਇੱਕ ਪਹਿਲੂ ਰਿਹਾ ਹੈ। ਇਸ ਲਈ ਕਈ ਪ੍ਰਕਾਰ ਦਾ ਸਾਹਿਤ ਵੀ ਰਚਿਆ ਗਿਆ। ਗਾਇਕਾਂ ਵਿੱਚ ਵੀ ਔਰਤ ਤੇ ਹਿੰਸਾ ਗੂੰਜਦੀ ਰਹੀ ਕਾਫੀ ਸਮੇਂ ਪਹਿਲਾਂ ਸਵਰਗੀ ਦੀਦਾਰ ਸੰਧੂ ਦਾ ਗਾਣਾ ਇਸ ਦੀ ਪੁਸ਼ਤ ਪਨਾਹੀ ਕਰਦਾ ਹੈ,

"ਉੱਠਦੀ ਬਹਿੰਦੀ ਜੀ ਜੀ ਕਹਿੰਦੀ,
ਉੱਠਦੀ ਬਹਿੰਦੀ ਜੀ ਜੀ ਕਹਿੰਦੀ,
ਤੈਨੂੰ ਤੇਰੀ ਹੂਰ ਵੇ,
ਨਾ ਮਾਰ ਜਾਲਮਾ ਵੇ ਪੇਕੇ ਤੱਤੜੀ ਦੇ ਦੂਰ"

ਔਰਤ ਵਿਚਾਰੀ ਚੁੱਪ ਚੁਪੀਤੇ ਸਭ ਕੁਝ ਸਹਿ ਲੈਂਦੀ ਹੈ। ਅੱਜ ਵੀ ਦਸਤੂਰ ਜਾਰੀ ਹੈ। ਔਰਤ ਨੂੰ ਹਿੰਸਾ ਪ੍ਰਭਾਵਿਤ ਕਰਦੀ ਹੈ। ਪਿੰਡਾਂ ਦੇ ਸਮਾਜ ਦੀ ਇੱਕ ਵੱਡੀ ਬੁਰਾਈ ਹੈਕਿ ਕਈ ਲੋਕ ਚਾਪਰ ਕੇ ਆਪਣੇ ਘਰਦਿਆਂ ਨੂੰ ਦਿਖਾਉਣ ਲਈ ਵੀ ਔਰਤ ਤੇ ਹਿੰਸਾ ਕਰਦੇ ਹਨ। ਉਂਝ ਆਦਿ ਕਾਲ ਤੋਂ ਪਿੰਡਾਂ ਦੇ ਸਮਾਜ ਵਿੱਚ ਔਰਤ ਤੇ ਹਿੰਸਾ ਇੱਕ ਗੰਭੀਰ ਸਮੱਸਿਆ ਰਹੀ ਹੈ। ਇਸ ਨੂੰ ਹੱਲ ਕਰਨ ਦੇ ਉਪਰਾਲੇ ਮੱਧਮ ਹੀ ਰਹੇ। ਘਰੇਲੂ ਹਿੰਸਾ ਦਾ ਦੂਜਾ ਨਾਮ ਔਰਤ ਹੁੰਦੀ ਹੈ, ਕੁੱਝ ਸਮਾਂ ਪਹਿਲੇ ਤਾਂ ਇਉਂ ਲੱਗਦਾ ਸੀ ਕਿ ਹਿੰਸਾ ਸ਼ਬਦ ਬਣਿਆ ਹੀ ਔਰਤ ਲਈ ਹੈ। ਇਸ ਦਾ ਕਾਰਨ ਇਹ ਹੈ ਕਿ ਮਰਦ ਪ੍ਰਧਾਨਤਾ, ਸਮਾਜਿਕ ਦਬਾਓ, ਘਰ ਦੀ ਗੱਲ ਘਰ ਵਿੱਚ ਰੱਖਣਾ ਵੀ ਇਸ ਘਾਗ ਨੂੰ ਹੋਰ ਡੂੰਘਾ ਕਰਦਾ ਰਿਹਾ। ਔਰਤ ਤੇ ਹਿੰਸਾ ਦੇ ਕਾਰਨ ਅਗਿਆਨਤਾ, ਦਾਜ ਪ੍ਰਥਾ, ਹਵਸ਼ ਦੀ ਪੂਰਤੀ ਅਤੇ ਜਾਗਰੂਕਤਾ ਦੀ ਘਾਟ ਹੁੰਦੀ ਹੈ। ਇਸ ਦੇ ਨਤੀਜੇ ਇਹ ਰਹੇ ਕਿ ਔਰਤਾਂ ਮਾਨਸਿਕ ਤਣਾਓ ਚ ਰਹਿੰਦੀਆਂ ਹਨ। ਇਸਦਾ ਸਿੱਧਾ ਅਸਰ ਬੱਚਿਆਂ ਤੇ ਪੈਂਦਾ ਹੈ। ਬਦਨਾਮੀ ਦੇ ਡਰੋਂ ਔਰਤਾਂ ਸ਼ਕਾਇਤ ਤੱਕ ਵੀ ਨਹੀਂ ਕਰਦੀਆ।

ਪ੍ਰੋਟੈਕਸ਼ਨ ਆਫ ਵੂਮਨ ਫਰੋਮ ਡੋਮੈਸਟਿਕ ਐਕਟ 2005 ਮੁਤਾਬਕ ਕਿਸੇ ਮਹਿਲਾ ਨੂੰ ਕਿਸੇ ਤਰੀਕੇ ਨਾਲ ਸਰੀਰਕ ਜਾਂ ਮਾਨਸਿਕ ਸੱਟ ਪਹੁੰਚਾਣਾ ਉਸਦੀ ਸਿਹਤ ਸੁਰੱਖਿਆ ਅਤੇ ਜ਼ਿੰਦਗੀ ਨੂੰ ਖਤਰੇ ਵਿੱਚ ਪਾਉਣਾ ਘਰੇਲੂ ਹਿੰਸਾ ਹੈ। ਭਾਰਤੀ ਸੰਸਕ੍ਰਿਤੀ ਅਮੀਰ ਹੈ। ਇਸ ਲਈ ਇਹ ਹਿੰਸਾ ਨੂੰ ਸਮਾਜਿਕ ਬੁਰਾਈ ਮੰਨਦੀ ਹੈ। ਇਸਦੇ ਅਸਰ ਵੀ ਰਹੇ ਹਨ। ਦੂਜੇ ਪਾਸੇ ਹੁਣ ਅਫਗਾਨਿਸਤਾਨ ਵਿੱਚ ਇੱਕ ਕਾਨੂੰਨ ਪਾਸ ਕੀਤਾ ਹੈ ਜਿਸ ਨਾਲ ਔਰਤ ਦੇ ਅਧਿਕਾਰ ਮਾਰ ਦਿੱਤੇ ਗਏ ਹਨ। ਇਸ ਤਹਿਤ ਔਰਤ ਨੂੰ ਅਤੇ ਬੱਚਿਆਂ ਨੂੰ ਕੁੱਟਣਾ ਹਿੰਸਾ ਨਹੀਂ ਬਲਕਿ ਹੱਡੀ ਨਹੀਂ ਟੁੱਟਣੀ ਚਾਹੀਦੀ। ਇਹ ਇੱਕ ਵੱਡਾ ਅਗਿਆਨਤਾ ਭਰਪੂਰ ਅਤੇ ਹਾਸੋਹੀਣਾ ਫੈਸਲਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਔਰਤਾਂ ਪ੍ਰਤੀ ਵੱਖ ਵੱਖ ਕਾਨੂੰਨ ਔਰਤ ਦੇ ਹੱਕ ਵਿੱਚ ਹੀ ਹਨ। ਪਛੜੇ ਮੁਲਕਾਂ ਦੀ ਪਹਿਚਾਣ ਹੀ ਹੁੰਦੀ ਹੈ ਕਿ ਉਥੋਂ ਦੀ ਔਰਤ ਦਾ ਅੰਦਾਜ਼ਾ ਲਾ ਲਓ ਪਛੜੇਪਣ ਦੀ ਆਪ ਹੀ ਪਛਾਣ ਹੋ ਜਾਂਦੀ ਹੈ। ਔਰਤਾਂ ਵਿੱਚ ਘਰੇਲੂ ਹਿੰਸਾ ਲਈ ਯੂਐਨਓ ਨੇ 1993 ਵਿੱਚ ਇੱਕ ਐਲਾਨਨਾਮਾ ਵੀ ਜਾਰੀ ਕੀਤਾ ਸੀ। ਇੱਕ ਰਿਪੋਰਟ ਵੀ ਆਈ ਸੀ ਕਿ 2023 ਵਿੱਚ 85 ਹਜਾਰ ਔਰਤਾਂ ਅਤੇ ਬੱਚਿਆਂ ਦੀ ਹੱਤਿਆ ਜਾਣ ਬੁੱਝ ਕੇ ਕੀਤੀ ਗਈ ਸੀ।




ਔਰਤ ਭਾਰਤੀ ਸਮਾਜ ਦਾ ਸੰਵੇਦਨਸ਼ੀਲ ਅੰਗ ਹੈ। ਇੱਕ ਅਜਿਹਾ ਸਮਾਂ ਸੀ ਜਦੋਂ ਔਰਤ ਸਭ ਤੋਂ ਵੱਧ ਅਸੁਰੱਖਿਅਤ ਘਰ ਵਿੱਚ ਹੀ ਸੀ, ਮਰਦ ਆਪਣਾ ਹੱਕ ਔਰਤ ਨੂੰ ਕੁੱਟਣ ਤੇ ਸਮਝਦਾ ਸੀ। ਭਾਰਤ ਦੇ ਰਾਸ਼ਟਰੀ ਅਪਰਾਧ ਬਿਊਰੋ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਚ ਹਰ ਸਾਲ ਤਿੰਨ ਮਿੰਟ ਚ ਔਰਤਾਂ ਵਿਰੁੱਧ ਇਕ ਅਪਰਾਧ ਦਰਜ ਹੁੰਦਾ ਹੈ। 60 ਮਿੰਟਾਂ ਚ ਦੋ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ। ਹਰ ਛੇ ਘੰਟੇ ਨਵ ਵਿਆਹੁਤਾ ਦਾ ਕਤਲ ਹੁੰਦਾ ਹੈ। ਭਾਰਤ 'ਚ 2023 ਚ 15 ਤੋਂ 49 ਦੇ ਪੰਜ ਤੋਂ ਜਿਆਦਾ ਲਗਭਗ 20 ਫੀਸਦੀ ਮਹਿਲਾਵਾਂ ਨੂੰ ਆਪਣੇ ਸਾਥੀ ਤੋਂ ਹਿੰਸਾ ਦਾ ਸ਼ਿਕਾਰ ਹੋਣਾ ਪਿਆ। 30 ਫੀਸਦੀ ਔਰਤਾਂ ਆਪਣੇ ਜੀਵਨ ਚ ਅਜਿਹੇ ਅਪਰਾਧਾਂ ਦਾ ਸ਼ਿਕਾਰ ਹਨ। ਲੋਕ ਗੀਤ ਜੀਵਨ ਦਾ ਦਰਪਣ ਹਨ। ਇਹ ਅਸਲੀ ਚਿੱਤਰ ਪੇਸ਼ ਕਰਦੇ ਹਨ। ਦੀਦਾਰ ਸੰਧੂ ਦਾ ਗਾਣਾ ਇਸ ਦੀ ਗਵਾਹੀ ਭਰਦਾ ਹੈ। ਇਸ ਗਾਇਕ ਨੇ ਯਥਾਰਥਵਾਦ ਪੇਸ਼ ਕੀਤਾ ਹੈ। ਅੱਜ ਭਾਵੇਂ ਔਰਤਾਂ ਲਈ ਪਿੰਡਾਂ ਦੇ ਸਮਾਜ ਨੇ ਰੁੱਖ ਬਦਲਿਆ ਹੈ ਪਰ ਕਦੇ ਕਦੇ ਹਿੰਸਾ ਹੋ ਹੀ ਜਾਂਦੀ ਹੈ। "ਪੇਕੇ ਤੱਤੜੀ ਦੇ ਦੂਰ" ਇਹ ਦਰਸਾਉਂਦਾ ਹੈ ਕਿ ਪੇਕੇ ਆਪਣਾ ਦੁੱਖ ਵੀ ਨਹੀਂ ਦੱਸ ਪਾਉਂਦੀ ਸੀ।

ਔਰਤ ਪ੍ਰਤੀ ਸਮਾਜ ਦਾ ਨਜ਼ਰੀਆ ਬਦਲਿਆ ਜ਼ਰੂਰ ਹੈ। ਅੱਜ ਦੀ ਔਰਤ ਪ੍ਰੀਤਮ ਸਿੰਘ ਸਫੀਰ ਵਾਲੀ ਹੋਣੀ ਚਾਹੀਦੀ ਹੈ,

"ਟੁੱਟ ਜਾਵਣ ਕੈਦਾਂ ਹੱਦ ਬੰਦੀਆਂ, ਲੁੱਟ ਰਹੇ ਨਾ ਕਾਣੀ, ਹਰ ਇੱਕ ਬੰਦਾ ਸਾਹ ਦੁਨੀਆਂ ਦਾ, ਹਰ ਇੱਕ ਔਰਤ ਰਾਣੀ"

# ਖੁਸ਼ਨੁਮਾ ਜ਼ਿੰਦਗੀ .... (ਭਾਗ 2)

ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ



(ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ)
ਸ੍ਰੀ ਅਨੰਦਪੁਰ ਸਾਹਿਬ
9478561356

1. ਪਰਾਈ ਇਸਤਰੀ ਜਾਂ ਪਰਾਏ ਮਰਦ ਨੂੰ ਕਦੇ ਵੀ ਅਪਨਾਉਣ / ਪ੍ਰਾਪਤ ਕਰਨ ਦੀ ਚਾਹਤ ਨਹੀਂ ਰੱਖਣੀ ਚਾਹੀਦੀ। ਇਹ ਬਰਬਾਦੀ, ਤਬਾਹੀ ਤੇ ਪਤਨ ਦਾ ਬਹੁਤ ਸੌਖਾ ਕਾਰਨ ਹੁੰਦਾ ਹੈ। ਪਰਾਏ ਤਨ ਨੂੰ ਬੇਗਾਨਾ ਹੀ ਸਮਝਣਾ ਚਾਹੀਦਾ ਹੈ ਤੇ ਉਸ ਪ੍ਰਤੀ ਭੁੱਲ ਕੇ ਵੀ ਗਲਤ ਭਾਵਨਾ ਤੇ ਚਾਹਤ ਨਾ ਰੱਖੋ। ਜੋ ਇਸ ਸਿਧਾਂਤ 'ਤੇ ਅਡੋਲ ਖੜ੍ਹਾ ਰਿਹਾ ; ਉਹ ਸਦਾ ਸਕੂਨ ਤੇ ਸ਼ਾਂਤੀ ਨਾਲ਼ ਰਿਹਾ।

2. ਕਿਸੇ ਦੀ ਵਿਰੋਧਤਾ, ਮੁਖਾਲਫਤ ਜਾਂ ਨਕਾਰਾਤਮਕ ਵਿਚਾਰਾਂ ਤੋਂ ਘਬਰਾ ਕੇ ਕਦੇ ਵੀ ਆਪਣਾ ਸਹੀ ਰਸਤਾ, ਸਹੀ ਕੰਮ, ਸਹੀ ਕੋਸ਼ਿਸ਼ ਅਤੇ ਪਰਉਪਕਾਰੀ ਕੰਮ ਬੰਦ ਨਾ ਕਰੋ ; ਭਾਵੇਂ ਦੁਨੀਆ ਕਿੰਨੀ ਵੀ ਉਸਦੀ ਵਿਰੋਧਤਾ ਕਰੇ ਜਾਂ ਮੁਖਾਲਫਤ ਕਰੇ।

3. ਦੁਨੀਆ ਵਿੱਚ ਤੇ ਸਮਾਜ ਵਿੱਚ ਜੇਕਰ ਤੁਸੀਂ ਕੋਈ ਵੀ ਸੁਧਾਰ ਲਿਆਉਣਾ ਚਾਹੁੰਦੇ ਹੋ ਤਾਂ ਸੁਧਾਰ ਆਪਣੇ ਆਪ ਤੋਂ ਲਿਆਓ ; ਦੁਨੀਆਂ ਵਿੱਚ ਆਪਣੇ ਆਪ ਸੁਧਾਰ ਆ ਜਾਵੇਗਾ।

4. ਦਾਨ , ਦਿਖਾਵਾ ਅਤੇ ਨਿਸ਼ਕਾਮ - ਸੇਵਾ ਇਹ ਤਿੰਨੋਂ ਵੱਖਰੇ - ਵੱਖਰੇ ਸ਼ਬਦ ਅਤੇ ਵਿਸ਼ੇ ਹਨ ਅਤੇ ਇਹਨਾਂ ਤਿੰਨਾਂ ਵਿੱਚ ਬਹੁਤ ਫਰਕ ਹੁੰਦਾ ਹੈ। ਹਰ ਕੋਈ ਇਸ ਫਰਕ ਨੂੰ ਜਲਦੀ ਸਮਝ ਨਹੀਂ ਸਕਦਾ। ਬਹੁਤ ਗਹਿਰਾਈ ਨਾਲ਼ ਜਾਣ ਕੇ ਹੀ ਇਸ ਫਰਕ ਨੂੰ ਸਮਝਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ।

5. ਧਰਤੀ ਸਾਡੀ ਮਾਤਾ ਹੈ। ਇਹ ਸਾਡੀ ਜੀਵਨਦਾਤਾ ਹੈ। ਇਸ ਨੂੰ ਸ਼ੁੱਧ , ਸਾਫ, ਪਵਿੱਤਰ , ਹਰਾ - ਭਰਾ ਰੱਖਣਾ ਅਤੇ ਇਸ ਦੇ ਹਰ ਜੀਵ - ਜੰਤੂ ਤੇ ਪੰਛੀ - ਪਰਿੰਦੇ ਦੇ ਜੀਵਨ ਨੂੰ ਮਹੱਤਤਾ ਦੇਣੀ ਸਾਡਾ ਸਭ ਦਾ ਫਰਜ਼ ਹੈ।

6. ਕੁਦਰਤ ਦੀ, ਇਨਸਾਨੀਅਤ ਦੀ ਤੇ ਜੀਵ - ਜੰਤੂਆਂ ਦੀ ਨਿਸ਼ਕਾਮ - ਸੇਵਾ ਸਾਨੂੰ ਅੰਦਰੋਂ ਸੱਚੀ ਖੁਸ਼ੀ ਦਿੰਦੀ ਹੈ, ਨੈਤਿਕਤਾ ਪੈਦਾ ਕਰਦੀ ਹੈ, ਹਲੀਮੀ, ਜ਼ਿੰਮੇਵਾਰੀ, ਸਰਬੱਤ ਦਾ ਭਲਾ ਅਤੇ ਤਿਆਗ ਦੀ ਭਾਵਨਾ ਵੀ ਸਾਡੇ ਅੰਦਰ ਲਿਆਉਂਦੀ ਹੈ। ਨਿਸ਼ਕਾਮ - ਸੇਵਾ ਸਥਾਈ ਹੁੰਦੀ ਹੈ, ਨਿਰੰਤਰ ਹੁੰਦੀ ਹੈ ਅਤੇ ਸਭ ਦੇ ਭਲੇ ਲਈ ਹੁੰਦੀ ਹੈ। ਦਾਨ ਤੇ ਦਿਖਾਵਾ ਕੁਝ ਸਮੇਂ ਲਈ ਹੁੰਦਾ ਹੈ ਤੇ ਅਸਥਾਈ ਹੁੰਦਾ ਹੈ।

7. ਇਨਸਾਨ ਵੱਲੋਂ ਕੀਤੇ ਗਏ ਚੰਗੇ ਕਰਮ ਹੀ ਉਸਦੇ ਚੰਗੇ ਹੋਣ ਦੀ ਗਵਾਹੀ ਦਿੰਦੇ ਹਨ ; ਨਾ ਕਿ ਉਸ ਵੱਲੋਂ ਕੀਤੀਆਂ ਗਈਆਂ ਵੱਡੀਆਂ - ਵੱਡੀਆਂ ਤੇ ਚੰਗੀਆਂ ਗੱਲਾਂ। ਚੰਗੀਆਂ ਗੱਲਾਂ ਕਰਨ ਨਾਲ਼ੋਂ ਚੰਗੇ ਕਰਮ ਕਰਨੇ ਉੱਤਮ ਹੁੰਦੇ ਹਨ।

8. ਆਪਣੇ ਮਾਤਾ - ਪਿਤਾ ਦੀ ਸੇਵਾ ਨੂੰ ਹਮੇਸ਼ਾ ਪਹਿਲ ਦੇਣੀ ਚਾਹੀਦੀ ਹੈ। ਮਾਤਾ - ਪਿਤਾ ਦਾ ਦਰਜਾ ਪਰਮਾਤਮਾ ਤੋਂ ਵੀ ਉੱਪਰ ਹੈ। ਜੋ ਇਨਸਾਨ ਆਪਣੇ ਮਾਤਾ - ਪਿਤਾ ਦੀ ਸੇਵਾ ਤੋਂ ਵਿਮੁੱਖ ਹੋ ਜਾਂਦਾ ਹੈ , ਉਹ ਜੀਵਨ ਵਿੱਚ ਕਦੇ ਵੀ ਸੁਖੀ ਨਹੀਂ ਰਹਿ ਸਕਦਾ।

9. ਰੋਟੀ ਭਾਵੇਂ ਘੱਟ ਮਿਲ਼ ਜਾਏ ਜਾਂ ਲੂਣ ਨਾਲ਼ ਹੀ ਖਾਣੀ ਪਵੇ , ਪਰ ਕਦੇ ਵੀ ਨਸ਼ੇ ਨਹੀਂ ਕਰਨੇ ਚਾਹੀਦੇ ਅਤੇ ਮਾੜੀ ਸੰਗਤ ਵਿੱਚ ਨਹੀਂ ਪੈਣਾ ਚਾਹੀਦਾ।

10. ਆਪਣੀ ਨੇਕ ਕਮਾਈ ਵਿੱਚੋਂ ਦਸਵੰਧ/ ਦਸ਼ਾਂਸ਼ ਜ਼ਰੂਰ ਕੱਢਣਾ ਚਾਹੀਦਾ ਹੈ ਅਤੇ ਇਸ ਨੂੰ ਪਰਉਪਕਾਰ, ਕੁਦਰਤ, ਮਾਨਵਤਾ ਅਤੇ ਵਾਤਾਵਰਨ ਦੀ ਭਲਾਈ ਲਈ ਲਗਾ ਦੇਣਾ ਚਾਹੀਦਾ ਹੈ। ਦਸਵੰਧ ਸਾਡੀ ਨੇਕ ਕਮਾਈ ਵਿੱਚ ਬਰਕਤ ਪਾਉਂਦਾ ਹੈ।

11. ਸਮਾਨ ਖਰੀਦਣ ਤੋਂ ਬਾਅਦ ਹੀ ਬਣਦੀ ਰਕਮ ਦਾ ਭੁਗਤਾਨ ਕਰਨਾ ਚਾਹੀਦਾ ਹੈ।

12. ਜੇਕਰ ਤੁਹਾਡੇ ਬੱਚਿਆਂ ਦੇ ਵਿੱਚ ਨੈਤਿਕਤਾ, ਪਰਉਪਕਾਰ ਅਤੇ ਇਨਸਾਨੀਅਤ ਦੀ ਭਾਵਨਾ ਹੈ ਅਤੇ ਉਹ ਚੰਗੇ ਕਰਮ ਕਰਨ ਨੂੰ ਤਰਜੀਹ ਦਿੰਦੇ ਹਨ ਤਾਂ ਸਮਝੋ ਕਿ ਤੁਸੀਂ ਇੱਕ ਚੰਗੇ ਮਾਤਾ - ਪਿਤਾ ਅਤੇ ਇੱਕ ਚੰਗੇ ਅਧਿਆਪਕ ਹੋ ; ਕਿਉਂਕਿ ਇਨਸਾਨੀਅਤ ਅਤੇ ਪਰਉਪਕਾਰ ਦੀ ਭਾਵਨਾ ਅਤੇ ਕੰਮਾਂ ਤੋਂ ਬਿਨਾਂ ਜੀਵਨ ਨਿਰਾਰਥਕ ਹੈ।

13. ਧਨ , ਦੌਲਤ, ਸੋਨਾ, ਚਾਂਦੀ, ਹੀਰੇ - ਮੋਤੀ, ਪਲਾਟ, ਜਮੀਨ - ਜਾਇਦਾਦ, ਕੋਠੀਆਂ - ਕਾਰਾਂ, ਬੰਗਲੇ ਇੱਕ ਦਿਨ ਸਭ ਇੱਥੇ ਹੀ ਰਹਿ ਜਾਣਗੇ। ਇਸਲਈ ਸਾਨੂੰ ਵੱਧ ਤੋਂ ਵੱਧ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਆਪਣੀ ਸਮਰੱਥਾ ਦੇ ਅਨੁਸਾਰ ਵੱਧ ਤੋਂ ਵੱਧ ਪਰਉਪਕਾਰ, ਇਨਸਾਨੀਅਤ ਅਤੇ ਕੁਦਰਤ ਦੀ ਭਲਾਈ ਦੇ ਕੰਮ ਨਿਸ਼ਕਾਮ ਭਾਵਨਾ ਨਾਲ਼ ਤਨ, ਮਨ ਤੇ ਧਨ ਨਾਲ਼ ਕਰੀਏ। ਇਹੋ ਅਸਲ ਕਮਾਈ ਹੈ ਤੇ ਮਨੁੱਖਾ ਜੀਵਨ ਦਾ ਉਦੇਸ਼ ਹੈ।

14. ਆਪਣੀ ਸੰਤਾਨ ਨੂੰ ਇੰਨੀਆਂ ਸੁੱਖ - ਸਹੂਲਤਾਂ ਅਤੇ ਧਨ - ਦੌਲਤ ਕਦੇ ਵੀ ਨਾ ਦਿਓ ਕਿ ਉਹ ਆਲਸੀ ਅਤੇ ਨਿਕੰਮੇ ਬਣ ਜਾਣ। ਬਿਨਾਂ ਸੰਘਰਸ਼ ਤੋਂ ਮਿਲੀ ਧਨ - ਦੌਲਤ ਦੀ ਕੋਈ ਕਦਰ ਨਹੀਂ ਕਰਦਾ।

15. ਜੇਕਰ ਤੁਸੀਂ ਸਹੀ ਰਸਤੇ 'ਤੇ ਹੋ ਤਾਂ ਕਦੇ ਵੀ ਇਸ ਗੱਲ ਦੀ ਪਰਵਾਹ ਨਾ ਕਰੋ ਕਿ ਦੁਨੀਆ ਕੀ ਕਹੇਗੀ ? ਜਾਂ ਲੋਕ ਕੀ ਸੋਚਣਗੇ ? ਇਹਨਾਂ ਗੱਲਾਂ ਵਿੱਚ ਧਿਆਨ ਦੇਣ ਵਾਲਾ ਜ਼ਿੰਦਗੀ ਵਿੱਚ ਕਦੇ ਕਾਮਯਾਬ ਨਹੀਂ ਹੁੰਦਾ। ਅਜਿਹਾ ਸੋਚੇ ਬਿਨਾਂ ਅਤੇ ਲੋਕਾਂ ਦੀ ਵਿਰੋਧਤਾ ਦੇ ਬਾਵਜੂਦ ਵੀ ਜ਼ਿੰਦਗੀ ਵਿੱਚ ਸਹੀ ਮਾਰਗ 'ਤੇ ਅਗ੍ਰਸਰ ਰਹਿਣਾ ਚਾਹੀਦਾ ਹੈ ਤੇ ਆਪਣੀ ਜੀਵਨ - ਪੰਥ 'ਤੇ ਚਲਦੇ ਰਹਿਣਾ ਚਾਹੀਦਾ ਹੈ। ਤੁਹਾਡੇ ਸਫਲ਼ ਹੋਣ 'ਤੇ ਇਹੋ ਦੁਨੀਆ ਇੱਕ ਦਿਨ ਤੁਹਾਨੂੰ ਹੀ ਸਲਾਮ ਕਰੇਗੀ।

੦ ੦ ੦

# ਬੇਤਾਲ ਹੋਈ ਬੀਬੀ ਜੀ ਬਨਾਮ ਬੈਂਤ !

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com



ਦੋਸਤੋ ਪੰਜਾਬੀ ਅਖ਼ਬਾਰਾਂ ਲਈ ਚਲੰਤ ਮਾਮਲਿਆਂ 'ਤੇ ਕਟਾਖਸ਼ ਕਰਦੇ ਬੈਂਤ ਜਾਂ ਕਬਿੱਤ ਤਾਂ ਮੈਂ ਕਈ ਦਹਾਕਿਆਂ ਤੋਂ ਹੀ ਲਿਖਦਾ ਆ ਰਿਹਾ ਹਾਂ। ਪਰ ਕੁੱਝ ਦਿਨ ਪਹਿਲਾਂ 'ਥਾਲ਼ੀ ਦੇ ਬੈਂਗਣ' ਵਾਲ਼ਾ ਬੈਂਤ ਜਦੋਂ ਪੰਜਾਬੀ ਅਖਬਾਰਾਂ (ਪੰਜਾਬ ਟਾਈਮਜ਼ ਯੂ.ਕੇ ਸਮੇਤ) ਵਿੱਚ ਛਪਿਆ ਤਾਂ ਬਿਅੰਤ ਪਾਠਕਾਂ ਨੇ ਫੋਨ ਕੀਤੇ ਅਤੇ ਵਟਸ-ਐਪ 'ਤੇ ਸ਼ਲਾਘਾ ਭਰੇ ਸੁਨੇਹੇ ਭੇਜੇ ! ਪ੍ਰਸਿੱਧ ਇਤਿਹਾਸਕਾਰ ਡਾਕਟਰ ਗੁਰਦੇਵ ਸਿੰਘ ਸਿੱਧੂ ਜੀ ਨੇ ਮੈਨੂੰ 'ਤਿੱਖਾ ਸੱਚ' ਬੋਲਣ ਲਈ ਸ਼ਾਬਾਸ਼ ਦਿੱਤੀ। ਸਾਡੇ ਨਵਾਂਸ਼ਹਿਰ ਇਲਾਕੇ ਦੇ ਸੁਰੀਲੇ ਰਾਗੀ ਢਾਡੀ ਸੁਖਵੀਰ ਸਿੰਘ ਮੰਗੂਵਾਲ਼ ਨੇ ਇਹ ਬੈਂਤ ਗਾਉਣ ਦੀ ਇਜਾਜ਼ਤ ਮੰਗੀ !

ਮੈਂ ਸੋਚਿਆ ਕਿ ਪਾਠਕਾਂ ਨੂੰ ਇਸ ਬੈਂਤ ਦੇ ਲਿਖਣ ਦਾ ਮੁੱਖ ਕਾਰਨ ਬਣੀ ਛੱਜੂ ਨਾਮ ਵਾਲ਼ੇ ਭਗਤਾਂ ਦੀ ਹੋਈ ਬਿਅਦਬੀ ਬਾਰੇ ਵੀ ਦੱਸ ਹੀ ਦਿਆਂ-ਬੀਬੀ ਜਗੀਰ ਕੌਰ ਜੀ ਦੀ ਅਗਵਾਈ ਵਾਲ਼ੇ ਬੀਬੀਆਂ ਦੇ ਜਥੇ ਵਿੱਚ ਸ਼ਾਮਲ ਬੀਬੀ ਪਰਮਜੀਤ ਕੌਰ ਲਾਂਡਰਾਂ ਮੈਂਬਰ ਸ਼੍ਰੋਮਣੀ ਕਮੇਟੀ ਕਈ ਸਾਲ ਸੁਖਬੀਰ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਭਗੌੜਾ, ਗੁਰੂ ਕੀ ਗੋਲ਼ਕ ਦੀ ਦੁਰਵਰਤੋਂ ਕਰਨ ਵਾਲ਼ਾ ਸ਼੍ਰੋਮਣੀ ਅਕਾਲੀ ਦਲ ਨੂੰ ਚਿੰਬੜਿਆ ਹੋਇਆ 'ਭਰਦਾਨ' ਗਰਦਾਨਦੇ ਆ ਰਹੇ ਸਨ। ਪਰ ਜਦ ਕੁੱਝ ਹਫਤੇ ਪਹਿਲਾਂ,ਜਦ ਮੁੜ ਬਾਦਲ ਦਲ ਵਿੱਚ ਚਲੇ ਗਈ ਤਾਂ ਇੱਕ ਵੀਡ੍ਹੀਉ ਵਿੱਚ ਉਸ ਨੇ ਸੁਖਬੀਰ ਸਿੰਘ ਬਾਦਲ ਹੱਥੋਂ ਪੀਲ਼ਾ ਸਾਫਾ ਅਤੇ ਲੋਈ ਆਪਣੇ ਗਲ਼ ਵਿੱਚ ਪੁਆਉਂਦਿਆਂ ਹੋਇਆਂ ਕਿਹਾ ਕਿ ਮੈਂ ਏਧਰ-ਉਧਰ ਘੁੰਮ ਕੇ ਦੇਖ ਲਿਆ 'ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ' ਅਨੁਸਾਰ ਮੈਂ 'ਘਰ ਵਾਪਸੀ' ਕਰ ਲਈ !



ਇਸ ਮੌਕੇ ਬੇਥਵ੍ਹੀਆਂ ਜਿਹੀਆਂ ਗੱਲਾਂ ਤਾਂ ਉਸ ਬੀਬੀ ਜੀ ਨੇ ਹੋਰ ਵੀ ਕਈ ਕੀਤੀਆਂ ਪਰ ਉਸਦੇ ਬੋਲਾਂ ਤੋਂ ਛੱਜੂ ਭਗਤ ਸਾਹਿਬਾਨ ਦੇ ਨਾਮ ਦੀ ਬੇਇਜਤੀ ਹੋਈ ਮਹਿਸੂਸ ਕਰਦਿਆਂ ਮੈਂ ਇਤਹਾਸ ਦੇ ਕੁੱਝ ਪੱਤਰੇ ਫਰੋਲੇ। ਮੇਰਾ ਸਾਦਾ ਜਿਹਾ ਅਨੁਮਾਨ ਹੈ ਕਿ ਉਸ ਬੀਬੀ ਨੇ 'ਛੱਜੂ ਦਾ ਚੁਬਾਰਾ' ਜਰੂਰ ਸੁਖਬੀਰ ਸਿੰਘ ਬਾਦਲ ਦੇ 'ਸੁੱਖ ਬਿਲਾਸ' ਨੂੰ ਹੀ ਕਿਹਾ ਹੋਵੇ ਗਾ, ਜੋ ਉਸ ਦੇ ਨਿਵਾਸ ਲਾਂਡਰਾਂ ਤੋਂ ਕੋਈ ਬਹੁਤੀ ਦੂਰ ਨਹੀਂ ਹੈ !

ਸੋਚੀਏ ਜਰਾ ਕਿੱਥੇ ਤਿੰਨ ਗੁਰੂ ਸਾਹਿਬਾਨ ਦੇ ਸਮਕਾਲੀ ਅਤੇ ਗੁਰੂ ਤੋਂ ਵਰੋਸਾਏ ਹੋਏ ਚਾਰ ਛੱਜੂ ਭਗਤ-ਜਨ ਅਤੇ ਕਿੱਥੇ ਬੀਬੀ ਲਾਂਡਰਾਂ ਦੇ ਨਵ-ਚਿਤਵੇ ਹੋਏ 'ਸੁੱਖ ਵਾਲ਼ੇ ਚੁਬਾਰਿਆਂ' ਦਾ ਇੱਕ ਮਾਇਆਧਾਰੀ ਮਾਲਕ !!

ਪਹਿਲਾਂ ਇਤਹਾਸ ਵਿਚਲੇ ਚਾਰ ਛੱਜੂ ਭਗਤਾਂ ਬਾਰੇ ਜਾਣ ਲੈਣਾ ਜੀ-

1.ਪਹਿਲਾ ਛੱਜੂ (ਜਹਾਂਗੀਰ ਦੇ ਰਾਜ ਵੇਲੇ) ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮੌਕੇ ਭਾਟੀਆ ਜਾਤ ਦਾ ਲਾਹੌਰ ਵਿੱਚ ਹੋਇਆ ਹੈ। ਇਸ ਦੀ ਦੁਕਾਨ ਦੇ ਥਾਂਹ ਮਹਾਰਾਜਾ ਰਣਜੀਤ ਸਿੰਘ ਨੇ ਸੁੰਦਰ ਮੰਦਰ ਬਣਾ ਦਿੱਤਾ। ਸੰਮਤ 1696 ਵਿੱਚ ਇਸ ਛੱਜੂ ਭਗਤ ਦੇ ਦਿਹਾਂਤ ਤੋਂ ਬਾਅਦ ਲੋਕ ਇਸਦੇ ਅਸਥਾਨ ਨੂੰ ਛੱਜੂ ਦਾ ਚੁਬਾਰਾ ਆਖਦੇ ਹਨ।

2.ਦੂਸਰਾ ਕੋਹਲੀ ਗੋਤ ਦਾ ਛੱਜੂ ਸੁਲਤਾਨ ਪੁਰ ਨਿਵਾਸੀ ਪ੍ਰੇਮੀ ਵੀ ਪੰਜਵੇਂ ਸਤਿਗੁਰੂ ਜੀ ਦਾ ਪ੍ਰਸਿੱਧ ਪਰਉਪਕਾਰੀ ਸਿੱਖ ਹੋਇਆ।

3.ਤੀਸਰਾ ਛੱਜੂ ਭਗਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸੈਨਾਨੀ ਹੋਇਆ ਜਿਸਨੇ ਸ੍ਰੀ ਅੰਮ੍ਰਿਤਸਰ ਦੀ ਜੰਗ ਵਿੱਚ ਵੱਡੀ ਬੀਰਤਾ ਦਿਖਾਈ-(ਛੱਜੂ ਗੱਜੂ ਮੁਹਰੂ ਰੰਧਾਵਾ ਤੇ ਸੁਜਾਨਾ ਬੀਰ(ਗੁਪ੍ਰਸੂਰਜ)

4.ਚੌਥਾ ਛੱਜੂ ਪੰਜੋਖਰਾ ਜਿਲ੍ਹਾ ਅੰਬਾਲ਼ਾ ਦਾ ਹੋਇਆ ਹੈ ਜਿਸਨੂੰ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵਿੱਦਿਯਬਲ ਬਖਸ਼ ਕੇ ਪੰਡਤ ਲਾਲ ਚੰਦ ਦਾ ਹੰਕਾਰ ਦੂਰ ਕੀਤਾ ਸੀ।

ਸੋ ਛੱਜੂ ਭਗਤ ਸਾਹਿਬਾਨ ਬਾਰੇ ਇਹ ਸਾਰਾ ਇਤਹਾਸਿਕ ਵੇਰਵਾ ਵਿਚਾਰਨ ਬਾਅਦ ਮੈਂ ਆਪਣੇ ਬੈਂਤ ਵਿੱਚ ਪੱਤਰਕਾਰ ਭਰਾਵਾਂ ਨੂੰ ਸੁਝਾਅ ਦਿੱਤਾ ਸੀ ਕਿ ਭਰਾਵੋ 'ਥਾਲ਼ੀ ਦੇ ਬੈਂਗਣਾ ਵਾਂਗ' ਰਿੜ੍ਹਦੇ ਫਿਰਦੇ ਇਨ੍ਹਾਂ ਸਿਆਸੀ ਲੋਕਾਂ ਦੀਆਂ ਮਾਰੀਆਂ ਟਪੂਸੀਆਂ ਨੂੰ 'ਘਰ ਵਾਪਸੀ' ਨਹੀਂ ਸਗੋਂ 'ਥੁੱਕਿਆ ਹੋਇਆ ਚੱਟਿਆ' ਲਿਖਣਾ ਚਾਹੀਦਾ ਐ !!

ਇਹ ਸੀ ਬਹੁਤਾਤ ਪਾਠਕਾਂ ਵਲੋਂ ਪਸੰਦ ਕੀਤਾ ਗਿਆ ਉਹ ਬੈਂਤ-

### ਥਾਲ਼ੀ ਦੇ ਬੈਂਗਣ !

ਕਾਲ਼ੀ ਘਟਾ ਨੂੰ ਦੇਖ ਕੇ 'ਮੋਰ ਬਗਲੇ'
ਏਧਰ ਓਧਰ ਉਡਾਰੀਆਂ ਮਾਰਦੇ ਨੇ।
ਲੀਡਰ ਲੋਕ ਇਉਂ ਚੋਣਾ ਨੂੰ ਦੇਖ ਕੇ ਜੀ
ਫਾਇਦਾ ਕਿੱਧਰੋਂ ਹੋਊ ਇਹ ਤਾੜਦੇ ਨੇ।
ਪਹਿਲਾਂ ਭੰਡਦੇ ਨਿੰਦਦੇ ਰਹਿਣ ਜਿਹਨੂੰ
ਸੋਭਾ ਕਰਦਿਆਂ ਫੇਰ ਸੰਘ ਪਾੜਦੇ ਨੇ।
'ਖੋਤੀ' ਤਾਈਂ ਘੁਮਾਇ ਕੇ ਹੋਰ ਥਾਈਂ
ਉਸੇ 'ਬੋਹੜ' ਦੇ ਹੇਠ ਖਲ੍ਹਿਆਰਦੇ ਨੇ।
ਅੰਦਰਖਾਤੇ ਤਾਂ ਸੌਦਾ ਕੋਈ ਹੋਰ ਕਰਕੇ
ਲੋਕਾਂ ਵਿੱਚ ਆ ਕੁਫਰ 'ਪ੍ਰਚਾਰਦੇ' ਨੇ।
ਕੁਰਸੀ-ਮੋਹ 'ਚ ਬਣਨ ਚੁਫੇਰਗੜ੍ਹੀਏ
ਜੇਕਰ 'ਜਿੱਤਦੇ' ਲੋਕ ਪਰ 'ਹਾਰਦੇ' ਨੇ।
'ਘਰ ਵਾਪਸੀ' ਲਿਖਣ ਅਖ਼ਬਾਰ ਵਾਲ਼ੇ
ਪੱਤਰਕਾਰਾਂ ਨੇ ਸ਼ਬਦ ਇਹ ਰੱਟਿਆ ਏ।
ਪਾ ਕੇ ਲਾਹਣਤਾਂ 'ਥਾਲ਼ੀ ਦੇ ਬੈਂਗਣਾ' ਨੂੰ
ਕਹਿਣਾ ਚਾਹੀਦਾ ਥੁੱਕਿਆ ਚੱਟਿਆ ਏ !




# ਅਮਰੀਕਾ ਨੇ ਭਾਰਤ ਲਈ 4,000 ਕਰੋੜ ਰੁਪਏ ਦੇ ਸਹਾਇਤਾ ਪੈਕੇਜ ਨੂੰ ਦਿੱਤੀ ਮਨਜ਼ੂਰੀ

ਨਵੀਂ ਦਿੱਲੀ: ਅਮਰੀਕਾ ਨੇ ਭਾਰਤ ਦੇ ਅਪਾਚੇ ਹਮਲਾਵਰ ਹੈਲੀਕਾਪਟਰਾਂ ਅਤੇ ਐੱਮ-777 ਅਤਿ-ਹਲਕੀਆਂ ਹੋਵਿਟਜ਼ਰ ਤੋਪਾਂ ਦੀ ਰੱਖ-ਰਖਾਵ ਅਤੇ ਤਕਨੀਕੀ ਸਹਾਇਤਾ ਲਈ 48 ਕਰੋੜ 22 ਲੱਖ ਡਾਲਰ (ਲਗਭਗ 4,000 ਕਰੋੜ ਰੁਪਏ) ਦੇ ਸਹਾਇਤਾ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਦਾ ਉਦੇਸ਼ ਭਾਰਤੀ ਸਸ਼ਸਤ੍ਰ ਬਲਾਂ ਦੀ ਕਾਰਜਕੁਸ਼ਲਤਾ ਅਤੇ ਸੰਚਾਲਨ ਸਮਰੱਥਾ ਨੂੰ ਹੋਰ ਮਜ਼ਬੂਤ ਬਣਾਉਣਾ ਹੈ।

ਅਮਰੀਕੀ ਰੱਖਿਆ ਸੁਰੱਖਿਆ ਸਹਿਯੋਗ ਏਜੰਸੀ, ਜੋ ਵਿਦੇਸ਼ੀ ਫੌਜੀ ਵਿਕਰੀ ਪ੍ਰੋਗਰਾਮ ਦਾ ਸੰਚਾਲਨ ਕਰਦੀ ਹੈ, ਨੇ ਇਸ ਸੰਭਾਵਿਤ ਵਿਕਰੀ ਬਾਰੇ ਅਮਰੀਕੀ ਸੰਸਦ ਨੂੰ ਸੂਚਿਤ ਕਰ ਦਿੱਤਾ ਹੈ। ਏਜੰਸੀ ਅਨੁਸਾਰ ਭਾਰਤ ਆਪਣੇ ਐੱਮ-777 ਅਤਿ-ਹਲਕੀਆਂ ਹੋਵਿਟਜ਼ਰ ਤੋਪਾਂ ਲਈ ਤਕਨੀਕੀ ਰੱਖ-ਰਖਾਵ ਅਤੇ ਹੋਰ ਸੇਵਾਵਾਂ ਪ੍ਰਾਪਤ ਕਰੇਗਾ।

ਇਸ ਪੈਕੇਜ ਵਿੱਚ ਸਹਾਇਕ ਉਪਕਰਨ, ਵਾਧੂ ਪੁਰਜ਼ੇ, ਮੁਰੰਮਤ ਸੇਵਾਵਾਂ, ਤਕਨੀਕੀ ਸਹਾਇਤਾ, ਤਜਰਬੇਕਾਰ ਕਰਮਚਾਰੀਆਂ ਦੀ ਸੇਵਾ, ਸਿਖਲਾਈ ਅਤੇ ਹੋਰ ਪ੍ਰਬੰਧਕੀ ਤੇ ਲੌਜਿਸਟਿਕ ਸਹਾਇਤਾ ਸ਼ਾਮਲ ਹੈ। ਐੱਮ-777 ਤੋਪਾਂ ਲਈ ਸਹਾਇਤਾ ਪੈਕੇਜ ਦੀ ਅਨੁਮਾਨਿਤ ਕੀਮਤ 23 ਕਰੋੜ ਡਾਲਰ ਦੱਸੀ ਗਈ ਹੈ।

**ਅਪਾਚੇ ਹੈਲੀਕਾਪਟਰਾਂ ਲਈ ਵੀ ਰੱਖ-ਰਖਾਵ ਅਤੇ ਤਕਨੀਕੀ ਸਹਾਇਤਾ**

ਇੱਕ ਵੱਖਰੀ ਸੂਚਨਾ ਵਿੱਚ ਅਮਰੀਕੀ ਰੱਖਿਆ ਵਿਭਾਗ ਨੇ ਭਾਰਤ ਵੱਲੋਂ ਆਪਣੇ ਅਪਾਚੇ ਏਐੱਚ-64ਈ ਹਮਲਾਵਰ ਹੈਲੀਕਾਪਟਰਾਂ ਲਈ ਰੱਖ-ਰਖਾਵ ਅਤੇ ਤਕਨੀਕੀ ਸਹਾਇਤਾ ਹਾਸਲ ਕਰਨ ਦੀ ਬੇਨਤੀ ਨੂੰ ਵੀ ਮਨਜ਼ੂਰੀ ਦਿੱਤੀ ਹੈ।

ਇਸ ਪੈਕੇਜ ਵਿੱਚ ਤਕਨੀਕੀ ਸਹਾਇਤਾ ਸੇਵਾਵਾਂ, ਤਕਨੀਕੀ ਪ੍ਰਸ਼ਿਕਸ਼ਣ ਅਤੇ ਹੋਰ ਸੰਬੰਧਿਤ ਸਹੂਲਤਾਂ ਸ਼ਾਮਲ ਹਨ। ਅਪਾਚੇ ਹੈਲੀਕਾਪਟਰਾਂ ਲਈ ਇਸ ਪੈਕੇਜ ਦੀ ਅਨੁਮਾਨਿਤ ਕੀਮਤ 19 ਕਰੋੜ 82 ਲੱਖ ਡਾਲਰ ਹੈ। ਇਸ ਪ੍ਰੋਗਰਾਮ ਦਾ ਮੁੱਖ ਠੇਕੇਦਾਰ ਬੋਇੰਗ ਕੰਪਨੀ ਹੋਵੇਗੀ, ਜਦਕਿ ਐੱਮ-777 ਤੋਪਾਂ ਲਈ ਮੁੱਖ ਠੇਕੇਦਾਰ ਬੀਏਈ ਪ੍ਰਣਾਲੀਆਂ ਕੰਪਨੀ ਰਹੇਗੀ।

**ਭਾਰਤ ਨਾਲ ਰਣਨੀਤਕ ਭਾਈਵਾਲੀ ਹੋਰ ਮਜ਼ਬੂਤ ਕਰੇਗਾ ਅਮਰੀਕਾ**

ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਪ੍ਰਸਤਾਵਿਤ ਵਿਕਰੀ ਉਸ ਦੀ ਵਿਦੇਸ਼ ਨੀਤੀ ਅਤੇ ਕੌਮੀ ਸੁਰੱਖਿਆ ਉਦੇਸ਼ਾਂ ਦੇ ਅਨੁਕੂਲ ਹੈ। ਇਸ ਨਾਲ ਭਾਰਤ ਨਾਲ ਅਮਰੀਕਾ ਦੀ ਰਣਨੀਤਕ ਸਾਂਝ ਹੋਰ ਮਜ਼ਬੂਤ ਹੋਵੇਗੀ। ਰੱਖਿਆ ਵਿਭਾਗ ਨੇ ਕਿਹਾ ਕਿ ਇਹ ਸਹਾਇਤਾ ਭਾਰਤ ਨੂੰ ਮੌਜੂਦਾ ਅਤੇ ਭਵਿੱਖ ਦੀਆਂ ਸੁਰੱਖਿਆ ਚੁਣੌਤੀਆਂ ਨਾਲ ਨਜਿੱਠਣ ਵਿੱਚ ਮਦਦ ਕਰੇਗੀ। ਇਸ ਨਾਲ ਭਾਰਤ ਦੀ ਰੱਖਿਆ ਸਮਰੱਥਾ ਮਜ਼ਬੂਤ ਹੋਵੇਗੀ ਅਤੇ ਖੇਤਰੀ ਸਥਿਰਤਾ ਤੇ ਸੁਰੱਖਿਆ ਨੂੰ ਬਣਾਈ ਰੱਖਣ ਵਿੱਚ ਵੀ ਸਹਾਇਤਾ ਮਿਲੇਗੀ।

# ਪਾਬਲੋ ਪਿਕਾਸੋ ਵਿਚ ਅਜਿਹਾ ਕੀ ਸੀ ?

• ਪ੍ਰੋ. ਕੁਲਬੀਰ ਸਿੰਘ •



ਪਾਬਲੋ ਪਿਕਾਸੋ ਦੇ ਪਿਤਾ ਚਿੱਤਰਕਾਰੀ ਦੇ ਪ੍ਰੋਫੈਸਰ ਸਨ। ਜਦ ਉਨ੍ਹਾਂ ਬਾਲ ਪਿਕਾਸੋ ਦੀ ਕਲਾ-ਪ੍ਰਤਿਭਾ ਵੇਖੀ ਤਾਂ ਆਪਣਾ ਚਿੱਤਰਕਾਰੀ ਦਾ ਸਾਰਾ ਸਮਾਨ ਉਸਨੂੰ ਸੌਂਪ ਦਿੱਤਾ ਅਤੇ ਖੁਦ ਚਿੱਤਰਕਾਰੀ ਕਰਨੀ ਛੱਡ ਦਿੱਤੀ। ਸਾਰਾ ਧਿਆਨ ਪਿਕਾਸੋ ਦੇ ਇਸ ਹੁਨਰ ਨੂੰ ਨਿਖਾਰਨ ਵੱਲ ਲੱਗਾ ਦਿੱਤਾ।

ਚਿੱਤਰਕਾਰੀ ਦੀ ਉੱਚ-ਸਿੱਖਿਆ ਲਈ ਪਿਕਾਸੋ ਨੂੰ ਮੈਡਰਿਡ ਅਕੈਡਮੀ ਵਿਚ ਭੇਜਿਆ। ਪਰੰਤੂ ਉਥੇ ਉਹ ਜਲਦੀ ਹੀ ਅੱਕ ਥੱਕ ਗਿਆ ਅਤੇ ਅਕੈਡਮੀ ਛੱਡ ਕੇ ਆ ਗਿਆ। ਉਹ ਬਚਪਨ ਵਿਚ ਹੀ ਤਰ੍ਹਾਂ-ਤਰ੍ਹਾਂ ਦੇ ਚਿੱਤਰ ਬਣਾ ਕੇ ਆਪਣੇ ਦੋਸਤਾਂ ਨੂੰ ਹੈਰਾਨ ਕਰ ਦਿੰਦਾ ਸੀ। 14-15 ਸਾਲ ਦੀ ਉਮਰ ਵਿਚ ਉਹ ਬਿਹਤਰੀਨ ਚਿੱਤਰ ਬਨਾਉਣ ਲੱਗ ਗਿਆ ਸੀ।

ਪਾਬਲੋ ਪਿਕਾਸੋ 20ਵੀਂ ਸਦੀ ਦਾ ਸਭ ਤੋਂ ਪ੍ਰਸਿੱਧ, ਪ੍ਰਭਾਵਸ਼ਾਲੀ, ਕ੍ਰਾਂਤਕਾਰੀ ਸਪੈਨਿਸ਼ ਚਿੱਤਕਾਰੀ ਸੀ।

ਉਸਦਾ ਜਨਮ ਅਕਤੂਬਰ 1881 ਵਿਚ ਸਲਾਗਾ (ਸਪੇਨ) ਵਿਚ ਹੋਇਆ। ਆਪਣੇ 91 ਸਾਲ ਦੇ ਜੀਵਨ-ਕਾਲ ਵਿਚ ਉਸਨੇ ਵੱਖ- ਵੱਖ ਤਰ੍ਹਾਂ ਦੀਆਂ 150000 ਕਲਾ-ਕਿਰਤਾਂ ਤਿਆਰ ਕੀਤੀਆਂ। ਉਸਦੀ ਮਾਂ ਦੇ ਦੱਸਣ ਮੁਤਾਬਕ ਪਿਕਾਸੋ ਨੇ, ਜਿਹੜਾ ਪਹਿਲਾ ਸ਼ਬਦ ਸਿੱਖਿਆ ਉਹ 'ਪਿਜ਼ ਪਿਜ਼', ਸੀ। ਜਿਹੜਾ ਸਪੈਨਿਸ਼ ਭਾਸ਼ਾ ਦੇ ਸ਼ਬਦ 'ਲੈਪਿਜ' (ਪੈਂਸਲ) ਦਾ ਸੰਖੇਪ ਰੂਪ ਹੈ।

ਉਹ ਜਨਮ ਸਮੇਂ ਐਨਾ ਕਮਜ਼ੋਰ ਸੀ ਕਿ ਪਹਿਲੀ ਨਜ਼ਰੇ ਸਮਝਿਆ ਗਿਆ ਕਿ ਉਹ ਮ੍ਰਿਤਕ ਪੈਦਾ ਹੋਇਆ ਹੈ। ਉਸਦੇ ਚਾਚੇ ਨੇ ਉਸਦੇ ਮੂੰਹ ਪੈਦਾ ਹੋਇਆ ਹੈ। ਉਸਦੇ ਚਾਚੇ ਨੇ ਉਸਦੇ ਮੂੰਹ 'ਤੇ ਸਿਗਰਟ ਦਾ ਧੂੰਆਂ ਉਡਾਇਆ, ਉਸ ਤੋਂ ਬਾਅਦ ਉਸਨੇ ਸਾਹ ਲਿਆ।

ਸਾਲ 1900 ਵਿਚ ਉਹ ਕੁਝ ਦੇਰ ਲਈ ਪੈਰਿਸ ਗਿਆ। ਪੈਰਿਸ ਉਦੋਂ ਕਲਾ ਦਾ ਵੱਡਾ ਕੇਂਦਰ ਸੀ। ਉਥੇ ਉਹ ਹੋਰਨਾਂ ਕਲਾਕਾਰਾਂ ਦੇ ਸੰਪਰਕ ਵਿਚ ਆਇਆ ਉਨ੍ਹਾਂ ਤੋਂ ਬਹੁਤ ਪ੍ਰਭਾਵਤ ਹੋਇਆ।

ਸਪੇਨ ਵਾਪਿਸ ਆ ਕੇ ਇਕਾਗਰ-ਮਨ ਨਾਲ ਚਿਤਰਕਾਰੀ ਕੀਤੀ। ਇਨ੍ਹਾਂ ਚਿਤਰਾਂ ਵਿਚ ਉਸਨੇ ਵਿਸ਼ੇਸ਼ ਤੌਰ 'ਤੇ ਪੀੜਤ ਲੋਕਾਂ ਦੀ ਪੀੜ ਨੂੰ ਚਿਤਰਿਆ।

ਉਹ ਬਹੁਪੱਖੀ ਪ੍ਰਤਿਭਾ ਦਾ ਮਾਲਕ ਸੀ। ਚਿਤਰਕਲਾ ਤੋਂ ਇਲਾਵਾ ਉਹ ਇਕ ਬਿਹਤਰੀਨ ਕਵੀ, ਮੂਰਤੀਕਾਰ, ਪ੍ਰਿੰਟਮੇਕਰ ਅਤੇ ਸਿਰੇਕਿਮ ਕਲਾਕਾਰ ਸੀ।

ਉਸਦੀ ਸਮੁੱਚੀ ਕਲਾ ਨੂੰ ਵੱਖ-ਵੱਖ ਕਾਲਾਂ ਵਿਚ ਵੰਡ ਕੇ ਵੇਖਿਆ ਸਮਝਿਆ ਜਾਂਦਾ ਹੈ। ਬਲੂ ਪੀਰੀਅਡ ਦੌਰਾਨ ਉਸਦੀਆਂ ਕਲਾ-ਕਿਰਤਾਂ ਵਿਚ ਗਰੀਬੀ ਅਤੇ ਦੁੱਖ ਦਾ ਗਹਿਰਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਜਿਹੜੀਆਂ ਇਕ ਕਰੀਬੀ ਦੋਸਤ ਦੀ ਮੌਤ ਤੋਂ ਪ੍ਰਭਾਵਤ ਸਨ। ਦੂਸਰਾ ਦੌਰ ਰੋਜ਼ ਪੀਰੀਅਡ ਅਤੇ ਤੀਸਰਾ ਅਫ਼ਰੀਕਨ ਪੀਰੀਅਡ ਮੰਨਿਆ ਜਾਂਦਾ ਹੈ।

ਚੌਥਾ ਦੌਰ ਘਣਵਾਦ (cubism) ਦਾ



ਸੀ। ਇਸ ਤਹਿਤ ਉਸਨੇ ਸਿੱਧੇ ਅਤੇ ਤਿੱਖੇ ਆਕਾਰਾਂ (Geometric Shapes) ਦਾ ਇਸਤੇਮਾਲ ਕਰਕੇ ਕਲਾ ਖੇਤਰ ਵਿਚ ਕ੍ਰਾਂਤੀ ਲਿਆ ਦਿੱਤੀ।

ਕਿਊਬਿਜ਼ਮ ਪੈਰਿਸ ਤੋਂ ਆਰੰਭ ਹੋਈ ਕਲਾ ਦੀ ਇਕ ਪ੍ਰਸਿੱਧ ਸ਼ੈਲੀ ਸੀ ਜਿਸ ਤਹਿਤ ਅਸਲ ਵਸਤੂ ਨੂੰ ਜਿਓਮੈਟ੍ਰਿਕ ਆਕਾਰਾਂ (ਵਰਗ, ਤਿਕੋਣ, ਘਣ) ਵਿਚ ਤੋੜ ਕੇ ਵੱਖ-ਵੱਖ ਕੋਨਾਂ ਤੋਂ ਇਕੋ ਸਮੇਂ ਕੈਨਵਸ 'ਤੇ ਪੇਸ਼ ਕੀਤਾ ਜਾਂਦਾ ਹੈ।

ਪਿਕਾਸੋ ਅਤੇ ਜੌਰਜਸ ਬ੍ਰੇਕ ਇਸ ਕਲਾ-ਸ਼ੈਲੀ ਦੇ ਮੋਢੀ ਸਨ। ਇਸਦਾ ਉਦੇਸ਼ ਰਵਾਇਤੀ ਕਲਾ-ਨਿਯਮਾਂ ਨੂੰ ਤੋੜਨਾ ਅਤੇ ਕਲਾਕਾਰਾਂ ਨੂੰ, ਚੀਜ਼ਾਂ ਨੂੰ ਵੱਖਰੇ/ਨਵੇਂ ਨਜ਼ਰੀਏ ਤੋਂ ਪੇਸ਼ ਕਰਨ ਦੀ ਆਜ਼ਾਦੀ ਦੇਣਾ ਸੀ।

ਨਾਜ਼ੀ ਸੈਨਾ ਦੇ ਹਮਲੇ ਦੇ ਵਿਰੁੱਧ ਬਣਾਈ ਪੇਂਟਿੰਗ 'ਗੁਇਰਨਿਕਾ-1937' ਜਿਸ ਵਿਚ ਯੁੱਧ ਦੀ ਭਿਆਨਕਤਾ ਅਤੇ ਪੀੜ ਨੂੰ ਦਰਸਾਇਆ ਗਿਆ ਸੀ ਉਸਦੀਆਂ ਵਿਸ਼ਵ ਪ੍ਰਸਿੱਧ ਕਲਾ-ਕਿਰਤਾਂ ਵਿਚੋਂ ਇਕ ਹੈ।

ਅਲਜੀਰੀਆ ਦੀਆਂ ਔਰਤਾਂ (ਲ਼ਦਸ ਫਇਮਮਇਸ ਦ'ਅਲਗਇਰ) ਉਸਦੀ ਸੱਭ ਤੋਂ ਮਹਿੰਗੀ ਵਿਕਣ ਵਾਲੀ ਪੇਂਟਿੰਗ ਸੀ। ਇਹ 2015 ਵਿਚ ਨਿਲਾਮ ਹੋਈ ਸੀ। ਇਹ ਉਸ ਸਮੇਂ 179.4 ਮਿਲੀਅਨ ਡਾਲਰ ਦੀ ਵਿਕੀ ਸੀ। ਭਾਰਤੀ ਕਰੰਸੀ ਵਿਚ ਇਹ ਕੀਮਤ 1500 ਕਰੋੜ ਰੁਪਏ ਬਣਦੀ ਹੈ।

ਸ਼ੁਰੂਆਤੀ ਦੌਰ ਵਿਚ ਪਾਬਲੋ ਪਿਕਾਸੋ ਨੂੰ ਕਾਫ਼ੀ ਸੰਘਰਸ਼ ਕਰਨਾ ਪਿਆ। ਕਈ ਵਾਰ ਅਤਿ ਦੀ ਠੰਢ ਤੋਂ ਬਚਣ ਲਈ ਉਸਨੂੰ ਆਪਣੀਆਂ ਹੀ ਪੇਂਟਿੰਗਾਂ-ਅੱਗ ਵਿਚ ਜਲਾਉਣੀਆਂ ਪੈਂਦੀਆਂ ਸਨ।

1911 ਵਿਚ ਜਦ ਲਿਓਨਾਰਡੋ ਦਾ ਵਿੰਚੀ ਦੀ ਪੇਂਟਿੰਗ 'ਮੋਨਾਲਿਜ਼ਾ' ਚੋਰੀ ਹੋ ਗਈ ਸੀ ਤਾਂ ਪਿਕਾਸੋ ਕੋਲੋਂ ਵੀ ਪੁੱਛਗਿੱਛ ਕੀਤੀ ਗਈ ਸੀ।

ਉਹ ਆਪਣੀ ਤੀਖਣ-ਬੁੱਧੀ ਲਈ ਪ੍ਰਸਿੱਧ ਸੀ। ਉਸਨੂੰ ਇਕ ਵਿਲੱਖਣ ਪ੍ਰਤਿਭਾ ਮੰਨਿਆ ਜਾਂਦਾ ਹੈ ਕਿਉਂਕਿ ਉਸਨੇ ਆਧੁਨਿਕ ਕਲਾ ਵਿਚ ਕ੍ਰਾਂਤੀ ਲੈ ਆਂਦੀ। ਕਲਾ-ਸ਼ੈਲੀਆਂ ਨੂੰ ਬਦਲਣ ਦੀ ਉਸਦੀ ਸਮਝ-ਸਮਰੱਥਾ ਅਤੇ ਨਿਰੰਤਰ ਨਵੀਨਤਾ ਉਸਨੂੰ ਜੀਨੀਅਸ ਬਣਾਉਂਦੀ ਹੈ।

'ਪਾਬਲੋ ਡਿਏਗੋ ਜੋਸੇ ਫਰਾਂਸਿਸਕੋ ਡੀ ਪਾਓਲਾ ਜੁਆਨ ਨੈਪੋਮੁਸੇਨੋ ਮਾਰੀਆ ਡੀ ਲੋਸ ਰੇਮੇਡੀਓਸ ਸਿਪ੍ਰਿਆਨੋ ਡੀ ਲਾ ਸਾਂਤੀਸੀਮਾ ਤ੍ਰਿਨੀਦਾਦ ਰੁਈਜ਼ ਈ ਪਿਕਾਸੋ' ਇਹ ਉਸਦਾ ਪੂਰਾ ਨਾਂ ਹੈ ਜਿਸ ਵਿਚ 20 ਸ਼ਬਦ ਅਤੇ 57 ਅੱਖਰ ਹਨ। ਇਸ ਵਿਚ ਮਾਤਾ ਪਿਤਾ ਤੋਂ ਇਲਾਵਾ ਰਿਸ਼ਤੇਦਾਰਾਂ ਦੇ ਨਾਂ ਵੀ ਜੁੜੇ ਹੋਏ ਹਨ।

1932 ਵਿਚ ਉਸਨੇ ਪੈਰਿਸ ਵਿਖੇ ਪਹਿਲੀ ਪ੍ਰਦਰਸ਼ਨੀ ਲਗਾਈ। ਪ੍ਰਦਰਸ਼ਨੀ ਵਿਚ ਉਸਦੀ ਪਤਨੀ ਅਤੇ ਪੁੱਤਰ ਦੇ ਚਿੱਤਰ ਵੀ ਸ਼ਾਮਲ ਸਨ। ਇਸ ਤੋਂ ਬਾਅਦ ਉਸਨੇ ਜਿਊਰਿਖ ਵਿਚ ਪ੍ਰਦਰਸ਼ਨੀ ਲਗਾਈ। ਪੈਰਿਸ ਵਿਚ ਉਸਦੀ ਕੋਈ ਵੀ ਪੇਂਟਿੰਗ ਨਾ ਵਿਕੀ ਅਤੇ ਜਿਊਰਿਖ ਵਿਚ ਕੇਵਲ ਇਕ ਕਲਾ ਕਿਰਤ ਦੀ ਵਿਕਰੀ ਹੋਈ।

ਉਹ ਪੜ੍ਹਾਈ ਵਿਚ ਬਹੁਤ ਖਰਾਬ ਵਿਦਿਆਰਥੀ ਸੀ। ਇਕ ਵਾਰ ਪੜ੍ਹਾਈ ਵਿਚ ਮਾੜੇ ਪ੍ਰਦਰਸ਼ਨ ਕਾਰਨ ਉਸਨੂੰ ਕੈਲਾਬੂਸ (ਇਕ ਖਾਲੀ ਕਮਰਾ ਜਿਸਦੀਆਂ ਕੰਧਾਂ ਸਫੈਦ ਸਨ ਅਤੇ ਬੈਠਣ ਲਈ ਇਕ ਬੈਂਚ ਸੀ) ਭੇਜ ਦਿੱਤਾ ਗਿਆ। ਉਸਨੂੰ ਉਥੇ ਜਾ ਕੇ ਬਹੁਤ ਚੰਗਾ ਲੱਗਦਾ ਸੀ ਕਿਉਂਕਿ ਉਹ ਆਪਣੇ ਨਾਲ ਇਕ ਸਕੈੱਚ ਪੈਡ ਲੈ ਜਾਂਦਾ ਸੀ ਅਤੇ ਲਗਾਤਾਰ ਚਿਤਰ ਬਣਾਉਂਦਾ ਰਹਿੰਦਾ ਸੀ।

ਪਿਕਾਸੋ ਨੇ ਪਹਿਲੀ ਨੌਕਰੀ ਵਜੋਂ ਪੈਰਿਸ ਵਿਚ ਇਕ ਕਲਾ-ਡੀਲਰ ਨਾਲ ਕੰਮ ਸ਼ੁਰੂ ਕੀਤਾ। ਉਹ ਉਸਨੂੰ 150 ਫਰੈਂਕ ਪ੍ਰਤੀ ਮਹੀਨੇ ਦਿੰਦਾ ਸੀ।

ਉਸਦਾ ਫੈਸ਼ਨ ਜਗਤ ਵਿਚ ਵੀ ਵਾਹਵਾ ਪ੍ਰਭਾਵ ਸੀ। ਉਸਦੀ ਧਾਰੀਦਾਰ ਕਮੀਜ਼ ਵੇਖ ਕੇ, ਧਾਰੀਦਾਰ ਕਮੀਜ਼ਾਂ ਦਾ ਫੈਸ਼ਨ ਚੱਲ ਪਿਆ ਸੀ।

ਪਿਕਾਸੋ ਪਹਿਲਾ ਅਜਿਹਾ ਕਲਾਕਾਰ ਸੀ ਜਿਸਨੂੰ ਉਸਦੇ 90ਵੇਂ ਜਨਮ ਦਿਨ ਮੌਕੇ ਪੈਰਿਸ ਦਾ ਗ੍ਰੈਂਡ ਗੈਲਰੀ ਵਿਚ ਇਕ ਵਿਸ਼ੇਸ਼ ਸਨਮਾਨ ਪ੍ਰਦਰਸ਼ਨੀ ਪ੍ਰਾਪਤ ਹੋਈ ਸੀ। ਉਹ ਆਪਣੇ ਜੀਵਨ ਵਿਚ ਇਕ ਸੈਲੇਬ੍ਰਿਟੀ ਬਣ ਗਿਆ ਸੀ। ਉਸਦੇ ਅਲੋਚਕ ਉਸਨੂੰ ਭਵਿੱਖ ਦਾ ਨਹੀਂ ਬਲਕਿ ਅਤੀਤ ਦਾ ਕਲਾਕਾਰ ਕਿਹਾ ਕਰਦੇ ਸਨ। ਉਹ ਫਟਾਫਟ ਚਿਤਰਕਾਰੀ ਕਰਨ ਵਾਲਾ ਕਲਾਕਾਰ ਸੀ। 92 ਸਾਲ ਦੀ ਉਮਰ ਵਿਚੋਂ 80 ਸਾਲ ਉਸਨੇ ਕਲਾਤਮਕ ਕੰਮਾਂ ਨੂੰ ਸਮਰਪਿਤ ਕਰ ਦਿੱਤੇ। ਭਾਵੇਂ ਉਸਦੀ ਆਪਣੀ ਵਿਸ਼ੇਸ਼ ਕਲਾ- ਸ਼ੈਲੀ ਸੀ ਪਰ ਉਸਦੀ ਕੋਸ਼ਿਸ਼ ਰਹੀ ਕਿ ਉਹ ਸ਼ੈਲੀਗਤ ਸੀਮਾਵਾਂ ਵਿਚ ਨਾ ਬੱਝੇ। ਇਸ ਲਈ ਉਹ ਅਖੀਰ ਤੱਕ ਨਵੇਂ ਨਵੇਂ ਤਜ਼ਰਬੇ ਕਰਦਾ ਰਿਹਾ। ਉਸਦੀਆਂ ਕਲਾ-ਕਿਰਤਾਂ ਦਾ ਵਿਸ਼ਾਲ ਸੰਗ੍ਰਹਿ ਅੱਜ ਵੀ ਮੌਜੂਦ ਹੈ।

ਉਸਦੀਆਂ ਕਲਾ-ਕਿਰਤਾਂ ਮਨੁੱਖੀ ਵੇਦਨਾ ਦਾ ਜੀਵਤ ਦਸਤਾਵੇਜ਼ ਹਨ। ਉਹ ਜੀਵਨ-ਭਰ ਕਲਾ ਦਾ ਮਹਾਨ ਵਿਦਿਆਰਥੀ ਰਿਹਾ ਅਤੇ ਵੱਖ-ਵੱਖ ਸਭਿਆਚਾਰਾਂ ਤੇ ਵਿਚਾਰਾਂ ਨੂੰ ਉਸਨੇ ਖੁਲ੍ਹੇ ਮਨ ਨਾਲ ਅਪਨਾਇਆ। ਪਰ ਉਹ ਅੱਤਿਆਚਾਰ ਦੇ ਸਖਤ ਵਿਰੁੱਧ ਸੀ।

ਉਹ ਕਵਿਤਾ ਵੀ ਲਿਖਦਾ ਸੀ। ਨਾਟਕਾਂ ਲਈ ਸੈੱਟ ਡਿਜ਼ਾਈਨ ਵੀ ਕਰਦਾ ਸੀ ਅਤੇ ਫ਼ਿਲਮਾਂ ਵਿਚ ਵੀ ਕੰਮ ਕਰਦਾ ਰਿਹਾ।

ਉਹ ਜਾਨਵਰਾਂ ਅਤੇ ਪੰਛੀਆਂ ਨੂੰ ਬਹੁਤ ਪਿਆਰ ਕਰਦਾ ਸੀ। ਉਹ ਕਲਾਕਾਰ ਪਾਲ ਸੇਜ਼ੇਨ ਨੂੰ ਆਪਣਾ ਉਸਤਾਦ ਮੰਨਦਾ ਸੀ। ਪਿਕਾਸੋ ਨੂੰ ਮੌਤ ਉਪਰੰਤ ਫਰਾਂਸ ਦੇ ਦੱਖਣ ਵਿਚ ਸਥਿਤ ਇਕ ਪਿੰਡ ਦੇ ਮਹੱਲ ਦੇ ਵਿਹੜੇ ਵਿਚ ਦਫ਼ਨਾਇਆ ਗਿਆ, ਜਿਸਨੂੰ ਉਸਨੇ 1958 ਵਿਚ ਅਚਾਨਕ ਹੀ ਖਰੀਦ ਲਿਆ ਸੀ।

ਇਹ ਜਾਇਦਾਦ ਉਸਨੇ ਉਦੋਂ ਖਰੀਦੀ ਜਦ ਉਸਨੂੰ ਪਤਾ ਚੱਲਿਆ ਕਿ ਇਹ ਮੌਂਟ ਸੇਂਟ-ਵਿਕਟੋਅਰ ਦੀਆਂ ਢਲਾਣਾਂ 'ਤੇ ਸਥਿਤ ਹੈ ਜਿਨ੍ਹਾਂ ਨੂੰ ਕਲਾਕਾਰ ਪਾਲ ਸੇਜ਼ੇਨ ਨੇ 30 ਤੋਂ ਵੱਧ ਵਾਰ ਆਪਣੀਆਂ ਕਲਾ-ਕਿਰਤਾਂ ਵਿਚ ਚਿਤਰਿਆ ਹੈ।

ਉਹ ਆਪਣੀ ਉਮਰ ਨਾਲੋਂ ਕਿਤੇ ਵੱਧ ਬੁੱਧੀਮਾਨ ਸੀ। ਉਸਦੀ ਕਲਾ-ਕੌਸ਼ਲਤਾ ਵੇਖ ਕੇ ਉਸਦੇ ਪਿਤਾ ਵੀ ਦੰਗ ਰਹਿ ਗਏ ਸਨ।

ਪਾਬਲੋ ਪਿਕਾਸੋ ਤੋਂ ਬਿਨ੍ਹਾਂ ਆਧੁਨਿਕ ਆਰਟ ਮੁਕੰਮਲ ਨਹੀਂ ਮੰਨਿਆ ਜਾਂਦਾ। ਉਸਨੇ ਜ਼ਿੰਦਗੀ ਦੇ ਵਧੇਰੇ ਵਿਸ਼ੇ ਆਪਣੀ ਚਿਤਰਕਾਰੀ ਰਾਹੀਂ ਪੇਸ਼ ਕੀਤੇ।

ਨਵ-ਕਲਾਸਕੀਵਾਦ ਸ਼ੈਲੀ ਵਿਚ ਉਸਨੇ ਵਿਸ਼ਵ-ਪ੍ਰਸਿੱਧ ਰਚਨਾ 'ਗੁਰਨੀਕਾ' ਦੀ ਸਿਰਜਣਾ ਕੀਤੀ। ਇਹ ਤਹਿਤ ਜੰਗ ਦੌਰਾਨ ਪੈਦਾ ਹੋਈ ਉਦਾਸੀ ਅਤੇ ਨਿਰਾਸ਼ਾ ਨੂੰ ਉਤਾਰਿਆ ਗਿਆ ਸੀ। ਉਸਨੇ 1967 ਵਿਚ ਇਕ 50 ਫੁੱਟ ਉੱਚੀ ਮੂਰਤੀ ਬਣਾਈ ਜਿਸ ਵਿਚ ਅਨੇਕਾਂ ਵਿਸ਼ੇ ਸਮੋਏ ਹੋਏ ਸਨ। ਪਿਕਾਸੋ ਨੂੰ ਇਸ ਮੂਰਤੀ ਦਾ ਇਕ ਲੱਖ ਡਾਲਰ ਮਿਲ ਰਿਹਾ ਸੀ ਪਰ ਉਸਨੇ ਇਨਕਾਰ ਕਰ ਦਿੱਤਾ ਅਤੇ ਇਹ ਕਲਾਕ੍ਰਿਤੀ ਸ਼ਿਕਾਗੋ ਵਾਸੀਆਂ ਨੂੰ ਸਮਰਪਿਤ ਕਰ ਦਿੱਤੀ।

ਪਾਬਲੋ ਪਿਕਾਸੋ ਦੀਆਂ ਬਹੁਤ ਸਾਰੀਆਂ ਚੁਣੀਂਦਾ ਅਤੇ ਵਿਸ਼ਵ-ਪ੍ਰਸਿੱਧ ਕਲਾ-ਕਿਰਤਾਂ ਰੀਏਨੇ ਸੋਫ਼ੀਆ ਰਾਸ਼ਟਰੀ ਕਲਾ ਕੇਂਦਰ ਅਜਾਇਬ ਘਰ ਮੈਡਰਿਡ (ਸਪੇਨ) ਵਿਖੇ ਮੌਜੂਦ ਹਨ। ਇਹ ਅਜਾਇਬ ਘਰ ਵਿਸ਼ੇਸ਼ ਤੌਰ 'ਤੇ ਸਪੇਨੀ ਕਲਾ ਨੂੰ ਸਮਰਪਿਤ ਹੈ। ਇਸ ਅਜਾਇਬ ਘਰ ਦੀ ਸੱਭ ਤੋਂ ਪ੍ਰਸਿੱਧ ਕਲਾ-ਕਿਰਤ ਪਾਬਲੋ ਪਿਕਾਸੋ ਦੀ 'ਗੁਏਰਨਿਕਾ' ਹੈ।

ਇਹ ਦੁਨੀਆਂ ਦਾ ਸੱਭ ਤੋਂ ਚਰਚਿਤ ਅਤੇ ਅਰਥ-ਭਰਪੂਰ ਜੰਗ-ਵਿਰੋਧੀ ਚਿੱਤਰ ਹੈ।

# • ਪੰਜਾਬੀ ਫ਼ਿਲਮ ਦਰਪਣ •

## ਸ਼ੰਮੀ ਖਾਨ ਆਖੇ ਕਿਰਨ ਦੀ ਮਿੱਠੀ ਆਵਾਜ਼ ਤੇ ਗੋਰਾ ਰੰਗ




ਅਵਰੀਨ ਫ਼ਿਲਮਜ਼ ਨੇ ਆਡੀਓ ਵੀਡੀਓ ਖੇਤਰ ਵਿੱਚ ਆਪਣੀ ਪਹਿਚਾਣ ਹੋਰ ਪਕੇਰੀ ਕਰਨ ਲਈ ਗਾਇਕ ਜੋੜੀ ਸ਼ੰਮੀ ਖਾਨ ਤੇ ਕਿਰਨ ਰੰਧਾਵਾ ਦਾ ਨਵਾਂ ਦੋਗਾਣਾ ਲੋਕ ਸਨਮੁੱਖ ਕੀਤਾ ਹੈ ਜਿਸ ਦਾ ਟਾਈਟਲ "ਗੋਰਾ ਰੰਗ" ਹੈ। ਇਹ "ਗੋਰਾ ਰੰਗ" ਮਿਹਰਬਾਨੀ ਰੱਬ ਸੋਹਣੇ ਦੀ ਤੇ ਪੇਸ਼ਕਾਰ ਕਾਲਾ ਸਹੋਤਾ ਯੂ ਕੇ ਹਨ। ਇਹ ਦੋਗਾਣਾ ਮਸ਼ਹੂਰ ਗੀਤ ਲੇਖਕ ਬੱਲ ਬੁਤਾਲੇ ਵਾਲਾ ਦੀ ਕਲਮ ਤੋਂ ਸਿਰਜਿਆ ਗਿਆ ਖੂਬਸੂਰਤ ਦੋਗਾਣਾ ਹੈ ਤੇ ਬੋਲਾਂ ਨਾਲ ਨਿਆਂ ਸ਼ੰਮੀ ਖਾਨ ਤੇ ਕਿਰਨ ਰੰਧਾਵਾ ਦੀਆਂ ਆਵਾਜ਼ਾਂ ਨੇ ਕੀਤਾ ਹੈ। ਇਸ ਵੀਡੀਓ ਦੋਗਾਣੇ ਦਾ ਮਿਊਜ਼ਿਕ ਜੀ ਵਾਰਿਸ ਨੇ ਦਿੱਤਾ ਹੈ ਤੇ ਓਸ ਦੇ ਮਿਊਜ਼ਿਕ ਵਿੱਚ ਸ਼ੰਮੀ ਖਾਨ ਨੇ ਪਹਿਲੀ ਵਾਰ ਗਾਇਆ ਹੈ ਤੇ ਕਿਰਨ ਰੰਧਾਵਾ ਅਨੁਸਾਰ ਬੱਲ ਬੁਤਾਲੇ ਵਾਲਾ ਭਾਜੀ ਦਾ ਗੀਤ ਗਾ ਕਿ ਓਹ ਅਤਿਅੰਤ ਖੁਸ਼ ਹਨ। ਓਡਿਓਂਨ ਗ੍ਰਾਫਿਕਸ ਦੇ ਡਿਜ਼ਾਈਨ ਨਾਲ ਪੋਸਟਰ ਚਮਕ ਰਹੇ ਨੇ ਤੇ ਗੁਰੂ ਮਾਨ ਤੇ ਲਕਸ਼ਿਤਾ ਦੀ ਮਾਡਲਿੰਗ ਨਾਲ ਵੀਡੀਓ ਨਿਰਦੇਸ਼ਕ ਅਮਰਪਾਲ ਨੇ "ਗੋਰਾ ਰੰਗ" ਹੋਰ ਨਿਖ਼ਾਰ ਦਿੱਤਾ ਹੈ। ਕਾਲਾ ਸਹੋਤਾ ਯੂ ਕੇ ਦਾ ਕਹਿਣਾ ਹੈ ਕਿ ਸ਼ੰਮੀ ਖਾਨ ਤੇ ਕਿਰਨ ਰੰਧਾਵਾ ਨਾਲ ਕੰਮ ਕਰ ਕਿ ਓਹਨਾਂ ਨੂੰ ਅਤਿਅੰਤ ਖੁਸ਼ੀ ਹੈ।

## ਇੱਕ ਦਿਨ ਇੰਜ ਸਾਊਥ ਦੀ ਫ਼ਿਲਮ ਕਰੂੰ ਦਲੇਰ ਮਹਿਤਾ



ਦਲੇਰ ਮਹਿਤਾ ਆਪਣੇ ਨਾਮ ਦੀ ਤਰਾਂ ਦਲੇਰ ਇਨਸਾਨ ਵੀ ਹੈ ਤੇ ਹਰ ਤਰਾਂ ਦਾ ਕਿਰਦਾਰ ਕਰਨ ਲਈ ਵੀ ਪੂਰਾ ਦਲੇਰ ਹੈ।ਦਲੇਰ ਮਹਿਤਾ ਨੇ ਦੂਰਦਰਸ਼ਨ ਜਲੰਧਰ ਤੇ ਕੰਮ ਕੀਤਾ ਤਾਂ ਪੂਰੀ ਦਲੇਰੀ ਵਰਤ ਉਸਤਾਦ ਸੁਖਬੀਰ ਬਾਠ ਨੇ ਕਿਹਾ। ਫ਼ਿਰ ਖੁਦ ਟੈਲੀ ਫਿਲਮ "ਨਾਮ ਤੇਰੇ ਕੀ ਜੋਤ ਲਗਾਈ" ਬਣਾਈ ਓਹ ਵੀ ਦਲੇਰੀ ਨਾਲ ਜ਼ਾਰੀ ਕੀਤੀ।ਦਲੇਰ ਮਹਿਤਾ ਨੇ ਮਿੰਨੀ ਫਿਲਮ ਨਗਰ ਚੰਡੀਗੜ੍ਹ ਰਹਿ ਕਿ ਦਲੇਰ ਬਣ ਸੰਘਰਸ਼ ਕੀਤਾ ਤੇ ਇਕਬਾਲ ਢਿੱਲੋਂ, ਤਾਜ ਤੇ ਰਾਹੀਂ ਹੰਸ ਜੈਸੇ ਡਾਇਰੈਕਟਰ ਲੋਕਾਂ ਨਾਲ ਫ਼ਿਲਮਾਂ ਕੀਤੀਆਂ। "ਤਬਾਹੀ ਰਿਲੋਡਡ" ਦੇ ਪੋਸਟਰਾਂ ਤੇ ਓਸ ਦੀਆਂ ਤਸਵੀਰਾਂ ਦੇਖ ਅੰਦਾਜ਼ਾ ਲਾਓ ਕਿ ਮੇਨ ਐਕਟਰ ਦੀ ਫੋਟੋ ਹੀ ਪੋਸਟਰ ਤੇ ਆਵੰਦੀ ਹੈ। ਦਲੇਰ ਮਹਿਤਾ ਅੱਜ ਕਲ ਹਿੰਦੀ ਮੂਵੀ ਕਰ ਰਹੇ ਨੇ ਤੇ ਨਾਲ ਹੀ ਓਹਨਾਂ ਨੇ ਇੱਕ ਹਰਿਆਣਵੀ ਫਿਲਮ ਵੀ ਕੀਤੀ ਹੈ। ਦਲੇਰ ਆਖਦੇ ਨੇ ਕਿ ਓਹ ਸਾਊਥ ਇੰਡਸਟਰੀ ਲਈ ਕੰਮ ਕਰਨ ਵਾਸਤੇ ਬੇਤਾਬ ਹਨ ਤੇ ਚਾਹੁੰਦੇ ਨੇ ਕਿ ਓਹ ਅਲੂ ਅਰਜਨ, ਨਾਗਾਅਰਜਨ, ਰਕੁਲਪ੍ਰੀਤ ਤੇ ਨਯਨਤਾਰਾ ਦੇ ਨਾਲ ਰਸ਼ਮਿਕਾ ਮਨਦਾਨਾ ਨਾਲ ਸਾਊਥ ਦੀਆਂ ਫਿਲਮਾਂ ਕਰਨ। ਦਲੇਰ ਮਹਿਤਾ ਦੀਆਂ ਤਾਜ਼ਾ ਗਤੀਵਿਧੀਆਂ ਇਸ਼ਾਰਾ ਹਨ ਕਿ ਜਲਦੀ ਹੀ ਓਹ ਸਾਊਥ ਦੀਆਂ ਫਿਲਮਾਂ ਕਰਦੇ ਨਜ਼ਰ ਆਉਣਗੇ।

## ਦਿਲ ਵਿੱਚ ਰਹਿੰਦੇ ਸਦਾ ਸਿੱਧੂ ਬਾਈ ਬਲਕਾਰ ਅਣਖੀਲਾ/ਗੁਲਸ਼ਨ



ਸਿੱਧੂ ਮੂਸੇਵਾਲਾ ਜਦ ਤੱਕ ਦੁਨੀਆਂ ਓਸ ਦਾ ਨਾਮ ਰਹੇਗਾ। ਵਕਤ ਘੱਟ ਸੀ ਓਸ ਕੋਲ ਪਰ ਪ੍ਰਸਿੱਧੀ ਰੱਬ ਐਨੀ ਦਿੱਤੀ ਕਿ ਸ਼ਾਇਦ ਓਸ ਤੋਂ ਆਪ ਹੀ ਨਾ ਜ਼ਰੀ ਗਈ ਤੇ ਆਪਣੇ ਕੋਲ ਬੁਲਾ ਲਿਆ। ਜਜ਼ਬਾਤੀ ਹੁੰਦੇ ਨੇ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਜਿਹਨਾਂ ਨਾਲ ਕੋਈ ਪਿਛਲੇ ਜਨਮ ਦਾ ਨਾਤਾ ਸੀ ਕਿ ਪਰਿਵਾਰਕ ਸੰਬੰਧ ਬਣੇ। ਸਿੱਧੂ ਬਾਈ ਨਾਲ ਗੁਜ਼ਾਰੇ ਦਿਨ ਓਸ ਦੇ ਖੇਤਾਂ ਵਿੱਚ ਟਰੈਕਟਰ ਤੇ ਪੈਲੀ ਵਾਹੁਣੀ ਬਲਕਾਰ ਅਣਖੀਲਾ ਨੂੰ ਅਜੇ ਤੱਕ ਯਕੀਨ ਨਹੀਂ ਹੁੰਦਾ ਕਿ ਸਿੱਧੂ ਮੂਸੇ ਵਾਲਾ ਹੁਣ ਨਹੀਂ ਹਨ। ਮਨਜਿੰਦਰ ਗੁਲਸ਼ਨ ਨੂੰ ਸਿੱਧੂ ਵੀਰਾਂ ਜਿਹਾ ਓਸ ਦੇ ਘਰੇ ਜਾਣਾ,ਗੀਤਾਂ ਤੇ ਚਰਚਾ ਤੇ ਅੱਜ ਹਰ ਆਪਣੀ ਸਟੇਜ ਤੇ ਮਨਜਿੰਦਰ ਗੁਲਸ਼ਨ ਗੀਤ ਸਿੱਧੂ ਦਾ "ਡਾਲਰਾਂ ਵਾਂਗੂੰ" ਗਾਉਂਦੀ ਏ ਤਾਂ ਜਜ਼ਬਾਤ ਨੇਰ੍ਹੀ ਬਣ ਉੱਡ ਉੱਡ ਸਿੱਧੂ ਦੀਆਂ ਯਾਦਾਂ ਦੇ ਵਾ ਵਰੋਲੇ ਬਨ੍ਹਦੇ ਹਨ। ਸਿੱਧੂ ਮੂਸੇਵਾਲਾ ਸਾਡੇ ਪਰਿਵਾਰ ਦਾ ਅੰਗ ਸੀ ਅਸੀਂ ਓਸ ਦੇ ਪਰਿਵਾਰ ਦਾ ਅੰਗ ਹਾਂ ਯਾਦ ਕਰਦੇ ਕਈ ਵਾਰ ਜਜ਼ਬਾਤੀ ਹੁੰਦੇ ਹਨ ਗਾਇਕ ਬਲਕਾਰ ਅਣਖੀਲਾ ਤੇ ਓਹਨਾਂ ਦੀ ਗਾਇਕਾ ਸਾਥਣ ਮਨਜਿੰਦਰ ਗੁਲਸ਼ਨ।

## ਪੰਜਾਬ ਮੁੱਖ ਮੰਤਰੀ ਬਣੇ ਸਵਰਨ ਸਿੰਘ

ਸਵਰਨ ਸਿੰਘ ਬਹੁਤ ਮਹਾਨ ਅਦਾਕਾਰ ਨੇ ਇਹ ਵੱਖਰੀ ਗੱਲ ਹੈ ਕਿ ਓਹਨਾਂ ਦੀ ਮੀਡੀਆ ਪੀ ਆਰ ਘੱਟ ਹੁੰਦੀ ਹੈ ਪਰ ਇਹ ਮੰਨਣਾ ਪਏਗਾ ਜਿਹੜਾ ਓਹ ਕਿਰਦਾਰ ਕਰਦੇ ਨੇ ਓਹੀ ਓਹ ਲੱਗਦਾ ਹੈ ਨਾ ਕਿ ਤਦ ਓਹ ਸਵਰਨ ਸਿੰਘ ਲੱਗਦੇ ਹਨ। ਇਹੀ ਖੂਬੀ ਇੱਕ ਮਹਾਨ ਕਲਾਕਾਰ ਦੀ ਹੁੰਦੀ ਹੈ। ਸਵਰਨ



ਸਿੰਘ ਆ ਰਹੀ ਫਿਲਮ "ਸਰਪੰਚ" ਵਿੱਚ ਮੁੱਖ ਮੰਤਰੀ ਪੰਜਾਬ ਦਾ ਕਿਰਦਾਰ ਲੈ ਕਿ ਨਜ਼ਰ ਆਉਣ ਵਾਲੇ ਨੇ ਤੇ ਦੇਵ ਖਰੋੜ ਤੇ ਨਿਆਕਰਾ ਢਿੱਲੋਂ ਵੀ ਇਸ ਫਿਲਮ ਦੇ ਅਹਿਮ ਕਲਾਕਾਰ ਹਨ। ਸਵਰਨ ਸਿੰਘ ਨੇ "ਤਬਾਹੀ ਰਿਲੋਡਡ" ਫਿਲਮ ਕੀਤੀ ਦੀ ਸੀ ਤੇ ਇਸ ਵਿੱਚ ਓਹਨਾਂ ਇੱਕ ਸਾਬਕਾ ਪੰਜਾਬ ਦੇ ਸੀ ਐਮ ਦੀ ਭੂਮਿਕਾ ਨਿਭਾਈ ਤਾਂ ਹੂ ਬੂ ਹੂ ਓਹ ਓਹੀ ਲੱਗੇ ਤੇ ਓਹਨਾਂ ਨੇ ਪੱਗ ਦਾ ਅੰਦਾਜ਼ ਵੀ ਓਹਨਾਂ ਜਿਹਾ ਰੱਖਿਆ ਸੀ। ਹੁਣ ਯਕੀਨਨ "ਸਰਪੰਚ" ਵਿੱਚ ਵੀ ਇਹ ਸਵਰਨ ਸਿੰਘ ਦ੍ਰਿਸ਼ ਚ ਜਾਨ ਪਾਉਂਦੇ ਨਜ਼ਰ ਆਉਣ ਵਾਲੇ ਹਨ। ਸਵਰਨ ਸਿੰਘ ਇੱਕ ਓਹ ਅਭਿਨੇਤਾ ਨੇ ਜਿਹਨਾਂ ਹੁਣ ਤੱਕ ਅਨੇਕਾਂ ਵੈੱਬ ਸੀਰੀਜ਼,ਵੈੱਬ ਤੇ ਸ਼ੋਰਟ ਫ਼ਿਲਮਾਂ ਦੇ ਨਾਲ ਫੀਚਰ ਫ਼ਿਲਮਾਂ ਵੀ ਕੀਤੀਆਂ ਹਨ। ਨਿਆਕਰਾ ਢਿੱਲੋਂ,ਮਹਾਬੀਰ ਭੁੱਲਰ ਤੇ ਦੇਵ ਖਰੋੜ ਕਿਸੇ ਨੂੰ ਵੀ ਪੁੱਛ ਲਓ ਓਂ ਓਹ ਸਵਰਨ ਸਿੰਘ ਇੱਕ ਐਕਟਰ ਜਿਸ ਦੀ ਪੂਜਾ ਅਭਿਨੈ, ਜਿਸ ਦਾ ਕਿੱਤਾ ਐਕਟਿੰਗ ਤੇ ਜਿਸ ਦੀ ਰੂਹ ਵੱਖ ਵੱਖ ਕਿਰਦਾਰ ਹਨ ਕਹਿ ਓਹਨਾਂ ਦੀ ਤਰੀਫ਼ ਹੀ ਕਰੇਗਾ ਤੇ ਇਹੀ ਇੱਕ ਐਕਟਰ ਦੀ ਅਸਲ ਕਮਾਈ ਹੁੰਦੀ ਹੈ।

## ਰਮਨ ਬਾਵਾ ਨੇ ਇੰਦੀ ਬਲਿੰਗ ਨੂੰ ਬੋਲੀ ਜੱਸ ਸਿੱਧੂ ਜੀ ਜੀ ਕਰਦਾ



ਇੰਡੀ ਵਾਈਬ ਸਟੂਡੀਓ ਨੇ ਆਪਣੇ ਨਵੇਂ ਟਰੈਕ ਦਾ ਪੋਸਟਰ ਰਲੀਜ ਕਰ ਦਿੱਤਾ ਹੈ ਤੇ ਇਹ ਇੱਕ ਡਿਊਟ ਨੰਬਰ ਹੈ ਜਿਸ ਦੇ ਤਰਜ਼ ਨਿਗਾਰ ਤੇ ਗੀਤਕਾਰ ਜੱਸ ਸਿੱਧੂ ਹਨ ਜਿਹਨਾਂ ਨੇ ਖੁਦ ਇਹ ਦੋਗਾਣਾ ਗਾਇਆ ਹੈ ਤੇ ਓਹਨਾਂ ਨਾਲ ਆਵਾਜ਼ ਦਾ ਸਾਥ ਸੁਰ ਵਾਲੀ ਗਾਇਕਾ ਰਮਨ ਬਾਵਾ ਨੇ ਦਿੱਤਾ ਹੈ। ਟ੍ਰਿਪਲ ਨੇ ਇਸ ਦੋਗਾਣੇ ਦਾ ਅੱਤੀ ਉੱਤਮ ਸੰਗੀਤ ਦਿੱਤਾ ਹੈ। ਇਸ ਦੋਗਾਣੇ ਦਾ ਟਾਈਟਲ "ਜੀ ਜੀ ਕਰਦਾ" ਰੱਖਿਆ ਗਿਆ ਹੈ। ਇੰਦੀ ਬਲਿੰਗ ਨੇ ਦੱਸਿਆ ਕਿ ਇਸ ਦਾ ਨਿਰਮਾਣ ਓਹਨਾਂ ਨੇ ਲਵਨੀਤ ਸਿੰਘ ਬਲਿੰਗ ਨਾਲ ਮਿਲ ਕਿ ਕੀਤਾ ਹੈ ਜਦ ਕਿ ਦਰਸ਼ਕਾਂ ਲਈ ਸ਼ਾਨਦਾਰ ਵੀਡੀਓ ਸ਼ਾਨ ਗਿੱਲ ਕੋਲੋ ਅਸੀਂ ਡਾਇਰੈਕਟ ਕਰਵਾਇਆ ਹੈ। ਗੁਰਜੀਤ ਸਿੰਘ ਤੇ ਮਾਨ ਕੋਕਰੀ ਦਾ ਇਸ ਡਿਊਟ ਲਈ ਸਹਿਯੋਗ ਰਿਹਾ ਹੈ। ਇੰਦੀ ਬਲਿੰਗ ਅੱਜ ਕਲ ਬੈਕ ਟੂ ਬੈਕ ਇੱਕ ਤੋਂ ਵੱਧ ਇੱਕ ਟਰੈਕ ਦੇ ਰਹੇ ਹਨ ਤੇ ਓਹ ਇੰਦੀ ਵਾਈਬ ਸਟੂਡੀਓ ਨੂੰ ਟੋਪ ਕਲਾਸ ਦੀ ਆਡੀਓ ਵੀਡੀਓ ਕੰਪਨੀ ਵੱਜੋਂ ਸਥਾਪਿਤ ਕਰਨ ਲਈ ਸਰਗਰਮ ਹਨ। ਓਹਨਾਂ ਨੇ ਵਾਹਿਦ ਅਖ਼ਤਰ ਦਾ ਗੀਤ "ਰੀਅਲ ਥੋਟਸ" ਵੀ ਰਲੀਜ਼ ਕੀਤਾ ਸੀ ਤੇ ਨਾਲ ਹੀ ਓਹ ਕਾਫੀ ਹੋਰ ਟਰੈਕ ਰਲੀਜ਼ ਕਰਨ ਜਾ ਰਹੇ ਹਨ। ਇੰਦੀ ਨੇ ਕਿਹਾ ਕਿ ਘਰ ਦੇ ਮਿਊਜ਼ਿਕ ਵਾਤਾਵਰਨ ਨੇ ਓਹਨਾ ਨੂੰ ਆਡੀਓ ਵੀਡੀਓ ਪਲੇਟਫਾਰਮ ਖੋਹਲਣ ਤੇ ਇਸ ਨੂੰ ਟੋਪ ਤੇ ਲਿਜਾਉਣ ਦਾ ਟੀਚਾ ਦਿੱਤਾ ਹੈ। ਇੰਦੀ ਬਲਿੰਗ ਨੇ ਆਪਣੀ ਟੀਮ ਦੇ ਲਵਨੀਤ ਸਿੰਘ ਬਲਿੰਗ ਦਾ ਇਸ ਟਰੈਕ "ਜੀ ਜੀ ਕਰਦਾ" ਨੂੰ ਰਲੀਜ਼ ਲਈ ਸਹਿਯੋਗ ਵਾਸਤੇ ਧੰਨਵਾਦ ਦਿੱਤਾ ਤੇ ਰਮਨ ਬਾਵਾ ਤੇ ਜੱਸ ਸਿੱਧੂ ਨੂੰ ਸੁਰੀਲੇ ਟਰੈਕ ਲਈ ਮੁਬਾਰਕ ਦਿੱਤੀ ਹੈ।

## ਕੋਈ ਵੀ ਐਵਾਰਡ ਮਿਲਣਾ ਵਿਆਹ ਜਿੰਨੀ ਖੁਸ਼ੀ ਜਸਮੀਨ ਕੌਰ ਰਸ਼ਮਿਕਾ



ਜਸਮੀਨ ਕੌਰ ਬਰਨਾਲਾ ਜਿਸ ਨੂੰ ਆਪਾਂ ਦੂਜੀ ਰਸ਼ਮੀਕਾ ਮੰਦਾਨਾ ਵੀ ਆਖਦੇ ਹਾਂ ਦੀਆਂ ਦੋ ਦੋ ਫ਼ਿਲਮਾਂ ਪੰਜਾਬੀ ਲਘੂ ਫ਼ਿਲਮਾਂ ਦੇ ਮੇਲੇ ਵਿੱਚ ਤੇ ਜ਼ਾਹਿਰ ਹੈ ਪ੍ਰਬੰਧਾਂ ਵਾਲਿਆਂ ਨੇ ਜਸਮੀਨ ਕੌਰ ਬਰਨਾਲਾ ਨੂੰ ਸਨਮਾਨਿਤ ਕਰਨਾ ਹੀ ਸੀ। ਓਸ ਦਾ ਹੱਕ ਵੀ ਬਣਦਾ ਹੈ ਤੇ ਓਸ ਨੇ "ਪਹੀਆ" ਲਈ ਕਮਾਲ ਦੀ ਐਕਟਿੰਗ ਕੀਤੀ ਤੇ ਭਗਵੰਤ ਕੰਗ ਨਿਰਦੇਸ਼ਤ "ਕਾਲੀ ਬੋਲੀ ਰਾਤ" ਵਿੱਚ ਵੀ ਇਹ ਜਸਮੀਨ ਕੌਰ ਜਚੀ। ਜਸਮੀਨ ਕੌਰ ਅਭਿਨੈ ਨਾਲ ਐਨਾ ਲਗਾਓ ਕਿ ਓਹ ਕਿਰਦਾਰ ਵਿੱਚ ਗੁੰਮ ਜਾਂਦੀ ਹੈ। ਓਸ ਦੀ ਉੱਚੀ ਲੰਬੀ ਬਣਤਰ ਦੇ ਨਾਲ ਓਹ ਗਲੈਮਰ ਦਾ ਜਾਦੂ ਵੀ ਰੱਖਦੀ ਹੈ। ਜਸਮੀਨ ਕੌਰ ਬਰਨਾਲਾ ਨੇ ਕਿਹਾ ਕਿ ਕਿਸੇ ਵੀ ਫਿਲਮ ਲਈ ਜਾਂ ਭੂਮਿਕਾ ਲਈ ਐਵਾਰਡ ਮਿਲ ਜਾਣਾ ਐਕਟਰ ਜਾਂ ਐਕਟ੍ਰੈਸ ਵਾਸਤੇ ਵੱਡੀ ਪ੍ਰਾਪਤੀ ਹੈ। ਜਸਮੀਨ ਨੇ ਵੱਡੇ ਪਰਦੇ ਤੇ ਵੀ ਫ਼ਿਲਮਾਂ ਕੀਤੀਆਂ ਹਨ ਤੇ ਇਹ ਪਾਲੀਵੁੱਡ ਨੂੰ ਚਾਹੀਦਾ ਹੈ ਕਿ ਜਿਹਨਾਂ ਨੂੰ ਐਵਾਰਡ ਦਿੰਦੇ ਹੋ ਓਹਨਾਂ ਨੂੰ ਵੱਡੀਆਂ ਫ਼ਿਲਮਾਂ ਵਿੱਚ ਅੱਛੇ ਕਿਰਦਾਰ ਵੀ ਦਿੱਤੇ ਜਾਣ। ਰਸਮਿਕਾ ਉਰਫ ਜਸਮੀਨ ਕੌਰ ਬਰਨਾਲਾ ਨੂੰ ਲਘੂ ਪੰਜਾਬੀ ਫ਼ਿਲਮ ਫੈਸਟੀਵਲ ਵਿੱਚ ਸਨਮਾਨਿਤ ਹੋਣ ਤੇ ਮੁਬਾਰਕ।

-ਅੰਮ੍ਰਿਤ ਪਵਾਰ

# ਲਿਓਨਲ ਮੇਸੀ – ਬਿਮਾਰੀ ਤੋਂ ਵਿਸ਼ਵ ਕੱਪ ਰਿਕਾਰਡ ਤੱਕ ਦਾ ਸਫ਼ਰ*

ਹਰਜੀਤ ਸਿੰਘ ਦੁਸਾਂਝ
ਪੁਆਦੜਾ,
ਗਲਾਸਗੋ, ਸਕਾਟਲੈਂਡ
ਮੋਬਾਇਲ 07515937916



ਵਿਸ਼ਾ : ਬਿਮਾਰੀ ਤੋਂ ਵਿਸ਼ਵ ਕੱਪ ਰਿਕਾਰਡ ਤੱਕ ਦਾ ਸਫ਼ਰ – ਲਿਓਨਲ ਮੇਸੀ

ਲਿਓਨਲ ਅੰਦ੍ਰੇਸ ਮੇਸੀ ਦਾ ਜਨਮ 24 ਜੂਨ 1987 ਨੂੰ ਅਰਜਨਟੀਨਾ ਦੇ ਸ਼ਹਿਰ ਰੋਸਾਰੀਓ ਵਿੱਚ ਹੋਇਆ। ਛੋਟੀ ਉਮਰ ਤੋਂ ਹੀ ਉਹ ਫੁੱਟਬਾਲ ਵਿੱਚ ਬੇਹੱਦ ਕਾਬਲ ਸੀ, ਪਰ ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਇਮਤਿਹਾਨ ਉਸ ਦੀ ਸਿਹਤ ਬਣੀ। ਲਗਭਗ 10 ਸਾਲ ਦੀ ਉਮਰ ਵਿੱਚ ਮੇਸੀ ਨੂੰ ਗ੍ਰੋਥ ਹਾਰਮੋਨ ਡੈਫੀਸਿੰਸੀ ਹੋਣ ਦਾ ਪਤਾ ਲੱਗਿਆ। ਇਸ ਹਾਲਤ ਵਿੱਚ ਸਰੀਰ ਲੋੜੀਂਦਾ ਗ੍ਰੋਥ ਹਾਰਮੋਨ ਘੱਟ ਬਣਾਉਂਦਾ ਹੈ ਅਤੇ ਬੱਚੇ ਦੀ ਲੰਬਾਈ/ਵਿਕਾਸ ਪ੍ਰਭਾਵਿਤ ਹੁੰਦਾ ਹੈ। ਇਲਾਜ ਮਹਿੰਗਾ ਸੀ ਅਤੇ ਉਸ ਦੇ ਪਰਿਵਾਰ ਲਈ ਇਸ ਨੂੰ ਜਾਰੀ ਰੱਖਣਾ ਔਖਾ ਸੀ।

ਉਹ 13 ਸਾਲ ਦਾ ਸੀ ਜਦੋਂ ਸਪੇਨ ਦੇ ਫੁੱਟਬਾਲ ਕਲੱਬ ਐਫ.ਸੀ. ਬਾਰਸੀਲੋਨਾ ਨੇ ਉਸ ਨੂੰ ਮੌਕਾ ਦਿੱਤਾ ਅਤੇ ਇਲਾਜ ਵਿੱਚ ਸਹਾਇਤਾ ਕੀਤੀ। ਇਸ ਤਰ੍ਹਾਂ ਉਹ ਸਪੇਨ ਗਿਆ ਅਤੇ ਕਲੱਬ ਦੀ ਅਕੈਡਮੀ ਵਿੱਚ ਤਿਆਰ ਹੋਇਆ। ਸਿਰਫ 13 ਸਾਲ ਉਮਰ ਵਿੱਚ ਆਪਣਾ ਘਰ, ਪਰਿਵਾਰ, ਦੇਸ਼ ਛੱਡਣਾ ਮੈਸੀ ਲਈ ਆਸਾਨ ਨਹੀਂ ਸੀ। ਪਰ ਉਹ ਬੱਚਾ ਹਾਰਿਆ ਨਹੀਂ ਸਗੋਂ ਤਕੜਾ ਹੋ ਕੇ ਜ਼ਿੰਦਗੀ ਨਾਲ ਵੀ ਲੜਿਆ ਅਤੇ ਮੈਦਾਨ ਵਿੱਚ ਵੀ।

ਮੇਸੀ ਦੇ ਪਿਤਾ ਜੌਰਜੇ ਮੇਸੀ ਇੱਕ ਫੈਕਟਰੀ ਵਿੱਚ ਕੰਮ ਕਰਦੇ ਸਨ ਅਤੇ ਨੌਜਵਾਨ ਮੇਸੀ ਦੇ ਪਹਿਲੇ ਕੋਚਾਂ ਵਿੱਚੋਂ ਇੱਕ ਸਨ। ਉਹ ਸਥਾਨਕ ਕਲੱਬ ਵਿੱਚ ਟੀਮ ਨੂੰ ਸਿਖਲਾਈ ਦਿੰਦੇ ਸਨ, ਜਿੱਥੇ ਛੋਟੇ ਮੇਸੀ ਨੇ ਫੁੱਟਬਾਲ ਦੀ ਸ਼ੁਰੂਆਤੀ ਸਿਖਲਾਈ ਲਈ।

ਜਦੋਂ ਮੇਸੀ ਨੂੰ ਗ੍ਰੋਥ ਹਾਰਮੋਨ ਦੀ ਕਮੀ ਦੀ ਬਿਮਾਰੀ ਦਾ ਪਤਾ ਲੱਗਿਆ ਤਾਂ ਪਿਤਾ ਨੇ ਪਰਿਵਾਰ ਨਾਲ ਮਿਲ ਕੇ ਉਸ ਦੇ ਇਲਾਜ ਲਈ ਪੂਰੀ ਕੋਸ਼ਿਸ਼ ਕੀਤੀ। ਜੌਰਜੇ ਨੇ ਸਿਰਫ਼ ਆਰਥਿਕ ਅਤੇ ਪਰਿਵਾਰਕ ਸਹਾਰਾ ਹੀ ਨਹੀਂ ਦਿੱਤਾ, ਸਗੋਂ ਮੇਸੀ ਨੂੰ ਮੈਦਾਨ ਵਿੱਚ ਅਨੁਸ਼ਾਸਨ, ਮਿਹਨਤ ਅਤੇ ਹੌਸਲਾ ਵੀ ਸਿਖਾਇਆ। ਬਾਰਸਿਲੋਨਾ ਵਿੱਚ ਮੌਕਾ ਮਿਲਣ ਤੋਂ ਬਾਅਦ ਉਹ ਆਪਣੇ ਪੁੱਤਰ ਦੇ ਨਾਲ ਸਪੇਨ ਗਏ ਅਤੇ ਨਵੇਂ ਦੇਸ਼ ਵਿੱਚ ਉਸ ਦੀ ਦੇਖਭਾਲ ਕੀਤੀ।

ਮੇਸੀ ਦੀ ਕਾਮਯਾਬੀ ਦੇ ਪਿੱਛੇ ਉਸ ਦੇ ਪਿਤਾ ਦੀ ਕੁਰਬਾਨੀ, ਵਿਸ਼ਵਾਸ ਅਤੇ ਲਗਾਤਾਰ ਸਹਿਯੋਗ ਇੱਕ ਵੱਡਾ ਕਾਰਨ ਮੰਨਿਆ ਜਾਂਦਾ ਹੈ। ਮੇਸੀ ਨੇ ਬਾਰਸਿਲੋਨਾ ਦੀ ਪਹਿਲੀ ਟੀਮ ਨਾਲ ਆਪਣੀ ਪਛਾਣ ਬਣਾਈ ਅਤੇ ਕਈ ਸਾਲਾਂ ਤੱਕ ਟੀਮ ਨੂੰ ਵੱਡੀਆਂ ਜਿੱਤਾਂ ਦਿਵਾਈਆਂ। ਬਾਅਦ ਵਿੱਚ ਉਹ ਪੈਰਿਸ ਸੈਂਟ ਜਰਮਨ ਅਤੇ ਫਿਰ ਇੰਟਰ ਮਿਆਮੀ ਸੀ.ਐਫ. ਲਈ ਖੇਡਿਆ। ਫ਼ੀਫ਼ਾ ਅਨੁਸਾਰ ਉਸ ਨੇ ਕਲੱਬ ਪੱਧਰ ‘ਤੇ 40 ਟ੍ਰਾਫੀਆਂ ਜਿੱਤੀਆਂ ਹਨ ਅਤੇ ਅੱਠ ਵਾਰ ਫ਼ੀਫ਼ਾ ਦਾ ਸਰਵਉੱਚ ਪੁਰਸ਼ ਇਨਾਮ ਹਾਸਲ ਕੀਤਾ ਹੈ।




ਮੇਸੀ ਨੇ ਅਰਜਨਟੀਨਾ ਲਈ 2005 ਵਿੱਚ ਡੈਬਿਊ ਕੀਤਾ। ਕਈ ਸਾਲ ਫਾਈਨਲ ਹਾਰਾਂ ਅਤੇ ਨਿਰਾਸ਼ਾਵਾਂ ਰਹੀਆਂ, ਪਰ ਉਸ ਨੇ ਹਾਰ ਨਹੀਂ ਮੰਨੀ। ਉਸ ਦੀ ਅਗਵਾਈ ਵਿੱਚ ਅਰਜਨਟੀਨਾ ਨੇ 2021 ਕੋਪਾ ਅਮਰੀਕਾ, 2022 ਫੀਫਾ ਵਿਸ਼ਵ ਕੱਪ, ਅਤੇ 2024 ਕੋਪਾ ਅਮਰੀਕਾ ਜਿੱਤੇ। 2022 ਦੇ ਫਾਈਨਲ ਵਿੱਚ ਫਰਾਂਸ ਖ਼ਿਲਾਫ਼ ਡਰਾਅ ਤੋਂ ਬਾਅਦ ਅਰਜਨਟੀਨਾ ਨੇ ਪੈਨਲਟੀ ਸ਼ੂਟਆਊਟ ਵਿੱਚ ਕੱਪ ਜਿੱਤਿਆ।

ਮੇਸੀ ਦਾ ਵਿਸ਼ਵ ਕੱਪ ਸਫ਼ਰ 2006 ਤੋਂ ਸ਼ੁਰੂ ਹੋਇਆ। ਉਹ 2026 ਵਿੱਚ ਆਪਣਾ ਛੇਵਾਂ ਵਿਸ਼ਵ ਕੱਪ ਖੇਡਣ ਵਾਲੇ ਕੁਝ ਹੀ ਖਿਡਾਰੀਆਂ ਵਿੱਚ ਸ਼ਾਮਲ ਹੋਇਆ। ਮੇਸੀ ਦੇ ਨਾਮ ਕੁੱਝ ਰਿਕਾਰਡ ਹਨ ਜਿਵੇਂ 2022 ਵਿੱਚ ਉਹ ਵਿਸ਼ਵ ਕੱਪ ਜਿੱਤਣ ਵਾਲਾ ਅਰਜਨਟੀਨਾ ਦਾ ਕਪਤਾਨ ਬਣਿਆ। ਉਸ ਨੇ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਮਿੰਟ ਖੇਡਣ ਦਾ ਰਿਕਾਰਡ ਬਣਾਇਆ। 2022 ਦੇ ਅੰਤ ਤੱਕ ਇਹ 2,314 ਮਿੰਟ ਸੀ। ਉਹ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਮੈਚ ਕਪਤਾਨ ਵਜੋਂ ਖੇਡਣ ਵਾਲਾ ਖਿਡਾਰੀ ਰਿਹਾ ਅਤੇ ਪੰਜ ਵੱਖ-ਵੱਖ ਵਿਸ਼ਵ ਕੱਪਾਂ ਵਿੱਚ ਅਸਿਸਟ ਕਰਨ ਵਾਲਾ ਇਕੱਲਾ ਖਿਡਾਰੀ ਹੈ। 2022 ਵਿੱਚ ਉਸ ਨੇ ਗਰੁੱਪ ਸਟੇਜ ਤੋਂ ਲੈ ਕੇ ਫਾਈਨਲ ਤੱਕ ਸਾਰੇ ਨਾਕਆਊਟ ਮੈਚਾਂ ਵਿੱਚ ਗੋਲ ਕਰਨ ਦੀ ਉਪਲਬਧੀ ਹਾਸਲ ਕੀਤੀ। 22 ਜੂਨ 2026 ਤੱਕ ਉਸ ਦੇ 18 ਵਿਸ਼ਵ ਕੱਪ ਗੋਲ ਹੋ ਗਏ ਹਨ। ਇਸ ਨਾਲ ਉਹ ਪੁਰਸ਼ ਅਤੇ ਮਹਿਲਾ ਦੋਵਾਂ ਵਿਸ਼ਵ ਕੱਪਾਂ ਦੇ ਇਤਿਹਾਸ ਦਾ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਬਣ ਗਿਆ, ਜਿਸ ਨੇ ਜਰਮਨੀ ਦੇ ਮਿਰੋਸਲਵ ਕਲੋਜ਼ ਦੇ 16 ਅਤੇ ਮਾਰਟਾ ਦੇ 17 ਗੋਲਾਂ ਦੇ ਅੰਕੜੇ ਪਿੱਛੇ ਛੱਡੇ। ਮੇਸੀ ਦੀ ਕਹਾਣੀ ਸਿਰਫ਼ ਇੱਕ ਮਹਾਨ ਫੁੱਟਬਾਲਰ ਦੀ ਨਹੀਂ ਹੈ। ਇਹ ਬਿਮਾਰੀ ਨਾਲ ਲੜਨ ਦਾ ਜਜ਼ਬਾ, ਹਿੰਮਤ, ਲਗਾਤਾਰ ਮਿਹਨਤ, ਹਾਰਾਂ ਤੋਂ ਸਿੱਖਣ ਅਤੇ ਅਖ਼ੀਰਕਾਰ ਦੁਨੀਆ ਦੇ ਸਭ ਤੋਂ ਵੱਡੇ ਮੰਚ ‘ਤੇ ਜਿੱਤ ਦੀ ਕਹਾਣੀ ਹੈ।

# ਬਰਫ਼ਾਂ ’ਚ ਲਿਖੀ ਹਿੰਮਤ ਦੀ ਦਰਸ਼ਨਿਕ ਕਵਿਤਾ: ਸੁਖੀ ਬੱਲ-ਡਾ ਅਮਰਜੀਤ ਟਾਂਡਾ

ਚੋਟੀਆਂ ਤੋਂ ਪਰੇ ਇੱਕ ਅੰਦਰਲੀ ਯਾਤਰਾ ਦੀ ਕਹਾਣੀ ਹੈ ਸੁਖੀ ਬੱਲ, ਬਰਫ਼ਾਂ ਦੀ ਖਾਮੋਸ਼ੀ ਵਿੱਚ ਗੂੰਜਦੀ ਹਿੰਮਤ, ਸਾਹਸ, ਕਲਾ ਅਤੇ ਮਨੁੱਖੀ ਜਜ਼ਬੇ ਦਾ ਦਰਸ਼ਨਿਕ ਮਿਲਾਪ। ਸੁਖੀ ਬੱਲ - ਨਾਮ ਨਹੀਂ, ਇੱਕ ਅਹਿਸਾਸ ਹੈ। ਇੱਕ ਐਸੀ ਚੁੱਪ ਅੱਗ ਜੋ ਬਰਫ਼ਾਂ ਦੇ ਸਾਹਾਂ ਵਿਚ ਵੀ ਆਪਣਾ ਰਾਹ ਬਣਾਉਂਦੀ ਰਹਿੰਦੀ ਹੈ। ਉਹਦੀ ਕਹਾਣੀ ਸਿਰਫ਼ ਚੋਟੀਆਂ ਚੜ੍ਹਨ ਦੀ ਕਹਾਣੀ ਨਹੀਂ, ਸਗੋਂ ਆਪਣੇ ਅੰਦਰਲੇ ਡਰਾਂ ਨੂੰ ਉੱਚਾਈਆਂ ਵਿੱਚ ਬਦਲ ਦੇਣ ਵਾਲੀ ਜ਼ਿੰਦਗੀ ਦਾ ਅਸਤਿਤਵ ਸਫ਼ਰ ਹੈ। ਕਈ ਲੋਕ ਪਹਾੜਾਂ ਨੂੰ ਬਾਹਰੋਂ ਵੇਖਦੇ ਹਨ-ਸਫ਼ੈਦ ਚੋਟੀਆਂ, ਨੀਲਾ ਆਸਮਾਨ, ਅਤੇ ਹਵਾ ਵਿੱਚ ਗੂੰਜਦੀ ਖਾਮੋਸ਼ੀ। ਪਰ ਕੁਝ ਹੀ ਹੁੰਦੇ ਹਨ ਜੋ ਪਹਾੜਾਂ ਨੂੰ ਅੰਦਰੋਂ ਜਿਉਂਦੇ ਹਨ। ਸੁਖੀ ਬੱਲ ਉਹਨਾਂ ਵਿੱਚੋਂ ਇੱਕ ਹਨ-ਜਿੱਥੇ ਹਰ ਕਦਮ ਸਿਰਫ਼ ਧਰਤੀ ‘ਤੇ ਨਹੀਂ, ਸਗੋਂ ਆਪਣੇ ਮਨ ਦੇ ਅਣਖੋਲ੍ਹੇ ਦਰਵਾਜ਼ਿਆਂ ‘ਤੇ ਪੈਂਦਾ ਹੈ।

ਉਸਦੀ ਜ਼ਿੰਦਗੀ ਵਿੱਚ ਇੱਕ ਅਜੀਬ ਜਿਹਾ ਸੰਗੀਤ ਹੈ-ਜਿੱਥੇ ਸਾਹਸ ਢੋਲ ਵਜਾਉਂਦਾ ਹੈ ਅਤੇ ਕਲਾ ਉਸ ਦੇ ਨਾਲ ਤਾਲ ਮਿਲਾਉਂਦੀ ਹੈ। ਇਹ ਸਿਰਫ਼ ਚੜ੍ਹਾਈ ਨਹੀਂ, ਇਹ ਇੱਕ ਅੰਦਰਲੀ ਕਵਿਤਾ ਹੈ ਜੋ ਬਰਫ਼ਾਂ ‘ਤੇ ਲਿਖੀ ਜਾਂਦੀ ਹੈ ਅਤੇ ਹਵਾ ਉਸ ਨੂੰ ਦੁਨੀਆਂ ਤੱਕ ਲੈ ਜਾਂਦੀ ਹੈ। ਕਈ ਲੋਕ ਇੱਕ ਹੀ ਰਾਹ ‘ਤੇ ਚੱਲਦੇ ਹਨ, ਪਰ ਕੁਝ ਰਾਹ ਖੁਦ ਆਪਣੇ ਯਾਤਰੀ ਬਣ ਜਾਂਦੇ ਹਨ-ਸੁਖੀ ਬੱਲ ਉਸ ਵਰਗੀ ਯਾਤਰੀ ਹੈ।



ਪਹਾੜਾਂ ਦੀ ਆਪਣੀ ਫ਼ਿਲਾਸਫ਼ੀ ਹੁੰਦੀ ਹੈ-ਉਹ ਕਿਸੇ ਨੂੰ ਜਿੱਤਣ ਨਹੀਂ ਦਿੰਦੇ, ਉਹ ਸਿਰਫ਼ ਮਨੁੱਖ ਨੂੰ ਆਪਣੇ ਅੰਦਰਲਾ ਸੱਚ ਦਿਖਾਉਂਦੇ ਹਨ। ਸੁਖੀ ਬੱਲ ਨੇ ਜਦੋਂ ਉੱਚਾਈਆਂ ਵੱਲ ਕਦਮ ਰੱਖਿਆ, ਤਾਂ ਉਹ ਸਿਰਫ਼ ਚੋਟੀ ਵੱਲ ਨਹੀਂ ਜਾ ਰਹੀ ਸੀ-ਉਹ ਆਪਣੇ ਹੀ ਅੰਦਰਲੇ ਅਣਜਾਣ ਹਿੱਸਿਆਂ ਨੂੰ ਛੂਹ ਰਹੀ ਸੀ, ਜਿੱਥੇ ਡਰ ਵੀ ਹੈ ਅਤੇ ਹਿੰਮਤ ਵੀ, ਅਤੇ ਦੋਵੇਂ ਇੱਕੋ ਸਾਹ ਵਿੱਚ ਸਾਹ ਲੈਂਦੇ ਹਨ। ਉਹਨਾਂ ਦੀ ਕਲਾ ਵਾਲਾ ਪਾਸਾ ਇਸ ਯਾਤਰਾ ਨੂੰ ਹੋਰ ਵੀ ਡੂੰਘਾ ਕਰ ਦਿੰਦਾ ਹੈ। ਕਲਾ ਤੇ ਪਹਾੜ-ਦੋਵੇਂ ਹੀ ਮਨੁੱਖ ਨੂੰ ਆਪਣੇ ਆਪ ਤੋਂ ਬਾਹਰ ਅਤੇ ਆਪਣੇ ਆਪ ਦੇ ਹੋਰ ਅੰਦਰ ਲੈ ਜਾਂਦੇ ਹਨ।

ਇੱਕ ਰੰਗਾਂ ਰਾਹੀਂ ਅੰਦਰੂਨੀ ਦੁਨੀਆਂ ਖੋਲ੍ਹਦਾ ਹੈ, ਦੂਜਾ ਚੁੱਪ ਰਾਹੀਂ। ਸੁਖੀ ਬੱਲ ਦੀ ਜ਼ਿੰਦਗੀ ਇਹ ਸਾਬਤ ਕਰਦੀ ਹੈ ਕਿ ਅਸਲ ਪ੍ਰਤਿਭਾ ਉਹ ਨਹੀਂ ਜੋ ਇੱਕ ਖੇਤਰ ਵਿੱਚ ਸੀਮਤ ਰਹੇ, ਸਗੋਂ ਉਹ ਹੈ ਜੋ ਮਨੁੱਖ ਨੂੰ ਕਈ ਰੂਪਾਂ ਵਿੱਚ ਪੂਰਾ ਕਰੇ। ਉਹਨਾਂ ਦੀ ਉਪਲਬਧੀ ਦਾ ਸਭ ਤੋਂ ਵੱਡਾ ਅਰਥ ਇਹ ਨਹੀਂ ਕਿ ਉਹ ਕਿਸੇ ਚੋਟੀ ‘ਤੇ ਪਹੁੰਚੇ, ਸਗੋਂ ਇਹ ਹੈ ਕਿ ਉਹਨਾਂ ਨੇ ਇਹ ਦਿਖਾਇਆ ਕਿ ਚੋਟੀਆਂ ਅਸਲ ਵਿੱਚ ਬਾਹਰ ਨਹੀਂ, ਅੰਦਰ ਹੁੰਦੀਆਂ ਹਨ। ਜਦੋਂ ਮਨੁੱਖ ਆਪਣੀ ਸੀਮਾ ਤੋਂ ਪਾਰ ਸੋਚ ਲੈਂਦਾ ਹੈ, ਤਦ ਹੀ ਅਸਲ ਚੜ੍ਹਾਈ ਸ਼ੁਰੂ ਹੁੰਦੀ ਹੈ।

ਸੁਖੀ ਬੱਲ ਦੀ ਯਾਤਰਾ ਇੱਕ ਐਸਾ ਸੁਨੇਹਾ ਹੈ ਜੋ ਸ਼ਬਦਾਂ ਤੋਂ ਵੱਧ ਖਾਮੋਸ਼ੀ ਵਿੱਚ ਸਮਝ ਆਉਂਦਾ ਹੈ-ਕਿ ਜ਼ਿੰਦਗੀ ਨੂੰ ਜਿੱਤਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਜ਼ਿੰਦਗੀ ਨੂੰ ਮਹਿਸੂਸ ਕਰਨਾ ਚਾਹੀਦਾ ਹੈ। ਜੋ ਮਨੁੱਖ ਮਹਿਸੂਸ ਕਰਨਾ ਸਿੱਖ ਲੈਂਦਾ ਹੈ, ਉਹ ਹਰ ਪਹਾੜ ਨੂੰ ਆਪਣੇ ਅੰਦਰ ਉਤਾਰ ਲੈਂਦਾ ਹੈ।


ਉਹ ਇੱਕ ਯਾਦ ਦਿਵਾਉਂਦੇ ਹਨ ਕਿ ਹਿੰਮਤ ਸਿਰਫ਼ ਉੱਚੀ ਆਵਾਜ਼ ਨਹੀਂ ਹੁੰਦੀ-ਕਈ ਵਾਰੀ ਇਹ ਬਰਫ਼ਾਂ ਵਿਚ ਚੁੱਪਚਾਪ ਚੱਲਦਾ ਉਹ ਕਦਮ ਹੁੰਦਾ ਹੈ ਜੋ ਦੁਨੀਆਂ ਦੇ ਇਤਿਹਾਸ ਨੂੰ ਨਵੀਂ ਭਾਸ਼ਾ ਦੇ ਦਿੰਦਾ ਹੈ।

ਇੰਝ ਉਹ ਚੋਟੀਆਂ ਨਹੀਂ, ਚੇਤਨਾ ਨੂੰ ਛੂੰਹਦੀ ਹੈ, ਪਹਾੜਾਂ ਚ ਇੱਕ ਅਣਸੁਣਿਆ ਅਣਲਿਖਿਆ ਅਧਿਆਇ ਲਿਖਦੀ ਹੈ। ਉਹ ਹਿੰਮਤ ਦੀ ਮੈਟਾਫਿਜ਼ਿਕਸ, ਮਨੁੱਖੀ ਸੰਭਾਵਨਾ ਤੇ ਪਹਾੜਾਂ ਰਾਹੀਂ ਅਸਤਿਤਵ ਦੀ ਸਮਝ ਤੱਕ ਦੀ ਇੱਕ ਯਾਤਰਾ ਹੈ।

# High Blood pressure: Can Kill You Silently

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



The Theme is "Controlling Hypertension Together" High blood pressure is similar to pumping too much air into a tire or balloon"

**Health Media Canada:** "Controlling Hypertension Together": This theme highlights the necessity of collective, coordinated efforts between patients, health professionals, families, and communities to manage blood pressure and reduce risks of stroke and cardiovascular disease.

Number of patients increasing every day living with high blood pressure. Nearly half of U.S. adults (48.1%, or 119.9 million) have high blood pressure, defined as 130/80 mmHg or taking medication. It was a primary or contributing cause of 664,470 U.S. deaths in 2023. Globally, 1.4 billion people (33% of adults aged 30-79) have hypertension, with 44% of cases being undiagnosed.

High blood pressure (hypertension) is a condition where the force of blood against your artery walls is consistently too high, generally measuring 130/80 mm Hg or higher. It forces the heart to work harder, damaging arteries over time, and is a major risk factor for strokes, heart attacks, and kidney disease.

**Causes can control:**

Lifestyle factors. Smoking. Excessive alcohol. Stress. Diabetes. Sleep apnea. Unhealthy diet. Obesity. Sedentary lifestyle

Health conditions (if properly managed, can help lower blood pressure) and Kidney Disease.

**Causes you can't control:**

Age And Family history (genetics).

High blood pressure increases your risk of:

If your blood pressure is not well controlled, it can pose serious health risks.

Stroke, Heart attack, Eye problems, Dementia, Kidney (renal) diseases, Heart failure, and Erectile dysfunction.

**Maintain a healthy blood pressure?**

Reduce Sodium Intake: Limit sodium to less than 2,300 mg daily, with an ideal goal of 1,500 mg for most adults.

Follow the DASH Diet: Adopt the Dietary Approaches to Stop Hypertension (DASH) plan, which emphasizes fruits, vegetables, and whole grains, low-fat milk products, lean meats, fish, legumes (dried beans) and nuts. Eat Foods Rich in Magnesium.

Increase Fiber Intake: Focus on a diet high in fiber to aid in weight management and improve cardiovascular health. Increase Potassium: Consume more potassium-rich foods (e.g., bananas, spinach, sweet potatoes) to help balance sodium levels.


**Watch Your Waistline:** A large waist circumference increases risk; targeting abdominal fat is key.

Try to achieve a healthy weight, be active.

Lose Extra Weight: Losing even a small amount of weight (e.g., 5-10 lbs) can significantly reduce blood pressure.

Limit Sugar and Refined Carbs: Cutting back on sugar, particularly sugary drinks, can aid in weight loss and lower blood pressure.

**Reduce Processed Foods:**




Avoid canned soups, fast food, and deli meats which are high in hidden salt.

**Cut Down on Caffeine:** While its effect is temporary, reducing caffeine can help if you are sensitive to it.

**Exercise Regularly:** Aim for at least 150 minutes of moderate aerobic activity (e.g., brisk walking) per week.

Reduce Stress: Practice stress-management techniques such as meditation, yoga, or deep breathing exercises. Find effective ways to cope with stress, don't hesitate to get some help.

**Practice Deep Breathing:** Slow, deep, and mindful breathing can temporarily lower blood pressure.

**Limit Alcohol:** Reduce or avoid alcohol, which can raise blood pressure and reduce the effectiveness of medication.

**Quit Smoking:** Smoking raises blood pressure and damages blood vessel walls. It's hard to quit smoking, seek help if needed.

**Get Quality Sleep:** Aim for 7 to 9 hours of sleep nightly; poor sleep quality contributes to hypertension.

**Eat Dark Chocolate:** Consume small amounts of dark chocolate or cocoa, which contain flavanols that improve vascular function.

**Try Herbal Supplements:** Some evidence suggests herbs like garlic or ginger may assist in lowering blood pressure, though they should not replace medication.

**Monitor BP at Home:** Use a home blood pressure monitor to keep track of your levels and ensure your lifestyle changes are working.

**Take Medications as Prescribed:** If lifestyle changes are not sufficient, strictly follow your doctor's prescribed medication regimen. Pills are a way to help your body fight high blood pressure.

**Note:** Always consult a healthcare professional before making significant changes to your diet, exercise routine, or medication.

## ਮੈਡੀਕਲ ਸਟੋਰ ਕੈਸ਼ੀਅਰ ਕਤਲ ਕਾਂਡ: ਚੰਡੀਗੜ੍ਹ ਲਿਆਉਂਦੇ ਸਮੇਂ ਪੁਲਿਸ ਗੱਡੀ ਹਾਦਸਾਗ੍ਰਸਤ

### ✪ ਮੁਲਜ਼ਮਾਂ ਨੇ ਚਲਾਈਆਂ ਗੋਲੀਆਂ, ਮੁਕਾਬਲੇ ਤੋਂ ਬਾਅਦ ਦੋਵੇਂ ਕਾਬੂ

ਚੰਡੀਗੜ੍ਹ-ਚੰਡੀਗੜ੍ਹ ਦੇ ਸੈਕਟਰ 11 ਸਥਿਤ ਪ੍ਰਸਿੱਧ 'ਸ਼੍ਰੀ ਕੁਮਾਰ ਮੈਡੀਕਲ ਸਟੋਰ' ਦੇ ਕੈਸ਼ੀਅਰ ਜਾਨਕੀ ਦਾਸ ਦੇ ਸਨਸਨੀਖੇਜ਼ ਕਤਲ ਕਾਂਡ ਵਿੱਚ ਨਾਟਕੀ ਮੋੜ ਆ ਗਿਆ। ਜੰਮੂ-ਕਸ਼ਮੀਰ ਤੋਂ ਗ੍ਰਿਫ਼ਤਾਰ ਕਰ ਕੇ ਚੰਡੀਗੜ੍ਹ ਲਿਆਂਦੇ ਜਾ ਰਹੇ ਦੋ ਮੁੱਖ ਮੁਲਜ਼ਮਾਂ ਨੇ ਪੁਲਿਸ ਪਾਰਟੀ 'ਤੇ ਹੀ ਹਮਲਾ ਕਰ ਦਿੱਤਾ।





ਧਨਾਸ ਨੇੜੇ ਹੋਈ ਇਸ ਹਿੰਸਕ ਮੁੱਠਭੇੜ (ਐਨਕਾਊਂਟਰ) ਵਿੱਚ ਪੁਲਿਸ ਦੀ ਜਵਾਬੀ ਕਾਰਵਾਈ ਦੌਰਾਨ ਦੋਵੇਂ ਮੁਲਜ਼ਮਾਂ ਦੀਆਂ ਲੱਤਾਂ ਵਿੱਚ ਗੋਲੀਆਂ ਲੱਗੀਆਂ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਦਬੋਚ ਲਿਆ ਗਿਆ।

ਜ਼ਿਕਰਯੋਗ ਹੈ ਕਿ ਬੀਤੀ 13 ਜੂਨ ਨੂੰ ਦੁਪਹਿਰ ਵੇਲੇ ਸੈਕਟਰ 11 ਦੇ ਮੈਡੀਕਲ ਸਟੋਰ ਵਿੱਚ ਹਥਿਆਰਬੰਦ ਨੌਜਵਾਨਾਂ ਨੇ ਦਾਖ਼ਲ ਹੋ ਕੇ ਕੈਸ਼ੀਅਰ ਜਾਨਕੀ ਦਾਸ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ ਸਨ। ਖ਼ੂਨ ਨਾਲ ਲੱਥਪੱਥ ਜਾਨਕੀ ਦਾਸ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ ਸੀ। ਇਸ ਹੱਤਿਆਕਾਂਡ ਤੋਂ ਬਾਅਦ ਗਠਿਤ ਕੀਤੀ ਗਈ ਐਸ.ਆਈ.ਟੀ. ਨੇ ਕਈ ਸੂਬਿਆਂ ਵਿੱਚ ਛਾਪੇਮਾਰੀ ਕਰਦਿਆਂ ਜੰਮੂ-ਕਸ਼ਮੀਰ ਤੋਂ ਦੋ ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਸੀ।

#### ਮੁਲਜ਼ਮਾਂ ਦਾ ਵੇਰਵਾ

ਸੰਨੀ ਮਹਿਰਾ: ਮੁੱਖ ਸ਼ੂਟਰ (ਜਿਸ ਨੇ ਗੋਲੀਆਂ ਚਲਾਈਆਂ ਸਨ)

ਆਰਿਅਨ ਸ਼ਰਮਾ: ਮੁੱਖ ਸ਼ੂਟਰ ਦਾ ਸਾਥੀ

ਅਮਿਤ ਕੁਮਾਰ: ਤੀਜਾ ਮੁਲਜ਼ਮ (ਫ਼ਿਲਹਾਲ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ)

#### ਇੰਝ ਸ਼ੁਰੂ ਹੋਇਆ ਹਾਈ-ਵੋਲਟੇਜ ਡਰਾਮਾ ਅਤੇ ਮੁਕਾਬਲਾ

ਪੁਲਿਸ ਟੀਮ ਦੋਵਾਂ ਮੁਲਜ਼ਮਾਂ ਨੂੰ ਜੰਮੂ ਤੋਂ ਚੰਡੀਗੜ੍ਹ ਲੈ ਕੇ ਆ ਰਹੀ ਸੀ। ਧਨਾਸ ਦੇ ਇਲਾਕੇ ਨੇੜੇ ਅਚਾਨਕ ਪੁਲਿਸ ਦੀ ਗੱਡੀ ਹਾਦਸਾਗ੍ਰਸਤ ਹੋ ਗਈ। ਹਾਦਸੇ ਕਾਰਨ ਪੈਦਾ ਹੋਈ ਹਫੜਾ-ਦਫੜੀ ਦਾ ਫ਼ਾਇਦਾ ਉਠਾਉਂਦੇ ਹੋਏ ਮੁਲਜ਼ਮਾਂ ਨੇ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ। ਹਾਦਸੇ ਦੇ ਤੁਰੰਤ ਬਾਅਦ ਮੁੱਖ ਸ਼ੂਟਰ ਸੰਨੀ ਮਹਿਰਾ ਨੇ ਇੱਕ ਪੁਲਿਸ ਮੁਲਾਜ਼ਮ ਦੀ ਪਿਸਤੌਲ ਖੋਹ ਲਈ ਅਤੇ ਪੁਲਿਸ ਟੀਮ 'ਤੇ ਸਿੱਧੀ ਫਾਇਰਿੰਗ ਸ਼ੁਰੂ ਕਰ ਦਿੱਤੀ। ਅਚਾਨਕ ਹੋਈ ਇਸ ਗੋਲੀਬਾਰੀ ਕਾਰਨ ਮੌਕੇ 'ਤੇ ਸਥਿਤੀ ਤਣਾਅਪੂਰਨ ਹੋ ਗਈ।


ਪੁਲਿਸ ਅਧਿਕਾਰੀਆਂ ਮੁਤਾਬਕ, ਜਵਾਨਾਂ ਨੇ ਤੁਰੰਤ ਪੁਜ਼ੀਸ਼ਨ ਲਈ ਅਤੇ ਆਤਮ-ਰੱਖਿਆ ਵਿੱਚ ਜਵਾਬੀ ਫਾਇਰਿੰਗ ਕੀਤੀ। ਇਸ ਮੁਕਾਬਲੇ ਵਿੱਚ ਮੁੱਖ ਮੁਲਜ਼ਮ ਸੰਨੀ ਮਹਿਰਾ ਦੀ ਖੱਬੀ ਲੱਤ ਵਿੱਚ ਦੋ ਗੋਲੀਆਂ ਲੱਗੀਆਂ। ਉਸ ਦੇ ਸਾਥੀ ਆਰਿਅਨ ਸ਼ਰਮਾ ਦੀ ਸੱਜੀ ਲੱਤ ਵਿੱਚ ਇੱਕ ਗੋਲੀ ਲੱਗੀ।


ਗੋਲੀ ਲੱਗਣ ਕਾਰਨ ਦੋਵੇਂ ਮੁਲਜ਼ਮ ਜ਼ਖਮੀ ਹੋ ਗਏ ਅਤੇ ਭੱਜਣ ਵਿੱਚ ਨਾਕਾਮ ਰਹੇ। ਪੁਲਿਸ ਨੇ ਦੋਵਾਂ ਨੂੰ ਤੁਰੰਤ ਹਿਰਾਸਤ ਵਿੱਚ ਲੈ ਕੇ ਸੈਕਟਰ 16 ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇਸ ਸੜਕ ਹਾਦਸੇ ਦੌਰਾਨ ਪੁਲਿਸ ਗੱਡੀ ਦਾ ਡਰਾਈਵਰ ਵੀ ਜ਼ਖਮੀ ਹੋਇਆ ਹੈ।

ਪੁਲਿਸ ਮੁਤਾਬਕ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ ਅਤੇ ਫ਼ਰਾਰ ਚੱਲ ਰਹੇ ਤੀਜੇ ਮੁਲਜ਼ਮ ਅਮਿਤ ਕੁਮਾਰ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਵਾਦ-ਵਿਵਾਦ ਚਿੰਤਾ ਦਾ ਵਿਸ਼ਾ

**ਉਜਾਗਰ ਸਿੰਘ**







ਸਿੱਖਾਂ ਦੇ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਰੋਕਣ ਲਈ ਪੰਜਾਬ ਸਰਕਾਰ ਨੇ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਬਣਾਉਣ ਤੋਂ ਬਾਅਦ ਇੱਕ ਨਵਾਂ ਵਾਦਵਿਵਾਦ ਪੈਦਾ ਹੋ ਗਿਆ ਹੈ। ਇਸ ਬੇਅਦਬੀ ਕਾਨੂੰਨ ਨੇ ਸਿਆਸੀ ਰੰਗਤ ਫੜ੍ਹ ਲਈ ਹੈ। ਇਥੇ ਵਿਚਾਰ ਕਰਨ ਦਾ ਭਾਵ ਇਹ ਕਾਨੂੰਨ ਸਹੀ ਜਾਂ ਗ਼ਲਤ ਬਾਰੇ ਫੈਸਲਾ ਕਰਨਾ ਨਹੀਂ ਹੈ, ਪ੍ਰੰਤੂ ਇਸ ਕਾਨੂੰਨ ਦੇ ਬਣਨ ਨਾਲ ਸਿੱਖ ਪੰਥ ਅੱਜ ਕਲ੍ਹ ਘੋਰ ਸੰਕਟ ਵਿੱਚ ਗ੍ਰਸਤ ਹੋ ਗਿਆ ਹੈ। ਸਿੱਖ ਸੰਗਤ ਬੁਰੀ ਤਰ੍ਹਾਂ ਦੁਬਿਧਾ ਵਿੱਚ ਫਸੀ ਹੋਈ ਹੈ। ਸਮੂਹ ਸੰਗਤ ਇੱਕਮੁੱਠ ਨਹੀਂ ਹੈ। ਸਿੱਖਾਂ ਦੇ ਸਾਰੇ ਧੜੇ ਆਪੋ-ਆਪਣੀ ਡਫਲੀ ਵਜਾ ਰਹੇ ਹਨ। ਵਾਦ-ਵਿਵਾਦ ਧਰਮ ਅਰਥਾਤ ਸਿੱਖ ਪੰਥ ਬਾਰੇ ਹੈ, ਪ੍ਰੰਤੂ ਅਫਸੋਸ ਦੀ ਗੱਲ ਹੈ ਕਿ ਸਾਰੀ ਬਿਆਨਬਾਜ਼ੀ ਸਿਆਸਤ ਤੋਂ ਪ੍ਰੇਰਿਤ ਹੈ। ਧਰਮ ਤੇ ਸਿਆਸਤ ਨੂੰ ਰਲਗਡ ਕੀਤਾ ਜਾ ਰਿਹਾ ਹੈ। ਵਿਚਾਰ ਚਰਚਾ ਬੇਅਦਬੀ ਕਾਨੂੰਨ ਬਾਰੇ ਹੋਣੀ ਚਾਹੀਦੀ ਹੈ। ਸੰਜੀਦਗੀ ਨਾਲ ਵਿਚਾਰਿਆ ਨਹੀਂ ਜਾ ਰਿਹਾ। ਵਿਚਾਰਾਂ ਦਾ ਵਖਰੇਵਾਂ ਹੋਣਾ ਕੋਈ ਗ਼ਲਤ ਗੱਲ ਨਹੀਂ, ਪ੍ਰੰਤੂ ਬੇਲੋੜੀ ਬਿਆਨਬਾਜ਼ੀ ਵੀ ਧਰਮ ਦੀ ਪਵਿਤਰਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸਿੱਖ ਵਿਦਵਾਨਾ ਅਤੇ ਸਿਰਮੌਰ ਸਿੱਖ ਸੰਪਰਦਾਵਾਂ ਨੂੰ ਸੰਜੀਦਗੀ ਨਾਲ ਮਿਲ ਬੈਠਕੇ ਵਿਚਾਰ ਚਰਚਾ ਕਰਨ ਦੀ ਅਤਿਅੰਤ ਲੋੜ ਹੈ। ਜੇਕਰ ਇਸ ਸੰਕਟ ਵਿੱਚੋਂ ਸਿੱਖ ਪੰਥ ਨੂੰ ਨਿਕਾਲਿਆ ਨਹੀਂ ਜਾਂਦਾ ਤਾਂ ਸ੍ਰੀ ਅਕਾਲ ਤਖ਼ਤ ਦੀ ਮਾਣ ਮਰਿਆਦਾ ਅਤੇ ਸਰਵਉਚਤਾ ਨੂੰ ਨੁਕਸਾਨ ਪਹੁੰਚਣ ਦਾ ਖਦਸ਼ਾ ਹੈ। ਸਿੱਖ ਵਿਰੋਧੀ ਤਾਕਤਾਂ ਇਹੋ ਕੁਝ ਚਾਹੁੰਦੀਆਂ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਜਗਤ ਸਾਜ਼ਸ਼ਾਂ ਦਾ ਸ਼ਿਕਾਰ ਹੋ ਰਿਹਾ ਹੈ। ਸਿੱਖਾਂ ਦੇ ਧਾਰਮਿਕ ਮਾਮਲਿਆਂ ਬਾਰੇ ਵਾਦ-ਵਿਵਾਦ ਸਿੱਖ ਪੰਥ ਦਾ ਖਹਿੜਾ ਨਹੀਂ ਛੱਡ ਰਿਹਾ, ਕਿਉਂਕਿ ਕਿਸੇ ਨਾ ਕਿਸੇ ਵਿਸ਼ੇ 'ਤੇ ਖਾਮਖਾਹ ਵਾਦ-ਵਿਵਾਦ ਹੁੰਦਾ ਰਹਿੰਦਾ ਹੈ। ਲਗਪਗ ਹਰ ਅਖਾਉਤੀ ਵਿਦਵਾਨ ਆਪਣੀ ਵਿਦਵਤਾ ਦੀ ਪ੍ਰਮਾਣਿਕਤਾ ਸਥਾਪਤ ਕਰਨ ਲਈ ਸਿੱਖ ਵਿਚਾਰਧਾਰਾ ਦੀ ਆਪਣੇ ਹਿਸਾਬ ਨਾਲ ਚੀਰ-ਫਾੜ ਕਰਨੀ ਸ਼ੁਰੂ ਕਰ ਦਿੰਦਾ ਹੈ, ਜਿਸ ਕਰਕੇ ਵਾਦ-ਵਿਵਾਦ ਨਾਲ ਸਿੱਖ ਪੰਥ ਦੀ ਵਿਚਾਰਧਾਰਾ ਨੂੰ ਨੁਕਸਾਨ ਪਹੁੰਚਦਾ ਹੈ। ਤਾਜਾ ਵਾਦ-ਵਿਵਾਦ 15 ਜੂਨ 2026 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਿੱਖ ਸਪੀਕਰ, ਸਿੱਖ ਮੰਤਰੀਆਂ ਅਤੇ ਸਿੱਖ ਵਿਧਾਨਕਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਬਣਾਏ ਗਏ ਕਾਨੂੰਨ ਬਾਰੇ ਹੁਕਮਨਾਮਾ ਜ਼ਾਰੀ ਕਰਕੇ 29 ਜੂਨ 2026 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਨਾਲ ਬਣ ਗਿਆ ਹੈ। ਇਸ ਹੁਕਮਨਾਮੇ ਨਾਲ ਅਜੀਬ ਕਿਸਮ ਦੀ ਰੰਗਤ ਵਾਲੀ ਸ਼ੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿੱਚ ਚਰਚਾ ਸ਼ੁਰੂ ਹੋ ਗਈ ਹੈ। ਸਿੱਖ ਸੰਗਤ ਵਿੱਚ ਵੰਡੀਆਂ ਪੈ ਗਈਆਂ ਹਨ। ਮੁੱਖ ਤੌਰ 'ਤੇ ਸਿੱਖ ਕਈ ਧੜਿਆਂ ਵਿੱਚ ਵੰਡੇ ਗਏ ਹਨ। ਇੱਕ ਧੜਾ ਇਸ ਹੁਕਮਨਾਮੇ ਦੀ ਹਮਾਇਤ ਅਤੇ ਦੂਜਾ ਧੜਾ ਇਸਦਾ ਵਿਰੋਧ ਕਰਕੇ ਇਸਨੂੰ ਵਾਪਸ ਲੈ ਕੇ ਸੂਝਵਾਨ ਸਿੱਖ ਧਰਮ ਦੇ ਸਿਰਮੌਰ ਧਾਰਮਿਕ ਤੇ ਅਧਿਆਤਮਿਕ ਵਿਦਵਾਨਾ ਨਾਲ ਵਿਚਾਰ ਵਟਾਂਦਰਾ ਕਰਕੇ, ਇਸ ਉਲਝਣ ਦਾ ਕੋਈ ਹੱਲ ਕੱਢਣ ਲਈ ਜ਼ੋਰ ਦੇ ਰਿਹਾ ਹੈ। ਇਸ ਹੁਕਮਨਾਮੇ ਨਾਲ ਸਰਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਚ ਟਕਰਾਓ ਦੀ ਸਥਿਤੀ ਪੈਦਾ ਹੋ ਗਈ ਹੈ, ਜੋ ਬਹੁਤ ਹੀ ਮੰਦਭਾਗੀ ਹੈ। ਪੰਜਾਬ ਸਰਕਾਰ ਭਾਰਤ ਦੇ ਸੰਵਿਧਾਨ ਅਨੁਸਾਰ ਵਿਧਾਨਿਕ ਹੱਕਾਂ ਵਾਲੀ ਸੰਸਥਾ ਹੈ, ਜੋ ਕੋਈ ਵੀ ਕਾਨੂੰਨ ਬਣਾ ਸਕਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਇੱਕ ਧਰਮ ਦੀ ਧਾਰਮਿਕ ਸੰਸਥਾ ਹੈ, ਇਸਦਾ ਅਧਿਕਾਰ ਖੇਤਰ ਧਾਰਮਿਕ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਕੌਮ ਦੀ ਸਭ ਤੋਂ ਵੱਡੀ ਸੰਸਥਾ ਨੂੰ ਹਰ ਸਿੱਖ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਾਣਤਾ ਦਿੰਦਾ ਹੈ। ਇਸ ਸੰਸਥਾ ਦੇ ਹਰ ਹੁਕਮਨਾਮੇ 'ਤੇ ਫੁੱਲ ਚੜ੍ਹਾਉਣ ਨੂੰ ਪਹਿਲ ਦਿੰਦਾ ਹੋਇਆ ਮਾਣ ਮਹਿਸੂਸ ਕਰਦਾ ਹੈ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਇਸ ਤੋਂ ਪਹਿਲਾਂ ਵੀ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਹੋਏ ਕੁਝ ਹੁਕਮਨਾਮਿਆਂ ਦੀ ਸਿੱਖ ਜਗਤ ਨੇ ਪ੍ਰਵਾਹ ਨਹੀਂ ਕੀਤੀ, ਜਿਨ੍ਹਾਂ ਵਿੱਚ 1978 ਵਿੱਚ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਵੱਲੋਂ 13 ਸਿੰਘਾਂ ਨੂੰ ਸ਼ਹੀਦ ਕਰਨ ਸੰਬੰਧੀ ਨਿਰੰਕਾਰੀਆਂ ਨਾਲ ਸਮਾਜਿਕ ਸੰਬੰਧ ਅਰਥਾਤ ਰੋਟੀ ਬੇਟੀ ਦਾ ਰਿਸ਼ਤਾ ਨਾ ਰੱਖਣ ਲਈ ਕਿਹਾ ਗਿਆ ਅਤੇ ਇਸ ਤੋਂ ਇਲਾਵਾ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਦੇ ਮੁੱਖ ਸੰਪਾਦਕ ਜੋਗਿੰਦਰ ਸਿੰਘ ਦਾ ਬਾਈਕਾਟ ਕਰਨ ਦਾ ਹੁਕਮਨਾਮਾ ਵੀ ਸ਼ਾਮਲ ਹਨ, ਜਿਨ੍ਹਾਂ 'ਤੇ ਸਿੱਖ ਸੰਗਤ ਨੇ ਅਮਲ ਨਹੀਂ ਕੀਤਾ ਸੀ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਸਿੱਖ ਪੰਥ ਲਈ ਅਧਿਆਤਮਿਕ ਤੇ ਰੂਹਾਨੀ ਸ਼ਕਤੀ ਦੀ ਪ੍ਰਾਪਤੀ ਦਾ ਮੁੱਖ ਕੇਂਦਰ ਬਿੰਦੂ ਹੈ। ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮ ਦਾਸ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ 1606 ਵਿੱਚ ਕੀਤੀ ਸੀ। ਛੇਵੇਂ ਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਵਿੱਚ ਹੀ ਸੱਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਵਾਕੇ ਇਹ ਸੰਦੇਸ਼ ਦਿੱਤਾ ਸੀ ਕਿ ਧਰਮ ਸਿੱਖ ਰਾਜ ਵਿੱਚ ਵਧੇਰੇ ਪ੍ਰਫੁਲਤ ਹੋ ਸਕਦਾ ਹੈ, ਪ੍ਰੰਤੂ ਉਨ੍ਹਾਂ ਦਾ ਇਹ ਭਾਵ ਨਹੀਂ ਸੀ ਕਿ ਧਰਮ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਜਨੀਤੀ ਸ਼ਕਤੀ ਦੇ ਅਧੀਨ ਹੋਵੇਗਾ। ਇੱਕ ਕਿਸਮ ਨਾਲ ਮੀਰੀ ਤੇ ਪੀਰੀ ਦੋ ਵੱਖੋ-ਵੱਖਰੇ ਸਿਧਾਂਤ ਆਪਸ ਵਿੱਚ ਜੁੜੇ ਹੋਏ ਹਨ, ਜੋ 'ਧਾਰਮਿਕ ਅਤੇ ਰਾਜਨੀਤਕ ਸ਼ਕਤੀ' ਦੇ ਸੁਮੇਲ ਦਾ ਪ੍ਰਤੀਕ ਹਨ। ਮੀਰੀ ਦਾ ਭਾਵ ਰਾਜਨੀਤਕ ਸ਼ਕਤੀ ਅਤੇ ਪੀਰੀ ਦਾ ਅਰਥ ਅਧਿਆਤਮਿਕ ਜਾਂ ਧਾਰਮਿਕ ਹੈ। ਮੁਗ਼ਲਾਂ ਦੇ ਜ਼ੁਲਮਾਂ ਦਾ ਸਾਹਮਣਾ ਕਰਨ ਅਤੇ ਧਰਮ ਦੀ ਰਾਖੀ ਲਈ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਧਾਰਨ ਕੀਤੀਆਂ ਸਨ। ਭਾਵ ਭਗਤੀ ਦੇ ਨਾਲ ਜ਼ੁਲਮ ਦੇ ਵਿਰੁੱਧ ਹਥਿਆਰ ਚੁੱਕਣ ਤੋਂ ਹਿਚਕਚਾਹਟ ਨਹੀਂ ਕੀਤੀ ਜਾਵੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਦੀਆਂ ਪਰੰਪਰਾਵਾਂ ਅਤੇ ਵਿਚਾਰਧਾਰਾਵਾਂ 'ਤੇ ਪਹਿਰਾ ਦੇਣ ਦਾ ਕੰਮ ਕਰੇਗਾ। ਸਿੱਖ ਸੰਗਤ ਨੂੰ ਰਹਿਤ ਮਰਿਆਦਾ ਵਿੱਚ ਰਹਿੰਦਿਆਂ ਵਿਚਰਣ ਦੀ ਨਿਗਰਾਨੀ ਕਰੇਗਾ। ਅਰਥਾਤ ਸਿੱਖ ਸੰਗਤ ਨੂੰ ਸਿੱਖ ਧਰਮ ਦੀਆਂ ਪਰੰਪਰਾਵਾਂ ਦੀ ਅਵੱਗਿਆਵਾਂ ਕਰਨ ਤੋਂ ਰੋਕਣ ਅਤੇ ਅਵੱਗਿਆ ਕਰਨ ਵਾਲਿਆਂ ਨੂੰ ਧਾਰਮਿਕ ਸਜਾਵਾਂ ਦੇ ਕੇ ਮੁੜ ਪੰਥ ਦੀਆਂ ਪਰੰਪਰਾਂ ਅਨੁਸਾਰ ਵਿਚਰਣ ਦਾ ਪ੍ਰਤੀਬੱਧ ਹੋਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ ਬਾਅਦ ਸਿੱਖ ਕੌਮ ਦੇ ਸਿਰਮੌਰ ਪ੍ਰਤਿਭਾਵਨ ਉਚੇ-ਸੁੱਚੇ ਕਿਰਦਾਰ ਵਾਲੇ ਅਧਿਆਤਮਿਕ ਅਤੇ ਧਾਰਮਿਕ ਮਹਾਂਪੁਰਸ਼ਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਮਜ਼ਦ ਕਰਨ ਦੀ ਪਰੰਪਰਾ ਸ਼ੁਰੂ ਹੋਈ ਸੀ। ਉਹ ਜਥੇਦਾਰ ਸਿੱਖ ਧਰਮ ਦੀਆਂ ਪਰੰਪਰਾਵਾਂ ਅਨੁਸਾਰ ਅਗਵਾਈ ਕਰਦੇ ਰਹੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਇਹ ਨਿਯੁਕਤੀ ਸਰਬੱਤ ਖਾਲਸਾ ਰਾਹੀਂ ਹੁੰਦੀ ਰਹੀ। ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਨਿਯੁਕਤ ਕੀਤਾ ਸੀ। ਇਸ ਤੋਂ ਬਾਅਦ ਜਿਵੇਂ ਬਾਬਾ ਬੁੱਢਾ ਜੀ ਅਤੇ ਅਕਾਲੀ ਫੂਲਾ ਸਿੰਘ ਦੀ ਨਿਯੁਕਤੀ ਸਿੱਖ ਸੰਗਤਾਂ ਦੇ ਸਮੂਹਿਕ ਇਕੱਠ ਸਰਬੱਤ ਖਾਲਸਾ ਦੁਆਰਾ ਕੀਤੀ ਗਈ ਸੀ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਸਿੱਖ ਵਿਦਵਾਨਾ, ਸੰਤਾਂ ਮਹਾਂ ਪੁਰਖਾਂ, ਸਿੱਖ ਸੰਪਰਦਾਵਾਂ ਅਤੇ ਸਿੱਖ ਸੰਸਥਾਵਾਂ ਦੇ ਮੁਖੀਆਂ ਦੀ ਸਲਾਹ ਨਾਲ ਨਿਯੁਕਤੀ ਕਰਨ ਲੱਗ ਪਈ। ਇਸ ਸਮੇਂ ਹਾਲਾਤ ਅਜਿਹੇ ਬਣ ਗਏ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਨ ਮਰਜ਼ੀ ਕਰਨ ਲੱਗ ਪਈ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੱਖ ਪਰੰਪਰਾਵਾਂ 'ਤੇ ਪਹਿਰਾ ਦੇਣ ਦੀ ਥਾਂ ਆਪਣੇ ਸਿਆਸੀ ਆਗੂਆਂ ਦੀ ਪੁਸ਼ਤ ਪਨਾਹੀ ਕਰਦੇ ਰਹੇ ਹਨ, ਜਿਹੜੇ ਜਥੇਦਾਰਾਂ ਨੂੰ ਨਿਯੁਕਤ ਕਰਦੇ ਹਨ। ਜਿਹੜੇ ਜਥੇਦਾਰਾਂ ਨੇ ਰਾਜਨੀਤਕ ਪ੍ਰਭਾਵ ਗ੍ਰਹਿਣ ਕਰਨ ਤੋਂ ਇਨਕਾਰ ਕੀਤਾ, ਉਨ੍ਹਾਂ ਨੂੰ ਜਲਦਬਾਜ਼ੀ ਵਿੱਚ ਬਦਲ ਜਾਂ ਜਥੇਦਾਰ ਦੇ ਅਹੁਦੇ ਤੋਂ ਭਾਰ ਮੁਕਤ ਕਰ ਦਿੱਤਾ ਜਾਂਦਾ ਰਿਹਾ ਹੈ। ਜਿਸ ਦਾ ਨਤੀਜਾ ਇਹ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜ਼ਾਰੀ ਹੋਣ ਵਾਲੇ ਹੁਕਮਨਾਮਿਆਂ ਨੂੰ ਬਹੁਤੀ ਸਿੱਖ ਸੰਗਤ ਮੰਨਣ ਤੋਂ ਹੀ ਇਨਕਾਰੀ ਹੋ ਗਈ। ਸਿੱਖ ਮਾਣ ਮਰਿਆਦਾ ਨੂੰ ਨੁਕਸਾਨ ਸਿਆਸਤਦਾਨਾ ਦੀ ਦਖ਼ਲ ਅੰਦਾਜ਼ੀ ਕਰਕੇ ਹੋ ਰਿਹਾ ਹੈ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ 'ਤੇ ਹੋਣ ਲੱਗ ਪਈ ਹੈ। ਇਸਦਾ ਅਰਥ ਇਹ ਹੋਇਆ ਕਿ ਸਿਆਸਤਦਾਨਾ ਦੀ ਦਖ਼ਲ ਅੰਦਾਜ਼ੀ ਨੂੰ ਸਿੱਖ ਸੰਗਤਾਂ ਪ੍ਰਵਾਨਗੀ ਨਹੀਂ ਦੇ ਰਹੀਆਂ ਹਨ।

ਸੰਸਾਰ ਵਿੱਚ ਸਿਰਫ ਸਿੱਖ ਧਰਮ ਹੀ ਅਜਿਹਾ ਹੈ, ਜਿਸਦੀ ਪ੍ਰਬੰਧਕ ਕਮੇਟੀ ਦੀ ਚੋਣ ਵੋਟਾਂ ਨਾਲ ਹੁੰਦੀ ਹੈ। ਇਸ ਵਿਚਾਰ ਚਰਚਾ ਦਾ ਅਰਥ ਹੈ ਕਿ ਸਿੱਖ ਸੰਸਥਾਵਾਂ ਦੇ ਕੰਮ ਕਾਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਖ਼ਲਅੰਦਾਜ਼ੀ ਬੰਦ ਕਰਨੀ ਚਾਹੀਦੀ ਹੈ ਅਤੇ ਜਥਾਦਾਰਾਂ ਦੀ ਨਿਯੁਕਤੀ ਦੇ ਕਾਇਦੇ ਕਾਨੂੰਨ ਬਣਨੇ ਚਾਹੀਦੇ ਹਨ ਤਾਂ ਜੋ ਸਿੱਖ ਸੰਗਤ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਵਿੱਚ ਵਿਸ਼ਵਾਸ ਬਣਿਆਂ ਰਹੇ ਤੇ ਉਨ੍ਹਾਂ ਦਾ ਰੁਤਵਾ ਸਰਵਉਚ ਬਣਿਆਂ ਰਹੇ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com